Ad Space Available
Please Call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Ad Space Available
Please Call
Ph: 847-359-0746

Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

ਪੰਜਾਬ ਟਾਈਮਜ਼

Punjab Times, Vol 20, Issue 2, January 12, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਪੰਜਾਬ ਦੀ ਸਿਆਸਤ ਵਿਚ ਨਵੀਆਂ ਸਫਬੰਦੀਆਂ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਨਵੇਂ ਸਮੀਕਰਨਾਂ ਵੱਲ ਤੁਰ ਪਈ ਹੈ। ਆਮ ਆਦਮੀ ਪਾਰਟੀ (ਆਪ) ਨੂੰ ਅਲਵਿਦਾ ਆਖ ਸੁਖਪਾਲ ਸਿੰਘ ਖਹਿਰਾ ਨੇ ਨਵੀਂ ਪਾਰਟੀ ਦਾ ਐਲਾਨ ਕਰ ਦਿੱਤਾ ਹੈ। ਇਸ ਪਾਰਟੀ ਦਾ ਨਾਂ 'ਪੰਜਾਬੀ ਏਕਤਾ ਪਾਰਟੀ' ਰੱਖਿਆ ਗਿਆ। ਖਹਿਰਾ ਨਾਲ 'ਆਪ' ਦੇ ਛੇ ਵਿਧਾਇਕ ਕੰਵਰ ਸੰਧੂ, ਨਾਜਰ ਸਿੰਘ ਮਾਨਸ਼ਾਹੀਆ, ਪਿਰਮਲ ਸਿੰਘ, ਜੱਗਾ ਇਸੋਵਾਲ, ਜਗਦੇਵ ਸਿੰਘ ਕਮਾਲੂ ਤੇ ਮਾਸਟਰ ਬਲਦੇਵ ਸਿੰਘ ਵੀ ਡਟੇ ਹੋਏ ਹਨ।

ਨਵੀਂ ਪਾਰਟੀ ਦੇ ਐਲਾਨ ਮੌਕੇ ਸ. ਖਹਿਰਾ ਨੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਵੀ ਕੀਤੇ ਹਨ। ਉਧਰ, ਐਚ.ਐਸ. ਫੂਲਕਾ ਨੇ ਆਮ ਆਦਮੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਨੂੰ ਅਕਾਲੀ ਦਲ ਖਾਸ ਤੌਰ 'ਤੇ ਬਾਦਲ ਪਰਿਵਾਰ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਮੁਹਿੰਮ ਵਿੱਢਣ ਦਾ ਐਲਾਨ ਕਰ ਕੇ ਸਿੱਖਾਂ ਅੰਦਰ ਨਵੇਂ ਬਦਲ ਵਜੋਂ ਉਭਰਨ ਦੀ ਰਣਨੀਤੀ ਦਾ ਐਲਾਨ ਕੀਤਾ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਬਣ ਰਿਹਾ ਅਜਿਹਾ ਮਾਹੌਲ ਇਸ਼ਾਰਾ ਕਰ ਰਿਹਾ ਹੈ ਕਿ ਰਵਾਇਤੀ ਧਿਰਾਂ-ਕਾਂਗਰਸ ਤੇ ਅਕਾਲੀ ਦਲ ਬਾਦਲ ਖਿਲਾਫ ਕੋਈ ਵੱਡਾ ਗੱਠਜੋੜ ਖੜ੍ਹਾ ਹੋਵੇਗਾ। ਦੱਸ ਦਈਏ ਕਿ ਸ. ਖਹਿਰਾ ਪਹਿਲਾਂ ਹੀ ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਅਤੇ ਆਮ ਆਦਮੀ ਪਾਰਟੀ 'ਚੋਂ ਮੁਅੱਤਲ ਕੀਤੇ ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨਾਲ ਰਲ ਕੇ ਪੰਜਾਬ ਲੋਕਤੰਤਰਿਕ ਗੱਠਜੋੜ ਦਾ ਐਲਾਨ ਕਰ ਚੁੱਕੇ ਹਨ। ਉਧਰ, ਕਾਂਗਰਸ ਨਾਲ ਗੱਲ ਨਾ ਬਣਦੀ ਵੇਖ ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵੱਲ ਹੱਥ ਵਧਾਇਆ ਹੈ।

ਆਪ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਅਕਾਲੀ ਦਲ (ਟਕਸਾਲੀ) ਦੇ ਮੁਖੀ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਮੁਲਾਕਾਤ ਕਰ ਕੇ ਸਾਫ ਕਰ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਥਾਂ ਟਕਸਾਲੀ ਆਗੂਆਂ ਨਾਲ ਰਲ ਕੇ ਚੱਲਣਗੇ। ਇਸ ਮੁਲਾਕਾਤ ਪਿੱਛੋਂ ਸ. ਬ੍ਰਹਮਪੁਰਾ ਨੇ ਵੀ ਐਲਾਨ ਕੀਤਾ ਕਿ ਦੋਵਾਂ ਧਿਰਾਂ ਵਿਚਾਲੇ ਸਹਿਮਤੀ ਹੋਈ ਹੈ ਕਿ ਸੰਸਦੀ ਚੋਣਾਂ 2019 ਗੱਠਜੋੜ ਤਹਿਤ ਲੜੀਆਂ ਜਾਣਗੀਆਂ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਅਰਵਿੰਦ ਕੇਜਰੀਵਾਲ ਨੇ ਭਗਵੰਤ ਮਾਨ ਨੂੰ ਮੁਲਾਕਾਤ ਲਈ ਭੇਜਿਆ ਸੀ। ਮੀਟਿੰਗ ਵਿਚ ਇਸ ਗੱਲ 'ਤੇ ਸਹਿਮਤੀ ਹੋ ਗਈ

*(ਬਾਕੀ ਸਫਾ 6 ਉਤੇ)*

## ਕੌਮੀ ਸਿਆਸਤ ਦੀਆਂ ਨਜ਼ਰਾਂ ਪੰਜਾਬ ਵੱਲ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਦੀ ਕੌਮੀ ਸਿਆਸਤ ਦੀ ਅੱਖ ਪੰਜਾਬ ਉਤੇ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੰਜਾਬ ਦੇ ਗੁਰਦਾਸਪੁਰ ਤੋਂ 2019 ਦੀਆਂ ਚੋਣਾਂ ਦਾ ਬਿਗਲ ਵਜਾਇਆ ਹੈ। ਇਸ ਤੋਂ ਬਾਅਦ ਉਹ ਪੂਰੇ ਦੇਸ਼ ਵਿਚ 100 ਰੈਲੀਆਂ ਕਰਨਗੇ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਲੋਕ ਸਭਾ ਚੋਣਾਂ ਲਈ ਪੰਜਾਬ ਤੋਂ ਹੀ ਰੈਲੀਆਂ ਦੀ ਸ਼ੁਰੂਆਤ ਕਰ ਰਹੇ ਹਨ। 20 ਜਨਵਰੀ ਨੂੰ ਉਹ ਬਰਨਾਲਾ ਵਿਚ ਰੈਲੀ ਕਰ ਰਹੇ ਹਨ। ਚਰਚਾ ਹੈ ਕਿ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੀ ਪਹਿਲੀ ਰੈਲੀ ਪੰਜਾਬ ਵਿਚ ਹੀ ਕਰਨਗੇ। ਇੰਜ ਜਾਪਦਾ ਹੈ ਕਿ ਸਾਰੀਆਂ ਪਾਰਟੀਆਂ ਪੰਜਾਬ ਤੋਂ ਹੀ ਰੈਲੀਆਂ ਦਾ ਆਗਾਜ਼ ਕਰਨ ਨੂੰ ਸ਼ੁਭ ਮੰਨ ਰਹੀਆਂ ਹਨ।

20 ਜਨਵਰੀ ਨੂੰ ਬਰਨਾਲਾ ਵਿਚ ਰੈਲੀ ਕਰਨ ਪਿਛੋਂ ਕੇਜਰੀਵਾਲ ਦੇਸ਼ ਭਰ 'ਚ ਚੋਣ ਰੈਲੀਆਂ ਦੀ ਸ਼ੁਰੂਆਤ ਕਰਨਗੇ। ਪਿਛਲੀਆਂ ਚੋਣਾਂ ਦੀ ਗੱਲ ਕੀਤੀ ਜਾਏ ਤਾਂ 2014 ਦੀਆਂ ਚੋਣਾਂ ਦੌਰਾਨ 'ਆਪ' ਨੇ ਪਹਿਲੀ ਵਾਰ ਹਿੱਸਾ ਲਿਆ ਸੀ। ਕੇਜਰੀਵਾਲ ਨੇ ਦੇਸ਼ ਦੇ ਕਈ ਹਿੱਸਿਆਂ ਵਿਚ ਰੈਲੀਆਂ ਕੀਤੀਆਂ ਪਰ ਜ਼ਿਆਦਾਤਰ ਧਿਆਨ ਪੰਜਾਬ ਵੱਲ ਹੀ ਸੀ। ਉਨ੍ਹਾਂ ਦੀ ਪਹਿਲੀ ਚੋਣ ਰੈਲੀ ਵੀ ਪੰਜਾਬ ਤੋਂ ਹੀ ਹੋਈ ਸੀ। ਪੂਰੇ ਦੇਸ਼ ਵਿਚੋਂ ਆਪ ਨੂੰ ਸਿਰਫ ਪੰਜਾਬ ਵਿਚ ਹੀ ਹੁੰਗਾਰਾ ਮਿਲਿਆ ਸੀ।

## ਨਵਾਂ ਵਰ੍ਹਾ 'ਆਪ' ਲਈ ਲਿਆਇਆ ਮੁਸੀਬਤਾਂ ਦੀ ਪੰਡ

**ਚੰਡੀਗੜ੍ਹ:** ਨਵਾਂ ਵਰ੍ਹਾ 2019 ਆਮ ਆਦਮੀ ਪਾਰਟੀ ਲਈ ਚੰਗਾ ਨਹੀਂ ਚੜ੍ਹਿਆ। ਸਾਲ ਚੜ੍ਹਦਿਆਂ ਹੀ ਆਪ ਦੇ ਪੰਜਾਬ ਤੋਂ ਦੋ ਵਿਧਾਇਕਾਂ-ਸੁਖਪਾਲ ਸਿੰਘ ਖਹਿਰਾ ਤੇ ਐਚ.ਐਸ. ਫੂਲਕਾ ਨੇ ਅਸਤੀਫਾ ਦੇ ਦਿੱਤਾ। ਇਹ ਦੋਵੇਂ ਆਗੂ ਵਿਧਾਨ ਸਭਾ ਵਿਚ ਆਪ ਵੱਲੋਂ ਵਿਰੋਧੀ ਧਿਰ ਦੇ ਨੇਤਾ ਰਹਿ ਚੁੱਕੇ ਹਨ। ਸ. ਖਹਿਰਾ ਤੋਂ ਲੰਘੇ ਵਰ੍ਹੇ 26 ਜੁਲਾਈ ਨੂੰ ਇਹ ਅਹੁਦਾ ਖੋਹ ਲਿਆ ਗਿਆ ਸੀ, ਜਿਸ ਪਿਛੋਂ ਉਸ ਨੇ ਦਿੱਲੀ ਲੀਡਰਸ਼ਿੱਪ ਵਿਰੁਧ ਖੁੱਲ੍ਹ ਕੇ ਬਗਾਵਤ ਸ਼ੁਰੂ ਕਰ ਦਿੱਤੀ ਸੀ। ਖਹਿਰਾ ਨਾਲ 'ਆਪ' ਦੇ 6 ਹੋਰ ਵਿਧਾਇਕ ਵੀ ਆ ਖੜ੍ਹੇ ਹੋਏ ਸਨ। 2019 ਵਿਚ ਲੋਕ ਸਭਾ ਚੋਣਾਂ ਹੋਣੀਆਂ ਹਨ ਤੇ ਸਾਲ ਚੜ੍ਹਦੇ ਹੀ ਆਪ ਨੂੰ ਇਹ ਝਟਕੇ ਮਹਿੰਗੇ ਪੈ ਸਕਦੇ ਹਨ। ਪਿਛਲੀਆਂ ਚੋਣਾਂ ਵਿਚ ਪੰਜਾਬ ਹੀ ਇਕ ਅਜਿਹਾ ਸੂਬਾ ਸੀ ਜਿਥੇ ਇਸ ਪਾਰਟੀ ਨੂੰ ਹੁੰਗਾਰਾ ਮਿਲਿਆ ਸੀ ਪਰ ਇਸ ਪਿਛੋਂ ਇਸ ਧਿਰ ਦੇ ਪੈਰ ਨਹੀਂ ਲੱਗੇ। ਪਾਰਟੀ ਕਈ ਵਿਵਾਦਾਂ 'ਚ ਵੀ ਘਿਰ ਗਈ ਸੀ। ਇਸੇ ਲਈ ਪੰਜਾਬੀਆਂ ਦੇ ਵੱਡੇ ਹੁੰਗਾਰੇ ਦੇ ਬਾਵਜੂਦ 100 ਤੋਂ ਵਧੇਰੇ ਸੀਟਾਂ ਦੀ ਆਸ ਕਰਨ ਵਾਲੀ ਇਹ ਪਾਰਟੀ ਵਿਧਾਨ ਸਭਾ ਦੀਆਂ 20 ਸੀਟਾਂ ਤੱਕ ਹੀ ਸੀਮਤ ਰਹਿ ਗਈ ਸੀ। 'ਆਪ' ਲਈ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਅਹੁਦਾ ਖੁੱਸਣ ਦਾ ਖਤਰਾ ਵੀ ਖੜ੍ਹਾ ਹੋ ਗਿਆ ਹੈ।




ਐਚ.ਐਸ. ਫੂਲਕਾ ਤੇ ਖਹਿਰਾ ਦੇ ਅਸਤੀਫੇ ਤੋਂ ਬਾਅਦ 'ਆਪ' ਵਿਧਾਇਕਾਂ ਦੀ ਗਿਣਤੀ 18 ਰਹਿ ਗਈ ਹੈ। ਆਪ ਹਾਈਕਮਾਨ ਵੱਲੋਂ ਖਹਿਰਾ ਨੂੰ ਵਿਧਾਇਕੀ ਤੋਂ ਵੀ ਅਸਤੀਫਾ ਦੇਣ ਲਈ ਆਖਿਆ ਜਾ ਰਿਹਾ ਹੈ। ਵਿਧਾਇਕ ਬੈਂਸ ਭਰਾ ਪਹਿਲਾਂ ਹੀ ਵੱਖ ਹੋਣ ਦਾ ਐਲਾਨ ਕਰ ਚੁੱਕੇ ਹਨ। ਖਹਿਰਾ ਧੜੇ ਨਾਲ ਆਪ ਦੇ 6 ਵਿਧਾਇਕ ਹਨ। ਜੇ ਇਨ੍ਹਾਂ ਵਿਚੋਂ ਕੋਈ ਵਿਧਾਇਕ ਅਸਤੀਫਾ ਦਿੰਦਾ ਹੈ ਤਾਂ ਆਪ ਲਈ ਮੁਸੀਬਤ ਖੜ੍ਹੀ ਹੋ ਸਕਦੀ ਹੈ। ਅਕਾਲੀ-ਭਾਜਪਾ ਦੇ ਵਿਧਾਇਕ ਦਲ ਦੇ ਮੈਂਬਰਾਂ ਦੀ ਗਿਣਤੀ 17 ਹੈ। 3 ਵਿਧਾਇਕ ਭਾਜਪਾ ਤੇ 14 ਵਿਧਾਇਕ ਅਕਾਲੀ ਦਲ ਦੇ ਹਨ।

## ਫੂਲਕਾ ਵਲੋਂ ਸ਼੍ਰੋਮਣੀ ਕਮੇਟੀ 'ਚੋਂ ਸਿਆਸੀ ਗਲਬਾ ਖਤਮ ਕਰਨ ਲਈ ਮੁਹਿੰਮ


**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਅਤੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚੋਂ ਸਿਆਸੀ ਦਖਲਅੰਦਾਜ਼ੀ ਨੂੰ ਨੱਥ ਪਾਉਣ ਦਾ ਮਿਸ਼ਨ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਸ. ਫੂਲਕਾ ਨੇ ਕਿਹਾ ਕਿ ਦਿੱਲੀ ਦੇ ਸਿੱਖ ਕਤਲੇਆਮ ਦੇ ਇਕ ਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਜੇਲ੍ਹ ਭੇਜਣ 'ਚ ਸਫਲਤਾ ਮਿਲਣ ਤੋਂ ਬਾਅਦ ਉਨ੍ਹਾਂ ਦਾ ਇਹ ਮਿਸ਼ਨ ਕਾਮਯਾਬ ਹੋ ਗਿਆ ਹੈ ਅਤੇ ਹੁਣ ਉਹ ਦੂਜੇ ਮਿਸ਼ਨ ਦੀ ਸ਼ੁਰੂਆਤ ਕਰਕੇ ਐਸ.ਜੀ.ਪੀ.ਸੀ. ਉਪਰੋਂ ਸਿਆਸੀ ਗਲਬੇ ਦਾ ਖਾਤਮਾ ਕਰਨਗੇ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਦੀਆਂ ਚੋਣਾਂ ਕਰਵਾਉਣ ਬਾਰੇ ਉਨ੍ਹਾਂ ਭਾਰਤ ਸਰਕਾਰ ਨੂੰ ਪੱਤਰ ਲਿਖਿਆ ਸੀ ਅਤੇ ਸਰਕਾਰ ਨੇ ਮੰਨਿਆ ਹੈ ਕਿ ਕਮੇਟੀ ਦੀ ਮਿਆਦ ਦਸੰਬਰ 2016 ਵਿਚ ਖਤਮ ਹੋ ਚੁੱਕੀ ਹੈ। ਭਾਰਤ ਸਰਕਾਰ ਨੇ ਚੋਣ ਕਰਵਾਉਣ ਲਈ ਗੁਰਦੁਆਰਾ ਕਮਿਸ਼ਨ ਦਾ ਗਠਨ ਕਰਨ ਦੀ ਪ੍ਰਕਿਰਿਆ ਚਲਾ ਦਿੱਤੀ ਹੈ। ਸ. ਫੂਲਕਾ ਨੇ ਦੱਸਿਆ ਕਿ ਉਨ੍ਹਾਂ ਇਸ ਮਿਸ਼ਨ ਬਾਰੇ ਸਾਬਕਾ ਜੱਜ ਕੁਲਦੀਪ ਸਿੰਘ ਨਾਲ ਵੀ ਗੱਲ ਕੀਤੀ ਹੈ ਅਤੇ ਉਹ ਵੀ ਇਸ ਕਾਰਜ ਵਿਚ ਉਨ੍ਹਾਂ ਦਾ ਸਾਥ ਦੇਣਗੇ। ਇਸ ਤੋਂ ਬਿਨਾ ਦੇਸ਼ਾਂ-ਵਿਦੇਸ਼ਾਂ ਤੋਂ ਵੀ ਇਸ ਮਿਸ਼ਨ ਨੂੰ ਸਹਿਯੋਗ ਮਿਲ ਰਿਹਾ ਹੈ।

*(ਬਾਕੀ ਸਫਾ 6 ਉਤੇ)*

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832


BEST FARE GUARANTEE


WorldWide Travel
866 66 INDIA
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਗੁਰਦੁਆਰਾ ਸੰਤ ਸਾਗਰ ਵਿਖੇ ਨਵੇਂ ਸਾਲ 'ਤੇ ਵਿਸ਼ੇਸ਼ ਦੀਵਾਨ ਸਜੇ

**ਬੈਲਰੋਜ਼, ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸੰਤ ਸਾਗਰ ਵਿਖੇ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ 31 ਦਸੰਬਰ ਨੂੰ ਵਿਸ਼ੇਸ਼ ਦੀਵਾਨ ਸਜਾਏ ਗਏ। ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮ 5:30 ਵਜੇ ਸੋਦਰ ਦੀ ਚੌਕੀ ਨਾਲ ਹੋਈ ਅਤੇ ਦੀਵਾਨ ਅੱਧੀ ਰਾਤ ਤੋਂ ਬਾਅਦ ਸਮਾਪਤ ਹੋਏ।











ਗੁਰੂ ਘਰ ਦੇ ਮੁੱਖ ਸੇਵਾਦਾਰ ਅਤੇ ਪੰਥ ਪ੍ਰਸਿੱਧ ਰਾਗੀ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ), ਭਾਈ ਗੁਰਪ੍ਰੀਤ ਸਿੰਘ ਬੱਲ੍ਹੜਵਾਲ, ਭਾਈ ਬਲਜਿੰਦਰ ਸਿੰਘ ਪਿਹੋਵਾ ਅਤੇ ਭਾਈ ਅਮਰੀਕ ਸਿੰਘ ਗੁਰਦਾਸਪੁਰ ਦੇ ਰਾਗੀ ਜਥਿਆਂ ਨੇ ਗੁਰਬਾਣੀ ਦੇ







ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀ ਜਸਵਿੰਦਰ ਕੌਰ ਖਾਲਸਾ ਰਾਮਾ ਮੰਡੀ ਦੇ ਬੀਬੀਆਂ ਦੇ ਢਾਡੀ ਜਥੇ ਨੇ ਜੋਸ਼ੀਲੀਆਂ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਵਾਇਆ। ਕਥਾਵਾਚਕ ਗਿਆਨੀ ਅਜੈਬ ਸਿੰਘ ਕਰਨਾਲ ਵਾਲਿਆਂ ਨੇ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ। ਦੀਵਾਨ ਰਾਤ 12:05 ਵਜੇ ਤੱਕ ਸਜਿਆ। ਭਾਈ ਸੱਜਣ ਸਿੰਘ ਵਲੋਂ ਆਰਤੀ ਕੀਰਤਨ ਅਤੇ ਸੰਗਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਉਤੇ ਫੁੱਲਾਂ ਦੀ ਵਰਖਾ ਨਾਲ ਰਾਤ 12:30 ਵਜੇ ਦੀਵਾਨ ਦੀ ਸਮਾਪਤੀ ਹੋਈ।

ਅਗਲੇ ਦਿਨ ਪਹਿਲੀ ਜਨਵਰੀ ਨੂੰ ਵੀ ਵਿਸ਼ੇਸ਼ ਦੀਵਾਨ ਸਜਾਏ ਗਏ, ਜੋ ਸਵੇਰੇ 10 ਵਜੇ ਅਰੰਭ ਹੋ ਕੇ ਰਾਤ 9 ਵਜੇ ਸੁਖਆਸਣ ਨਾਲ ਸਮਾਪਤ ਹੋਏ। ਦੋਹੇਂ ਦਿਨ ਦੀਵਾਨਾਂ ਵਿਚ ਵੱਡੀ ਗਿਣਤੀ ਵਿਚ ਸੰਗਤ ਗੁਰੂ ਘਰ ਵਿਖੇ ਨਤਮਸਤਕ ਹੋਈ।

ਗੁਰੂ ਕੇ ਵਜੀਰ ਭਾਈ ਸ਼ਿੰਗਾਰਾ ਸਿੰਘ ਨੇ ਨਵੇਂ ਸਾਲ ਮੌਕੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਭਾਈ ਸੱਜਣ ਸਿੰਘ ਨੇ ਨਵੇਂ ਸਾਲ ਦੀ ਵਧਾਈ ਦਿੰਦਿਆਂ ਇਨ੍ਹਾਂ ਸਮਾਗਮਾਂ ਨੂੰ ਸਫਲ ਬਣਾਉਣ ਵਾਸਤੇ ਸੰਗਤ ਦਾ ਧੰਨਵਾਦ ਕੀਤਾ।















# ਹੁਣ ਅਮਰੀਕਾ ਦਾ ਗ੍ਰੀਨ ਕਾਰਡ ਹਾਸਲ ਕਰਨਾ ਹੋਇਆ ਸੌਖਾ

**ਵਾਸ਼ਿੰਗਟਨ:** ਅਮਰੀਕਾ ਦਾ ਗ੍ਰੀਨ ਕਾਰਡ ਹਾਸਲ ਕਰਨਾ ਸੌਖਾ ਹੋ ਜਾਵੇਗਾ, ਕਿਉਂਕਿ ਹੁਣ ਦੇਸ਼ ਵਿਚ ਪੱਕੇ ਹੋਣ ਲਈ ਕੋਟਾ ਸਿਸਟਮ ਖਤਮ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਗ੍ਰੀਨ ਕਾਰਡ ਲੈਣ ਵਾਲਿਆਂ ਵਿਚ ਸੱਤ ਫੀਸਦੀ ਤੋਂ ਵੱਧ ਭਾਰਤੀ ਨਹੀਂ ਸਨ ਹੋ ਸਕਦੇ, ਪਰ ਹੁਣ ਇਹ ਸ਼ਰਤ ਹਟਾਉਣ ਦੀ ਤਜਵੀਜ਼ ਹੈ।

ਗ੍ਰੀਨ ਕਾਰਡ ਜਾਂ ਕਾਨੂੰਨੀ ਪੱਕੀ ਰਿਹਾਇਸ਼ (ਐਲ.ਪੀ.ਆਰ.) ਨਾਲ ਕਿਸੇ ਪਰਵਾਸੀ ਨੂੰ ਯੂਨਾਈਟਿਡ ਸਟੇਟਸ ਵਿਚ ਰਹਿਣ, ਕੰਮ ਕਰਨ ਤੇ ਸਰਕਾਰੀ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਪਹਿਲਾਂ ਐਚ-1ਬੀ ਵੀਜ਼ੇ ਰਾਹੀਂ ਜਾਣ ਵਾਲੇ ਹੁਨਰਮੰਦ ਤੇ ਮਿਹਨਤੀ ਭਾਰਤੀ ਇਸ ਸੱਤ ਫੀਸਦੀ ਵਾਲੀ ਸ਼ਰਤ ਕਾਰਨ ਹੀ ਗ੍ਰੀਨ ਕਾਰਡ ਹਾਸਲ ਕਰਨ ਤੋਂ ਵਾਂਝੇ ਰਹਿ ਜਾਂਦੇ ਸਨ।

ਕਾਂਗਰਸ ਦੇ ਆਜ਼ਾਦ ਖੋਜ ਵਿੰਗ 'ਦੋ-ਦਲੀ ਕਾਂਗਰਸ' ਖੋਜ ਸੇਵਾ (ਸੀ.ਆਰ.ਐਸ.) ਨੇ ਦੱਸਿਆ ਕਿ ਜੇ ਹਰ ਦੇਸ਼ ਲਈ ਲਾਗੂ ਕੰਟਰੀ-ਕੈਪ ਨੂੰ ਹਟਾ ਦਿੱਤਾ ਜਾਂਦਾ ਹੈ ਤਾਂ ਗ੍ਰੀਨ ਕਾਰਡ ਲੈਣ ਵਾਲਿਆਂ ਵਿਚ ਭਾਰਤ ਤੇ ਚੀਨ ਦੀ ਵੱਡੀ ਸਮੂਲੀਅਤ ਹੋਵੇਗੀ।

ਅਪਰੈਲ 2018 ਤੱਕ ਕੁੱਲ 3,95,025 ਵਿਦੇਸ਼ੀ ਨਾਗਰਿਕਾਂ ਵਿਚੋਂ 3,06,601 ਭਾਰਤੀ ਗ੍ਰੀਨ ਕਾਰਡ ਲਈ ਉਡੀਕ ਵਿਚ ਸਨ, ਜਿਸ ਤੋਂ ਸਾਫ ਹੈ ਕਿ ਜੇ ਇਹ ਸ਼ਰਤ ਹਟੇਗੀ ਤਾਂ ਲੱਖਾਂ ਭਾਰਤੀਆਂ ਨੂੰ ਫਾਇਦਾ ਮਿਲੇਗਾ।

# ਹੋਣਹਾਰ ਵਿਦਿਆਰਥੀ ਦੇਸ਼ 'ਚ ਰਹਿ ਕੇ ਅਮਰੀਕਾ ਦਾ ਵਿਕਾਸ ਕਰਨ: ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਦੇਸ਼ ਦੀਆਂ ਸਭ ਤੋਂ ਮੋਹਰੀ ਸੰਸਥਾਵਾਂ 'ਚ ਪੜ੍ਹਨ ਮਗਰੋਂ ਅਮਰੀਕਾ ਛੱਡਣ 'ਤੇ ਅਫਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਯੋਗ ਲੋਕ ਇਥੇ ਰਹਿ ਕੇ ਹੀ ਦੇਸ਼ ਦੀਆਂ ਕੰਪਨੀਆਂ ਦੇ ਵਿਕਾਸ 'ਚ ਯੋਗਦਾਨ ਪਾਉਣ। ਟਰੰਪ ਨੇ ਕਿਹਾ, 'ਦੇਸ਼ ਦੀ ਬੇਤੁਕੀ ਆਵਾਸ ਨੀਤੀ ਕਾਰਨ ਅਮਰੀਕਾ ਦੇ ਹੁਨਰਮੰਦ ਲੋਕ ਇਥੋਂ ਜਾ ਰਹੇ ਹਨ।'

ਉਨ੍ਹਾਂ ਭਰੋਸਾ ਦਿੱਤਾ ਕਿ ਉਹ ਗੈਰਕਾਨੂੰਨੀ ਪਰਵਾਸ ਨੂੰ ਰੋਕਣ ਲਈ ਆਪਣੀ ਨੀਤੀ ਦੀਆਂ ਖਾਮੀਆਂ ਦੂਰ ਕਰਨਾ ਚਾਹੁੰਦੇ ਹਨ ਤਾਂ ਜੋ ਵੱਧ ਤੋਂ ਵੱਧ ਲੋਕ ਯੋਗਤਾ ਤੇ ਮੈਰਿਟ ਦੇ ਆਧਾਰ ਉਤੇ ਅਮਰੀਕਾ ਆਉਣ। ਉਨ੍ਹਾਂ ਕਿਹਾ ਕਿ ਸਾਡੇ ਕੋਲ ਬਹੁਤ ਸਾਰੀਆਂ ਕੰਪਨੀਆਂ ਆ ਰਹੀਆਂ ਹਨ। ਸਾਨੂੰ ਚੰਗੇ ਲੋਕਾਂ ਦੀ ਲੋੜ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਉਹ ਮੈਰਿਟ ਤੇ ਯੋਗਤਾ ਦੇ ਆਧਾਰ 'ਤੇ ਹੀ ਅਮਰੀਕਾ ਆਉਣ। ਉਹ ਇਸ ਤਰ੍ਹਾਂ ਨਹੀਂ ਆ ਸਕਦੇ ਜਿਸ ਤਰ੍ਹਾਂ ਪਿਛਲੇ ਵਰ੍ਹਿਆਂ ਤੋਂ ਆ ਰਹੇ ਹਨ।

# ਦੋ ਔਰਤਾਂ ਨੇ ਸ਼ਬਰੀਮਾਲਾ ਮੰਦਿਰ 'ਚ ਮੱਥਾ ਟੇਕ ਕੇ ਇਤਿਹਾਸ ਸਿਰਜਿਆ

**ਸ਼ਬਰੀਮਾਲਾ/ਤਿਰੂਵਨੰਤਪੁਰਮ:** ਕਾਲੇ ਰੰਗ ਦੇ ਕੱਪੜਿਆਂ ਵਿਚ ਤੜਕੇ ਸਵੇਰੇ ਦੋ ਔਰਤਾਂ (42-44 ਸਾਲ) ਨੇ ਸ਼ਬਰੀਮਾਲਾ ਮੰਦਰ ਵਿਚ ਮੱਥਾ ਟੇਕ ਕੇ ਇਤਿਹਾਸ ਸਿਰਜ ਦਿੱਤਾ। ਸੁਪਰੀਮ ਕੋਰਟ ਵੱਲੋਂ ਭਗਵਾਨ ਅਯੱਪਾ ਦੇ ਮੰਦਰ ਵਿਚ 10 ਤੋਂ 50 ਸਾਲ ਦੀ ਉਮਰ ਦੀਆਂ ਔਰਤਾਂ ਦੇ ਮੱਥਾ ਟੇਕਣ ਉਤੇ ਲੱਗੀ ਪਾਬੰਦੀ ਹਟਾਉਣ ਮਗਰੋਂ ਕ੍ਰਮਵਾਰ 44 ਅਤੇ 42 ਸਾਲ ਦੀਆਂ ਕਨਾਕਾਦੁਰਗਾ ਅਤੇ ਬਿੰਦੂ ਨੇ ਪੁਲਿਸ ਸੁਰੱਖਿਆ ਅਧੀਨ ਮੱਥਾ ਟੇਕਿਆ।

ਇਸ ਖ਼ਬਰ ਦਾ ਪਤਾ ਲੱਗਣ ਮਗਰੋਂ ਕੇਰਲ ਵਿਚ ਭਾਜਪਾ ਤੇ ਸੱਜੇ ਪੱਖੀ ਹਿੰਦੂ ਕਾਰਕੁਨਾਂ ਵੱਲੋਂ ਹਿੰਸਕ ਪ੍ਰਦਰਸ਼ਨ ਕੀਤੇ ਗਏ। ਸਕੱਤਰੇਤ ਵਿਚ ਪੰਜ ਘੰਟਿਆਂ ਤੱਕ ਸੱਤਾਧਾਰੀ ਸੀ.ਪੀ.ਆਈ. (ਐਮ) ਤੇ ਭਾਜਪਾ ਕਾਰਕੁਨਾਂ ਵਿਚਾਲੇ ਝੜਪਾਂ ਹੋਈਆਂ ਤੇ ਦੋਵਾਂ ਧਿਰਾਂ ਨੇ ਇਕ ਦੂਜੇ ਉਤੇ ਪੱਥਰ ਸੁੱਟੇ। ਪੁਲਿਸ ਨੂੰ ਸਥਿਤੀ ਕੰਟਰੋਲ ਹੇਠ ਲਿਆਉਣ ਲਈ ਜਲ ਤੋਪਾਂ ਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕਰਨੀ ਪਈ। ਮੱਲਪੁਰਮ ਵਿਚ ਮੁੱਖ ਮੰਤਰੀ ਪਿਨਾਰਾਈ ਵਿਜਯਨ ਦਾ ਪੁਤਲਾ ਸਾੜਿਆ ਗਿਆ ਤੇ ਸਕੱਤਰੇਤ ਕੰਪਲੈਕਸ ਵਿਚ ਮੁੱਖ ਮੰਤਰੀ ਦਫਤਰ ਵੱਲ ਜਾਣ ਦੀ ਕੋਸ਼ਿਸ਼ ਕਰ ਰਹੇ ਭਾਜਪਾ ਦੇ ਮਹਿਲਾ ਮੋਰਚਾ ਦੇ ਚਾਰ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋ ਔਰਤਾਂ ਵੱਲੋਂ ਮੰਦਰ ਵਿਚ ਮੱਥਾ ਟੇਕਣ ਦੀ ਖਬਰ ਦਾ ਪਤਾ ਲੱਗਣ ਉੱਤੇ ਭਾਜਪਾ ਤੇ ਸੱਜੇ ਪੱਖੀ ਹਿੰਦੂ ਕਾਰਕੁਨਾਂ ਵੱਲੋਂ ਸ਼ਾਹਰਾਹਾਂ 'ਤੇ ਜਾਮ ਲਾਉਣ ਤੋਂ ਇਲਾਵਾ ਜਬਰੀ ਦੁਕਾਨਾਂ ਤੇ ਬਾਜ਼ਾਰ ਬੰਦ ਕਰਵਾਉਣੇ ਸ਼ੁਰੂ ਕਰ ਦਿੱਤੇ। ਹਿੰਸਾ ਵਿਚ ਕਈ ਪੁਲਿਸ ਮੁਲਾਜ਼ਮ ਵੀ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮੀਡੀਆ ਕਰਮੀਆਂ ਉੱਤੇ ਵੀ ਸਕੱਤਰੇਤ ਦੇ ਸਾਹਮਣੇ ਭਾਜਪਾ ਕਾਰਕੁਨਾਂ ਵੱਲੋਂ ਹਮਲਾ ਕੀਤਾ ਗਿਆ।

ਇਸ ਦੌਰਾਨ ਕਈ ਸਥਾਨਕ ਚੈਨਲਾਂ ਉਤੇ ਦੋ ਔਰਤਾਂ ਵੱਲੋਂ ਮੰਦਰ ਵਿਚ ਮੱਥਾ ਟੇਕਣ ਦੀਆਂ ਤਸਵੀਰਾਂ ਆਉਣ ਤੋਂ ਬਾਅਦ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਦੱਸਿਆ ਕਿ ਸ਼ਬਰੀਮਾਲਾ ਮੰਦਰ ਵਿਚ ਦਾਖਲ ਹੋਣ ਮੌਕੇ ਦੋਵਾਂ ਔਰਤਾਂ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਸੀ।

ਇਸ ਦੌਰਾਨ ਸਮਾਜਿਕ ਕਾਰਕੁਨ ਤ੍ਰਿਪਤੀ ਦੇਸਾਈ ਨੇ ਦੋ ਔਰਤਾਂ ਦੇ ਸ਼ਬਰੀਮਾਲਾ ਮੰਦਰ ਵਿਚ ਮੱਥਾ ਟੇਕਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਮਾਨਤਾ ਦੀ ਜਿੱਤ ਹੈ। ਇਸ ਦੌਰਾਨ ਦੋਵਾਂ ਔਰਤਾਂ ਦੇ ਘਰਾਂ ਦੇ ਬਾਹਰ ਪੁਲਿਸ ਮੁਲਾਜ਼ਮ ਕਰ ਦਿੱਤੇ ਗਏ ਹਨ।

# ਗੁਰਦੁਆਰਾ ਕੁਈਨਜ਼ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ

**ਨਿਊ ਯਾਰਕ (ਬਿਊਰੋ):** ਸਿੱਖ ਸੈਂਟਰ ਆਫ ਨਿਊ ਯਾਰਕ (ਗੁਰਦੁਆਰਾ ਕੁਈਨਜ਼) ਵਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਗਏ ਅਤੇ ਇਸ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਗਿਫਟ ਕਾਰਡ ਦਿੱਤੇ ਗਏ। ਇਸ ਪ੍ਰੀਖਿਆ ਦਾ ਬੱਚਿਆਂ ਦੇ ਮਾਪਿਆਂ ਨੇ ਵੀ ਜਾਇਜ਼ਾ ਲਿਆ ਅਤੇ ਸਮਾਗਮ ਵਿਚ ਵੱਡੀ ਗਿਣਤੀ ਵਿਚ ਹਾਜ਼ਰ ਰਹੇ। ਦੱਸਿਆ ਕਿ ਗੁਰੂ ਘਰ ਵਿਚ ਚਲਾਏ ਜਾ ਰਹੇ ਪੰਜਾਬੀ ਸਕੂਲ ਵਿਚ ਹਰ ਸਨਿਚਰ ਅਤੇ ਐਤਵਾਰ ਕਲਾਸਾਂ ਲਾਈਆਂ ਜਾਂਦੀਆਂ ਹਨ, ਜਿਸ ਵਿਚ ਮਾਪੇ ਆਪਣੇ ਬੱਚਿਆਂ ਨੂੰ ਜ਼ਰੂਰ ਭੇਜਣ ਤਾਂ ਜੋ ਅਗਲੀ




ਮੌਕੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ। ਧਾਰਮਿਕ ਪ੍ਰੀਖਿਆ ਵਿਚ ਪੰਜਾਬੀ ਸਕੂਲ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਅਤੇ ਉਤਸ਼ਾਹ ਨਾਲ ਹਿੱਸਾ ਲਿਆ।

ਧਾਰਮਿਕ ਪ੍ਰੀਖਿਆ ਸਫਲ ਰਹਿਣ ਵਾਲੇ ਬੱਚਿਆਂ ਨੂੰ ਪ੍ਰਬੰਧਕਾਂ ਨੇ ਸਰਟੀਫਿਕੇਟ ਦਿੱਤੇ ਅਤੇ ਸਮਾਗਮ ਦੌਰਾਨ ਪ੍ਰਧਾਨ ਹਿੰਮਤ ਸਿੰਘ ਨਿਊ ਯਾਰਕ, ਖਜਾਨਚੀ ਚਰਨਜੀਤ ਸਿੰਘ ਸਮਰਾ, ਜਨਰਲ ਸਕੱਤਰ ਜਸਪਾਲ ਸਿੰਘ, ਸੁਰਿੰਦਰ ਸਿੰਘ ਵਿਰਕ, ਪ੍ਰਿੰ. ਪ੍ਰੇਮ ਸਿੰਘ ਅਤੇ ਸਮੂਹ ਸਟਾਫ ਦਾ ਵਿਸ਼ੇਸ਼ ਯੋਗਦਾਨ ਰਿਹਾ।

ਗੁਰੂਘਰ ਦੇ ਪ੍ਰਧਾਨ ਸ. ਹਿੰਮਤ ਸਿੰਘ ਨੇ ਪੀੜ੍ਹੀ ਨੂੰ ਗੁਰਮਤਿ, ਸਿੱਖ ਧਰਮ ਅਤੇ ਵਿਰਸੇ ਨਾਲ ਜੋੜਿਆ ਜਾ ਸਕੇ। ਜ਼ਿਕਰਯੋਗ ਹੈ ਕਿ ਗੁਰੂ ਘਰ ਵਿਖੇ ਬੱਚਿਆਂ ਨੂੰ ਮਾਂ ਬੋਲੀ, ਗੁਰਮਤਿ, ਸਿੱਖ ਧਰਮ, ਵਿਰਸਾ ਅਤੇ ਵਿਰਾਸਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਕੋਰਸਾਂ ਦੇ ਆਧਾਰ 'ਤੇ ਸਮੇਂ ਸਮੇਂ ਪ੍ਰੀਖਿਆ ਵੀ ਲਈ ਜਾਂਦੀ ਹੈ।

# ਉਚੀਆਂ ਜਾਤਾਂ ਦੇ ਗਰੀਬਾਂ ਲਈ 10% ਰਾਖਵਾਂਕਰਨ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡਾ ਫੈਸਲਾ ਲੈਂਦਿਆਂ ਕੇਂਦਰੀ ਮੰਤਰੀ ਮੰਡਲ ਨੇ ਆਮ ਸ਼੍ਰੇਣੀ ਦੇ ਆਰਥਿਕ ਤੌਰ ਉਤੇ ਕਮਜ਼ੋਰ ਵਰਗਾਂ ਨੂੰ ਨੌਕਰੀਆਂ ਅਤੇ ਸਿੱਖਿਆ ਸੰਸਥਾਵਾਂ ਵਿਚ 10 ਫੀਸਦੀ ਰਾਖਵਾਂਕਰਨ ਦੇਣ 'ਤੇ ਮੋਹਰ ਲਗਾ ਦਿੱਤੀ ਹੈ। ਭਾਜਪਾ ਨੇ ਉੱਚੀਆਂ ਜਾਤਾਂ ਦੀ ਅਹਿਮ ਮੰਗ ਨੂੰ ਮੰਨ ਲਿਆ ਹੈ ਜੋ ਉਨ੍ਹਾਂ ਦੇ ਹਮਾਇਤੀ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੇ ਭਾਜਪਾ ਤੋਂ ਥਿੜਕਣ ਦੇ ਸੰਕੇਤ ਨਜ਼ਰ ਆ ਰਹੇ ਸਨ। ਪ੍ਰਸਤਾਵਿਤ ਰਾਖਵਾਂਕਰਨ ਮੌਜੂਦਾ 50 ਫੀਸਦੀ ਰਾਖਵਾਂਕਰਨ ਤੋਂ ਵੱਖ ਹੋਵੇਗਾ ਅਤੇ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੇ ਵਰਗਾਂ ਨੂੰ ਮਿਲਾ ਕੇ ਕੁੱਲ ਰਾਖਵਾਂਕਰਨ 60 ਫੀਸਦੀ ਹੋ ਜਾਵੇਗਾ। ਸੰਵਿਧਾਨ ਸੋਧ ਬਿੱਲ ਇਸ ਲਈ ਲਿਆਉਣਾ ਪੈ ਰਿਹਾ ਹੈ ਕਿਉਂਕਿ ਸੰਵਿਧਾਨ 'ਚ ਆਰਥਿਕ ਹਾਲਾਤ ਦੇ ਆਧਾਰ 'ਤੇ ਰਾਖਵਾਂਕਰਨ ਨਹੀਂ ਦਿੱਤਾ ਜਾਂਦਾ। ਇਸ ਲਈ ਸੰਵਿਧਾਨ ਦੀ ਧਾਰਾ 15 ਅਤੇ 16 'ਚ ਤਰਮੀਮ ਕਰਨੀ ਪਏਗੀ।

ਰਾਖਵਾਂਕਰਨ ਦਾ ਲਾਭ ਉੱਚੀਆਂ ਜਾਤਾਂ ਦੇ ਉਨ੍ਹਾਂ ਵਿਅਕਤੀਆਂ ਨੂੰ ਮਿਲਣ ਦੀ ਉਮੀਦ ਹੈ ਜਿਨ੍ਹਾਂ ਦੀ ਸਾਲਾਨਾ ਆਮਦਨ ਅੱਠ ਲੱਖ ਰੁਪਏ ਤੋਂ ਘੱਟ ਅਤੇ ਜ਼ਮੀਨ ਪੰਜ ਏਕੜ ਤੋਂ ਵੱਧ ਨਹੀਂ ਹੋਵੇਗੀ। ਸੂਤਰਾਂ ਨੇ ਕਿਹਾ ਕਿ ਰਾਖਵਾਂਕਰਨ ਦਾ ਲਾਭ ਲੈਣ ਵਾਲੇ ਕੋਲ ਹਜ਼ਾਰ ਵਰਗ ਗਜ਼ ਦਾ ਫਲੈਟ, ਨੋਟੀਫਾਈਡ ਮਿਊਂਸਪਲ ਇਲਾਕੇ 'ਚ 100 ਗਜ਼ ਅਤੇ ਗੈਰ ਨੋਟੀਫਾਈਡ ਇਲਾਕੇ ਵਿਚ 200 ਗਜ਼ ਦਾ ਪਲਾਟ ਨਹੀਂ ਹੋਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਮਸ਼ਹੂਰ ਇੰਦਰਾ ਸਾਹਨੀ ਫੈਸਲੇ 'ਚ ਸੁਪਰੀਮ ਕੋਰਟ ਨੇ ਰਾਖਵਾਂਕਰਨ ਦੀ ਹੱਦ 50 ਫੀਸਦੀ ਤੈਅ ਕੀਤੀ ਸੀ। ਸਰਕਾਰੀ ਸੂਤਰਾਂ ਨੇ ਕਿਹਾ ਕਿ ਪ੍ਰਸਤਾਵਿਤ ਸੰਵਿਧਾਨਕ ਸੋਧ ਨਾਲ ਵਾਧੂ ਕੋਟੇ ਦਾ ਰਾਹ ਪੱਧਰਾ ਹੋਵੇਗਾ। ਉਸ ਨੇ ਕਿਹਾ ਕਿ ਰਾਖਵਾਂਕਰਨ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਮਿਲੇਗਾ ਜੋ ਇਸ ਸਮੇਂ ਰਾਖਵਾਂਕਰਨ ਦਾ ਕੋਈ ਲਾਭ ਨਹੀਂ ਲੈ ਰਹੇ ਹਨ। ਬਿੱਲ ਪਾਸ ਹੋਣ 'ਤੇ ਬ੍ਰਾਹਮਣਾਂ, ਰਾਜਪੂਤਾਂ (ਠਾਕੁਰਾਂ), ਜਾਟਾਂ, ਮਰਾਠਿਆਂ, ਭੂਮੀਹਾਰਾਂ ਅਤੇ ਹੋਰ ਉੱਚੀਆਂ ਜਾਤਾਂ ਨੂੰ ਫਾਇਦਾ ਹੋਵੇਗਾ। ਸੂਤਰਾਂ ਨੇ ਕਿਹਾ ਕਿ ਹੋਰ ਧਰਮਾਂ ਦੇ ਗਰੀਬਾਂ ਨੂੰ ਵੀ ਰਾਖਵਾਂਕਰਨ ਦਾ ਲਾਭ ਮਿਲੇਗਾ।

ਰਾਖਵਾਂਕਰਨ ਦੇ ਫੈਸਲੇ ਬਾਰੇ ਕਾਂਗਰਸ ਨੇ ਕਿਹਾ ਹੈ ਕਿ ਲੋਕਾਂ ਨੂੰ ਮੂਰਖ ਬਣਾਉਣ ਲਈ ਸਰਕਾਰ ਨੇ ਚੋਣ ਹੱਥਕੰਡਾ ਵਰਤਿਆ ਹੈ। ਕਾਂਗਰਸ ਨੇ ਕਿਹਾ ਕਿ ਭਾਜਪਾ ਨੂੰ ਲੋਕ ਸਭਾ ਚੋਣਾਂ 'ਚ ਹਾਰ ਦਾ ਡਰ ਸਤਾਉਣ ਲੱਗ ਪਿਆ ਹੈ ਅਤੇ ਲੋਕਾਂ ਨੂੰ ਭਰਮਾਉਣ ਲਈ ਇਹ ਫੈਸਲਾ ਕੀਤਾ ਹੈ। ਕਾਂਗਰਸ ਤਰਜਮਾਨ ਅਭਿਸ਼ੇਕ ਸਿੰਘਵੀ ਨੇ ਸਰਕਾਰ 'ਤੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਉਸ ਕੋਲ ਸੰਵਿਧਾਨਕ ਸੋਧ ਨੂੰ ਸੰਸਦ ਵਿਚ ਪਾਸ ਕਰਾਉਣ ਲਈ ਲੋੜੀਂਦਾ ਬਹੁਮਤ ਨਹੀਂ ਹੈ।

## ਸਕੂਲ ਬੱਸ ਖੱਡ ਵਿਚ ਡਿੱਗੀ, ਛੇ ਬੱਚਿਆਂ ਸਣੇ ਸੱਤ ਹਲਾਕ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿਚ ਇਕ ਸਕੂਲੀ ਬੱਸ ਖੱਡ ਵਿਚ ਡਿੱਗ ਜਾਣ ਕਾਰਨ ਛੇ ਬੱਚਿਆਂ ਅਤੇ ਡਰਾਈਵਰ ਦੀ ਮੌਤ ਹੋ ਗਈ। ਇਹ ਹਾਦਸਾ ਸੰਗਰਾਹ ਵਿਚ ਵਾਪਰਿਆ, ਜਿਸ 'ਚ 12 ਬੱਚੇ ਜ਼ਖਮੀ ਹੋ ਗਏ। ਜਾਣਕਾਰੀ ਮੁਤਾਬਕ ਦਦਾਹੂ ਆਦਰਸ਼ ਵਿੱਦਿਆ ਨਿਕੇਤਨ ਸਕੂਲ ਦੀ ਬੱਸ 18 ਬੱਚਿਆਂ ਨੂੰ ਲਿਜਾ ਰਹੀ ਸੀ ਜੋ ਖੜਕੋਲੀ ਨੇੜੇ ਖੱਡ ਵਿਚ ਡਿੱਗ ਗਈ। ਚਾਰ ਜਣਿਆਂ- ਸਮੀਰ (5), ਆਦਰਸ਼ (7), ਕਾਰਤਿਕ (14) ਅਤੇ ਡਰਾਈਵਰ ਰਾਮ ਸਵਰੂਪ (40) ਦੀ ਮੌਕੇ ਉਤੇ ਹੀ ਮੌਤ ਹੋ ਗਈ। ਅਭਿਸ਼ੇਕ, ਉਸ ਦੀ ਭੈਣ ਸੰਜਨਾ ਅਤੇ ਨੈਤਿਕ ਚੌਹਾਨ ਨੇ ਨਾਹਨ ਮੈਡੀਕਲ ਕਾਲਜ ਪਹੁੰਚਣ ਤੋਂ ਪਹਿਲਾਂ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਦਮ ਤੋੜ ਦਿੱਤਾ। ਇਸ ਹਾਦਸੇ ਵਿਚ ਜ਼ਖਮੀ ਹੋਏ 12 ਜਣਿਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ।

## ਦਿੱਲੀ 'ਚ ਗੈਸ ਸਿਲੰਡਰ ਫਟਣ ਨਾਲ ਛੇ ਮੌਤਾਂ

**ਨਵੀਂ ਦਿੱਲੀ:** ਪੱਛਮੀ ਦਿੱਲੀ ਦੇ ਸੁਦਰਸ਼ਨ ਪਾਰਕ ਇਲਾਕੇ 'ਚ ਪੱਖੇ ਬਣਾਉਣ ਵਾਲੀ ਫੈਕਟਰੀ ਵਿਚ ਗੈਸ ਸਿਲੰਡਰ ਫਟਣ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ। ਫਾਇਰ ਬ੍ਰਿਗੇਡ ਵਿਭਾਗ ਨੂੰ ਇਸ ਘਟਨਾ ਦੀ ਸੂਚਨਾ ਰਾਤ 8.48 ਵਜੇ ਮਿਲੀ ਜਿਸ ਮਗਰੋਂ ਅੱਠ ਅੱਗ ਬੁਝਾਊ ਗੱਡੀਆਂ ਤੇ ਐਂਬੂਲੈਂਸ ਮੌਕੇ 'ਤੇ ਪਹੁੰਚੀਆਂ। ਇਸ ਘਟਨਾ 'ਚ ਛੇ ਵਿਅਕਤੀਆਂ ਦੀ ਮੌਤ ਹੋਈ ਹੈ ਜਦਕਿ ਅੱਠ ਵਿਅਕਤੀਆਂ ਨੂੰ ਬਚਾ ਕੇ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA


Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਕਮਜ਼ੋਰ ਸਿਆਸੀ ਇੱਛਾ ਸ਼ਕਤੀ ਬਣੀ ਨਸ਼ਿਆਂ ਦੇ ਖਾਤਮੇ ਦੇ ਰਾਹ 'ਚ ਰੋੜਾ

**ਚੰਡੀਗੜ੍ਹ:** ਗੁਟਕਾ ਸਾਹਿਬ 'ਤੇ ਹੱਥ ਰੱਖ ਕੇ ਚਾਰ ਹਫਤਿਆਂ ਅੰਦਰ ਨਸ਼ਾ ਖਤਮ ਕਰਨ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਐਲਾਨ ਦੇ ਰਾਹ ਦਾ ਸਭ ਤੋਂ ਵੱਡਾ ਰੋੜਾ ਕਮਜ਼ੋਰ ਸਿਆਸੀ ਇੱਛਾ ਸ਼ਕਤੀ ਹੈ। ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੀ ਹਾਈ ਕੋਰਟ ਕੋਲ ਪਈ ਰਿਪੋਰਟ 'ਤੇ ਅਮਲ ਕਰਨ ਦੀ ਬਜਾਇ ਪੁਲਿਸ ਅਧਿਕਾਰੀਆਂ ਦਰਮਿਆਨ ਪੰਚਾਇਤੀ ਸਮਝੌਤਾ ਕਰਵਾਉਣ ਅਤੇ ਜ਼ਮੀਨੀ ਹਕੀਕਤ ਨਾਲ ਮੇਲ ਨਾ ਖਾਂਦੀ ਬਿਆਨਬਾਜ਼ੀ ਕਮਜ਼ੋਰ ਇੱਛਾ ਸ਼ਕਤੀ ਦਾ ਸਬੂਤ ਹੈ। ਉਧਰ, ਪੰਜਾਬ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦਾ ਕਹਿਣਾ ਹੈ ਕਿ ਸਰਕਾਰ 'ਕੇਂਦਰੀ ਮੈਂਟਲ ਹੈਲਥ ਕਾਨੂੰਨ' ਨੂੰ ਪੰਜਾਬ ਦੀਆਂ ਠੋਸ ਲੋੜਾਂ ਅਨੁਸਾਰ ਲਾਗੂ ਕਰਨ ਲਈ ਨਿਯਮ ਬਣਾ ਰਹੀ ਹੈ, ਇਸ ਨਾਲ ਨਸ਼ੇ 'ਤੇ ਕੰਟਰੋਲ ਕਰਨ ਵਿਚ ਮਦਦ ਮਿਲੇਗੀ।

ਜੂਨ ਵਿਚ ਨਸ਼ੇ ਦੀ ਓਵਰਡੋਜ਼ ਨਾਲ 24 ਦੇ ਕਰੀਬ ਮੌਤਾਂ ਤੋਂ ਬਾਅਦ ਜੁਲਾਈ 2018 ਵਿਚ ਗੈਰ-ਸਰਕਾਰੀ ਜਥੇਬੰਦੀਆਂ ਵੱਲੋਂ ਕਾਲਾ ਹਫਤਾ ਮਨਾਉਣ ਵੇਲੇ ਪੰਜਾਬ ਸਰਕਾਰ ਫਸੀ ਮਹਿਸੂਸ ਕਰ ਰਹੀ ਸੀ। ਮੁੱਖ ਮੰਤਰੀ ਨੇ ਕੁਝ ਆਗੂਆਂ ਨਾਲ ਚਾਹ-ਪਾਣੀ ਪੀਤਾ ਤਾਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਸਰਕਾਰ ਦੀ ਗੰਭੀਰਤਾ ਨਾਲ ਨਸ਼ੇ ਦੀ ਸਮੱਸਿਆ ਜਿਵੇਂ ਹੱਲ ਹੋ ਗਈ ਹੋਵੇ। ਓਵਰਡੋਜ਼ ਨਾਲ ਮੌਤਾਂ ਦਾ ਸਿਲਸਲਾ ਅਜੇ ਵੀ ਜਾਰੀ ਹੈ। ਪੰਜਾਬ ਵਿਚ ਨਸ਼ੇ ਛੁਡਾਉਣ ਅਤੇ ਮੁੜ ਵਸੇਬੇ ਦੀ ਕੋਈ ਠੋਸ ਨੀਤੀ ਨਹੀਂ ਹੈ। ਇਕ ਮਹਿਲਾ ਨੂੰ ਨਸ਼ੇ ਦੀ ਲਤ ਲਾਉਣ ਦੇ ਮੁੱਦੇ ਤੋਂ ਪਿੱਛੋਂ ਇਕ ਡੀ.ਐਸ.ਪੀ. ਅਤੇ ਹੌਲਦਾਰ ਨੂੰ ਨੌਕਰੀ ਤੋਂ ਬਰਖਾਸਤ ਕਰਨ ਤੋਂ ਬਾਅਦ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਈ ਪੁਲਿਸ ਅਧਿਕਾਰੀਆਂ ਦੇ ਵੀ ਨਸ਼ੇੜੀ ਹੋਣ ਦਾ ਸ਼ੱਕ ਪ੍ਰਗਟ ਕਰਦਿਆਂ ਪੁਲਿਸ ਦਾ ਵੀ ਡੋਪ ਟੈਸਟ ਕਰਵਾਉਣ ਦੀ ਮੰਗ ਰੱਖੀ ਤਾਂ ਮੁੱਖ ਮੰਤਰੀ ਨੇ ਨਵੇਂ ਭਰਤੀ ਸਾਰੇ ਮੁਲਾਜ਼ਮਾਂ ਅਤੇ ਪਹਿਲਾਂ ਭਰਤੀ ਮੁਲਾਜ਼ਮਾਂ ਦਾ ਡੋਪ ਟੈਸਟ ਕਰਵਾਉਣ ਦਾ ਹੁਕਮ ਜਾਰੀ ਕਰ ਦਿੱਤਾ। ਪ੍ਰਮੁੱਖ ਪਾਰਟੀਆਂ ਦੇ ਬਹੁਤ ਸਾਰੇ ਆਗੂ ਡੋਪ ਟੈਸਟ ਕਰਵਾ ਕੇ ਆਏ, ਪਰ ਫਿਰ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ।

ਪੰਜਾਬ ਮੰਤਰੀ ਮੰਡਲ ਨੇ ਨਸ਼ਾ ਤਸਕਰਾਂ ਲਈ ਮੌਤ ਦੀ ਸਜ਼ਾ ਹੋਣ ਦਾ ਇਕ ਮਤਾ ਵੀ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਸੀ। ਪਹਿਲਾਂ ਹੀ ਐਨ.ਡੀ.ਪੀ.ਐਸ. ਕਾਨੂੰਨ ਦੀ ਧਾਰਾ 31 ਏ ਤਹਿਤ ਨਸ਼ਿਆਂ ਦੀ ਪੈਦਾਵਾਰ, ਪ੍ਰੋਸੈਸਿੰਗ, ਟਰਾਂਸਪੋਰਟ ਜਾਂ ਖਰੀਦ ਅਤੇ ਪੈਸੇ ਦੇ ਲੈਣ-ਦੇਣ ਵਿਚ ਸ਼ਾਮਲ ਵਿਅਕਤੀ ਨੂੰ ਦੋ ਵਾਰ ਕਾਨੂੰਨ ਦਾ ਉਲੰਘਣ ਕਰਨ 'ਤੇ ਫਾਂਸੀ ਦੀ ਸਜ਼ਾ ਦਾ ਪ੍ਰਬੰਧ ਹੈ। ਇਹ ਤੱਥ ਸਾਹਮਣੇ ਆਉਣ 'ਤੇ ਪੰਜਾਬ ਮੰਤਰੀ ਮੰਡਲ ਨੇ ਪਹਿਲੀ ਵਾਰ ਉਲੰਘਣਾ ਕਰਨ ਵਾਲਿਆਂ ਲਈ ਹੀ ਫਾਂਸੀ ਦੀ ਸਜ਼ਾ ਦੀ ਸਿਫਾਰਸ਼ ਕਰ ਦਿੱਤੀ। ਹਕੀਕਤ ਇਹ ਹੈ ਕਿ ਅਜੇ ਤੱਕ ਸਰਕਾਰ ਵੱਡੇ ਤਸਕਰਾਂ ਦੇ ਨਾਮ ਨਸ਼ਰ ਕਰਨ ਜਾਂ ਕਿਸੇ ਵੀ ਵੱਡੇ ਮਗਰਮੱਛ ਨੂੰ ਹੱਥ ਪਾਉਣ ਵਿਚ ਕਾਮਯਾਬ ਨਹੀਂ ਹੋਈ। ਮੁੱਖ ਮੰਤਰੀ ਨੇ ਜੁਲਾਈ ਵਿਚ ਹੀ ਹਰ ਹਫਤੇ ਸੋਮਵਾਰ ਤਿੰਨ ਵਜੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਥਿਤੀ ਦਾ ਜਾਇਜ਼ਾ ਲੈਣ ਅਤੇ ਹੁਣ ਤੱਕ ਹੋਈਆਂ ਮੌਤਾਂ ਦੀ ਜਾਂਚ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਨੇ ਨਾ ਲਗਾਤਾਰ ਮੀਟਿੰਗਾਂ ਕੀਤੀਆਂ ਅਤੇ ਜਾਂਚ ਹੋਈ ਹੈ ਜਾਂ ਨਹੀਂ ਕਿਸੇ ਨੂੰ ਪਤਾ ਨਹੀਂ। ਇਕ



ਐਸ.ਐਸ.ਪੀ. ਪੱਧਰ ਦੇ ਅਧਿਕਾਰੀ ਖਿਲਾਫ ਕਾਰਵਾਈ ਕਰਨ ਦਾ ਐਲਾਨ ਕਰਨ ਦੇ ਬਾਵਜੂਦ ਚੁੱਪ ਧਾਰ ਲੈਣਾ ਵੀ ਸਿਆਸੀ ਇੱਛਾ ਸ਼ਕਤੀ 'ਤੇ ਸੁਆਲ ਉਠਾਉਣ ਲਈ ਕਾਫੀ ਹੈ।

ਪਿਛਲੇ ਸਾਢੇ ਕੁ ਚਾਰ ਸਾਲਾਂ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ 570 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਇਹ ਅੰਕੜੇ ਪੁਲਿਸ ਦੇ ਹਨ ਜਦੋਂਕਿ ਗੈਰ ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਵਿਚ ਇਸ ਸਾਲ ਦੌਰਾਨ ਹੀ 200 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਨਸ਼ਿਆਂ ਕਾਰਨ ਸਭ ਤੋਂ ਵੱਧ ਮੌਤਾਂ ਲੁਧਿਆਣਾ ਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਹੋ ਰਹੀਆਂ ਹਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਸਥਿਤੀ ਜ਼ਿਆਦਾ ਭਿਆਨਕ ਸੀ। ਇਹ ਵੀ ਮਹੱਤਵਪੂਰਨ ਤੱਥ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਤਰਸਦੀ 'ਤੇ ਪਰਦਾ ਪਾਉਣ ਲਈ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਵਿਚ ਦਰਜ ਐਫ.ਆਈ.ਆਰਜ਼. ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਅੰਕੜੇ ਪੇਸ਼ ਕਰ ਦਿੱਤੇ ਜਾਂਦੇ ਹਨ।

ਪੰਜਾਬ ਦੇ ਲੋਕਾਂ ਵਿਚ ਇਹ ਆਮ ਪ੍ਰਭਾਵ ਪਾਇਆ ਜਾਂਦਾ ਹੈ ਕਿ ਨਸ਼ਿਆਂ ਦੀ ਸਮਗਲਿੰਗ ਅਤੇ ਹੋਰਨਾਂ ਗੈਰਕਾਨੂੰਨੀ ਕੰਮਾਂ ਦੇ ਮਾਮਲਿਆਂ ਵਿਚ ਸਿਆਸਤਦਾਨਾਂ, ਪੁਲਿਸ ਅਤੇ ਸਮਗਲਰਾਂ ਜਾਂ ਅਪਰਾਧੀਆਂ ਦਰਮਿਆਨ ਗੱਠਜੋੜ ਬਣਿਆ ਹੋਇਆ ਹੈ। ਕਪਤਾਨੀ ਹਕੂਮਤ ਦੇ ਪਹਿਲੇ ਸਾਲ ਦੌਰਾਨ ਪੁਲਿਸ ਵਿਭਾਗ ਵਿਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਸਮਗਲਿੰਗ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰਨ ਅਤੇ ਉਸ ਤੋਂ ਬਾਅਦ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਮੰਨੀ ਜਾ ਰਹੀ ਹੈ।

ਮੋਗਾ ਜ਼ਿਲ੍ਹੇ ਦੇ ਸਾਬਕਾ ਐਸ.ਐਸ.ਪੀ. ਰਾਜਜੀਤ ਸਿੰਘ, ਜਿਸ ਉਪਰ ਇੰਦਰਜੀਤ ਸਿੰਘ ਨੂੰ ਸਰਪ੍ਰਸਤੀ ਦੇਣ ਦੇ ਦੋਸ਼ ਲੱਗੇ ਸਨ, ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵਧੀਕ ਡੀ.ਜੀ.ਪੀ. ਰੈਂਕ ਦੇ ਹੀ ਇਕ ਅਧਿਕਾਰੀ ਖਿਲਾਫ ਰਿੱਟ ਪਾਉਣ ਨੇ ਅਨੁਸ਼ਾਸਨਬੱਧ ਫੋਰਸ ਦਾ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਸਹੁੰ ਖਾਧੀ ਸੀ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਪਿੱਛੋਂ ਨਸ਼ਿਆਂ 'ਤੇ 4 ਹਫਤਿਆਂ ਵਿਚ ਕਾਬੂ ਪਾ ਲਿਆ ਜਾਵੇਗਾ ਪਰ ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਸੰਭਾਲਿਆਂ ਦੋ ਸਾਲ ਦਾ ਸਮਾਂ ਹੋਣ ਵਾਲਾ ਹੈ ਪਰ ਪੰਜਾਬ ਨੂੰ ਚਿੰਬੜੀ ਇਸ ਬਿਮਾਰੀ ਤੋਂ ਖਹਿੜਾ ਨਹੀਂ ਛੁੱਟ ਸਕਿਆ।

## ਸਰਹੱਦੀ ਜ਼ਿਲ੍ਹਿਆਂ ਨੂੰ ਸਭ ਤੋਂ ਵੱਧ ਮਾਰ

**ਫਿਰੋਜ਼ਪੁਰ:** ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਪਿਛਲੇ ਕਰੀਬ ਛੇ ਮਹੀਨਿਆਂ ਦੌਰਾਨ ਨਸ਼ਿਆਂ ਦੀ ਓਵਰਡੋਜ਼ ਨਾਲ ਦੋ ਦਰਜਨ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਲੁਕ ਛਿਪ ਕੇ ਨਸ਼ੇ ਦਾ ਕਾਰੋਬਾਰ ਅਜੇ ਵੀ ਚੱਲ ਰਿਹਾ ਹੈ। ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਇਸ ਜ਼ਿਲ੍ਹੇ ਵਿਚ ਹੈਰੋਇਨ ਦੀ ਤਸਕਰੀ ਸਭ ਤੋਂ ਵੱਧ ਹੋ ਰਹੀ ਹੈ। ਇਹ ਨਸ਼ਾ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਚੁੱਕਾ ਹੈ।

ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦੇ ਨੌਜਵਾਨ ਇਸ ਨਸ਼ੇ ਦੀ ਗ੍ਰਿਫਤ ਵਿਚ ਵਧੇਰੇ ਹਨ। ਪੁਲਿਸ ਦੀ ਸਖਤੀ ਕਾਰਨ ਹੁਣ ਇਹ ਨਸ਼ਾ ਹੋਰ ਮਹਿੰਗਾ ਮਿਲਣ ਲੱਗ ਪਿਆ ਹੈ। ਨਸ਼ੇੜੀ ਦੱਸਦੇ ਹਨ ਕਿ ਹੈਰੋਇਨ ਦੀ ਪੁੜੀ ਜੋ ਪਹਿਲਾਂ ਹਜ਼ਾਰ ਰੁਪਏ ਦੀ ਮਿਲਦੀ ਸੀ, ਹੁਣ ਪੰਦਰਾਂ ਸੌ ਰੁਪਏ ਤੱਕ ਮਿਲਦੀ ਹੈ। ਬੀ.ਐਸ.ਐਫ. ਨੇ ਲੰਘੇ ਵਰ੍ਹੇ ਪਾਕਿਸਤਾਨ ਤੋਂ ਆਈ 231 ਕਿਲੋ ਹੈਰੋਇਨ ਬਰਾਮਦ ਕੀਤੀ। ਇਕੱਲੇ ਕਾਊਂਟਰ ਇੰਟੈਲੀਜੈਂਸ ਨੇ ਪਿਛਲੇ ਡੇਢ ਸਾਲ ਦੌਰਾਨ 49 ਕਿੱਲੋ ਹੈਰੋਇਨ, ਪੰਜ ਕਿੱਲੋ ਅਫੀਮ, ਇਕ ਕਿੱਲੋ ਡੇਢ ਸੌ ਗ੍ਰਾਮ ਨਸ਼ੀਲਾ ਪਾਊਡਰ ਅਤੇ 23 ਕਿੱਲੋ ਪੋਸਤ ਬਰਾਮਦ ਕੀਤੀ ਹੈ। ਜ਼ਿਲ੍ਹਾ ਪੁਲਿਸ ਨੇ ਪਿਛਲੇ ਇਕ ਸਾਲ ਵਿਚ 35 ਕਿੱਲੋ ਹੈਰੋਇਨ, 25 ਕਿੱਲੋ ਅਫੀਮ ਅਤੇ 800 ਕਿੱਲੋ ਪੋਸਤ ਬਰਾਮਦ ਕੀਤੀ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿਚ ਇਸ ਹੈਰੋਇਨ ਦੀ ਕੀਮਤ 1575 ਕਰੋੜ ਰੁਪਏ ਹੈ।

## ਵਿਸ਼ੇਸ਼ ਟਾਸਕ ਫੋਰਸ ਵੀ ਵੱਡੀਆਂ ਮੱਛੀਆਂ ਨੂੰ ਹੱਥ ਪਾਉਣ ਤੋਂ ਟਲੀ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਧੜੇਬੰਦੀ ਤੇ ਸਰਕਾਰੀ ਇੱਛਾ ਸ਼ਕਤੀ ਦੀ ਘਾਟ ਕਾਰਨ ਸੂਬੇ ਵਿਚ ਨਸ਼ਾ ਤਸਕਰਾਂ ਦੀਆਂ ਜੜ੍ਹਾਂ ਪੁੱਟਣ ਵਿਚ ਮੁਕੰਮਲ ਕਾਮਯਾਬੀ ਮਿਲਦੀ ਦਿਖਾਈ ਨਹੀਂ ਦੇ ਰਹੀ। ਨਸ਼ਾ ਤਸਕਰੀ ਰੋਕਣ ਦੇ ਮਾਮਲੇ 'ਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਵੀ ਅਕਾਲੀ ਸਰਕਾਰ ਵਾਂਗ ਅੰਕੜਿਆਂ ਦੀ ਖੇਡ ਤੱਕ ਸਿਮਟ ਗਈ ਹੈ।

ਲੰਘੇ ਸਾਲ ਦੇ ਅੰਤਲੇ ਦਿਨਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮੁੱਖ ਮੰਤਰੀ ਦਫਤਰ ਦੇ ਸੀਨੀਅਰ ਅਧਿਕਾਰੀਆਂ, ਗ੍ਰਹਿ ਵਿਭਾਗ ਦੇ ਅਧਿਕਾਰੀਆਂ ਤੇ ਡੀ.ਜੀ.ਪੀ. ਸਮੇਤ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਪੁਲਿਸ ਅਧਿਕਾਰੀਆਂ ਵੱਲੋਂ ਆਪਣੇ ਹੀ ਸਾਥੀ ਪੁਲਿਸ ਅਧਿਕਾਰੀਆਂ ਦੀ ਕਾਰਗੁਜ਼ਾਰੀ ਸਬੰਧੀ ਸਵਾਲ ਖੜ੍ਹੇ ਕੀਤੇ ਗਏ। ਇਸ ਮੀਟਿੰਗ ਦੌਰਾਨ ਇਹ ਮੁੱਦਾ ਵੀ ਉੱਭਰ ਕੇ ਸਾਹਮਣੇ ਆਇਆ ਸੀ ਕਿ ਜ਼ਿਲ੍ਹਿਆਂ ਵਿਚ ਤਾਇਨਾਤ ਪੁਲੀਸ ਦੇ ਕਈ ਅਫਸਰ ਸਮਗਲਰਾਂ ਨਾਲ ਮਿਲੇ ਹੋਏ ਹਨ ਤੇ ਸਮਗਲਰਾਂ ਦਾ ਸਮੇਂ ਸਿਰ ਚਲਾਨ ਪੇਸ਼ ਨਹੀਂ ਕੀਤਾ ਜਾਂਦਾ, ਜਿਸ ਕਰ ਕੇ ਤਸਕਰਾਂ ਨੂੰ ਅਦਾਲਤਾਂ ਤੋਂ ਸੌਖਿਆਂ ਹੀ ਜ਼ਮਾਨਤਾਂ ਮਿਲ ਜਾਂਦੀਆਂ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਸਮਗਲਿੰਗ ਰੋਕਣ ਲਈ ਕਾਇਮ ਕੀਤੀ ਗਈ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ) ਵੀ ਕਿਸੇ ਵੱਡੀ ਮੱਛੀ ਨੂੰ ਹੱਥ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੀ। ਸਰਕਾਰ ਵੱਲੋਂ ਐਸ.ਟੀ.ਐਫ. ਦੇ ਗਠਨ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਤਾਂ ਮੰਨਿਆ ਜਾਂਦਾ ਸੀ ਪਰ ਸਮਗਲਿੰਗ ਰੋਕਣ ਲਈ ਕਾਇਮ ਕੀਤੇ ਇਸ ਵਿੰਗ ਨੂੰ ਮੁੱਖ ਮੰਤਰੀ ਵੱਲੋਂ ਵੱਡੀ ਮਾਨਤਾ ਨਹੀਂ ਦਿੱਤੀ ਗਈ। ਇਸੇ ਕਾਰਨ ਪੁਲਿਸ ਦਾ ਇਹ ਵਿਸ਼ੇਸ਼ ਵਿੰਗ ਵੀ ਵੱਡੇ ਅਧਿਕਾਰੀਆਂ ਦੀ ਹਉਮੈ ਦੀ ਭੇਟ ਚੜ੍ਹ ਗਿਆ ਹੈ। ਨਸ਼ਿਆਂ ਦੀ ਗ੍ਰਿਫਤ ਵਿਚ ਆਏ ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ ਵਿਚ ਜਾਣਾ ਜਾਰੀ ਹੈ ਤੇ ਸਰਕਾਰ ਵੱਲੋਂ ਹੈਰੋਇਨ, ਸਮੈਕ, ਅਫੀਮ, ਨਸ਼ੀਲੀਆਂ ਗੋਲੀਆਂ ਤੇ ਭੁੱਕੀ ਆਦਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੇ ਕੇਸਾਂ ਦੇ ਅੰਕੜਿਆਂ ਦੇ ਥੱਲੇ ਪੰਜਾਬ ਦੀ ਇਸ ਸਮੱਸਿਆ ਨੂੰ ਦੱਬਣ ਦੇ ਯਤਨ ਕੀਤੇ ਜਾਂਦੇ ਹਨ।

## ਪ੍ਰਾਈਵੇਟ ਡਾਕਟਰਾਂ 'ਤੇ ਰਹੇਗੀ ਪੰਜਾਬ ਸਰਕਾਰ ਦੀ ਨਜ਼ਰ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਸਿਹਤ ਵਿਭਾਗ ਵਿਚ ਸੁਧਾਰਾਂ ਤੋਂ ਇਲਾਵਾ ਕਲੀਨੀਕਲ ਅਸਟੈਬਲਿਸ਼ਮੈਂਟ ਐਕਟ ਬਣਾ ਕੇ ਪ੍ਰਾਈਵੇਟ ਖੇਤਰ 'ਚ ਵੀ ਲੋਕ ਹਿੱਤਾਂ ਲਈ ਤਬਦੀਲੀਆਂ ਲਿਆਂਦੀਆਂ ਜਾਣਗੀਆਂ। ਇਸ ਨਾਲ ਪ੍ਰਾਈਵੇਟ ਪ੍ਰੈਕਟਿਸ ਕਰ ਰਹੇ ਡਾਕਟਰਾਂ ਤੇ ਉਨ੍ਹਾਂ ਦੇ ਕਲੀਨਿਕਾਂ ਵਿਚ ਤਾਇਨਾਤ ਅਮਲੇ 'ਤੇ ਵੀ ਸਰਕਾਰ ਵੱਲੋਂ ਨਿਗ੍ਹਾ ਰੱਖੀ ਜਾਵੇਗੀ। ਇਹ ਵਿਚਾਰ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਪ੍ਰਗਟਾਉਂਦਿਆਂ ਕਿਹਾ ਕਿ ਅਜਿਹੀ ਕਾਰਵਾਈ ਦੋਸਤਾਨਾ ਤਰੀਕੇ ਨਾਲ ਅਮਲ ਵਿਚ ਲਿਆਂਦੀ ਜਾਵੇਗੀ।

ਉਨ੍ਹਾਂ ਛੋਟੇ ਕਲੀਨਿਕਾਂ ਤੇ ਸਕਿੱਲ ਸੈਂਟਰ ਖੋਲ੍ਹਣ ਬਾਰੇ ਵੀ ਜਾਣਕਾਰੀ ਦਿੱਤੀ। ਸਰਕਾਰੀ ਹਸਪਤਾਲਾਂ 'ਚ ਸੁਧਾਰ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸਰਕਾਰੀ ਓ.ਪੀ.ਡੀ. ਵਿਚ 22 ਫੀਸਦੀ ਵਾਧਾ ਹੋਇਆ ਹੈ। ਉਨ੍ਹਾਂ ਮਰੀਜ਼ਾਂ ਲਈ ਖੂਨ ਮੁਫਤ ਦੇਣ, ਟੈਸਟਾਂ ਦੀਆਂ ਦਰਾਂ ਘਟਾਉਣ ਅਤੇ ਕਈ ਟੈਸਟ ਤੇ ਇਲਾਜ ਮੁਫਤ ਕਰਨ ਸਮੇਤ ਡਾਕਟਰਾਂ ਦੀ ਭਰਤੀ, ਤਰੱਕੀਆਂ ਤੇ ਤਨਖਾਹਾਂ ਆਦਿ ਵਿਚ ਵਾਧੇ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਦੌਰਾਨ ਇਸ ਮੁੱਦੇ 'ਤੇ ਡੂੰਘੀ ਵਿਚਾਰ ਚਰਚਾ ਕਰਨ ਦੀ ਲੋੜ ਹੈ।

# ਸਿੰਜਾਈ ਘੁਟਾਲਾ: ਵੱਡੇ ਅਫਸਰਾਂ ਤੇ ਸਿਆਸਤਦਾਨਾਂ ਨੂੰ ਹੱਥ ਪਾਉਣ ਤੋਂ ਟਾਲਾ

**ਚੰਡੀਗੜ੍ਹ:** ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਦੇ ਸਿੰਜਾਈ ਵਿਭਾਗ ਵਿਚ ਹੋਏ ਬਹੁ ਕਰੋੜੀ ਘੁਟਾਲੇ ਵਿਚ ਸੀਨੀਅਰ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀ ਸ਼ਮੂਲੀਅਤ ਬਾਰੇ ਵਿਜੀਲੈਂਸ ਬਿਊਰੋ ਨੇ ਪੂਰੀ ਤਰ੍ਹਾਂ ਚੁੱਪ ਵੱਟ ਲਈ ਹੈ। ਵਿਜੀਲੈਂਸ ਵੱਲੋਂ ਲੰਘੇ ਸਾਲ ਅਗਸਤ ਮਹੀਨੇ ਦਰਜ ਕੀਤੇ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਦੇ ਮਾਮਲੇ ਦੀ ਕਾਰਵਾਈ ਅੱਗੇ ਵਧਾਉਂਦਿਆਂ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵਿਚ 6 ਚਲਾਨ (ਦੋਸ਼ ਪੱਤਰ) ਪੇਸ਼ ਕੀਤੇ ਹਨ।

ਇਨ੍ਹਾਂ ਦੋਸ਼ ਪੱਤਰਾਂ ਵਿਚ ਉਨ੍ਹਾਂ ਤਿੰਨ ਆਈ.ਏ.ਐਸ. ਅਧਿਕਾਰੀਆਂ, ਦੋ ਸਾਬਕਾ ਮੰਤਰੀਆਂ ਅਤੇ ਮੰਤਰੀਆਂ ਦੇ ਨਿੱਜੀ ਸਹਾਇਕਾਂ ਵੱਲ ਵਿਜੀਲੈਂਸ ਨੇ ਪਿੱਠ ਕਰ ਲਈ ਹੈ ਜਿਨ੍ਹਾਂ ਦੀ ਇਸ ਘੁਟਾਲੇ ਵਿਚ ਭੂਮਿਕਾ ਮੰਨੀ ਜਾਂਦੀ ਹੈ। ਵਿਜੀਲੈਂਸ ਵਿਚ ਤਾਇਨਾਤ ਆਈ.ਜੀ. ਰੈਂਕ ਦੇ ਇਕ ਸੀਨੀਅਰ ਆਈ.ਪੀ.ਐਸ. ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਵਿਜੀਲੈਂਸ ਅਧਿਕਾਰੀਆਂ ਵੱਲੋਂ ਸਿੰਜਾਈ ਵਿਭਾਗ ਦੇ ਘੁਟਾਲੇ ਦੀਆਂ ਰਕਮਾਂ ਵਿਚ ਆਈ.ਏ.ਐਸ. ਅਧਿਕਾਰੀਆਂ ਦੇ ਸਿਆਸਤਦਾਨਾਂ ਵੱਲੋਂ 'ਹਿੱਸਾ ਵੰਡਾਉਣ' ਦੇ ਤੱਥ ਸਰਕਾਰ ਦੇ ਸਾਹਮਣੇ ਰੱਖ ਦਿੱਤੇ ਸਨ ਪਰ ਕੈਪਟਨ ਸਰਕਾਰ ਵੱਲੋਂ ਆਈ.ਏ.ਐਸ. ਅਫਸਰਾਂ ਤੇ ਸਿਆਸਤਦਾਨਾਂ ਖਿਲਾਫ ਕਾਰਵਾਈ ਲਈ ਹਰੀ ਝੰਡੀ ਨਹੀਂ ਦਿੱਤੀ। ਦੋਸ਼ ਪੱਤਰਾਂ ਵਿਚ ਵਿਵਾਦਤ ਠੇਕੇਦਾਰ ਗੁਰਿੰਦਰ ਸਿੰਘ ਉਰਫ ਭਾਪਾ ਅਤੇ ਸਿੰਜਾਈ ਵਿਭਾਗ ਦੇ ਸਾਬਕਾ ਤੇ ਮੌਜੂਦਾ ਅਫਸਰਾਂ ਦੇ ਨਾਵਾਂ ਦਾ ਹੀ ਜ਼ਿਕਰ ਕੀਤਾ ਗਿਆ ਹੈ।




ਵਿਜੀਲੈਂਸ ਦੇ ਇਸ ਅਧਿਕਾਰੀ ਦਾ ਇਹ ਵੀ ਕਹਿਣਾ ਹੈ ਕਿ ਆਈ.ਏ.ਐਸ. ਅਧਿਕਾਰੀਆਂ ਤੇ ਸਿਆਸਤਦਾਨਾਂ ਦੀ ਭੂਮਿਕਾ ਸਬੰਧੀ ਲੋੜੀਂਦੇ ਸਬੂਤ ਮੌਜੂਦ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਹੋਏ ਇਸ ਬਹੁ ਕਰੋੜੀ ਘੁਟਾਲੇ ਦੀ ਤਫਤੀਸ਼ ਦੌਰਾਨ ਵਿਵਾਦਤ ਠੇਕੇਦਾਰ ਗੁਰਿੰਦਰ ਸਿੰਘ ਉਰਫ 'ਭਾਪਾ' ਦੇ ਖੁਲਾਸਿਆਂ ਨੇ ਅਫਸਰਸ਼ਾਹੀ ਅਤੇ ਸਿਆਸਤਦਾਨਾਂ ਦੇ ਗੱਠਜੋੜ ਨੂੰ ਬੇਪਰਦ ਕਰ ਦਿੱਤਾ ਹੈ। ਉਸ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਉਸ ਨੇ ਵਿਭਾਗ ਦੇ ਟੈਂਡਰਾਂ ਦੀ ਅਲਾਟਮੈਂਟ ਕਰਾਉਣ ਤੇ ਬਿੱਲ ਪਾਸ ਕਰਾਉਣ ਬਦਲੇ ਸੀਨੀਅਰ ਆਈ.ਏ.ਐਸ. ਅਧਿਕਾਰੀਆਂ, ਇੰਜੀਨੀਅਰਾਂ ਤੇ ਸਿਆਸਤਦਾਨਾਂ ਨੂੰ ਕਰੋੜਾਂ ਰੁਪਏ ਦੀ ਰਿਸ਼ਵਤ ਉਨ੍ਹਾਂ (ਅਫਸਰਾਂ) ਦੇ ਘਰ ਜਾ ਕੇ ਹੱਥੋ ਹੱਥੀਂ ਦਿੱਤੀ ਸੀ। ਇਹ ਵੀ ਤੱਥ ਸਾਹਮਣੇ ਆਇਆ ਹੈ ਕਿ ਠੇਕੇਦਾਰ ਵੱਲੋਂ ਇਕ ਆਈ.ਏ.ਐਸ. ਅਫਸਰ ਦੇ ਘਰ ਜਾ ਕੇ 7 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ ਗਈ ਸੀ। ਠੇਕੇਦਾਰ ਵੱਲੋਂ ਆਪਣੇ ਇਸ ਬਿਆਨ ਰਾਹੀਂ ਜਿਸ ਤਰ੍ਹਾਂ ਦੇ ਸਨਸਨੀਖੇਜ਼ ਪ੍ਰਗਟਾਵੇ ਕੀਤੇ ਗਏ ਉਸ ਤੋਂ ਇਹ ਗੱਲ ਸਾਫ ਹੋ ਗਈ ਸੀ ਕਿ ਕਥਿਤ ਘੁਟਾਲੇ ਦਾ ਇਹ ਪੈਸਾ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਦੋ ਸੀਨੀਅਰ ਸਿਆਸਤਦਾਨਾਂ, ਤਿੰਨ ਆਈ.ਏ.ਐਸ. ਅਧਿਕਾਰੀਆਂ, ਠੇਕੇਦਾਰਾਂ, ਸਿੰਜਾਈ ਵਿਭਾਗ ਦੇ ਇੰਜੀਨੀਅਰਾਂ ਅਤੇ ਮੰਤਰੀਆਂ ਦੇ ਨਿੱਜੀ ਸਹਾਇਕਾਂ ਨੇ ਵੰਡ ਕੇ ਛਕਿਆ ਹੈ।

ਠੇਕੇਦਾਰ ਵੱਲੋਂ ਕੀਤੇ ਖੁਲਾਸਿਆਂ ਮੁਤਾਬਕ ਸਿੰਜਾਈ ਵਿਭਾਗ ਦਾ ਇਕ ਚੀਫ ਇੰਜੀਨੀਅਰ ਅਫਸਰਾਂ ਤੇ ਸਿਆਸਤਦਾਨਾਂ ਨਾਲ ਗੁਰਿੰਦਰ ਸਿੰਘ ਦਾ ਤੁਆਰਫ ਕਰਾਉਂਦਾ ਸੀ ਤੇ ਉਸ ਤੋਂ ਬਾਅਦ ਸਿੱਧੀ 'ਸੌਦੇ' ਦੀ ਹੀ ਗੱਲ ਹੁੰਦੀ ਸੀ। ਵਿਭਾਗ ਦੇ ਪ੍ਰਮੁੱਖ ਸਕੱਤਰ ਰਹੇ ਇਕ ਆਈ.ਏ.ਐਸ. ਅਫਸਰ ਬਾਰੇ ਤਾਂ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਉਸ ਅਫਸਰ ਨੇ ਸਿੰਜਾਈ ਵਿਭਾਗ ਵਿਚਲੇ ਇਹ ਧੰਦਾ ਚੱਲਦਾ ਰੱਖਣ ਲਈ ਇੱਕ ਵਿਸ਼ੇਸ਼ ਮੋਬਾਈਲ ਫੋਨ ਦਿੱਤਾ। ਇਹ ਫੋਨ ਹਰ ਛੇਆਂ ਮਹੀਨਿਆਂ ਬਾਅਦ ਬਦਲ ਦਿੱਤਾ ਜਾਂਦਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਇਹ ਮੋਬਾਈਲ ਫੋਨ ਹੀ ਸਾਰੇ ਗੁਪਤ ਧੰਦਿਆਂ ਦਾ ਭੇਤ ਹੈ। ਇਨ੍ਹਾਂ ਫੋਨਾਂ ਦੇ ਕਾਲ ਡਿਟੇਲਜ਼ ਰਾਹੀਂ ਵਿਜੀਲੈਂਸ ਸਬੰਧਤ ਅਧਿਕਾਰੀ ਨੂੰ ਸੌਖਿਆਂ ਹੀ ਹੱਥ ਪਾ ਸਕਦੀ ਹੈ। ਇਹ ਵੀ ਪ੍ਰਗਟਾਵਾ ਕੀਤਾ ਗਿਆ ਹੈ ਕਿ ਇਸ ਅਫਸਰ ਨੂੰ ਟਰੈਂਚਿੰਗ ਮਸ਼ੀਨਾਂ ਦੀ ਖਰੀਦ ਸਮੇਂ 50 ਲੱਖ ਰੁਪਏ ਦੀ ਰਿਸ਼ਵਤ ਘਰ ਜਾ ਕੇ ਦਿੱਤੀ ਗਈ।

ਠੇਕੇਦਾਰ ਵੱਲੋਂ ਇਸ ਵਿਵਾਦਤ ਅਫਸਰ ਨੂੰ ਸਿੰਜਾਈ ਵਿਭਾਗ ਵਿੱਚ ਦਿੱਤੇ ਕੰਮਾਂ ਦੀ 'ਮਿਹਰਬਾਨੀ' ਵਜੋਂ ਕਰੀਬ 8 ਕਰੋੜ ਰੁਪਏ ਦੀ ਰਿਸ਼ਵਤ ਦੇਣ ਦਾ ਖੁਲਾਸਾ ਕੀਤਾ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਆਈ.ਏ.ਐਸ. ਅਫਸਰ ਨੂੰ 5 ਕਰੋੜ 5 ਲੱਖ ਰੁਪਏ ਦੇਣ ਦਾ ਪ੍ਰਗਟਾਵਾ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਇਕ ਆਗੂ ਨੂੰ 10 ਕਰੋੜ ਰੁਪਏ ਦੀ ਰਿਸ਼ਵਤ ਦੇਣ ਬਾਰੇ ਵੀ ਠੇਕੇਦਾਰ ਨੇ ਇੰਕਸ਼ਾਫ ਕੀਤਾ ਹੈ। ਗੁਰਿੰਦਰ ਸਿੰਘ ਉਰਫ ਭਾਪਾ ਦੇ ਇਨ੍ਹਾਂ ਦਾਅਵਿਆਂ ਤੋਂ ਇਹ ਗੱਲ ਸਾਫ ਹੁੰਦੀ ਹੈ ਕਿ ਬਾਦਲਾਂ ਦੇ ਰਾਜ ਦੌਰਾਨ ਸਰਕਾਰੀ ਖਜ਼ਾਨੇ ਨੂੰ ਸੰਨ੍ਹ ਲਾਉਣ ਦੇ ਮਾਮਲੇ ਵਿਚ ਅਫਸਰਾਂ ਤੇ ਸਿਆਸਤਦਾਨਾਂ ਨੇ ਖੁੱਲ੍ਹੀ ਖੇਡ ਖੇਡੀ ਸੀ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੈਪਟਨ ਸਰਕਾਰ ਵੱਲੋਂ ਕਿਸੇ ਵੀ ਅਫਸਰ ਜਾਂ ਸਿਆਸਤਦਾਨ ਨੂੰ ਛੇੜਿਆ ਨਹੀਂ ਜਾ ਰਿਹਾ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਸਰਕਾਰ ਪ੍ਰਵਾਨਗੀ ਦੇਵੇ ਤਾਂ ਆਈ.ਏ.ਐਸ. ਅਧਿਕਾਰੀਆਂ ਅਤੇ ਸਿਆਸਤਦਾਨਾਂ ਤੇ ਹੋਰਨਾਂ ਦੀ ਸ਼ਮੂਲੀਅਤ ਸਬੰਧੀ ਪੂਰਕ ਚਲਾਨ ਵੀ ਪੇਸ਼ ਕੀਤਾ ਜਾ ਸਕਦਾ ਹੈ।

# ਸੁਖਪਾਲ ਖਹਿਰਾ ਵੱਲੋਂ ਆਮ ਆਦਮੀ ਪਾਰਟੀ ਨੂੰ ਆਖਰੀ 'ਸਲਾਮ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਵਿਚੋਂ ਮੁਅੱਤਲ ਸੁਖਪਾਲ ਸਿੰਘ ਖਹਿਰਾ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਖਤ ਸ਼ਬਦਾਂ ਵਿਚ ਲਿਖੇ ਪੱਤਰ ਰਾਹੀਂ ਆਪਣਾ ਅਸਤੀਫਾ ਭੇਜਿਆ ਹੈ।

ਉਂਜ ਸ੍ਰੀ ਖਹਿਰਾ ਨੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇਣ ਬਾਰੇ ਕੁਝ ਨਹੀਂ ਆਖਿਆ ਅਤੇ ਸੂਤਰ ਦੱਸਦੇ ਹਨ ਕਿ ਉਹ ਪਾਰਟੀ ਵੱਲੋਂ ਉਨ੍ਹਾਂ ਦੀ ਵਿਧਾਨ ਸਭਾ ਦੀ ਮੈਂਬਰੀ ਰੱਦ ਕਰਵਾਉਣ ਦੀ ਉਡੀਕ ਕਰਨਗੇ। ਦੂਜੇ ਪਾਸੇ ਸ੍ਰੀ ਖਹਿਰਾ ਨਾਲ ਜੁੜੇ ਬਾਗੀ ਧਿਰ ਦੇ ਬਾਕੀ 6 ਵਿਧਾਇਕਾਂ ਨੇ ਸ੍ਰੀ ਖਹਿਰਾ ਦੇ ਇਸ ਫੈਸਲੇ ਤੋਂ ਦੂਰੀਆਂ ਬਣਾ ਲਈਆਂ ਹਨ। ਬਾਗ਼ੀ ਧਿਰ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਦਾ ਫੈਸਲਾ ਸ੍ਰੀ ਖਹਿਰਾ ਦਾ ਖੁਦ ਦਾ ਫੈਸਲਾ ਹੈ ਪਰ ਉਨ੍ਹਾਂ ਇਸ ਬਾਰੇ ਉਨ੍ਹਾਂ ਨੂੰ ਸੂਚਿਤ ਕੀਤਾ ਸੀ।

ਸ੍ਰੀ ਮਾਨਸ਼ਾਹੀਆ ਨੇ ਦੱਸਿਆ ਕਿ ਉਨ੍ਹਾਂ ਦੀ ਵਿਧਾਇਕ ਕੰਵਰ ਸੰਧੂ ਤੇ ਇਸ ਧਿਰ ਨਾਲ ਜੁੜੇ ਹੋਰ ਵਿਧਾਇਕਾਂ ਨਾਲ ਗੱਲ ਹੋਈ ਹੈ ਅਤੇ ਉਹ ਸ੍ਰੀ ਖਹਿਰਾ ਦੇ ਇਸ ਫੈਸਲਾ ਬਾਰੇ ਮੀਟਿੰਗ ਕਰ ਕੇ ਆਪਣੀ ਅਗਲੀ ਰਣਨੀਤੀ ਬਣਾਉਣਗੇ। ਦੱਸਣਯੋਗ ਹੈ ਕਿ ਬਾਗ਼ੀ ਧਿਰ ਨਾਲ ਸ੍ਰੀ ਖਹਿਰਾ, ਸ੍ਰੀ ਸੰਧੂ ਅਤੇ ਸ੍ਰੀ ਮਾਨਸ਼ਾਹੀਆ ਤੋਂ ਇਲਾਵਾ ਵਿਧਾਇਕ ਮਾਸਟਰ ਬਲਦੇਵ ਸਿੰਘ, ਪਿਰਮਲ ਸਿੰਘ, ਜਗਤਾਰ ਸਿੰਘ ਜੱਗਾ ਤੇ ਜਗਦੇਵ ਸਿੰਘ ਕਮਾਲੂ ਜੁੜੇ ਹਨ।

ਇਸੇ ਦੌਰਾਨ 'ਆਪ' ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਸ੍ਰੀ



ਖਹਿਰਾ ਵੱਲੋਂ ਅਸਤੀਫਾ ਦੇਣ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਬੈਂਸ ਭਰਾਵਾਂ ਤੇ ਸ੍ਰੀ ਖਹਿਰਾ ਵੱਲੋਂ ਬਣਾਈ ਜਾ ਰਹੀ ਨਵੀਂ ਪਾਰਟੀ ਨਾਲ ਰਲ ਕੇ ਪੰਜਾਬ ਪੱਖੀ ਰਾਜਨੀਤੀ ਦੀ ਸ਼ੁਰੂਆਤ ਕਰਨਗੇ। ਸ੍ਰੀ ਖਹਿਰਾ ਨੇ ਸ੍ਰੀ ਕੇਜਰੀਵਾਲ ਨੂੰ ਆਪਣਾ ਅਸਤੀਫਾ ਭੇਜਦਿਆਂ ਕਿਹਾ ਕਿ ਉਹ ਮਜਬੂਰ ਹੋ ਕੇ ਅਸਤੀਫ਼ਾ ਦੇ ਰਹੇ ਹਨ ਕਿਉਂਕਿ ਪਾਰਟੀ ਆਪਣੇ ਸਾਰੇ ਆਦਰਸ਼ਾਂ ਤੇ ਵਿਚਾਰਧਾਰਾ ਤੋਂ ਭਟਕ ਚੁੱਕੀ ਹੈ। ਉਹ ਹੋਰਨਾਂ ਲੋਕਾਂ ਵਾਂਗ ਬਹੁਤ ਪ੍ਰਭਾਵਿਤ ਹੋ ਕੇ ਇਸ ਪਾਰਟੀ ਵਿਚ ਸ਼ਾਮਲ ਹੋਏ ਸਨ ਪਰ ਉਨ੍ਹਾਂ ਮਹਿਸੂਸ ਕੀਤਾ ਹੈ ਕਿ ਪਾਰਟੀ ਦੀ ਕਾਰਜਸ਼ੈਲੀ ਹੋਰਨਾਂ ਰਵਾਇਤੀ ਸਿਆਸੀ ਪਾਰਟੀਆਂ ਨਾਲੋਂ ਕਿਸੇ ਪੱਖੋਂ ਵੀ ਵੱਖ ਨਹੀਂ ਹੈ।

ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਸ੍ਰੀ ਕੇਜਰੀਵਾਲ ਪੰਜਾਬੀਆਂ ਦੀ ਮਾਨਸਿਕਤਾ ਸਮਝਣ ਵਿਚ ਫੇਲ੍ਹ ਹੋਏ ਹਨ ਅਤੇ ਉਹ ਮਹਿਜ਼ ਆਪਣੇ ਦੋ ਸੂਬੇਦਾਰਾਂ (ਦੁਰਗੇਸ਼ ਪਾਠਕ ਤੇ ਸੰਜੇ ਸਿੰਘ) ਦੀ ਹੀ ਗੱਲ ਸੁਣਦੇ ਸਨ। ਚੋਣਾਂ ਦੌਰਾਨ ਪੰਜਾਬ ਵਿਚ ਕੋਈ ਵੀ ਮੁੱਖ ਮੰਤਰੀ ਦਾ ਚਿਹਰਾ ਨਾ ਦੇ ਕੇ ਵਿਰੋਧੀਆਂ ਦੇ ਇਨ੍ਹਾਂ ਇਲਜ਼ਾਮਾਂ ਨੂੰ ਵੀ ਪੁਖਤਾ ਕੀਤਾ ਕਿ ਜਿੱਤ ਉਪਰੰਤ ਕੋਈ ਬਾਹਰੀ ਵਿਅਕਤੀ ਸੂਬੇ ਉਪਰ ਥੋਪਿਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਸੂਬੇਦਾਰਾਂ ਵਿਚੋਂ ਇਕ (ਦੁਰਗੇਸ਼) ਅੱਜ ਵੀ ਪਰਦੇ ਦੇ ਪਿੱਛੇ ਪੰਜਾਬ ਇਕਾਈ ਨੂੰ ਚਲਾ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸਾਬਕਾ ਮੰਤਰੀ ਬਿਕਰਮ ਮਜੀਠੀਆ ਕੋਲੋਂ ਡਰੱਗ ਦੇ ਮਾਮਲੇ ਵਿਚ ਕਾਇਰਤਾ ਭਰਪੂਰ ਮੁਆਫੀ ਮੰਗ ਕੇ ਸ੍ਰੀ ਕੇਜਰੀਵਾਲ ਨੇ ਸਿਆਸਤ ਵਿਚ ਆਪਣੇ ਦੋਹਰੇ ਮਾਪਦੰਡਾਂ ਦਾ ਖੁਲਾਸਾ ਕੀਤਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੇ ਅਹਿਮ ਮੁੱਦੇ ਉੱਪਰ ਸ੍ਰੀ ਕੇਜਰੀਵਾਲ ਨੇ ਦੋਗਲੀ ਨੀਤੀ ਅਪਣਾਈ ਹੈ। ਸ੍ਰੀ ਕੇਜਰੀਵਾਲ ਨੇ ਸਾਰੀਆਂ ਤਾਕਤਾਂ ਦਾ ਕੇਂਦਰੀਕਰਨ ਆਪਣੇ ਕੋਲ ਕਰ ਕੇ ਜਿਥੇ ਸਵਰਾਜ ਦੀ ਧਾਰਨਾ ਨੂੰ ਭੁਲਾ ਦਿੱਤਾ ਹੈ ਉਥੇ ਪਾਰਟੀ ਉਪਰ ਆਪਣਾ ਕਬਜ਼ਾ ਰੱਖਣ ਲਈ ਸੰਵਿਧਾਨ ਨੂੰ ਵੀ ਛਿੱਕੇ ਟੰਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ ਦੀ ਕਾਂਗਰਸ ਨਾਲ ਹੋ ਰਹੀ ਗੱਲਬਾਤ ਵੀ ਸਿਆਸੀ ਮੌਕਾਪ੍ਰਸਤੀ ਦੀ ਉਦਾਹਰਨ ਹੈ। ਅਜਿਹੀਆਂ ਤਾਨਾਸ਼ਾਹੀ ਨੀਤੀਆਂ ਕਾਰਨ ਹੀ ਪ੍ਰਸ਼ਾਂਤ ਭੂਸ਼ਨ ਤੋਂ ਲੈ ਕੇ ਐਚ.ਐਸ. ਫੂਲਕਾ ਸਮੇਤ ਕਈ ਵੱਡੇ ਆਗੂ ਪਾਰਟੀ ਛੱਡ ਗਏ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਉਹ ਸਾਫ ਸੁਥਰੇ ਸਿਆਸੀ ਬਦਲ ਦੇ ਸੁਪਨੇ ਨੂੰ ਪੰਜਾਬ ਵਿਚ ਹਕੀਕਤ ਵਿਚ ਬਦਲਣ ਲਈ ਅਜੇ ਵੀ ਆਸਵੰਦ ਹਨ ਜੋ ਪਾਰਟੀ ਦੇ 'ਹਾਈਕਮਾਂਡ ਕਲਚਰ' ਦਾ ਹਿੱਸਾ ਰਹਿ ਕੇ ਪੂਰਾ ਹੋਣਾ ਅਸੰਭਵ ਹੈ। ਸ੍ਰੀ ਖਹਿਰਾ ਨੇ ਦਾਅਵਾ ਕੀਤਾ ਕਿ ਆਉਂਦੇ ਦਿਨਾਂ ਵਿਚ ਕੁਝ ਹੋਰ ਵਿਧਾਇਕ ਵੀ ਅਸਤੀਫਾ ਦੇ ਸਕਦੇ ਹਨ।

## ਸੁਖਪਾਲ ਖਹਿਰਾ ਦਾ ਅਸਤੀਫਾ ਮੌਕਾਪ੍ਰਸਤੀ ਦੀ ਮਿਸਾਲ: ਭਗਵੰਤ ਮਾਨ

**ਬਰਨਾਲਾ:** ਆਮ ਆਦਮੀ ਪਾਰਟੀ (ਆਪ) ਦੇ ਸੂਬਾ ਮੁਖੀ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਸੁਖਪਾਲ ਖਹਿਰਾ ਦਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਮਹਿਜ਼ ਡਰਾਮਾ ਤੇ ਮੌਕਾਪ੍ਰਸਤੀ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਜਿਹਾ ਪਹਿਲਾਂ ਤੋਂ ਹੀ ਨਿਰਧਾਰਿਤ ਸੀ ਅਤੇ ਅਜਿਹੇ ਆਗੂਆਂ ਦੇ ਪਾਰਟੀ ਛੱਡਣ ਨਾਲ ਪਾਰਟੀ ਮਜ਼ਬੂਤ ਹੀ ਹੋਵੇਗੀ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਖਹਿਰਾ ਨੂੰ ਅਨੁਸ਼ਾਸਨਹੀਣਤਾ ਦੇ ਆਧਾਰ 'ਤੇ ਬਰਖ਼ਾਸਤ ਕੀਤਾ ਗਿਆ ਸੀ ਤੇ ਸਮਝਾਉਣ ਦਾ ਯਤਨ ਕੀਤਾ ਗਿਆ ਸੀ ਪਰ ਉਹ ਹਮੇਸ਼ਾ ਤੋਂ ਪਾਰਟੀ ਆਗੂਆਂ ਖਿਲਾਫ਼ ਬਿਆਨਬਾਜ਼ੀ ਕਰਦੇ ਰਹੇ ਹਨ। ਸ੍ਰੀ ਮਾਨ ਨੇ ਕਿਹਾ ਕਿ ਅਸਤੀਫਾ ਡਰਾਮਾ ਹੈ ਅਤੇ ਉਨ੍ਹਾਂ ਨੂੰ ਵਿਧਾਇਕੀ ਤੋਂ ਅਸਤੀਫਾ ਦੇ ਕੇ ਭੁਲੱਥ ਤੋਂ ਦੁਬਾਰਾ ਚੋਣ ਲੜਨੀ ਚਾਹੀਦੀ ਹੈ।

## ਖਹਿਰਾ ਵਿਧਾਇਕੀ ਤੋਂ ਵੀ ਅਸਤੀਫਾ ਦੇਵੇ: ਸਿਸੋਦੀਆ

**ਨਵੀਂ ਦਿੱਲੀ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ 'ਆਪ' ਦੇ ਸੁਖਪਾਲ ਸਿੰਘ ਖਹਿਰਾ ਨੂੰ ਪਾਰਟੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਦਾ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਖਹਿਰਾ ਦੇ ਜਾਣ ਨਾਲ ਪਾਰਟੀ ਮਜ਼ਬੂਤ ਹੋਵੇਗੀ। ਉਨ੍ਹਾਂ ਨਾਲ ਹੀ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਨੂੰ ਹੁਣ ਵਿਧਾਇਕੀ ਤੋਂ ਵੀ ਅਸਤੀਫਾ ਦੇ ਦੇਣਾ ਚਾਹੀਦਾ ਹੈ। ਖਹਿਰਾ ਦੇ ਅਸਤੀਫੇ ਪਿੱਛੋਂ ਸਿਸੋਦੀਆ ਨੇ ਟਵਿੱਟਰ 'ਤੇ ਲਿਖਿਆ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਅਸਤੀਫ਼ੇ ਦੀ ਸੰਭਾਵਨਾ ਸੀ। ਖਹਿਰਾ ਦੇ ਜਾਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਹੁਣ ਉਸ ਨੂੰ ਵਿਧਾਇਕ ਵਜੋਂ ਵੀ ਅਸਤੀਫਾ ਦੇ ਦੇਣਾ ਚਾਹੀਦਾ ਹੈ, ਜੋ ਵਿਧਾਇਕੀ ਉਸ ਨੇ ਪਾਰਟੀ ਦੀ ਟਿਕਟ 'ਤੇ ਜਿੱਤੀ ਸੀ।

# ਫੂਲਕਾ ਵੱਲੋਂ ਆਮ ਆਦਮੀ ਪਾਰਟੀ ਤੋਂ ਅਸਤੀਫਾ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਦਾਖਾ ਹਲਕੇ ਤੋਂ ਵਿਧਾਇਕ ਰਹੇ ਐਚ.ਐਸ ਫੂਲਕਾ ਨੇ ਪਾਰਟੀ ਵਿਚੋਂ ਅਸਤੀਫਾ ਦੇ ਦਿੱਤਾ। ਸ੍ਰੀ ਫੂਲਕਾ ਨੇ ਆਪਣਾ ਅਸਤੀਫਾ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੌਂਪਿਆ। ਇਸ ਦਿਨ 'ਆਪ' ਦੀ ਪੰਜਾਬ ਇਕਾਈ ਦੇ ਮੁੱਖ ਆਗੂਆਂ ਨੇ ਦਿੱਲੀ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਉਤੇ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਬਾਰੇ ਰਣਨੀਤੀ ਵਿਚਾਰੀ ਗਈ। ਸੂਤਰਾਂ ਮੁਤਾਬਕ ਬੈਠਕ ਦੌਰਾਨ ਕਾਂਗਰਸ ਨਾਲ ਕਿਸੇ ਤਰ੍ਹਾਂ ਦੇ ਚੋਣ ਗੱਠਜੋੜ ਬਾਰੇ ਕੋਈ ਚਰਚਾ ਨਹੀਂ ਹੋਈ। ਉਂਜ, ਪਾਰਟੀ ਨੇ ਪੰਜ ਲੋਕ ਸਭਾ ਉਮੀਦਵਾਰਾਂ ਦੇ ਨਾਂ ਤੈਅ ਕਰ ਲਏ ਹਨ। ਬਾਗੀ ਵਿਧਾਇਕਾਂ ਬਾਰੇ ਖਾਸ ਕਰਕੇ ਸ੍ਰੀ ਖਹਿਰਾ ਬਾਰੇ ਪਹਿਲਾਂ ਵਾਲਾ ਹੀ ਪੈਂਤੜਾ ਰਹੇਗਾ।

ਇਸ ਤੋਂ ਪਹਿਲਾਂ ਸ੍ਰੀ ਫੂਲਕਾ ਨੇਂ ਆਪਣਾ ਅਸਤੀਫਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੌਂਪ ਦਿੱਤਾ। ਚੇਤੇ ਰਹੇ ਕਿ ਸ੍ਰੀ ਫੂਲਕਾ ਦਾਖਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਵਜੋਂ ਪਹਿਲਾਂ ਹੀ ਅਸਤੀਫਾ ਦੇ ਚੁੱਕੇ ਹਨ। ਸ੍ਰੀ ਫੂਲਕਾ ਪਿਛਲੇ ਕਾਫੀ ਸਮੇਂ ਤੋਂ ਪਾਰਟੀ ਸਰਗਰਮੀਆਂ ਤੋਂ ਦੂਰ ਸਨ ਤੇ ਉਨ੍ਹਾਂ '84 ਸਿੱਖ ਕਤਲੇਆਮ ਨਾਲ ਸਬੰਧਤ ਇਕ ਮਾਮਲੇ ਜਿਸ ਵਿਚ ਸੱਜਣ ਕੁਮਾਰ ਨੂੰ ਤਾਉਮਰ ਕੈਦ ਦੀ ਸਜ਼ਾ ਹੋਈ ਹੈ, ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਂਜ, ਸ੍ਰੀ ਫੂਲਕਾ ਦੇ



ਅਸਤੀਫੇ ਨਾਲ 'ਆਪ' ਦੇ ਕਾਂਗਰਸ ਨਾਲ ਗੱਠਜੋੜ ਬਾਰੇ ਚੱਲ ਰਹੇ ਕਿਆਸਾਂ ਨੂੰ ਬਲ ਮਿਲਿਆ ਹੈ। ਉਧਰ, ਸ੍ਰੀ ਕੇਜਰੀਵਾਲ ਨੇ ਪੰਜਾਬ ਦੀ ਲੀਡਰਸ਼ਿਪ ਨਾਲ ਮੁਲਾਕਾਤ ਦੌਰਾਨ ਪਾਰਟੀ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਆਪਸੀ ਗੁੱਸੇ-ਗਿਲੇ ਭੁੱਲ ਕੇ ਲੋਕਾਂ ਦੇ ਮੁੱਦਿਆਂ ਉਪਰ ਡੱਟ ਕੇ ਲੜਾਈ ਲੜਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਦਿੱਲੀ ਸਰਕਾਰ ਦੀ ਸਿਹਤ, ਸਿੱਖਿਆ, ਬਿਜਲੀ, ਪਾਣੀ ਤੇ ਲੋਕ ਭਲਾਈ ਯੋਜਨਾਵਾਂ ਦੀ ਹੋਮ ਡਲਿਵਰੀ ਵਰਗੇ ਕੰਮ ਖੁਦ ਅੱਖੀਂ ਦੇਖਣ। ਉਨ੍ਹਾਂ ਹਰ ਸਮੱਸਿਆ ਲਈ ਦੇਸ਼ ਦੇ ਭ੍ਰਿਸ਼ਟ ਸਿਆਸੀ ਤੰਤਰ ਨੂੰ ਜ਼ਿੰਮੇਵਾਰ ਦੱਸਿਆ।

ਫੂਲਕਾ ਨੇ ਦੱਸਿਆ ਕਿ ਹਮਖ਼ਿਆਲ ਲੋਕਾਂ ਨਾਲ ਮਿਲ ਕੇ ਅਗਲੇ 6 ਮਹੀਨਿਆਂ ਦੌਰਾਨ ਅੰਦੋਲਨ ਖੜ੍ਹਾ ਕਰਨਗੇ ਤੇ ਉਨ੍ਹਾਂ ਸਵਰਾਜ ਅਭਿਆਨ ਬਾਰੇ ਵੀ ਹਾਂ ਪੱਖੀ ਹੁੰਗਾਰਾ ਭਰਿਆ ਤੇ ਉਮੀਦ ਜ਼ਾਹਰ ਕੀਤੀ ਕਿ 'ਆਪ' ਤੋਂ ਨਿਰਾਸ਼ ਹੋ ਕੇ ਗਏ ਬੁੱਧੀਜੀਵੀਆਂ, ਵਕੀਲਾਂ, ਡਾਕਟਰਾਂ ਤੇ ਹੋਰ ਸ਼ਖ਼ਸੀਅਤਾਂ ਦਾ ਉਨ੍ਹਾਂ ਨੂੰ ਸਾਥ ਮਿਲ ਸਕਦਾ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਧਾਰਮਿਕ ਜਥੇਬੰਦੀ ਦੇ ਸਿਆਸੀਕਰਨ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਇਸ ਦੀਆਂ ਪਿਛਲੀਆਂ ਚੋਣਾਂ ਦੌਰਾਨ ਵੱਡੀ ਪੱਧਰ 'ਤੇ ਨਸ਼ੀਲੇ ਪਦਾਰਥ ਵਰਤੇ ਗਏ ਸਨ। ਉਨ੍ਹਾਂ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਲੋਕਾਂ ਤੋਂ ਆਜ਼ਾਦ ਕਰਵਾਉਣ ਤੇ ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਸੰਸਥਾ ਕਾਇਮ ਕੀਤੀ ਜਾਵੇਗੀ ਜਿਸ ਦਾ ਵਿਸਥਾਰ ਹੋਰ ਰਾਜਾਂ ਵਿਚ ਬਾਅਦ ਵਿਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਖ਼ਿਲਾਫ਼ ਮੁਹਿੰਮ ਜਾਰੀ ਰਹੇਗੀ ਤੇ ਭਰੋਸਾ ਦਿੱਤਾ ਕਿ ਸੱਜਣ ਕੁਮਾਰ ਵਾਂਗ ਹੀ ਹੋਰ ਦੋਸ਼ੀਆਂ ਖਿਲਾਫ਼ ਵੀ ਕਾਨੂੰਨੀ ਲੜਾਈ ਜਾਰੀ ਰਹੇਗੀ। ਉਨ੍ਹਾਂ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਲੜਾਈ ਗ਼ੈਰ-ਸਿਆਸੀ ਫਰੰਟ ਤੋਂ ਲੜਨ ਦੀ ਇੱਛਾ ਜ਼ਾਹਿਰ ਕੀਤੀ।

## ਫੂਲਕਾ ਦੇ ਅਸਤੀਫੇ ਨੇ 'ਆਪ' ਦੀ ਪੋਲ ਖੋਲੀ: ਸੁਖਬੀਰ

**ਗਿੱਦੜਬਾਹਾ:** ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਵਰਕਰਾਂ ਵਿਚ ਕਾਂਗਰਸ ਸਰਕਾਰ ਪ੍ਰਤੀ ਗੁੱਸਾ ਹੈ ਕਿਉਂਕਿ ਪੰਚਾਇਤੀ ਚੋਣਾਂ ਦੌਰਾਨ ਜਾਂ ਤਾਂ ਅਕਾਲੀ ਵਰਕਰਾਂ ਦੇ ਪਰਚੇ ਰੱਦ ਕਰ ਦਿੱਤੇ ਗਏ ਜਾਂ ਉਨ੍ਹਾਂ 'ਤੇ ਝੂਠੇ ਕੇਸ ਦਰਜ ਕੀਤੇ ਗਏ। ਅਜਿਹਾ ਕਰ ਕੇ ਸਰਕਾਰ ਨੇ ਲੋਕਤੰਤਰ ਦਾ ਘਾਣ ਕੀਤਾ ਹੈ।

ਐਚ.ਐਸ. ਫੂਲਕਾ ਦੇ ਅਸਤੀਫੇ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਦੇ ਅਸਤੀਫੇ ਨਾਲ ਆਮ ਆਦਮੀ ਪਾਰਟੀ (ਆਪ) ਦੀ ਅਸਲੀਅਤ ਲੋਕਾਂ ਸਾਹਮਣੇ ਆ ਗਈ ਹੈ। 'ਆਪ' ਤੇ ਕਾਂਗਰਸ ਰਲ ਕੇ ਸਿੱਖੀ ਦਾ ਘਾਣ ਕਰ ਰਹੀਆਂ ਹਨ।

## ਫੂਲਕਾ ਦੀ ਭਾਜਪਾ ਮੰਤਰੀ ਨਾਲ ਮੁਲਾਕਾਤ ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਛੱਡਣ ਮਗਰੋਂ ਐਚ.ਐਸ. ਫੂਲਕਾ ਦੀ ਭਾਜਪਾ ਦੇ ਕੇਂਦਰੀ ਮੰਤਰੀ ਵਿਜੈ ਗੋਇਲ ਨਾਲ ਮੁਲਾਕਾਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਫੂਲਕਾ ਨੇ ਵਿਜੈ ਗੋਇਲ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਜਨਮ ਦਿਨ ਦੀ ਵਧਾਈ ਦਿੱਤੀ। ਬੇਸ਼ੱਕ ਗੋਇਲ ਨੇ ਫੂਲਕਾ ਨੂੰ ਆਪਣਾ ਚੰਗਾ ਦੋਸਤ ਦੱਸਿਆ ਹੈ ਪਰ ਇਸ ਮੁਲਾਕਾਤ ਦੇ ਕਈ ਸਿਆਸੀ ਅਰਥ ਕੱਢੇ ਜਾ ਰਹੇ ਹਨ। ਗੋਇਲ ਨੇ ਫੂਲਕਾ ਵੱਲੋਂ 1984 ਸਿੱਖ ਕਤਲੇਆਮ ਦੇ ਪੀੜਤਾਂ ਲਈ ਲੜੀ ਜਾ ਰਹੀ ਕਾਨੂੰਨੀ ਲੜਾਈ ਦੀ ਸ਼ਲਾਘਾ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿਹਾ ਕਿ ਫੂਲਕਾ ਨੇ ਪਿੱਛੇ ਜਿਹੇ ਆਮ ਆਦਮੀ ਪਾਰਟੀ ਛੱਡੀ ਹੈ। ਉਹ ਦੇਰ ਆਏ ਪਰ ਦਰੁਸਤ ਆਏ। ਸੂਤਰਾਂ ਅਨੁਸਾਰ ਪਿਛਲੇ ਕੁਝ ਦਿਨਾਂ ਦੌਰਾਨ ਦੋਵਾਂ ਲੀਡਰਾਂ ਵਿਚਾਲੇ ਇਹ ਦੂਜੀ ਮੁਲਾਕਾਤ ਹੈ। ਫੂਲਕਾ ਨੇ 'ਆਪ' ਤੋਂ ਅਸਤੀਫਾ ਦੇਣ ਤੋਂ ਪਹਿਲਾਂ ਵੀ ਗੋਇਲ ਨਾਲ ਮੁਲਾਕਾਤ ਕੀਤੀ ਸੀ। ਯਾਦ ਰਹੇ ਫੂਲਕਾ ਨੇ 'ਆਪ' ਤੋਂ ਅਸਤੀਫਾ ਦੇਣ ਦਾ ਕੋਈ ਕਾਰਨ ਨਹੀਂ ਦੱਸਿਆ ਸੀ। ਉਨ੍ਹਾਂ ਪੰਜਾਬ 'ਚੋਂ ਨਸ਼ਿਆਂ ਦੇ ਖਾਤਮੇ ਲਈ ਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਗਲਬੇ ਤੋਂ ਮੁਕਤ ਕਰਵਾਉਣ ਲਈ ਗ਼ੈਰ-ਸਿਆਸੀ ਮੰਚ ਤੋਂ ਮੁਹਿੰਮ ਸ਼ੁਰੂ ਕਰਨ ਦੀ ਇੱਛਾ ਜ਼ਾਹਿਰ ਕੀਤੀ ਸੀ। ਉਹ ਹਾਲਾਂਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚਾਲੇ ਕਿਸੇ ਤਰ੍ਹਾਂ ਦੇ ਗੱਠਜੋੜ ਦੇ ਖਿਲਾਫ਼ ਸਨ।

# ਮੋਦੀ ਮਗਰੋਂ ਕੇਜਰੀਵਾਲ ਵੀ ਪੰਜਾਬ ਤੋਂ ਹੀ ਕਰਨਗੇ 'ਮਿਸ਼ਨ 2019' ਦੀ ਸ਼ੁਰੂਆਤ

**ਚੰਡੀਗੜ੍ਹ:** ਸਿਆਸੀ ਪਾਰਟੀਆਂ ਮਿਸ਼ਨ 2019 ਦੀ ਸ਼ੁਰੂਆਤ ਪੰਜਾਬ ਤੋਂ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੁਰਦਾਸਪੁਰ ਵਿਚ ਪਹਿਲੀ ਚੋਣ ਰੈਲੀ ਕਰ ਕੇ ਲੋਕ ਸਭਾ ਚੋਣਾਂ ਲਈ ਬੀ.ਜੇ.ਪੀ. ਦੀ ਮੁਹਿੰਮ ਵਿੱਢ ਦਿੱਤੀ ਹੈ। ਹੁਣ 20 ਜਨਵਰੀ ਨੂੰ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਬਰਨਾਲਾ ਵਿਚ ਪਹਿਲੀ ਚੋਣ ਰੈਲੀ ਕਰਨ ਜਾ ਰਹੇ ਹਨ।

ਸੂਤਰਾਂ ਮੁਤਾਬਕ ਕੇਜਰੀਵਾਲ 20 ਜਨਵਰੀ ਨੂੰ ਪੰਜਾਬ ਵਿਚ ਚੋਣਾਂ ਦਾ ਬਿਗਲ ਵਜਾ ਦੇਣਗੇ। ਉਹ 20 ਜਨਵਰੀ ਨੂੰ ਸੰਸਦ ਮੈਂਬਰ ਭਗਵੰਤ ਮਾਨ ਦੇ ਲੋਕ ਸਭਾ ਹਲਕਾ ਸੰਗਰੂਰ ਦੇ ਸ਼ਹਿਰ ਬਰਨਾਲਾ ਵਿਚ ਪਹਿਲੀ ਚੋਣ ਰੈਲੀ ਕਰਨਗੇ। ਪਾਰਟੀ ਵੱਲੋਂ ਬਰਨਾਲਾ ਰੈਲੀ ਨੂੰ ਵੱਡਾ ਰੂਪ ਦੇਣ ਲਈ ਤਿਆਰੀ ਖਿੱਚ ਦਿੱਤੀ ਗਈ ਹੈ। ਇਸੇ ਤਰ੍ਹਾਂ ਕੇਜਰੀਵਾਲ ਲੋਕ ਸਭਾ ਹਲਕਾ ਅੰਮ੍ਰਿਤਸਰ ਵਿਚ ਪਾਰਟੀ ਦੇ ਉਮੀਦਵਾਰ ਕੁਲਦੀਪ ਧਾਲੀਵਾਲ (ਜਗਦੇਵ ਕਲਾਂ) ਦੇ ਹੱਕ ਵਿਚ ਦੋ ਫਰਵਰੀ ਨੂੰ ਰੈਲੀ ਕਰਨਗੇ। ਉਹ ਜਨਵਰੀ ਦੇ ਅਖੀਰਲੇ ਹਫਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਸ਼ਹਿਰ ਗੜ੍ਹਸ਼ੰਕਰ ਵਿਚ ਰੈਲੀ ਕਰਨਗੇ।

# ਗੁਰਬਤ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਅਦਾਕਾਰ ਸਤੀਸ਼ ਕੌਲ

**ਲੁਧਿਆਣਾ:** 300 ਤੋਂ ਵੱਧ ਹਿੰਦੀ ਤੇ ਪੰਜਾਬੀ ਫਿਲਮਾਂ 'ਚ ਆਪਣੀ ਕਲਾਕਾਰੀ ਦਾ ਲੋਹਾ ਮਨਵਾ ਕੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਅਦਾਕਾਰ ਸਤੀਸ਼ ਕੌਲ ਗੁਰਬਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ। ਅਦਾਕਾਰ ਸਤੀਸ਼ ਕੌਲ ਪਿਛਲੇ ਕਈ ਸਾਲਾਂ ਤੋਂ ਲੁਧਿਆਣਾ ਵਿਖੇ ਰਹਿ ਰਿਹਾ ਹੈ ਅਤੇ ਅੱਜ ਕੱਲ੍ਹ ਉਸ ਦੀ ਦੇਖ ਭਾਲ ਉਸ ਦੀ ਮੂੰਹ ਬੋਲੀ ਭੈਣ ਸੱਤਿਆ ਦੇਵੀ ਕਰ ਰਹੀ ਹੈ। ਕਿਰਾਏ ਦੇ ਘਰ 'ਚ ਰਹਿ ਰਹੀ ਸੱਤਿਆ ਦੇਵੀ ਆਪਣਾ ਤੇ ਸਤੀਸ਼ ਕੌਲ ਦਾ ਗੁਜ਼ਾਰਾ ਆਪਣੇ ਲੜਕੇ ਦੀ ਤਨਖ਼ਾਹ ਦੇ ਸਹਾਰੇ ਹੀ ਕਰ ਰਹੀ ਹੈ।



ਸਤੀਸ਼ ਕੌਲ ਨੇ ਕਿਹਾ ਕਿ ਉਸ ਨੇ 300 ਤੋਂ ਵੱਧ ਹਿੰਦੀ ਤੇ ਪੰਜਾਬੀ ਫਿਲਮਾਂ 'ਚ ਧਰਮਿੰਦਰ, ਸ਼ਾਹਰੁਖ ਖਾਨ, ਵਿਨੋਦ ਖੰਨਾ, ਗੋਵਿੰਦਾ, ਡੈਨੀ ਅਤੇ ਲਗਭਗ ਹਰ ਪੰਜਾਬੀ ਅਦਾਕਾਰ ਨਾਲ ਕੰਮ ਕੀਤਾ ਹੈ, ਪਰ ਅੱਜ ਤੱਕ ਇਨ੍ਹਾਂ 'ਚੋਂ ਕਿਸੇ ਨੇ ਆ ਕੇ ਉਸ ਦੀ ਸਾਰ ਨਹੀਂ ਲਈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਭਾਸ਼ਾ ਵਿਭਾਗ ਨੇ ਲਗਭਗ 5 ਸਾਲ ਪਹਿਲਾਂ ਉਸ ਨੂੰ 11 ਹਜ਼ਾਰ ਰੁਪਏ ਪੈਨਸ਼ਨ ਦੇਣ ਦੀ ਸ਼ੁਰੂਆਤ ਕੀਤੀ ਸੀ, ਪਰ ਪਿਛਲੇ 1 ਸਾਲ ਤੋਂ ਉਸ ਨੂੰ ਭਾਸ਼ਾ ਵਿਭਾਗ ਦੀ 11 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਵੀ ਨਹੀਂ ਮਿਲੀ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## 'ਆਪ' ਵਿਧਾਇਕ ਪ੍ਰੋ. ਬਲਜਿੰਦਰ ਕੌਰ ਦੀ ਮੰਗਣੀ

**ਬਠਿੰਡਾ:** ਆਮ ਆਦਮੀ ਪਾਰਟੀ ਦੀ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਦੀ ਇਥੇ 'ਆਪ' ਆਗੂ ਸੁਖਰਾਜ ਸਿੰਘ ਬੱਲ ਨਾਲ ਮੰਗਣੀ ਹੋ ਗਈ। ਇਹ ਦੋਵੇਂ ਆਗੂ ਫਰਵਰੀ ਮਹੀਨੇ ਵਿਆਹ ਬੰਧਨ ਵਿਚ ਬੱਝ ਜਾਣਗੇ। ਇਸ ਤੋਂ ਪਹਿਲਾਂ 'ਆਪ' ਦੇ ਵਿਧਾਇਕ ਪਿਰਮਲ ਸਿੰਘ ਵਿਆਹ ਬੰਧਨ ਵਿਚ ਬੱਝੇ ਅਤੇ ਉਸ ਪਿੱਛੋਂ ਵਿਧਾਇਕ ਰੁਪਿੰਦਰ ਰੂਬੀ ਦਾ 11 ਅਕਤੂਬਰ ਨੂੰ ਵਿਆਹ ਹੋਇਆ।

ਅਗਲੀ ਵਾਰੀ 'ਆਪ' ਦੇ ਬਰਨਾਲਾ ਤੋਂ ਵਿਧਾਇਕ ਮੀਤ ਹੇਅਰ ਦੀ ਹੈ। ਉਹ ਵੀ ਜੀਵਨ ਸਾਥਣ ਦੀ ਤਲਾਸ਼ ਵਿਚ ਹਨ। ਦੱਸਣਯੋਗ ਹੈ ਕਿ ਸੁਖਰਾਜ ਬੱਲ ਆਪ ਦੇ ਮਾਝਾ ਜ਼ੋਨ ਦੇ ਯੂਥ ਇੰਚਾਰਜ ਹਨ। ਪ੍ਰੋ. ਬਲਜਿੰਦਰ ਕੌਰ ਤੇ ਸੁਖਰਾਜ ਸਿੰਘ ਬੱਲ ਦੀ ਮੰਗਣੀ ਮੌਕੇ ਦੋਵਾਂ ਪਰਿਵਾਰਾਂ ਦੇ ਰਿਸ਼ਤੇਦਾਰ ਤੇ ਆਪ ਆਗੂ ਮੌਜੂਦ ਸਨ। ਇਸ ਸਬੰਧੀ ਸਾਦਾ ਸਮਾਗਮ ਹੋਇਆ। ਇਸ ਤੋਂ ਪਹਿਲਾਂ ਜੋੜੀ ਨੇ ਗੁਰੂ ਘਰ ਮੱਥਾ ਟੇਕਿਆ।

# ਭੋਲਾ ਨਸ਼ਾ ਤਸਕਰੀ ਮਾਮਲੇ 'ਚ ਜਗਜੀਤ ਚਹਿਲ ਦੀ ਜ਼ਮਾਨਤ

**ਚੰਡੀਗੜ੍ਹ:** ਭੋਲਾ ਨਸ਼ਾ ਤਸਕਰੀ ਮਾਮਲੇ ਦੇ ਮੁਲਜ਼ਮ ਜਗਜੀਤ ਸਿੰਘ ਚਹਿਲ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ। ਚਹਿਲ ਨੇ ਹਾਈ ਕੋਰਟ ਤੋਂ ਰਾਹਤ ਨਾ ਮਿਲਣ ਪਿੱਛੋਂ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਸਰਬਉੱਚ ਅਦਾਲਤ ਨੇ ਚਹਿਲ ਨੂੰ ਜ਼ਮਾਨਤ ਦੇ ਦਿੱਤੀ।

ਯਾਦ ਰਹੇ, ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਜਗਜੀਤ ਚਾਹਲ ਨੂੰ ਮਈ, 2017 ਵਿਚ ਪ੍ਰੀਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਿਫਤਾਰੀ ਤੋਂ ਬਾਅਦ ਚਹਿਲ ਲਗਾਤਾਰ ਜ਼ਮਾਨਤ ਲਈ ਜੱਦੋ-ਜਹਿਦ ਕਰ ਰਿਹਾ ਹੈ। ਉਸ ਨੇ ਪਹਿਲਾਂ ਹੇਠਲੀ ਅਦਾਲਤ ਤੇ ਫਿਰ ਹਾਈ ਕੋਰਟ ਵਿਚ ਜ਼ਮਾਨਤ ਅਰਜ਼ੀ ਲਾਈ। ਇਸ ਮਗਰੋਂ ਉਸ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਜਿਥੇ ਉਸ ਨੂੰ ਰਾਹਤ ਮਿਲੀ ਹੈ। ਈ.ਡੀ. ਨੇ ਜਗਜੀਤ ਚਹਿਲ ਖਿਲਾਫ ਕੇਸ ਦਰਜ ਕੀਤਾ ਸੀ ਕਿ ਉਹ ਪੰਜਾਬ ਪੁਲਿਸ ਦੇ ਸਾਬਕਾ ਡੀ.ਐਸ.ਪੀ. ਜਗਦੀਸ਼ ਭੋਲਾ ਨਾਲ ਕਰੋੜਾਂ ਦੀ ਡਰੱਗਜ਼ ਤਸਕਰੀ ਵਿਚ ਸਹਿ ਦੋਸ਼ੀ ਹੈ। ਈ.ਡੀ. ਉਸ ਦੀ 54 ਕਰੋੜ ਦੀ ਜਾਇਦਾਦ ਵੀ ਜ਼ਬਤ ਕਰ ਚੁੱਕੀ ਹੈ।

ਈ.ਡੀ. ਨੇ ਪੰਜਾਬ ਦੇ ਸਾਬਕਾ ਮੰਤਰੀ ਤੇ ਸਾਬਕਾ ਮੁੱਖ ਸੰਸਦੀ ਸਕੱਤਰ ਸਮੇਤ 13 ਲੋਕਾਂ ਦੇ 61.61 ਕਰੋੜ ਰੁਪਏ ਦੀ ਜਾਇਦਾਦਾਂ ਨੂੰ ਜ਼ਬਤ ਕਰ ਕੇ ਜਾਂਚ ਸ਼ੁਰੂ ਕੀਤੀ ਸੀ, ਜਿਸ ਵਿਚ ਅੰਮ੍ਰਿਤਸਰ ਦੇ ਕਾਰੋਬਾਰੀ ਜਗਜੀਤ ਸਿੰਘ ਚਹਿਲ, ਪਰਮਜੀਤ ਸਿੰਘ ਚਹਿਲ ਤੇ ਇੰਦਰਜੀਤ ਕੌਰ ਦੀ ਕਰੀਬ 54.59 ਕਰੋੜ ਰੁਪਏ ਦੀ ਜਾਇਦਾਦ ਨੂੰ ਜ਼ਬਤ ਕੀਤਾ ਗਿਆ ਸੀ। ਭੋਲਾ ਦੀ ਨੇਤਾ ਜਗਜੀਤ ਚਹਿਲ ਨਾਲ ਸੀ। ਇਸ ਕੇਸ ਵਿਚ ਚਹਿਲ ਦਾ ਸਬੰਧ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਵੀ ਦੱਸਿਆ ਗਿਆ ਸੀ।

## ਧਰਮ ਦੇ ਨਾਂ 'ਤੇ ਨਫਰਤ ਦੀ ਕੰਧ ਖੜ੍ਹੀ ਕੀਤੀ: ਨਸੀਰੂਦੀਨ ਸ਼ਾਹ

**ਨਵੀਂ ਦਿੱਲੀ:** ਅਦਾਕਾਰ ਨਸੀਰੂਦੀਨ ਸ਼ਾਹ ਨੇ ਐਮਨੈਸਟੀ ਇੰਡੀਆ ਵੱਲੋਂ ਜਾਰੀ ਇਕ ਵੀਡੀਓ 'ਚ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਧਰਮ ਦੇ ਨਾਂ ਉਤੇ ਨਫਰਤ ਦੀਆਂ ਕੰਧਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਜਿਹੜੇ ਇਸ 'ਅਨਿਆਂ' ਖਿਲਾਫ ਖੜ੍ਹੇ ਹੁੰਦੇ ਹਨ, ਉਨ੍ਹਾਂ ਨੂੰ ਇਸ ਦਾ ਮੁੱਲ ਤਾਰਨਾ ਪੈਂਦਾ ਹੈ।

ਮਨੁੱਖੀ ਹੱਕਾਂ ਦੀ ਨਿਗਰਾਨ ਐਮਨੈਸਟੀ ਵੱਲੋਂ ਜਾਰੀ ਸਵਾ ਦੋ ਮਿੰਟ ਦੇ ਕਰੀਬ ਦੀ ਇਸ ਵੀਡੀਓ ਵਿਚ ਸ਼ਾਹ ਨੇ ਕਿਹਾ ਕਿ ਜਿਹੜੇ ਲੋਕ ਹੱਕਾਂ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਸੀਖਾਂ ਪਿੱਛੇ ਕਰ ਦਿੱਤਾ ਜਾਂਦਾ ਹੈ। ਇਸ ਵੀਡੀਓ ਸੁਨੇਹੇ ਵਿਚ ਅਦਾਕਾਰ ਨੇ ਕਿਹਾ, 'ਕਲਾਕਾਰਾਂ, ਅਦਾਕਾਰਾਂ, ਵਿਦਵਾਨਾਂ ਤੇ ਕਵੀਆਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਪੱਤਰਕਾਰਾਂ ਨੂੰ ਵੀ ਚੁੱਪ ਕਰਾਇਆ ਜਾ ਰਿਹੈ।' ਉਨ੍ਹਾਂ ਕਿਹਾ ਕਿ ਜਿਹੜੇ ਇਸ ਅਨਿਆਂ ਖਿਲਾਫ ਬੋਲਦੇ ਹਨ, ਉਨ੍ਹਾਂ ਦੇ ਦਫਤਰਾਂ 'ਤੇ ਛਾਪੇ ਮਾਰੇ ਜਾਂਦੇ ਹਨ ਅਤੇ ਬੈਂਕ ਖਾਤੇ ਤੱਕ ਜਾਮ ਕਰ ਦਿੱਤੇ ਜਾਂਦੇ ਹਨ।

# ਪੰਜਾਬ ਦੇ 261 ਸਕੂਲ ਬਣਨਗੇ ਸਮਾਰਟ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਦੀ ਤਰਜ਼ 'ਤੇ ਚੰਗੇ ਪੱਧਰ ਦੀ ਸਿੱਖਿਆ ਮੁਹੱਈਆ ਕਰਾਉਣ ਦੇ ਇਰਾਦੇ ਨਾਲ ਕਈ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਇਸ ਸਾਰੀ ਪ੍ਰਕਿਰਿਆ ਦਾ ਮੁੱਖ ਉਦੇਸ਼ ਚੰਗੇ ਪੱਧਰ ਦੀ ਸਿੱਖਿਆ ਪ੍ਰਦਾਨ ਕਰਵਾ ਕੇ ਸਿੱਖਿਆ ਪ੍ਰਣਾਲੀ ਨੂੰ ਕਾਰਗਰ ਤੇ ਸੁਖਾਲਾ ਬਣਾਉਣਾ ਹੈ। ਸਿੱਖਿਆ ਮੰਤਰੀ ਓ.ਪੀ. ਸੋਨੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਸਮੁੱਚੇ ਸੂਬੇ ਵਿਚ ਖਾਸ ਤੌਰ 'ਤੇ ਪੇਂਡੂ ਖੇਤਰ ਵਿਚ 261 ਸਮਾਰਟ ਸਕੂਲ ਬਣਾਏ ਜਾ ਰਹੇ ਹਨ। ਇਹ ਸਕੂਲ ਮਾਡਲ ਸਕੂਲਾਂ ਵਜੋਂ ਬਣਾਏ ਜਾਣਗੇ, ਜਿਥੇ ਚੰਗੇ ਪੱਧਰ ਦੀ ਸਿੱਖਿਆ ਮੁਹੱਈਆ ਕਰਾਉਣ ਲਈ ਸਾਰੀਆਂ ਲੋੜੀਂਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ।

ਸਮਾਰਟ ਕਲਾਸ ਰੂਮ, ਸੂਰਜੀ ਊਰਜਾ ਅਤੇ ਅਤਿ ਆਧੁਨਿਕ ਖੇਡ ਸਹੂਲਤਾਂ ਵੀ ਇਨ੍ਹਾਂ ਸਕੂਲਾਂ ਦੀਆਂ ਹੋਰ ਵਿਸ਼ੇਸ਼ਤਾਵਾਂ ਹੋਣਗੀਆਂ। ਸ੍ਰੀ ਸੋਨੀ ਨੇ ਦੱਸਿਆ ਕਿ ਉਕਤ ਮੰਤਵ ਦੀ ਪੂਰਤੀ ਲਈ ਹੁਣ ਤੱਕ ਕੁੱਲ 2769.09 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਸੂਬੇ ਦੇ ਵੱਖ-ਵੱਖ ਸਕੂਲਾਂ ਵਿਚ 21000 ਦੇ ਕਰੀਬ ਸਮਾਰਟ ਕਲਾਸ ਰੂਮ ਬਣਾਏ ਜਾ ਰਹੇ ਹਨ। ਇਸ ਸਬੰਧੀ ਸਕੂਲਾਂ ਨੂੰ ਈ-ਕੰਟੈਂਟ ਭੇਜਿਆ ਜਾ ਰਿਹਾ ਹੈ। ਪੀ.ਆਈ.ਸੀ.ਟੀ.ਈ.ਐਸ., (ਇਕ ਕਾਰਜਕਾਰੀ ਏਜੰਸੀ) ਵੱਲੋਂ 21319 ਕਲਾਸ ਰੂਮਾਂ ਨੂੰ ਡਿਜੀਟਲ ਕਲਾਸ ਰੂਮਾਂ ਵਿੱਚ ਬਦਲਣ ਲਈ ਟੈਂਡਰ ਮੰਗੇ ਗਏ ਹਨ। ਸਿੱਖਿਆ ਦੇ ਨਵੀਨੀਕਰਨ ਦੀ ਇਸ ਪਹਿਲ ਤਹਿਤ 53731 ਸਰਕਾਰੀ ਸਕੂਲ, ਜਿਨ੍ਹਾਂ ਵਿਚੋਂ 3000 ਸਰਕਾਰੀ ਪ੍ਰਾਇਮਰੀ ਸਕੂਲ ਅਤੇ 2371 ਸਰਕਾਰੀ ਹਾਈ/ਸੈਕੰਡਰੀ ਸਕੂਲ ਸ਼ਾਮਲ ਹਨ, ਕਵਰ ਕੀਤੇ ਜਾਣਗੇ।

# ਪੰਜਾਬ ਦੀ ਸਿਆਸਤ ਵਿਚ ਨਵੀਆਂ ਸਫਬੰਦੀਆਂ

*(ਸਫਾ ਇਕ ਦੀ ਬਾਕੀ)*

ਹੈ ਕਿ ਕਾਂਗਰਸ ਅਤੇ ਬਾਦਲ ਪਰਿਵਾਰ ਨੂੰ ਸੱਤਾ ਤੋਂ ਬਾਹਰ ਕਰਨ ਲਈ ਇਕੱਠੇ ਹੋ ਕੇ ਰਣਨੀਤੀ ਤਿਆਰ ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਨਿਆ ਗੱਠਜੋੜ ਨਾਲ ਚੱਲਣ ਦੀ ਸਹਿਮਤੀ ਦਿੱਤੀ ਗਈ ਹੈ। ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਲੋਕ ਰੋਹ ਦਾ ਸਾਹਮਣਾ ਕਰ ਰਿਹਾ ਹੈ। ਕਾਂਗਰਸ ਸਰਕਾਰ ਚੋਣਾਂ ਵਾਅਦਿਆਂ ਤੋਂ ਭੱਜਣ ਕਾਰਨ ਲੋਕਾਂ ਦੀਆਂ ਅੱਖਾਂ ਵਿਚ ਰੜਕ ਰਹੀ ਹੈ।



ਕਿ ਬੈਂਸ ਭਰਾਵਾਂ ਸਮੇਤ ਧਰਮਵੀਰ ਗਾਂਧੀ ਅਤੇ ਸੁਖਪਾਲ ਸਿੰਘ ਖਹਿਰਾ ਨਾਲ ਸੰਪਰਕ ਬਣਿਆ ਹੋਇਆ ਹੈ। ਜਲਦ ਹੋਰ ਪਾਰਟੀਆਂ ਨਾਲ ਵੀ ਸੰਪਰਕ ਬਣ ਰਿਹਾ ਹੈ, ਜਿਸ ਤਹਿਤ ਬਸਪਾ ਨਾਲ ਵੀ ਗੱਲਬਾਤ ਚੱਲੀ ਹੈ ਅਤੇ ਬਸਪਾ ਵਲੋਂ ਅਜਿਹੇ ਹਾਲਾਤ ਵਿਚ ਪੰਜਾਬ ਦੇ ਲੋਕ ਤੀਜੇ ਬਦਲ ਦੀ ਭਾਲ ਵਿਚ ਹਨ। ਜੇ ਤੀਜੇ ਬਦਲ ਲਈ ਹੱਥ ਪੈਰ ਮਾਰ ਰਹੀਆਂ ਧਿਰਾਂ ਆਪਣੇ ਕਾਰਜ ਵਿਚ ਸਫਲ ਹੁੰਦੀਆਂ ਹਨ ਤਾਂ ਰਵਾਇਤੀ ਧਿਰਾਂ ਲਈ ਇਹ ਵੱਡੀ ਚੁਣੌਤੀ ਹੋਵੇਗੀ।

# ਟਰੰਪ ਨੇ ਮੋਦੀ ਦਾ ਮਖੌਲ ਉਡਾਇਆ

**ਵਾਸ਼ਿੰਗਟਨ:** ਅਮਰੀਕੀ ਸਦਰ ਡੋਨਲਡ ਟਰੰਪ ਨੇ ਨਵੇਂ ਸਾਲ ਵਿਚ ਆਪਣੀ ਪਲੇਠੀ ਕੈਬਨਿਟ ਮੀਟਿੰਗ ਵਿਚ ਚੁਟਕੀ ਲੈਂਦਿਆਂ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਅਫਗਾਨਿਸਤਾਨ ਵਿਚ 'ਲਾਇਬਰੇਰੀ' ਲਈ ਫੰਡ ਮੁਹੱਈਆ ਕਰਾਏ ਜਾਣ ਦਾ ਮੌਜੂ ਉਡਾਇਆ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਨੇ ਜੰਗ ਦੇ ਲਤਾੜੇ ਇਸ ਮੁਲਕ ਵਿਚ ਅਰਬਾਂ ਡਾਲਰ ਖਰਚ ਦਿੱਤੇ ਜਦੋਂਕਿ ਭਾਰਤੀ ਪ੍ਰਧਾਨ ਮੰਤਰੀ ਨੇ 'ਲਾਇਬਰੇਰੀ' ਉਸਾਰਨ ਲਈ ਜਿੰਨਾ ਫੰਡ ਮੁਹੱਈਆ ਕਰਵਾਇਆ ਹੈ, ਉਨਾ ਅਮਰੀਕਾ ਪੰਜ ਘੰਟਿਆਂ 'ਚ ਖਰਚ ਦਿੰਦਾ ਹੈ। ਉਧਰ, ਭਾਰਤ ਨੇ ਅਮਰੀਕੀ ਸਦਰ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਮੌਜੂ ਉਡਾਏ ਜਾਣ ਨੂੰ ਸਖਤੀ ਨਾਲ ਲੈਂਦਿਆਂ ਕਿਹਾ ਕਿ ਵਿਕਾਸ ਸਬੰਧੀ ਦਿੱਤੀ ਇਮਦਾਦ ਅਫਗਾਨਿਸਤਾਨ ਦੇ ਕਾਇਆ ਕਲਪ ਵਿਚ ਅਹਿਮ ਭੂਮਿਕਾ ਨਿਭਾ ਸਕਦੀ ਹੈ ਤੇ ਗੁਆਂਢੀ ਮੁਲਕ ਦੀ ਤਰੱਕੀ ਵਿਚ ਭਾਰਤ ਦਾ ਵੱਡਾ ਹੱਥ ਹੈ।

ਅਮਰੀਕੀ ਸਦਰ ਡੋਨਲਡ ਟਰੰਪ ਨੇ ਕੈਬਨਿਟ ਮੀਟਿੰਗ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਫਗਾਨਿਸਤਾਨ ਵਿਚ 'ਲਾਇਬਰੇਰੀ' ਲਈ ਫੰਡ ਮੁਹੱਈਆ ਕਰਾਏ ਜਾਣ ਦਾ ਮੌਜੂ ਉਡਾਇਆ। ਉਨ੍ਹਾਂ ਕਿਹਾ ਕਿ ਜੰਗ ਦੇ ਭੰਨੇ ਇਸ ਮੁਲਕ ਵਿਚ 'ਲਾਇਬਰੇਰੀ' ਕਿਸੇ ਕੰਮ ਦੀ ਨਹੀਂ। ਟਰੰਪ ਨੇ ਅਫਗਾਨਿਸਤਾਨ ਦੀ ਸੁਰੱਖਿਆ ਲਈ ਜ਼ਿਆਦਾ ਕੁਝ ਨਾ ਕੀਤੇ ਜਾਣ ਲਈ ਭਾਰਤ ਤੇ ਹੋਰਨਾਂ ਮੁਲਕਾਂ ਦੀ ਨੁਕਤਾਚੀਨੀ ਵੀ ਕੀਤੀ। ਟਰੰਪ ਨੇ ਸ੍ਰੀ ਮੋਦੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਕਿਵੇਂ ਆਲਮੀ ਆਗੂ ਆਪੋ ਆਪਣੇ ਯੋਗਦਾਨ ਦੀਆਂ ਗੱਲਾਂ ਕਰਦੇ ਹਨ, ਜੋ ਕਿ ਅਮਰੀਕਾ ਵੱਲੋਂ ਇਸ ਮੁਲਕ ਵਿਚ ਖਰਚੇ ਅਰਬਾਂ ਡਾਲਰ ਦੇ ਸਾਹਮਣੇ ਕੁਝ ਵੀ ਨਹੀਂ।

## ਫੂਲਕਾ ਵਲੋਂ ਸ਼੍ਰੋਮਣੀ ਕਮੇਟੀ 'ਚੋਂ ਸਿਆਸੀ ਗਲਬਾ ਖਤਮ ਕਰਨ ਲਈ ਮੁਹਿੰਮ

*(ਸਫਾ ਇਕ ਦੀ ਬਾਕੀ)*

ਸ. ਫੂਲਕਾ ਨੇ ਕਿਹਾ ਕਿ ਸਾਲ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੀ ਲੜੀ ਚਲਾਉਣ ਵਾਲਿਆਂ ਨੂੰ ਬੇਨਕਾਬ ਨਾ ਕਰਨਾ ਅਤੇ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖਤ ਤੋਂ ਮੁਆਫੀ ਦਿਵਾਉਣੀ, ਐਸ.ਜੀ.ਪੀ.ਸੀ. ਉਪਰ ਅਕਾਲੀ ਦਲ ਦੇ ਗਲਬੇ ਕਾਰਨ ਹੀ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਦੀ ਲੀਡਰਸ਼ਿਪ ਨੇ ਸੇਵਾ ਭਾਵਨਾ ਅਤੇ ਅਸੂਲਾਂ ਵਾਲੇ ਸਿੱਖਾਂ ਨੂੰ ਕਦੇ ਵੀ ਐਸ.ਜੀ.ਪੀ.ਸੀ. ਵਿਚ ਨਹੀਂ ਆਉਣ ਦਿੱਤਾ। ਉਹ ਇਸ ਮਿਸ਼ਨ ਲਈ ਮਿਸ਼ਨਰੀਜ਼ ਸਿੱਖਾਂ, ਸੰਤ ਸਮਾਜ, ਸਿੱਖ ਪ੍ਰਚਾਰਕਾਂ ਆਦਿ 'ਤੇ ਆਧਾਰਿਤ ਗਰੁਪ ਬਣਾਉਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਨਾ ਤਾਂ ਉਹ ਖੁਦ ਅਤੇ ਨਾ ਹੀ ਇਸ ਗਰੁਪ ਵਿਚਲੇ ਮੈਂਬਰ ਐਸ.ਜੀ.ਪੀ.ਸੀ. ਦੀਆਂ ਚੋਣਾਂ ਲੜਨਗੇ।

## ਭਾਰਤੀ ਮੂਲ ਦੇ ਅਮਰੀਕੀ ਨੇ ਜੱਜ ਵਜੋਂ ਸਹੁੰ ਚੁੱਕੀ

**ਹਿਊਸਟਨ:** ਭਾਰਤੀ ਮੂਲ ਦੇ ਅਮਰੀਕੀ ਕੇ.ਪੀ. ਜੌਰਜ ਨੇ ਫੋਰਟ ਬੈਂਡ ਕਾਊਂਟੀ ਦੇ ਜੱਜ ਵਜੋਂ ਸਹੁੰ ਚੁੱਕ ਲਈ ਹੈ। ਉਹ ਅਮਰੀਕਾ ਦੀ ਇਸ ਅਹਿਮ ਕਾਊਂਟੀ ਦੇ ਜੱਜ ਬਣਨ ਵਾਲੇ ਪਹਿਲੇ ਭਾਰਤੀ ਵਿਅਕਤੀ ਬਣ ਗਏ ਹਨ। ਡੈਮੋਕਰੇਟ ਤੇ ਫੋਰਟ ਬੈਂਡ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ ਬੋਰਡ ਦੇ ਟਰੱਸਟੀ ਕੇ.ਪੀ. ਜਾਰਜ (53) ਨੇ ਨਵੰਬਰ ਵਿਚ ਪਈਆਂ ਵੋਟਾਂ ਵਿਚ ਰਿਪਬਲੀਕਨ ਪਾਰਟੀ ਦੇ ਜੱਜ ਰੌਬਰਟ ਹਰਬਰਟ ਨੂੰ ਹਰਾਇਆ ਸੀ। ਅਮਰੀਕਾ ਵਿਚ ਕਾਊਂਟੀ ਜੱਜਾਂ ਦੀ ਡਿਊਟੀ ਹਰ ਰਾਜ ਵਿਚ ਵੱਖੋ-ਵੱਖਰੀ ਹੁੰਦੀ ਹੈ।

## ਪਹਿਲੀ ਜਨਵਰੀ ਨੂੰ ਭਾਰਤ 'ਚ ਪੈਦਾ ਹੋਏ 69944 ਬੱਚੇ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਬਾਲ ਕੋਸ਼ (ਯੂਨੀਸੇਫ) ਨੇ ਸਾਲ ਦੇ ਪਹਿਲੇ ਦਿਨ ਪੈਦਾ ਹੋਣ ਵਾਲੇ ਬੱਚਿਆ ਦੀ ਗਿਣਤੀ ਦਾ ਅਨੁਮਾਨ ਜਾਰੀ ਕੀਤਾ ਹੈ। ਇਸ ਮੁਤਾਬਕ ਪਹਿਲੀ ਤਰੀਕ ਨੂੰ ਦੁਨੀਆਂ ਵਿਚ ਕਰੀਬ 3 ਲੱਖ 95 ਹਜ਼ਾਰ 72 ਬੱਚੇ ਪੈਦਾ ਹੋਏ। ਇਨ੍ਹਾਂ 'ਚ ਸਭ ਤੋਂ ਜ਼ਿਆਦਾ 18 ਫੀਸਦ ਯਾਨੀ 69,944 ਬੱਚੇ ਭਾਰਤ 'ਚ ਪੈਦਾ ਹੋਏ ਹਨ।

ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ 'ਚ ਇਸ ਦਿਨ 44,940 ਬੱਚੇ, ਨਾਈਜ਼ੀਰੀਆ ਵਿਚ 25,685, ਪਾਕਿਸਤਾਨ 'ਚ 15,112, ਇੰਡੋਨੇਸ਼ੀਆ 'ਚ 13,256, ਅਮਰੀਕਾ 'ਚ 11,086, ਡੈਮੋਕ੍ਰੇਟਿਕ ਰਿਪਬਲੀਕ ਆਫ ਕੋਨਗੋ 10,052 ਅਤੇ ਬੰਗਲਾਦੇਸ਼ 'ਚ 8,428 ਬੱਚਿਆਂ ਦੇ ਜਨਮ ਹੋਏ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਭਾਜਪਾ ਸਰਕਾਰ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਕੇ ਤੁਰਦੇ ਬਣੇ ਮੋਦੀ

## ਗੁਰਦਾਸਪੁਰ ਫੇਰੀ



**ਗੁਰਦਾਸਪੁਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਿਚ ਰੈਲੀ ਕੀਤੀ। ਮੋਦੀ ਨੇ ਗੁਰਦਾਸਪੁਰ ਵਿਚ 34 ਮਿੰਟ ਲੰਮਾ ਭਾਸ਼ਣ ਦਿੱਤਾ ਤੇ ਹਰ ਗੱਲ ਨਾਲ ਕਾਂਗਰਸ ਨੂੰ ਨਿਸ਼ਾਨੇ ਉਤੇ ਲਿਆ, ਪਰ ਪੰਜਾਬ ਲਈ ਕੋਈ ਨਵੇਂ ਵਿਕਾਸ ਪ੍ਰੋਜੈਕਟ ਜਾਂ ਕੋਈ ਵਿਸ਼ੇਸ਼ ਪੈਕੇਜ ਆਦਿ ਨਹੀਂ ਐਲਾਨਿਆ। ਮੋਦੀ ਦੀ ਗੁਰਦਾਸਪੁਰ ਰੈਲੀ ਇਲਾਕਾ ਵਾਸੀਆਂ ਨੂੰ ਵੀ ਨਿਰਾਸ਼ ਕਰ ਗਈ। ਸ੍ਰੀ ਮੋਦੀ ਵੱਲੋਂ ਇਸ ਪੱਛੜੇ ਸਰਹੱਦੀ ਇਲਾਕੇ ਲਈ ਕੋਈ ਪੈਕੇਜ ਨਹੀਂ ਐਲਾਨਿਆ ਗਿਆ।

ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਵੱਲੋਂ ਕਰਵਾਈ ਇਸ ਰੈਲੀ ਤੋਂ ਗੁਰਦਾਸਪੁਰ ਦੇ ਲੋਕਾਂ ਨੂੰ ਆਸ ਸੀ ਕਿ ਪ੍ਰਧਾਨ ਮੰਤਰੀ ਜ਼ਿਲ੍ਹਾ ਗੁਰਦਾਸਪੁਰ ਦੀ ਧਾਰੀਵਾਲ ਸਥਿਤ ਵੂਲਨ ਮਿੱਲ, ਬਟਾਲਾ ਸ਼ਹਿਰ ਦੀ ਬੰਦ ਪਈ ਲੋਹਾ ਸਨਅਤ ਨੂੰ ਚਾਲੂ ਕਰਾਉਣ, ਮਕੌੜਾ ਪੱਤਣ ਉੱਪਰ ਪੁਲ ਦੀ ਉਸਾਰੀ, ਅੰਮ੍ਰਿਤਸਰ ਪਠਾਨਕੋਟ ਰੇਲ ਮਾਰਗ ਨੂੰ ਚਾਰ ਮਾਰਗੀ ਕਰਨ ਤੋਂ ਇਲਾਵਾ ਗੁਰਦਾਸਪੁਰ ਸ਼ਹਿਰ ਲਈ ਕਿਸੇ ਵੱਡੇ ਪ੍ਰੋਜੈਕਟ ਦਾ ਐਲਾਨ ਕਰਨਗੇ, ਪਰ ਅਜਿਹਾ ਕੁਝ ਨਹੀਂ ਹੋਇਆ। ਮੋਦੀ ਨੇ ਕਰਤਾਰਪੁਰ ਸਾਹਿਬ ਗਲਿਆਰੇ ਦੇ ਮੁੱਦੇ ਤੋਂ ਲੈ ਕੇ 1984 ਸਿੱਖ ਕਤਲੇਆਮ ਤੱਕ ਕਾਂਗਰਸ ਨੂੰ ਖੂਬ ਰਗੜੇ ਲਾਏ, ਪਰ ਕਿਸਾਨੀ ਤ੍ਰਾਸਦੀ, ਪਾਣੀ ਤੇ ਆਰਥਿਕ ਸੰਕਟ ਦੇ ਹੱਲ ਵਜੋਂ ਮੋਦੀ ਨੇ ਕੁਝ ਨਾ ਦਿੱਤਾ। ਸਿਰਫ ਇੰਨਾ ਕਿਹਾ ਕਿ ਪੰਜਾਬ ਵਿਚ ਕਈ ਪ੍ਰੋਜੈਕਟ ਚੱਲ ਰਹੇ ਹਨ ਤੇ ਸੂਬਾ ਸਰਕਾਰ ਨੂੰ ਕੇਂਦਰ ਦੀਆਂ ਸਕੀਮਾਂ ਛੇਤੀ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

ਮੋਦੀ ਨੇ ਕਰਤਾਰਪੁਰ ਸਾਹਿਬ ਲਾਂਘੇ ਦਾ ਕ੍ਰੈਡਿਟ ਆਪਣੀ ਸਰਕਾਰ ਨੂੰ ਦਿੰਦਿਆਂ ਕਿਹਾ ਕਿ ਚਾਰ ਕਿਲੋਮੀਟਰ ਦੇ ਫਰਕ ਲਈ ਸਿਰਫ ਕਾਂਗਰਸ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਹੁਣ ਕੇਂਦਰ ਸਰਕਾਰ ਕਰਤਾਰਪੁਰ ਸਾਹਿਬ ਲਈ ਬੇਹੱਦ ਸ਼ਾਨਦਾਰ ਕਾਰੀਡੋਰ ਬਣਾਏਗੀ। ਮੋਦੀ ਨੇ 1984 ਸਿੱਖ ਕਤਲੇਆਮ ਦੇ ਸੰਦਰਭ ਵਿਚ ਕਮਲ ਨਾਥ ਦਾ ਨਾਂ ਲਏ ਬਗ਼ੈਰ ਕਿਹਾ ਕਿ ਜੋ ਲੋਕ ਦੰਗਾ ਮੁਲਜ਼ਮ ਨੂੰ ਸੀਐਮ ਬਣਾਉਂਦੇ ਹਨ, ਦੇਸ਼ ਨੂੰ ਉਨ੍ਹਾਂ ਤੋਂ ਚੌਕਸ ਰਹਿਣ ਦੀ ਲੋੜ ਹੈ।

ਇਸ ਤੋਂ ਇਲਾਵਾ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਪੂਰੀ ਦੁਨੀਆਂ ਵਿਚ ਪਹੁੰਚਾਇਆ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਸਾਨੀ ਮਸਲਿਆਂ 'ਤੇ ਵੀ ਕਾਂਗਰਸ ਉਤੇ ਖੂਬ ਨਿਸ਼ਾਨੇ ਲਾਏ। ਉਨ੍ਹਾਂ ਕਿਹਾ ਕਿ 70 ਸਾਲਾਂ ਤੋਂ ਕਿਸਾਨਾਂ ਦਾ ਕੁਝ ਫਾਇਦਾ ਨਾ ਕਰਨ ਵਾਲੇ ਅੱਜ ਵੀ ਕਿਸਾਨਾਂ ਨੂੰ ਧੋਖਾ ਦੇ ਰਹੇ ਹਨ। ਉਨ੍ਹਾਂ ਇਕ ਵਾਰ ਫਿਰ ਕੈਪਟਨ ਸਰਕਾਰ ਦੀ ਕਰਜ਼ ਮੁਆਫੀ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਪੰਜਾਬ 'ਚ ਕਿਸਾਨਾਂ ਦਾ ਸਾਰਾ ਕਰਜ਼ ਮੁਆਫ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਇਹ ਨਹੀਂ ਕੀਤਾ। ਉਨ੍ਹਾਂ ਸੰਸਦ 'ਚ ਕਰਜ਼ ਮੁਆਫੀ ਬਾਰੇ ਰਿਕਾਰਡ ਲੈ ਕੇ ਗਏ ਸੁਨੀਲ ਜਾਖੜ 'ਤੇ ਵੀ ਤੰਜ਼ ਕੱਸਦਿਆਂ ਕਿਹਾ ਕਿ ਡੇਢ ਸਾਲ ਵਿਚ 3400 ਕਰੋੜ ਦਾ ਕਰਜ਼ ਮੁਆਫ ਪਰ ਕਿਸਾਨ ਤਾਂ ਭੋਲਾ-ਭਾਲਾ ਹੈ।

ਮੋਦੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਹੈ ਤੇ ਕਾਂਗਰਸ ਹਮੇਸ਼ਾ ਲਾਰੇ ਹੀ ਲਾਏ। ਉਨ੍ਹਾਂ ਪੰਜਾਬ ਲਈ ਸ਼ਾਹਪੁਰ ਕੰਢੀ ਬੰਨ੍ਹ ਸ਼ੁਰੂ ਕੀਤੇ ਜਾਣ, 11 ਲੱਖ ਮੁਫਤ ਰਸੋਈ ਗੈਸ ਕੁਨੈਕਸ਼ਨ ਵੰਡਣ ਤੇ ਧਾਰਮਿਕ ਅਦਾਰਿਆਂ ਨੂੰ ਜੀ.ਐਸ.ਟੀ. ਮੁਕਤ ਕਰਨ 'ਤੇ ਆਪਣੀ ਸਰਕਾਰ ਦੀ ਪਿੱਠ ਥਾਪੜੀ।

ਰੈਲੀ 'ਚ ਭਾਜਪਾ ਦੀ ਸੂਬਾਈ ਲੀਡਰਸ਼ਿਪ ਤੇ ਅਕਾਲੀ ਆਗੂ ਹਾਜ਼ਰ ਸਨ, ਪਰ ਪ੍ਰਕਾਸ਼ ਸਿੰਘ ਬਾਦਲ ਸਿਹਤ ਠੀਕ ਨਾ ਹੋਣ ਕਾਰਨ ਗੈਰ ਹਾਜ਼ਰ ਰਹੇ, ਜੋ ਚਰਚਾ ਦਾ ਵਿਸ਼ਾ ਰਿਹਾ।

## ਜੁਮਲੇਬਾਜ਼ੀ 'ਚ ਮੋਦੀ ਦਾ ਕੋਈ ਮੁਕਾਬਲਾ ਨਹੀਂ: ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੁਮਲੇਬਾਜ਼ ਤੇ ਝੂਠੇ ਬਿਆਨ ਦਾਗਣ 'ਚ ਮਾਹਿਰ ਗਰਦਾਨਦੇ ਹੋਏ ਉਨ੍ਹਾਂ ਨੂੰ ਆਪਣੇ ਪਿਛਲੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਕੋਈ ਇਕ ਵੀ ਵਾਅਦਾ ਪੂਰਾ ਕਰਨ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਫੁੱਟਪਾਊ ਨੀਤੀਆਂ ਕਾਰਨ ਦੇਸ਼ ਤਬਾਹੀ ਵਿਚ ਫਸ ਗਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਆਜ਼ਾਦ ਭਾਰਤ ਦੇ ਸਭ ਤੋਂ ਮਾੜੇ ਆਗੂ ਹਨ। ਇਕ ਦਿਨ ਪਹਿਲਾਂ ਗੁਰਦਾਸਪੁਰ ਰੈਲੀ ਵਿਚ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਬਿਆਨ ਦੇ ਜਵਾਬ ਵਿਚ ਕੈਪਟਨ ਨੇ ਕਿਹਾ ਕਿ 'ਜੁਮਲੇਬਾਜ਼' ਪ੍ਰਧਾਨ ਮੰਤਰੀ ਨੇ ਧੋਖੇ ਤੇ ਪਾਖੰਡ ਨਾਲ ਦੇਸ਼ ਨੂੰ ਨਿਵਾਣਾਂ 'ਤੇ ਲੈ ਆਂਦਾ ਹੈ ਜਿਸ ਕਰ ਕੇ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਮਨ ਬਣਾ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ 'ਚ ਆਪਣੀ ਪੱਕੀ ਹਾਰ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਬੁਰੀ ਤਰ੍ਹਾਂ ਨਿਰਾਸ਼ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

## ਮੋਦੀ ਦੀ ਆਮਦ 'ਤੇ ਲੱਗੇ 'ਚੌਕੀਦਾਰ ਚੋਰ ਹੈ' ਦੇ ਨਾਅਰੇ

**ਜਲੰਧਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਮਦ 'ਤੇ ਕਾਂਗਰਸੀਆਂ ਨੇ 'ਚੌਕੀਦਾਰ ਚੋਰ ਹੈ' ਦੇ ਨਾਅਰੇ ਲਾਏ ਅਤੇ ਰਾਫਾਲ ਸੌਦੇ ਦਾ ਹਿਸਾਬ ਮੰਗਿਆ। ਕਾਂਗਰਸੀਆਂ ਵੱਲੋਂ ਮੋਦੀ ਦੀ ਫੇਰੀ ਦੌਰਾਨ ਵੱਖ-ਵੱਖ ਥਾਵਾਂ 'ਤੇ ਤਿੱਖਾ ਵਿਰੋਧ ਕੀਤਾ ਗਿਆ। ਕਾਂਗਰਸੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੋਸ਼ ਲਾਇਆ ਕਿ ਉਹ ਝੂਠੇ ਵਾਅਦੇ ਕਰ ਕੇ ਸੱਤਾ ਵਿਚ ਆਏ ਸਨ। ਉਨ੍ਹਾਂ ਕਿਹਾ ਕਿ ਹਰੇਕ ਦੇ ਖਾਤੇ ਵਿਚ 15-15 ਲੱਖ ਰੁਪਏ ਆਉਣ ਦੇ ਵਾਅਦੇ ਅਤੇ ਦਾਅਵੇ ਕੀਤੇ ਗਏ ਸਨ, ਪਰ ਨਾ ਤਾਂ ਖਾਤਿਆਂ ਵਿਚ ਪੈਸੇ ਆਏ ਤੇ ਨਾ ਹੀ ਹਰ ਸਾਲ 2 ਕਰੋੜ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ, ਉਲਟਾ ਸ੍ਰੀ ਮੋਦੀ ਦੇ ਚਹੇਤੇ ਹੀ ਸਰਕਾਰੀ ਬੈਂਕਾਂ 'ਚੋਂ ਪੈਸਾ ਲੈ ਕੇ ਭੱਜ ਗਏ।

## ਹਰ ਪੰਜਵੇਂ ਦਿਨ 'ਭਾਰਤ ਦਰਸ਼ਨ' ਉਤੇ ਨਿਕਲੇ ਮੋਦੀ

**ਬਠਿੰਡਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਔਸਤਨ ਹਰ ਪੰਜਵੇਂ ਦਿਨ 'ਭਾਰਤ ਦਰਸ਼ਨ' ਉਤੇ ਨਿਕਲੇ ਹਨ। ਨਰਿੰਦਰ ਮੋਦੀ ਪੰਜਾਬ 9 ਵਾਰ ਆਏ। ਪ੍ਰਧਾਨ ਮੰਤਰੀ ਮੋਦੀ ਆਖਰੀ ਦਫਾ 11 ਜੁਲਾਈ ਨੂੰ ਮਲੋਟ ਰੈਲੀ ਵਿਚ ਪੁੱਜੇ ਸਨ। ਬੇਸ਼ੱਕ ਨਰਿੰਦਰ ਮੋਦੀ ਦੇ ਵਿਦੇਸ਼ ਦੌਰੇ ਦੀ ਚਰਚਾ ਹਮੇਸ਼ਾ ਅਸਮਾਨੀਂ ਚੜ੍ਹੀ ਰਹਿੰਦੀ ਹੈ ਪਰ ਉਨ੍ਹਾਂ ਨੇ ਦੇਸ਼ ਦੇ ਦੌਰੇ ਵੀ ਕੀਤੇ ਹਨ। ਖਾਸ ਕਰਕੇ ਚੋਣਾਂ ਵਾਲੇ ਦਿਨਾਂ ਵਿਚ ਉਨ੍ਹਾਂ ਨੇ ਦੇਸ਼ ਵਿਚ ਵਧੇਰੇ ਗੇੜੇ ਕੱਢੇ ਹਨ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਹੁਣ ਤੱਕ ਦੇਸ਼ ਵਿਚ 334 ਦੌਰੇ ਕਰ ਚੁੱਕੇ ਹਨ। ਮਤਲਬ ਕਿ ਉਹ ਔਸਤਨ ਹਰ ਪੰਜਵੇਂ ਦਿਨ ਦੇਸ਼ ਦੇ ਦੌਰੇ 'ਤੇ ਰਹੇ ਹਨ।

ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਮੋਦੀ ਪੰਜਾਬ ਵਿਚ ਫਰੀਦਕੋਟ, ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ, ਫਿਰੋਜ਼ਪੁਰ, ਬਠਿੰਡਾ ਤੇ ਸ੍ਰੀ ਅਨੰਦਪੁਰ ਸਾਹਿਬ ਦਾ ਦੌਰਾ ਕਰ ਚੁੱਕੇ ਹਨ ਜਦੋਂ ਕਿ ਇਕ ਦਫਾ ਸ੍ਰੀ ਅਨੰਦਪੁਰ ਸਾਹਿਬ ਦਾ 19 ਜੂਨ 2015 ਦਾ ਦੌਰਾ ਰੱਦ ਵੀ ਹੋ ਗਿਆ ਸੀ। ਪ੍ਰਧਾਨ ਮੰਤਰੀ ਵਜੋਂ ਮੋਦੀ ਨੇ 25 ਨਵੰਬਰ 2016 ਨੂੰ ਬਠਿੰਡਾ 'ਚ ਏਮਜ਼ ਇੰਸਟੀਚਿਊਟ ਦਾ ਨੀਂਹ ਪੱਥਰ ਰੱਖਿਆ ਸੀ। ਲੋਕ ਸਭਾ ਚੋਣਾਂ ਦੌਰਾਨ ਵੀ



ਚੋਣ ਰੈਲੀਆਂ ਨੂੰ ਸੰਬੋਧਨ ਕਰਨ ਲਈ ਪੰਜਾਬ ਪੁੱਜੇ ਸਨ। ਪ੍ਰਧਾਨ ਮੰਤਰੀ ਹੁਣ ਪੰਜਾਬ ਆਉਣ ਤੋਂ ਪਹਿਲਾਂ ਅੰਡੇਮਾਨ ਨਿਕੋਬਾਰ ਦੇ ਦੋ ਦਿਨਾਂ ਦੌਰਾ ਕਰਕੇ ਆਏ ਹਨ ਅਤੇ 27 ਦਸੰਬਰ ਨੂੰ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਪੁੱਜੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਗੁਜਰਾਤ ਦੇ ਸਾਲ 2018 ਦੌਰਾਨ ਤਿੰਨ ਦੌਰੇ ਕੀਤੇ ਹਨ ਅਤੇ ਚਾਰ ਦਿਨ ਗੁਜਰਾਤ ਵਿਚ ਗੁਜ਼ਾਰੇ ਹਨ। ਇਸੇ ਤਰ੍ਹਾਂ ਚਾਰ ਦੌਰੇ ਹੀ ਰਾਜਸਥਾਨ ਦੇ ਕੀਤੇ ਹਨ।

ਮੋਦੀ ਦੇ ਦੇਸ਼ ਦੇ ਬਹੁਤੇ ਦੌਰੇ ਗੈਰ ਸਰਕਾਰੀ ਹਨ ਅਤੇ ਖਾਸ ਕਰਕੇ ਚੋਣ ਪ੍ਰਚਾਰ ਦੇ ਦੌਰੇ ਇਸ ਕੈਟਾਗਰੀ ਵਿਚ ਆਉਂਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਸਾਲ 2014 ਵਿਚ ਦੇਸ਼ ਦੇ 68 ਦੌਰੇ ਕੀਤੇ ਸਨ ਜਦੋਂ ਕਿ 2015 ਵਿਚ ਮੋਦੀ ਨੇ ਦੇਸ਼ ਦੇ 55 ਦੌਰੇ ਕੀਤੇ ਹਨ। ਸਾਲ 2016 ਵਿਚ ਦੇਸ਼ ਦੇ 60 ਦੌਰੇ ਕੀਤੇ ਹਨ ਅਤੇ ਸਾਲ 2017 ਵਿਚ ਸਭ ਤੋਂ ਵੱਧ ਦੇਸ਼ ਦੇ 85 ਦੌਰੇ ਕੀਤੇ ਹਨ। ਸਾਲ 2018 ਦੌਰਾਨ ਮੋਦੀ ਨੇ ਦੇਸ਼ ਦੇ 66 ਦੌਰੇ ਰਹੇ ਅਤੇ ਇਸ ਵਰ੍ਹੇ ਦੌਰਾਨ ਉਨ੍ਹਾਂ ਦੇਸ਼ ਦੇ ਦੌਰਿਆਂ ਵਿਚ 76 ਦਿਨ ਗੁਜ਼ਾਰੇ। ਮੋਦੀ ਨੇ ਦਸੰਬਰ ਦੇ ਮਹੀਨੇ ਵਿਚ ਦੇਸ਼ ਦੇ 9 ਦੌਰੇ ਕੀਤੇ ਅਤੇ ਨਵੰਬਰ ਮਹੀਨੇ ਵਿਚ 7 ਦੌਰੇ ਕੀਤੇ ਸਨ। ਉਸ ਤੋਂ ਪਹਿਲਾਂ ਜੁਲਾਈ ਮਹੀਨੇ ਵਿਚ ਦੇਸ਼ ਦੇ ਮੋਦੀ ਨੇ 8 ਦੌਰੇ ਕੀਤੇ ਸਨ।

## ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ ਸਿੱਖ ਕਤਲੇਆਮ ਦੇ ਪੀੜਤ

**ਚੰਡੀਗੜ੍ਹ:** 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੀ ਦਰਦ ਭਰੀ ਦਾਸਤਾਨ ਸੁਣਾਈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਤੋਂ ਮੰਗ ਵੀ ਕੀਤੀ ਕਿ ਸਿੱਖਾਂ ਦੇ ਕਤਲੇਆਮ 'ਚ ਸ਼ਾਮਲ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਸ਼ਾਮਿਲ ਸੀ, ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਗਿਆ ਹੈ। ਬੀਬੀ ਜਗਦੀਸ਼ ਕੌਰ ਅਤੇ ਨਿਰਪ੍ਰੀਤ ਕੌਰ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਇਸ ਕਤਲੇਆਮ ਦੌਰਾਨ ਕਤਲ ਕਰ ਦਿੱਤੇ ਗਏ, ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀਆਂ ਜ਼ਿੰਦਗੀਆਂ ਲਈ ਅਜੇ ਵੀ ਖਤਰਾ ਬਣਿਆ ਹੋਇਆ ਹੈ ਕਿਉਂਕਿ



ਸਮੇਤ ਸਾਰੇ ਕਾਂਗਰਸੀ ਆਗੂਆਂ ਨੂੰ ਸਜ਼ਾਵਾਂ ਦਿਵਾਈਆਂ ਜਾਣ।

ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਸਰਕਾਰ ਵੱਲੋਂ ਹਰ ਤਰ੍ਹਾਂ ਦਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਪੀੜਤ ਪਰਿਵਾਰਾਂ, ਜਿਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ ਅਕਾਲੀ ਆਗੂ ਵੀ ਸਨ, ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਕਤਲ ਕੀਤਾ ਗਿਆ। ਕਾਂਗਰਸ ਪਾਰਟੀ ਸਿੱਖਾਂ ਦੇ ਕਤਲੇਆਮ 'ਚ ਸ਼ਾਮਲ ਕਾਂਗਰਸੀ ਆਗੂਆਂ ਨੂੰ 34 ਸਾਲਾਂ ਤੋਂ ਸ਼ਰਨ ਦੇ ਰਹੀ ਹੈ ਅਤੇ ਕਮਲ ਨਾਥ, ਜੋ ਗੁਰਦੁਆਰਾ ਰਕਾਬਗੰਜ ਸਾਹਮਣੇ ਸਮੂਹਿਕ ਕਤਲੇਆਮ 'ਚ ਉਨ੍ਹਾਂ ਨੇ ਕਾਂਗਰਸੀ ਆਗੂਆਂ ਖਿਲਾਫ ਗਵਾਹੀ ਦਿੱਤੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਪਹਿਲਾਂ ਦੀਆਂ ਕਾਂਗਰਸ ਸਰਕਾਰਾਂ ਨੇ ਦਿੱਲੀ ਪੁਲਿਸ 'ਤੇ ਸਬੂਤ ਨਸ਼ਟ ਕਰਨ ਤੇ ਕੇਸ ਬੰਦ ਕਰਨ ਦਾ ਦਬਾਅ ਪਾਇਆ। ਉਨ੍ਹਾਂ ਨੇ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰਨ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ, ਐਸ.ਆਈ.ਟੀ. ਨੇ ਕਾਂਗਰਸ ਸਰਕਾਰ ਵੱਲੋਂ ਬੰਦ ਕੀਤੇ ਕੇਸਾਂ ਨੂੰ ਮੁੜ ਖੋਲ੍ਹਿਆ। ਪੀੜਤ ਪਰਿਵਾਰਾਂ ਨੇ ਕਿਹਾ ਕਿ ਇਸ ਕਦਮ ਨੇ ਪਹਿਲਾਂ ਹੀ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ ਸਨ, ਜਿਸ ਤਹਿਤ ਇਕ ਕੇਸ 'ਚ ਦੋ ਵਿਅਕਤੀ ਦੋਸ਼ੀ ਪਾਏ ਗਏ। ਮੀਟਿੰਗ ਬਾਰੇ ਜਾਣਕਾਰੀ ਦਿੰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਔਰਤਾਂ ਦੀ ਬਹਾਦਰੀ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਨਿਆਂ ਦੀ ਲੜਾਈ 'ਚ ਤਾਕਤਵਰ ਕਾਂਗਰਸੀ ਆਗੂਆਂ ਖਿਲਾਫ ਗਵਾਹੀ ਦਿੱਤੀ।

## ਕਰਜ਼ਾ ਮੁਆਫੀ ਨੇ ਬੈਂਕਾਂ ਲਈ ਲਿਆਂਦਾ ਮੰਦੀ ਦਾ ਦੌਰ

**ਬਠਿੰਡਾ:** ਪੰਜਾਬ ਦੇ ਕਿਸਾਨ ਹੁਣ 'ਕਰਜ਼ਾ ਮੁਆਫੀ' ਮਗਰੋਂ ਕਿਸ਼ਤਾਂ ਭਰਨ ਤੋਂ ਟਲਣ ਲੱਗੇ ਹਨ। ਹਾਲਾਂਕਿ ਖੇਤੀ ਵਿਕਾਸ ਬੈਂਕ ਕਰਜ਼ਾ ਮੁਆਫੀ ਵਿਚ ਨਹੀਂ ਆਉਂਦੇ ਹਨ। ਉਪਰੋਂ ਹੁਣ ਜਦੋਂ ਕਿਸਾਨਾਂ ਨੇ ਨਵੇਂ ਸਾਲ ਤੋਂ ਖੇਤੀ ਵਿਕਾਸ ਬੈਂਕਾਂ ਅੱਗੇ ਧਰਨੇ ਮਾਰੇ ਹਨ, ਖੇਤੀ ਵਿਕਾਸ ਬੈਂਕਾਂ ਦੀ ਵਸੂਲੀ ਦਰ ਮੂਧੇ ਮੂੰਹ ਡਿੱਗੀ ਹੈ। ਬੈਂਕ ਅਧਿਕਾਰੀ ਇਸ ਗੱਲੋਂ ਫਿਕਰਮੰਦ ਹਨ ਕਿ ਅੱਗੇ ਲੋਕ ਸਭਾ ਚੋਣਾਂ ਹਨ ਤੇ ਕਿਸਾਨਾਂ 'ਤੇ ਕੋਈ ਦਬਾਅ ਵੀ ਨਹੀਂ ਬਣਾਇਆ ਜਾ ਸਕੇਗਾ।

ਪੰਜਾਬ ਭਰ ਵਿਚ 89 ਖੇਤੀ ਵਿਕਾਸ ਬੈਂਕ ਹਨ, ਜਿਨ੍ਹਾਂ ਵਿਚੋਂ ਸਭ ਤੋਂ ਮੰਦਾ ਹਾਲ ਨਰਮਾ ਪੱਟੀ ਦੇ ਖੇਤੀ ਵਿਕਾਸ ਬੈਂਕਾਂ ਦਾ ਹੈ, ਜਿਥੇ ਵਸੂਲੀ ਦਰ ਸਭ ਤੋਂ ਵੱਧ ਪ੍ਰਭਾਵਿਤ ਹੋਈ ਹੈ। ਉਂਜ, ਅੱਜ ਖੇਤੀ ਵਿਕਾਸ ਬੈਂਕਾਂ ਨੂੰ ਪੰਜਾਬ ਭਰ 'ਚੋਂ 2.50 ਕਰੋੜ ਦੀ ਵਸੂਲੀ ਮਿਲੀ ਹੈ। ਵੇਰਵਿਆਂ ਅਨੁਸਾਰ ਖੇਤੀ ਵਿਕਾਸ ਬੈਂਕਾਂ ਨੇ ਐਤਕੀਂ ਦੇ ਸੀਜ਼ਨ ਵਿਚ 1.03 ਲੱਖ ਕਰਜ਼ਈ ਕਿਸਾਨਾਂ ਤੋਂ 1886 ਕਰੋੜ ਰੁਪਏ ਦੀ ਵਸੂਲੀ ਕਰਨੀ ਸੀ, ਜਿਸ ਵਿਚੋਂ ਹੁਣ ਤੱਕ ਸਿਰਫ 297 ਕਰੋੜ ਦੀ ਵਸੂਲੀ ਹੋਈ ਹੈ। ਇਨ੍ਹਾਂ ਬੈਂਕਾਂ ਦੀ ਹੁਣ ਤੱਕ ਦੀ ਵਸੂਲੀ ਦਰ 15.77 ਫੀਸਦੀ ਬਣਦੀ ਹੈ ਜਦੋਂ ਕਿ ਪਿਛਲੇ ਵਰ੍ਹੇ ਇਹੋ ਵਸੂਲੀ ਦਰ 19.40 ਫੀਸਦੀ ਸੀ। ਸਪਸ਼ਟ ਹੈ ਕਿ ਵਸੂਲੀ ਦਰ ਪਿਛਲੇ ਵਰ੍ਹੇ ਨਾਲੋਂ ਚਾਰ ਫੀਸਦੀ ਹੇਠਾਂ ਡਿੱਗੀ ਹੈ। ਪੰਜਾਬ ਭਰ ਵਿਚ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰ ਕਿਸਾਨਾਂ ਦੀ ਗਿਣਤੀ 72 ਹਜ਼ਾਰ ਬਣਦੀ ਹੈ, ਜਿਨ੍ਹਾਂ ਵੱਲ 1459 ਕਰੋੜ ਦੇ ਬਕਾਏ ਖੜ੍ਹੇ ਹਨ। ਹੁਣ ਤੱਕ 72 ਹਜ਼ਾਰ ਵਿਚੋਂ ਸਿਰਫ 13,680 ਡਿਫਾਲਟਰ ਕਿਸਾਨਾਂ ਨੇ ਕਿਸ਼ਤਾਂ ਭਰੀਆਂ ਹਨ। ਖੇਤੀ ਵਿਕਾਸ ਬੈਂਕਾਂ ਦੀ ਵਸੂਲੀ ਦੇ ਅੰਤਿਮ ਦਿਨ ਚੱਲ ਰਹੇ ਹਨ।

ਡਿਫਾਲਟਰਾਂ ਨੇ ਸਿਰਫ 166 ਕਰੋੜ ਹੀ ਭਰੇ ਹਨ। ਸੂਤਰ ਦੱਸਦੇ ਹਨ ਕਿ ਕਰਜ਼ਾ ਮੁਆਫੀ ਮਗਰੋਂ ਕਿਸਾਨਾਂ ਨੂੰ ਕਿਸ਼ਤਾਂ ਭਰਨ ਦਾ ਬਹੁਤਾ ਫਿਕਰ ਨਹੀਂ ਰਿਹਾ ਹੈ। ਪਿੰਡਾਂ ਵਿਚੋਂ ਪਤਾ ਲੱਗਾ ਕਿ ਕਿਸਾਨ ਪਹਿਲਾਂ ਵਾਂਗੂ ਹੁਣ ਕਿਸ਼ਤਾਂ ਤਾਰਨ ਲਈ ਚਿੰਤਤ ਨਹੀਂ ਹੁੰਦੇ। ਚੋਣਾਂ ਵਾਲਾ ਸਾਲ ਹੋਣ ਕਰ ਕੇ ਕਿਸਾਨ ਜਾਣੀ ਜਾਣ ਹੈ ਕਿ ਕੋਈ ਸਖਤੀ ਨਹੀਂ ਹੋਣ ਲੱਗੀ। ਹਾਲਾਂਕਿ ਨਰਮਾ ਪੱਟੀ ਵਿਚ ਐਤਕੀਂ ਕਿਸਾਨਾਂ ਨੂੰ ਨਰਮੇ ਦਾ ਚੰਗਾ ਭਾਅ ਮਿਲਿਆ ਹੈ ਅਤੇ ਝੋਨੇ ਦੀ ਫਸਲ ਵੀ ਚੰਗੀ ਲੱਗੀ ਹੈ। ਚੰਗੇ ਦਿਨਾਂ ਦੇ ਬਾਵਜੂਦ ਖੇਤੀ ਵਿਕਾਸ ਬੈਂਕਾਂ ਦੀ ਵਸੂਲੀ ਦਰ ਪਿੱਛੇ ਹੋ ਗਈ ਹੈ। ਖੇਤੀ ਵਿਕਾਸ ਬੈਂਕਾਂ ਨੇ ਜੋ ਵੱਡੇ ਰਸੂਖਵਾਨ ਡਿਫਾਲਟਰ ਹਨ, ਉਨ੍ਹਾਂ ਦੀ ਸ਼ਨਾਖਤ ਤਾਂ ਕੀਤੀ ਹੈ ਪਰ ਹੁਣ ਬੈਂਕ ਪ੍ਰਬੰਧਕ ਰਸੂਖਵਾਨਾਂ ਨੂੰ ਹੱਥ ਪਾਉਣ ਤੋਂ ਟਲਣ ਲੱਗੇ ਹਨ। ਹਾਲਾਂਕਿ ਪਿਛਲੇ ਦੋ ਵਰ੍ਹਿਆਂ ਵਿਚ ਰਸੂਖਵਾਨਾਂ ਤੋਂ ਕਾਫੀ ਡੁੱਬੀ ਰਾਸ਼ੀ ਕਢਵਾਉਣ ਵਿਚ ਬੈਂਕ ਸਫਲ ਵੀ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਪਹਿਲੀ ਜਨਵਰੀ ਤੋਂ ਖੇਤੀ ਵਿਕਾਸ ਬੈਂਕਾਂ ਅੱਗੇ ਦਿਨ ਰਾਤ ਦੇ ਧਰਨੇ ਸ਼ੁਰੂ ਕੀਤੇ ਹਨ। ਬੈਂਕਾਂ ਵੱਲੋਂ ਚੈੱਕਾਂ ਦੇ ਰਸਤੇ ਕਿਸਾਨਾਂ ਨੂੰ ਘੇਰੇ ਜਾਣ ਦੇ ਵਿਰੋਧ ਵਿਚ ਕਿਸਾਨ ਨਿੱਤਰੇ ਹੋਏ ਹਨ। ਕਿਸਾਨ ਧਰਨਿਆਂ ਨੇ ਉਨ੍ਹਾਂ ਕਿਸਾਨਾਂ ਦੇ ਹੱਥ ਵੀ ਰੋਕ ਲਏ ਹਨ, ਜੋ ਦੇਰ ਸਵੇਰ ਕਿਸ਼ਤਾਂ ਤਾਰਨ ਵਾਲੇ ਸਨ।

ਬੈਂਕ ਅਧਿਕਾਰੀ ਮੰਨਦੇ ਹਨ ਕਿ ਬੈਂਕਾਂ ਦੀ ਵਸੂਲੀ ਪ੍ਰਭਾਵਿਤ ਹੋਈ ਹੈ। ਇਹ ਵੀ ਆਖਦੇ ਹਨ ਕਿ ਜਦੋਂ ਅਗਲੀ ਫਸਲ ਦੀ ਵਸੂਲੀ ਸ਼ੁਰੂ ਹੋਵੇਗੀ, ਉਦੋਂ ਲੋਕ ਸਭਾ ਚੋਣਾਂ ਸਿਰ 'ਤੇ ਹੋਣਗੀਆਂ, ਜਿਸ ਕਰਕੇ ਬੈਂਕਾਂ ਦੀ ਵਸੂਲੀ ਹੋਰ ਘਟਣ ਦਾ ਖਦਸ਼ਾ ਹੈ। ਦੱਸਣਯੋਗ ਹੈ ਕਿ ਨਾਬਾਰਡ ਨੇ ਤਾਂ ਪਹਿਲਾਂ ਹੀ ਕਈ ਖੇਤੀ ਵਿਕਾਸ ਬੈਂਕਾਂ ਨੂੰ ਨਵੇਂ ਕਰਜ਼ੇ ਦੇਣੇ ਬੰਦ ਕੀਤੇ ਹਨ। ਮਾਨਸਾ ਜ਼ਿਲ੍ਹੇ ਦੇ ਮਾਨਸਾ, ਬੁਢਲਾਡਾ, ਸਰਦੂਲਗੜ੍ਹ ਅਤੇ ਬਠਿੰਡਾ ਦੇ ਰਾਮਾਂ ਮੰਡੀ, ਤਲਵੰਡੀ ਸਾਬੋ ਬੈਂਕਾਂ ਦਾ ਵਸੂਲੀ ਮਾਮਲੇ ਵਿਚ ਕਾਫੀ ਮਾੜਾ ਹਾਲ ਹੈ। ਹੁਣ ਜਿਨ੍ਹਾਂ ਹੋਰ ਬੈਂਕਾਂ ਦੀ ਵਸੂਲੀ ਹੋਰ ਘਟੇਗੀ, ਉਨ੍ਹਾਂ ਬੈਂਕਾਂ ਨੂੰ ਵੀ ਨਵੇਂ ਕਰਜ਼ੇ ਤੋਂ ਇਨਕਾਰ ਹੋ ਸਕਦਾ ਹੈ।

## ਅਜੈ ਮਾਕਨ ਨੇ ਦਿੱਲੀ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ ਦਿੱਤਾ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਸੀਨੀਅਰ ਕਾਂਗਰਸੀ ਆਗੂ ਅਜੈ ਮਾਕਨ ਨੇ ਦਿੱਲੀ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਪਾਰਟੀ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਕਰ ਲਿਆ ਹੈ। ਸ੍ਰੀ ਮਾਕਨ ਨੇ ਸਿਹਤ ਕਾਰਨਾਂ ਕਾਰਨ ਅਸਤੀਫਾ ਦਿੱਤਾ ਹੈ, ਪਰ ਮੰਨਿਆ ਜਾ ਰਿਹਾ ਹੈ ਕਿ ਉਹ ਆਮ ਆਦਮੀ ਪਾਰਟੀ ਨਾਲ ਦਿੱਲੀ ਵਿਚ ਲੋਕ ਸਭਾ ਚੋਣਾਂ ਦੌਰਾਨ ਕਿਸੇ ਤਰ੍ਹਾਂ ਦੇ ਸੰਭਾਵੀ ਗੱਠਜੋੜ ਦੇ ਖਿਲਾਫ ਸਨ। ਸ੍ਰੀ ਮਾਕਨ ਨੇ ਬੀਤੀ ਸ਼ਾਮ ਰਾਹੁਲ ਗਾਂਧੀ ਨਾਲ ਮੁਲਾਕਾਤ ਕਰ ਕੇ ਸਤੰਬਰ 2018 ਨੂੰ ਦਿੱਤੇ ਗਏ ਅਸਤੀਫੇ ਬਾਰੇ ਜ਼ਿਕਰ ਕੀਤਾ ਤੇ ਜ਼ੋਰ ਦੇ ਕੇ ਆਪਣਾ ਅਸਤੀਫਾ ਮਨਜ਼ੂਰ ਕਰਨ ਦੀ ਅਪੀਲ ਕੀਤੀ ਸੀ। ਹਾਲਾਂਕਿ ਸਤੰਬਰ 2018 ਨੂੰ ਸ੍ਰੀ ਮਾਕਨ ਵੱਲੋਂ ਦਿੱਤੇ ਅਸਤੀਫੇ ਦਾ ਕਾਂਗਰਸ ਵੱਲੋਂ ਖੰਡਨ ਕੀਤਾ ਜਾ ਰਿਹਾ ਸੀ।

# ਸ਼ਰਧਾਲੂਆਂ ਨੇ ਗੁਰਦੁਆਰਿਆਂ 'ਚ ਚੜ੍ਹਾਏ 30 ਲੱਖ ਤੋਂ ਵੱਧ ਪੁਰਾਣੇ ਨੋਟ



**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਕੀਤੀ ਗਈ ਨੋਟਬੰਦੀ ਦੌਰਾਨ ਸ਼੍ਰੋਮਣੀ ਕਮੇਟੀ ਕੋਲ ਸ੍ਰੀ ਹਰਿਮੰਦਰ ਸਾਹਿਬ ਸਮੇਤ ਵੱਖ-ਵੱਖ ਗੁਰਦੁਆਰਿਆਂ ਦੀਆਂ ਗੋਲਕਾਂ ਵਿਚ ਸ਼ਰਧਾਲੂਆਂ ਵੱਲੋਂ ਚੜ੍ਹਾਵੇ ਵਜੋਂ ਭੇਟ ਕੀਤੀ ਗਈ ਪੁਰਾਣੀ ਕਰੰਸੀ ਦੇ ਲਗਭਗ 30 ਲੱਖ 45 ਹਜ਼ਾਰ ਰੁਪਏ ਦੀ ਰਕਮ ਇਕੱਠੀ ਹੋਈ ਹੈ। ਇਸ ਨੂੰ ਤਬਦੀਲ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਭਾਰਤੀ ਰਿਜ਼ਰਵ ਬੈਂਕ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ। ਇਹ ਪੱਤਰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਵੱਲੋਂ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨੂੰ ਲਿਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਇਸ ਤੋਂ ਪਹਿਲਾਂ ਵੀ ਭਾਰਤੀ ਰਿਜ਼ਰਵ ਬੈਂਕ ਨੂੰ ਇਸ ਸਬੰਧੀ ਪੱਤਰ ਭੇਜ ਚੁੱਕੀ ਹੈ ਤੇ ਰਿਜ਼ਰਵ ਬੈਂਕ ਨੇ ਇਹ ਪੁਰਾਣੀ ਕਰੰਸੀ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ। ਹੁਣ ਮੁੜ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਰਿਜ਼ਰਵ ਬੈਂਕ ਨੂੰ ਪੱਤਰ ਭੇਜ ਕੇ ਪੁਰਾਣੀ ਕਰੰਸੀ ਲੈਣ ਦੀ ਅਪੀਲ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ 31 ਮਾਰਚ, 2017 ਤੋਂ 31 ਜੁਲਾਈ 2017 ਤੱਕ ਸ੍ਰੀ ਹਰਿਮੰਦਰ ਸਾਹਿਬ ਸਮੇਤ ਵੱਖ ਵੱਖ ਗੁਰਦੁਆਰਿਆਂ ਦੀਆਂ ਗੋਲਕਾਂ ਵਿਚ ਸੰਗਤ ਵੱਲੋਂ ਪੁਰਾਣੀ ਕਰੰਸੀ ਦੇ ਨੋਟ ਚੜ੍ਹਾਵੇ ਵਜੋਂ ਭੇਟ ਕੀਤੇ ਗਏ ਹਨ। ਇਹ ਸਿਲਸਿਲਾ ਬਾਅਦ ਵਿਚ ਵੀ ਜਾਰੀ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ 31 ਜੁਲਾਈ 2017 ਤੱਕ ਪੁਰਾਣੀ ਕਰੰਸੀ ਦੇ ਆਏ ਨੋਟਾਂ ਦਾ ਜਦੋਂ ਜੋੜ ਕੀਤਾ ਗਿਆ ਤਾਂ ਇਹ ਰਕਮ 30 ਲੱਖ 45 ਹਜ਼ਾਰ ਰੁਪਏ ਦੀ ਸੀ। ਇਸ ਤੋਂ ਬਾਅਦ ਵਿਚ ਆਏ ਅਜਿਹੇ ਪੁਰਾਣੇ ਨੋਟਾਂ ਨੂੰ 'ਖੋਟੇ ਸਿੱਕੇ ਦੀ ਗੋਲਕ' ਵਿਚ ਸ਼ਾਮਲ ਕਰ ਦਿੱਤਾ ਗਿਆ ਅਤੇ ਬਾਕੀ ਅਜਿਹੀ ਰਕਮ ਦਾ ਕੋਈ ਹਿਸਾਬ ਕਿਤਾਬ ਨਹੀਂ। ਉਨ੍ਹਾਂ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਨੂੰ ਮੁੜ ਪੱਤਰ ਭੇਜ ਕੇ ਪੁਰਾਣੇ ਨੋਟ ਲੈਣ ਦੀ ਅਪੀਲ ਕੀਤੀ ਗਈ ਹੈ। ਮੁੱਖ ਸਕੱਤਰ ਨੇ ਦੱਸਿਆ ਕਿ ਪੱਤਰ ਵਿਚ ਬੈਂਕ ਨੂੰ ਦੱਸਿਆ ਗਿਆ ਹੈ ਕਿ ਇਸ ਪੁਰਾਣੀ ਕਰੰਸੀ ਸਬੰਧੀ ਉਨ੍ਹਾਂ ਕੋਲ ਸਾਰਾ ਰਿਕਾਰਡ ਹੈ ਅਤੇ ਇਹ ਪੁਰਾਣੀ ਨਕਦੀ ਸੰਗਤ ਵੱਲੋਂ ਚੜ੍ਹਾਵੇ ਵਜੋਂ ਹੀ ਭੇਟ ਕੀਤੀ ਗਈ ਸੀ।

ਉਨ੍ਹਾਂ ਆਖਿਆ ਕਿ ਸੰਗਤ ਨੂੰ ਦਾਨ ਵਿਚ ਪੁਰਾਣੀ ਕਰੰਸੀ ਭੇਟ ਕਰਨ ਤੋਂ ਰੋਕ ਨਹੀਂ ਸਕਦੇ ਕਿਉਂਕਿ ਇਹ ਸੰਗਤ ਦਾ ਨਿੱਜੀ ਮਾਮਲਾ ਹੈ। ਇਹ ਦਾਨ ਦੀ ਰਕਮ ਕਦੋਂ ਤੇ ਕਿਹੜੇ ਗੁਰਦੁਆਰੇ ਵਿਚੋਂ ਆਈ, ਇਸ ਸਬੰਧੀ ਸ਼੍ਰੋਮਣੀ ਕਮੇਟੀ ਕੋਲ ਸਾਰੇ ਵੇਰਵੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਿਸੇ ਦੀ ਨਿੱਜੀ ਨਕਦੀ ਨਹੀਂ ਹੈ, ਸਗੋਂ ਸੰਸਥਾ ਨੂੰ ਸ਼ਰਧਾਲੂਆਂ ਵੱਲੋਂ ਦਾਨ ਵਜੋਂ ਭੇਟ ਕੀਤੀ ਹੋਈ ਨਕਦੀ ਹੈ। ਇਸ ਲਈ ਪੁਰਾਣੇ ਨੋਟਾਂ ਦੀ ਇਸ ਨਕਦੀ ਨੂੰ ਜਮ੍ਹਾਂ ਕੀਤਾ ਜਾਵੇ ਤੇ ਇਸ ਨੂੰ ਤਬਦੀਲ ਕੀਤਾ ਜਾਵੇ। ਜਾਣਕਾਰੀ ਅਨੁਸਾਰ ਨੋਟਬੰਦੀ ਸਬੰਧੀ ਤੁਰਤ ਹਦਾਇਤ ਜਾਰੀ ਕੀਤੇ ਜਾਣ ਕਾਰਨ ਉਸ ਵੇਲੇ ਸ਼੍ਰੋਮਣੀ ਕਮੇਟੀ ਨੂੰ ਲਗਭਗ ਦਸ ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ। ਇਹ ਨੁਕਸਾਨ ਦਾਨ ਵਜੋਂ ਭੇਟ ਕੀਤੀ ਗਈ ਪੁਰਾਣੇ ਨੋਟਾਂ ਵਾਲੀ ਰਕਮ ਨਾ ਲੈਣ ਕਾਰਨ ਹੋਇਆ ਸੀ। ਸ਼੍ਰੋਮਣੀ ਕਮੇਟੀ ਨੇ 9 ਨਵੰਬਰ 2016 ਤੋਂ ਹੀ ਪੁਰਾਣੇ ਨੋਟ ਲੈਣੇ ਬੰਦ ਕਰ ਦਿੱਤੇ ਸਨ।

### ਸ਼੍ਰੋਮਣੀ ਕਮੇਟੀ ਕੋਲ ਪੁਰਾਣੇ ਨੋਟਾਂ 'ਤੇ ਉਠੇ ਸਵਾਲ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਪਈ ਲੱਖਾਂ ਰੁਪਏ ਦੀ ਪੁਰਾਣੀ ਕਰੰਸੀ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਸ ਦੀ ਜਾਂਚ ਮੰਗੀ ਹੈ। ਉਨ੍ਹਾਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਉਨ੍ਹਾਂ ਦੇ ਦਫਤਰ ਵੱਲੋਂ ਆਰ.ਬੀ.ਆਈ. ਨੂੰ ਲੱਖਾਂ ਰੁਪਏ ਦੀ ਪੁਰਾਣੀ ਕਰੰਸੀ ਤਬਦੀਲ ਕਰਨ ਸਬੰਧੀ ਲਿਖੇ ਗਏ ਪੱਤਰ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਸ. ਮਾਨ ਨੇ ਕਿਹਾ ਕਿ ਨਵੰਬਰ 2016 'ਚ ਹੋਈ ਨੋਟਬੰਦੀ ਦੌਰਾਨ ਜਦੋਂ ਭਾਰਤ ਦੀਆਂ ਵੱਡੀਆਂ-ਵੱਡੀਆਂ ਸੰਸਥਾਵਾਂ, ਉਦਯੋਗਪਤੀਆਂ, ਕਾਰੋਬਾਰੀਆਂ ਤੇ ਆਮ ਲੋਕਾਂ ਨੇ ਰਿਜ਼ਰਵ ਬੈਂਕ ਆਫ ਇੰਡੀਆ ਦੀਆਂ ਹਦਾਇਤਾਂ ਅਨੁਸਾਰ ਨੋਟਬੰਦੀ ਤੋਂ ਪਹਿਲਾਂ ਚੱਲਣ ਵਾਲੀ ਕਰੰਸੀ ਨੂੰ ਦਿੱਤੇ ਗਏ ਸਮੇਂ ਵਿਚ ਤਬਦੀਲ ਕਰਵਾਇਆ ਹੈ ਤਾਂ ਸ਼੍ਰੋਮਣੀ ਕਮੇਟੀ ਨੂੰ ਆਪਣੇ ਇਸ ਖਜ਼ਾਨੇ ਨੂੰ ਬਦਲਣ ਲਈ ਦੋ ਸਾਲ ਬਾਅਦ ਕਿਉਂ ਯਾਦ ਆਈ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਦੇ 2 ਸਾਲ ਬਾਅਦ ਰਿਜ਼ਰਵ ਬੈਂਕ ਨੂੰ ਗੋਲਕਾਂ ਵਿਚ ਆਈ ਭੇਟਾ ਦਾ ਨਾਮ ਦੇ ਕੇ ਕਰੰਸੀ ਤਬਦੀਲ ਕਰਨ ਦੀ ਜੋ ਮੰਗ ਕੀਤੀ ਗਈ ਹੈ, ਉਹ ਸਿਆਸਤਦਾਨਾਂ ਵੱਲੋਂ ਗਲਤ ਢੰਗਾਂ ਰਾਹੀ ਇਕੱਤਰ ਕੀਤੀ ਗਈ ਮਾਇਆ ਨੂੰ ਇਸ ਧਾਰਮਿਕ ਸੰਸਥਾ ਜ਼ਰੀਏ ਬਦਲਣ ਦੀ ਗੱਲ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਕੈਲੰਡਰ ਵਿਵਾਦ ਕਾਰਨ ਦੁਬਿਧਾ 'ਚ ਫਸੀ ਸੰਗਤ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਗਈ ਸੋਧ ਤੋਂ ਬਾਅਦ ਗੁਰਪੁਰਬਾਂ ਦੀਆਂ ਤਰੀਕਾਂ ਬਾਰੇ ਸਿੱਖਾਂ ਵਿਚ ਪੈਦਾ ਹੋਈ ਦੁਬਿਧਾ ਦੌਰਾਨ ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਹੁਣ ਤੱਕ ਸਿੱਖਾਂ ਨੂੰ ਕੈਲੰਡਰ ਮੁੱਦੇ 'ਤੇ ਇਕਜੁਟ ਕਰਨ ਵਿਚ ਸਫਲ ਨਹੀਂ ਹੋਈ।




ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸਬੰਧੀ ਦੁਬਿਧਾ ਵਿਚ ਫਸੀ ਸਿੱਖ ਸੰਗਤ ਵੱਲੋਂ ਇਸ ਵਰ੍ਹੇ ਵੀ ਇਹ ਗੁਰਪੁਰਬ ਦੋ ਵਾਰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ 2003 ਵਿਚ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਸੀ। ਇਸ ਕੈਲੰਡਰ ਵਿਚ ਵਧੇਰੇ ਗੁਰਪੁਰਬਾਂ ਤੇ ਹੋਰ ਦਿਨ ਤਿਉਹਾਰਾਂ ਦੀਆਂ ਤਰੀਕਾਂ ਪੱਕੀਆਂ ਨਿਰਧਾਰਿਤ ਕਰ ਦਿੱਤੀਆਂ ਗਈਆਂ ਸਨ। ਜਨਵਰੀ 2010 ਵਿਚ ਸ੍ਰੀ ਅਕਾਲ ਤਖਤ ਦੇ ਉਸ ਵੇਲੇ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਹੀ ਲਏ ਫੈਸਲੇ ਤੋਂ ਪੈਰ ਪਿਛਾਂਹ ਖਿੱਚਦਿਆਂ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕੀਤੀ ਸੀ। ਦੂਜੀ ਵਾਰ ਕੀਤੀ ਗਈ ਸੋਧ ਤੋਂ ਬਾਅਦ ਸਿੱਖਾਂ ਦੀ ਵੱਖਰੀ ਪਛਾਣ ਦਾ ਪ੍ਰਤੀਕ ਬਣੇ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਿਕਰਮੀ ਕੈਲੰਡਰ ਵਿਚ ਤਬਦੀਲ ਕਰ ਦਿੱਤਾ ਗਿਆ, ਜਿਸ ਨੂੰ ਸਿੱਖ ਕੌਮ ਦੇ ਇਕ ਹਿੱਸੇ ਨੇ ਅਪ੍ਰਵਾਨ ਕਰ ਦਿੱਤਾ ਸੀ। ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕੀਤੀ ਨੂੰ 9 ਵਰ੍ਹੇ ਬੀਤ ਚੁੱਕੇ ਹਨ ਪਰ ਗੁਰਪੁਰਬਾਂ ਦੀਆਂ ਤਰੀਕਾਂ ਸਬੰਧੀ ਹਰ ਵਰ੍ਹੇ ਦੁਬਿਧਾ ਬਣੀ ਰਹਿੰਦੀ ਹੈ।

ਇਹੀ ਕਾਰਨ ਹੈ ਕਿ ਪਿਛਲੇ 9 ਸਾਲਾਂ ਤੋਂ ਕਈ ਗੁਰਪੁਰਬ ਹਰ ਵਰ੍ਹੇ ਦੋ ਦੋ ਵਾਰ ਮਨਾਏ ਜਾ ਰਹੇ ਹਨ। ਇਸ ਵਰ੍ਹੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸੋਧੇ ਹੋਏ ਕੈਲੰਡਰ ਮੁਤਾਬਕ 13 ਜਨਵਰੀ ਨੂੰ ਲੋਹੜੀ ਵਾਲੇ ਦਿਨ ਮਨਾਇਆ ਜਾ ਰਿਹਾ ਹੈ ਜਦੋਂਕਿ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਹ ਗੁਰਪੁਰਬ 5 ਜਨਵਰੀ ਨੂੰ ਸੀ। ਜੰਮੂ ਕਸ਼ਮੀਰ ਸੂਬੇ ਵਿਚ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪਾਕਿਸਤਾਨ ਵਿਚ ਵੀ ਪੀ.ਜੀ.ਪੀ.ਸੀ. ਵੱਲੋਂ ਬੀਤੇ ਦਿਨ ਹੀ ਦਸਮ ਪਿਤਾ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਪੰਜਾਬ ਵਿਚ ਵੀ ਕਈ ਸਿੱਖ ਜਥੇਬੰਦੀਆਂ ਵੱਲੋਂ ਪ੍ਰਕਾਸ਼ ਪੁਰਬ ਮਨਾਇਆ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਹ ਗੁਰਪੁਰਬ 13 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮੰਨਿਆ ਕਿ ਕੈਲੰਡਰ ਵਿਵਾਦ ਕਾਰਨ ਸਿੱਖ ਕੌਮ ਵਿਚ ਗੁਰਪੁਰਬਾਂ ਦੀਆਂ ਤਰੀਕਾਂ ਸਬੰਧੀ ਦੁਬਿਧਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਦੁਬਿਧਾ ਦੂਰ ਕਰਨ ਲਈ ਤਖਤਾਂ ਦੇ ਜਥੇਦਾਰਾਂ ਨਾਲ ਜਲਦ ਵਿਚਾਰ ਕਰਨਗੇ।

# ਪੰਜਾਬ ਭਰ ਵਿਚ ਹੋਣਗੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ 13 ਜਨਵਰੀ ਤੋਂ 13 ਅਪਰੈਲ ਤੱਕ ਪੰਜਾਬ ਭਰ ਵਿਚ ਕਰਵਾਏ ਜਾਣਗੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਬਣਾਈ ਸਬ-ਕਮੇਟੀ ਦੀ ਇਕੱਤਰਤਾ ਇਥੇ ਸ਼੍ਰੋਮਣੀ ਕਮੇਟੀ ਮੁੱਖ ਦਫਤਰ ਵਿਚ ਜੂਨੀਅਰ ਮੀਤ ਪ੍ਰਧਾਨ ਬਿੱਕਰ ਸਿੰਘ ਚੰਨੂ ਦੀ ਅਗਵਾਈ ਹੇਠ ਹੋਈ।

ਇਸ ਦੌਰਾਨ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰ ਕੇ ਪ੍ਰਵਾਨਗੀ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਉਣ ਦੀ ਰੂਪ-ਰੇਖਾ ਉਲੀਕੀ ਗਈ ਹੈ। ਇਸ ਲੜੀ ਤਹਿਤ ਗੁਰੂ ਨਾਨਕ ਦੇਵ ਨਾਲ ਸਬੰਧਿਤ ਗੁਰਦੁਆਰਿਆਂ ਵਿਚ ਗੁਰਮਤਿ ਸਮਾਗਮ ਹੋਣਗੇ, ਜਿਸ ਵਿਚ ਰਾਗੀ, ਢਾਡੀ, ਕਵੀਸ਼ਰ ਤੇ ਪ੍ਰਚਾਰਕ/ਕਥਾ ਵਾਚਕ ਗੁਰਬਾਣੀ ਗਾਇਨ ਕਰਨਗੇ। ਹਰੇਕ ਸਮਾਗਮ ਤੋਂ ਪਹਿਲਾਂ ਅਖੰਡ ਪਾਠ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਗੁਰਮਤਿ ਸਮਾਗਮਾਂ ਦਾ ਉਦੇਸ਼ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਸੰਗਤਾਂ ਵਿਚ ਪ੍ਰਚਾਰਨਾ ਹੈ। ਇਨ੍ਹਾਂ ਸਮਾਗਮਾਂ ਦੀ ਤਿਆਰੀ ਸਬੰਧੀ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਚਾਰਕ ਜਥਿਆਂ ਦੀ ਡਿਊਟੀ ਲਾਈ ਗਈ ਹੈ, ਜੋ ਸੰਗਤਾਂ ਨਾਲ ਰਾਬਤਾ ਬਣਾਉਣਗੇ।

### ਪ੍ਰਕਾਸ਼ ਪੁਰਬ ਸਬੰਧੀ ਐਨ. ਆਰ. ਆਈ. ਸੈੱਲ ਸਥਾਪਤ ਕਰੇਗੀ ਸ਼੍ਰੋਮਣੀ ਕਮੇਟੀ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਸਮੇਂ ਵਿਦੇਸ਼ਾਂ ਤੋਂ ਗੁਰੂ ਨਾਨਕ ਨਾਮ ਲੇਵਾ ਸੰਗਤ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਐਨ.ਆਰ.ਆਈ. ਸੈੱਲ ਸਥਾਪਤ ਕੀਤਾ ਜਾਵੇਗਾ, ਤਾਂ ਜੋ ਵਿਦੇਸ਼ਾਂ ਦੀਆਂ ਸੰਗਤਾਂ ਨਾਲ ਰਾਬਤਾ ਬਣਾਇਆ ਜਾ ਸਕੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਐਲਾਨ ਕੀਤਾ ਕਿ ਗੁਰੂ ਸਾਹਿਬ ਦੇ ਫਲਸਫੇ ਨੂੰ ਵੱਖ-ਵੱਖ ਦੇਸ਼ਾਂ, ਕੌਮਾਂ, ਖਿੱਤਿਆਂ ਅਤੇ ਵਰਗਾਂ ਤੱਕ ਪਹੁੰਚਾਉਣ ਲਈ ਉਨ੍ਹਾਂ ਦੇ ਫਲਸਫੇ ਨੂੰ 13 ਭਾਸ਼ਾਵਾਂ 'ਚ ਪ੍ਰਕਾਸ਼ਿਤ ਕੀਤਾ ਜਾਵੇਗਾ।

# 'ਸਿਟ' ਦਾ ਦਾਅਵਾ, ਡੇਰਾ ਸਿਰਸਾ ਤੋਂ ਮਿਲੇ ਬੇਅਦਬੀ ਦੇ ਨਿਰਦੇਸ਼

**ਫਰੀਦਕੋਟ:** ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ 'ਸਿਟ' ਨੇ ਜ਼ਿਲ੍ਹਾ ਮੋਗਾ ਦੇ ਪਿੰਡ ਮਲਕੇ ਤੇ ਬਠਿੰਡਾ ਦੇ ਪਿੰਡ ਗੁਰੂਸਰ ਵਿਚ ਬੇਅਦਬੀ ਦੇ ਮਾਮਲੇ ਸਬੰਧੀ ਕ੍ਰਮਵਾਰ ਬਾਘਾਪੁਰਾਣਾ ਤੇ ਫੂਲ ਅਦਾਲਤ ਵਿਚ ਚਲਾਨ ਪੇਸ਼ ਕੀਤੇ ਹਨ। ਪਿੰਡ ਮਲਕੇ ਬੇਅਦਬੀ ਕੇਸ ਸਬੰਧੀ ਸਿੱਟ ਨੇ ਮੁੱਖ ਮੁਲਜ਼ਮ ਪ੍ਰਿਥੀ ਸਿੰਘ ਸਮੇਤ ਪੰਜਾਂ ਖਿਲਾਫ ਚਲਾਨ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਗੁਰੂਸਰ ਕੇਸ ਸਬੰਧੀ ਛੇ ਜਣਿਆਂ ਖਿਲਾਫ ਚਲਾਨ ਪੇਸ਼ ਕੀਤੇ ਗਏ।

ਸੂਤਰਾਂ ਨੇ ਦੱਸਿਆ ਕਿ ਗੁਰੂਸਰ ਬੇਅਦਬੀ ਕੇਸ ਸਬੰਧੀ ਤਿੰਨ ਮੁੱਖ ਮੁਲਜ਼ਮ ਪਰਦੀਪ ਕਲੇਰ, ਸਨਦੀਪ ਬਰੇਟਾ ਤੇ ਹਰਸ਼ ਧੂਰੀ ਹਾਲੇ ਤੱਕ ਫਰਾਰ ਹਨ। ਫੂਲ ਅਦਾਲਤ ਨੇ ਪਹਿਲਾਂ ਹੀ ਇਨ੍ਹਾਂ ਖਿਲਾਫ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹੋਏ ਹਨ। ਇਨ੍ਹਾਂ ਦੀ ਗ੍ਰਿਫਤਾਰੀ ਪਿੱਛੋਂ ਸਿਟ ਇਨ੍ਹਾਂ ਖਿਲਾਫ ਸਪਲੀਮੈਂਟਰੀ ਚਲਾਨ ਦਰਜ ਕਰੇਗੀ। ਸਿਟ ਮੁਖੀ ਡੀ.ਆਈ.ਜੀ. ਰਣਬੀਰ ਸਿੰਘ ਖਟਰਾ ਨੇ ਦੱਸਿਆ ਕਿ ਉਕਤ ਅਦਾਲਤਾਂ ਵਿਚ ਚਲਾਨ ਪੇਸ਼ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਤੋਂ ਬਕਾਇਦਾ ਮਨਜ਼ੂਰੀ ਲਈ ਗਈ ਹੈ। ਸੂਤਰਾਂ ਨੇ ਦੱਸਿਆ ਕਿ ਮੁੱਖ ਮੁਲਜ਼ਮ ਪ੍ਰਿਥੀ ਸਿੰਘ ਡੇਰਾ ਸਿਰਸਾ ਦੀ ਸੂਬਾ ਕਮੇਟੀ ਦਾ ਹਿੱਸਾ ਸੀ, ਉਸ ਨੂੰ ਡੇਰਾ ਪ੍ਰਬੰਧਕਾਂ ਤੋਂ ਬੇਅਦਬੀ ਕਰਨ ਦਾ ਨਿਰਦੇਸ਼ ਮਿਲਿਆ ਸੀ। ਉਸ ਨੇ ਅਮਰਦੀਪ ਤੇ ਮਿੱਠੂ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਈ।

# ਪੰਜਾਬ 'ਚ 18 ਖਾਲਿਸਤਾਨੀ ਸੰਗਠਨਾਂ ਦੇ ਪਰਦਾਫਾਸ਼ ਦਾ ਦਾਅਵਾ

**ਨਵੀਂ ਦਿੱਲੀ:** ਰਾਜ ਸਭਾ ਵਿਚ ਦਾਅਵਾ ਕੀਤਾ ਗਿਆ ਕਿ ਪਿਛਲੇ ਦੋ ਸਾਲਾਂ 'ਚ ਕੁੱਲ 18 ਖਾਲਿਸਤਾਨੀ ਸੰਗਠਨਾਂ ਦਾ ਪਰਦਾਫਾਸ਼ ਕੀਤਾ ਗਿਆ ਅਤੇ ਇਨ੍ਹਾਂ ਸੰਗਠਨਾਂ ਨਾਲ ਸਬੰਧਤ 95 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਕੇਂਦਰੀ ਗ੍ਰਹਿ ਰਾਜ ਮੰਤਰੀ ਹੰਸਰਾਜ ਅਹੀਰ ਨੇ ਕਿਹਾ ਕਿ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਅੰਮ੍ਰਿਤਸਰ ਵਿਖੇ ਹੋਏ ਇਕ ਧਾਰਮਿਕ ਇਕੱਤਰਤਾ 'ਤੇ ਹੋਏ ਗ੍ਰਨੇਡ ਹਮਲੇ 'ਚ ਸ਼ਮੂਲੀਅਤ ਦਾ ਪਤਾ ਲੱਗਾ।

18 ਨਵੰਬਰ ਨੂੰ ਅੰਮ੍ਰਿਤਸਰ ਵਿਚ ਹੋਈ ਘਟਨਾ, ਜਿਸ ਵਿਚ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਧਾਰਮਿਕ ਇਕੱਤਰਤਾ 'ਤੇ ਗ੍ਰਨੇਡ ਸੁੱਟ ਦਿੱਤਾ ਸੀ, 'ਚ 3 ਲੋਕਾਂ ਦੀ ਮੌਤ ਹੋ ਗਈ ਸੀ ਅਤੇ 20 ਤੋਂ ਜ਼ਿਆਦਾ ਜ਼ਖਮੀ ਹੋ ਗਏ ਸਨ। ਉਨ੍ਹਾਂ ਨੇ ਇਕ ਲਿਖਤੀ ਸਵਾਲ ਦੇ ਜਵਾਬ 'ਚ ਕਿਹਾ ਕਿ ਪਿਛਲੇ ਦੋ ਸਾਲਾਂ 'ਚ ਕੁੱਲ 18 ਖਾਲਿਸਤਾਨੀ ਸੰਗਠਨਾਂ ਦਾ ਪਰਦਾਫਾਸ਼ ਕੀਤਾ ਗਿਆ, 95 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਪੁਲਿਸ ਨੇ ਗ੍ਰਨੇਡ ਹਮਲੇ ਸਬੰਧੀ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਤਿੰਨ ਹੋਰ ਵਿਅਕਤੀਆਂ ਦੀ ਦੋਸ਼ੀਆਂ ਦੇ ਤੌਰ 'ਤੇ ਸ਼ਨਾਖਤ ਕੀਤੀ ਹੈ, ਜੋ ਕਿ ਹੋਰਨਾਂ ਦੇਸ਼ਾਂ 'ਚ ਰਹਿੰਦੇ ਹਨ।

### ਦਿੱਲੀ ਹਵਾਈ ਅੱਡੇ ਤੋਂ ਬੱਬਰ ਖਾਲਸਾ ਦਾ ਕਾਰਕੁਨ ਗ੍ਰਿਫਤਾਰ

**ਮੁਹਾਲੀ:** ਪੁਲਿਸ ਨੇ ਦਿੱਲੀ ਹਵਾਈ ਅੱਡੇ ਤੋਂ ਬੱਬਰ ਖਾਲਸਾ ਦੇ ਕਾਰਕੁਨ ਦਿਲਾਵਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਸ ਖਿਲਾਫ ਪਿਛਲੇ ਸਾਲ ਮੁਹਾਲੀ ਥਾਣੇ ਵਿਚ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਮੁਲਜ਼ਮ 'ਤੇ ਖਾਲਿਸਤਾਨ ਪੱਖੀ ਲਹਿਰ ਚਲਾਉਣ ਦਾ ਦੋਸ਼ ਹੈ।



ਭੁਪਿੰਦਰ ਸਿੰਘ ਉਰਫ ਦਿਲਾਵਰ ਸਿੰਘ ਵਾਸੀ ਪਿੰਡ ਤਾਜਪੁਰ (ਰਾਏਕੋਟ) ਖਿਲਾਫ 29 ਮਈ 2017 ਨੂੰ ਦੇਸ਼ ਵਿਰੋਧੀ ਕਾਰਵਾਈਆਂ 'ਚ ਹਿੱਸਾ ਲੈਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸ ਨੂੰ ਹਾਲ ਹੀ ਵਿਚ ਸਾਊਦੀ ਅਰਬ ਦੀ ਸਰਕਾਰ ਵੱਲੋਂ ਡਿਪੋਰਟ ਕਰ ਕੇ ਵਾਪਸ ਭਾਰਤ ਭੇਜਿਆ ਗਿਆ ਸੀ ਜਿਸ ਨੂੰ ਦਿੱਲੀ ਹਵਾਈ ਅੱਡੇ 'ਤੇ ਗ੍ਰਿਫਤਾਰ ਕਰ ਲਿਆ ਗਿਆ।

ਦਿਲਾਵਰ ਸਿੰਘ ਨੇ ਬੱਬਰ ਖਾਲਸਾ ਨਾਲ ਸਬੰਧਤ ਕਾਰਕੁਨਾਂ ਨੂੰ ਮਾਰੂ ਹਥਿਆਰ ਖਰੀਦਣ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਗਏ ਸਨ ਅਤੇ ਉਹ ਪਾਕਿਸਤਾਨ ਵਿਚ ਬੈਠੇ ਖਾੜਕੂਆਂ ਦੇ ਲਗਾਤਾਰ ਸੰਪਰਕ ਵਿਚ ਸੀ। ਪੁਲਿਸ ਮੁਤਾਬਕ ਦਿਲਾਵਰ ਸਿੰਘ ਸਾਲ 2010 ਤੋਂ ਸਾਊਦੀ ਅਰਬ ਵਿਚ ਰਹਿ ਰਿਹਾ ਸੀ ਅਤੇ ਮੁਹਾਲੀ ਪੁਲਿਸ ਵੱਲੋਂ ਉਸ ਖਿਲਾਫ ਰੈਡ ਕਾਰਨਰ ਨੋਟਿਸ ਜਾਰੀ ਕਰਵਾਉਣ ਉਪਰੰਤ ਉਥੋਂ ਦੀ ਸਰਕਾਰ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਤੇ ਉਹ ਪਿਛਲੇ 8 ਮਹੀਨਿਆਂ ਤੋਂ ਸਾਊਦੀ ਅਰਬ ਦੀ ਜੇਲ੍ਹ ਵਿਚ ਸੀ।


# ਚੋਣ ਸਰਵੇਖਣ ਨੇ ਉਡਾਈ ਭਾਜਪਾ ਦੀ ਨੀਂਦ

**ਨਵੀਂ ਦਿੱਲੀ:** ਇੰਡੀਆ ਟੀਵੀ-ਸੀਐਨਐਕਸ ਵੱਲੋਂ ਕਰਵਾਏ ਚੋਣ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਜੇ ਹੁਣੇ ਚੋਣਾਂ ਕਰਵਾਈਆਂ ਜਾਣ ਤਾਂ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਨੂੰ ਲੋਕ ਸਭਾ ਵਿਚ ਬਹੁਮਤ ਗੁਆਉਣਾ ਪੈ ਸਕਦਾ ਹੈ ਪਰ ਦਰਕਾਰ ਸੀਟਾਂ ਦੀ ਗਿਣਤੀ 15 ਕੁ ਸੀਟਾਂ ਤੱਕ ਹੀ ਹੋ ਸਕਦੀ ਹੈ।

ਪਿਛਲੇ ਸਾਲ 15 ਤੋਂ 25 ਦਸੰਬਰ ਦਰਮਿਆਨ ਸਾਰੀਆਂ 543 ਸੀਟਾਂ 'ਤੇ ਕਰਵਾਏ ਗਏ ਇਸ ਚੋਣ ਸਰਵੇਖਣ ਮੁਤਾਬਕ ਐਨ.ਡੀ.ਏ. ਨੂੰ 257 ਸੀਟਾਂ ਜਦਕਿ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ ਸਪਾ ਤੇ ਬਸਪਾ ਨੂੰ ਛੱਡ ਕੇ 146 ਸੀਟਾਂ ਮਿਲ ਸਕਦੀਆਂ ਹਨ ਜੋ ਬਹੁਮਤ ਤੋਂ ਕਾਫੀ ਘੱਟ ਹੋਣਗੀਆਂ। ਇਹ ਸਰਵੇਖਣ ਹਾਲ ਹੀ ਵਿਚ ਪੰਜ ਰਾਜਾਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਕਰਵਾਇਆ ਗਿਆ ਸੀ। ਚੇਤੇ ਰਹੇ ਕਿ ਇਨ੍ਹਾਂ ਰਾਜਾਂ ਖਾਸ ਕਰ ਕੇ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾਈ ਚੋਣਾਂ ਬਾਰੇ ਚੋਣ ਸਰਵੇਖਣ ਗਲਤ ਸਾਬਤ ਹੋਏ ਤੇ ਸੱਤਾਧਾਰੀ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਹੁਣ ਇਸ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਕੇਂਦਰ ਵਿਚ ਸਰਕਾਰ ਬਣਾਉਣ ਦੀ ਕੁੰਜੀ ਹੋਰਨਾਂ ਪਾਰਟੀਆਂ ਦੇ ਹੱਥ ਵਿਚ ਆ ਸਕਦੀ ਹੈ ਜਿਨ੍ਹਾਂ ਨੂੰ 140 ਸੀਟਾਂ ਮਿਲ ਸਕਦੀਆਂ ਹਨ। ਇਨ੍ਹਾਂ ਵਿਚ ਸਮਾਜਵਾਦੀ ਪਾਰਟੀ, ਬਸਪਾ, ਅੰਨਾਡੀਐਮਕੇ, ਤ੍ਰਿਣਮੂਲ ਕਾਂਗਰਸ, ਤਿਲੰਗਾਨਾ ਰਾਸ਼ਟਰ ਸਮਿਤੀ, ਬੀਜੂ ਜਨਤਾ ਦਲ, ਵਾਈਐਸਆਰ ਕਾਂਗਰਸ, ਖੱਬਾ ਮੁਹਾਜ਼, ਮਹਿਬੂਬਾ ਮੁਫਤੀ ਦੀ ਪੀਡੀਪੀ, ਬਦਰੂਦੀਨ ਅਜਮਲ ਦੀ ਏਆਈਯੂਡੀਐਫ, ਅਸਦੂਦੀਨ ਓਵੈਸੀ ਦੀ ਏਆਈਐਮਆਈਐਮ, ਇਨੈਲੋ, ਆਮ ਆਦਮੀ ਪਾਰਟੀ, ਜੇਵੀਐਮ (ਪੀ), ਏਐਮਐਮਕੇ ਅਤੇ ਆਜ਼ਾਦ ਸ਼ਾਮਲ ਹਨ।

ਸਰਵੇਖਣ ਮੁਤਾਬਕ ਭਾਜਪਾ ਨੂੰ 223, ਸ਼ਿਵ ਸੈਨਾ ਨੂੰ 8, ਜਨਤਾ ਦਲ ਯੂ 11, ਅਕਾਲੀ ਦਲ



5, ਲੋਕ ਜਨਸ਼ਕਤੀ ਪਾਰਟੀ 3, ਪੀਐਮਕੇ, ਐਨਡੀਪੀਪੀ, ਏਆਈਐਨਆਰਸੀ, ਐਨਪੀਪੀ, ਐਸਡੀਐਫ, ਅਪਨਾ ਦਲ ਤੇ ਐਮਐਨਐਫ ਨੂੰ 1-1 ਸੀਟ ਮਿਲ ਸਕਦੀ ਹੈ। ਕਾਂਗਰਸ ਨੂੰ 85 ਸੀਟਾਂ ਮਿਲਣ ਦੇ ਆਸਾਰ ਹਨ ਜਦਕਿ ਇਸ ਦੀਆਂ ਸਹਿਯੋਗੀ ਡੀਐਮਕੇ 21, ਲਾਲੂ ਯਾਦਵ ਦੀ ਆਰਜੇਡੀ ਨੂੰ 10, ਐਨਸੀਪੀ 9, ਜੇਐਮਐਮ 4, ਜਨਤਾ ਦਲ ਐਸ 4, ਆਰਐਲਡੀ 2, ਆਰਐਲਐਸਪੀ 1, ਆਰਐਸਪੀ 1, ਆਈਯੂਐਮਐਲ 2, ਟੀਡੀਪੀ 4, ਨੈਸ਼ਨਲ ਕਾਨਫਰੰਸ 2 ਅਤੇ ਕੇਰਲਾ ਕਾਂਗਰਸ (ਐਮ)1 ਸੀਟਾਂ ਮਿਲ ਸਕਦੀਆਂ ਹਨ। ਸਰਵੇਖਣ ਮੁਤਾਬਕ 37.15 ਫੀਸਦ ਤੇ ਯੂਪੀਏ ਨੂੰ 29.92 ਫੀਸਦ ਅਤੇ ਹੋਰਨਾਂ ਪਾਰਟੀਆਂ ਨੂੰ 32.93 ਫੀਸਦ ਵੋਟਾਂ ਮਿਲਣ ਦੀ ਸੰਭਾਵਨਾ ਹੈ। ਹੋਰਨਾਂ ਪਾਰਟੀਆਂ ਵਿਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ 26, ਸਮਾਜਵਾਦੀ ਪਾਰਟੀ 20, ਮਾਇਆਵਤੀ ਦੀ ਬਸਪਾ 15, ਵਾਈਐਸਆਰ ਕਾਂਗਰਸ 19, ਤੇਲੰਗਾਨਾ ਰਾਸ਼ਟਰ ਸਮਿਤੀ 16, ਬੀਜੂ ਜਨਤਾ ਦਲ 13, ਏਆਈਡੀਐਮਕੇ 10, ਏਐਮਐਮਕੇ 4, ਖੱਬੀਆਂ ਪਾਰਟੀਆਂ 8, ਆਮ ਆਦਮੀ ਪਾਰਟੀ 2, ਏਆਈਯੂਡੀਐਫ 2, ਪੀਡੀਪੀ, ਜੇਵੀਐਮਪੀ ਅਤੇ ਏਆਈਐਮਆਈ ਨੂੰ 1-1 ਸੀਟ ਮਿਲਣ ਦੀ ਸੰਭਾਵਨਾ ਹੈ।

# ਲੋਕ ਸਭਾ ਚੋਣਾਂ ਵਿਚ ਗੱਠਜੋੜ ਲਈ ਸਪਾ ਤੇ ਬਸਪਾ ਦੀ ਬਣੀ ਸਹਿਮਤੀ

**ਲਖਨਊ:** ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਆ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਗੱਠਜੋੜ ਲਈ ਰਜ਼ਾਮੰਦ ਹੋ ਗਈਆਂ ਹਨ। 'ਸਪਾ' ਦੇ ਕੌਮੀ ਤਰਜਮਾਨ ਰਾਜੇਂਦਰ ਚੌਧਰੀ ਨੇ ਦੱਸਿਆ ਕਿ ਇਸ 'ਗਠਬੰਧਨ' ਬਾਰੇ ਰਸਮੀ ਐਲਾਨ ਇਸ ਮਹੀਨੇ ਦੇ ਅਖੀਰ ਵਿਚ ਹੋ ਸਕਦਾ ਹੈ। ਭਾਜਪਾ ਦੀ ਸੂਬਾਈ ਇਕਾਈ ਨੇ ਇਸ ਘਟਨਾਕ੍ਰਮ ਉਤੇ ਪ੍ਰਤੀਕਿਰਿਆ ਕਰਦਿਆਂ ਇਸ ਨੂੰ 'ਮੌਕਾਪ੍ਰਸਤ' ਅਤੇ 'ਲੋਕ ਵਿਰੋਧੀ' ਕਰਾਰ ਦਿੱਤਾ ਹੈ।

ਸ੍ਰੀ ਚੌਧਰੀ ਨੇ ਦੱਸਿਆ ਕਿ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਅਤੇ ਬਸਪਾ ਦੀ ਮੁਖੀ ਮਾਇਆਵਤੀ ਵਿਚਕਾਰ ਕਈ ਮੀਟਿੰਗਾਂ ਹੋਣ ਤੋਂ ਬਾਅਦ ਉਨ੍ਹਾਂ ਗੱਠਜੋੜ ਲਈ ਸਿਧਾਂਤਕ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਹੈ। ਦੋਵਾਂ ਆਗੂਆਂ ਵਿਚ ਮੀਟਿੰਗ ਹੋਈ ਸੀ। ਤਰਜਮਾਨ ਨੇ ਦੱਸਿਆ ਕਿ ਹੋਰਨਾਂ ਪਾਰਟੀਆਂ ਨਾਲ ਵੀ ਗੱਲਬਾਤ ਚੱਲ ਰਹੀ ਹੈ। ਇਨ੍ਹਾਂ ਪਾਰਟੀਆਂ ਵਿਚ ਰਾਸ਼ਟਰੀ ਲੋਕ ਦਲ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਗਠਬੰਧਨ ਲਈ ਅਸੂਲੀ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸੰਭਾਵਨਾ ਹੈ ਕਿ ਇਸ ਸਬੰਧੀ ਮਹੀਨੇ ਦੇ ਅਖੀਰ ਤੱਕ ਬਾਕਾਇਦਾ ਐਲਾਨ ਕਰ ਦਿੱਤਾ ਜਾਵੇਗਾ। ਜਦੋਂ ਗੱਠਜੋੜ ਵਿਚ ਕਾਂਗਰਸ ਦੀ ਸ਼ਮੂਲੀਅਤ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਦਾ ਫੈਸਲਾ ਅਖਿਲੇਸ਼ ਯਾਦਵ ਤੇ ਮਾਇਆਵਤੀ ਵੱਲੋਂ ਕੀਤਾ ਜਾਵੇਗਾ। ਉਂਜ ਉਨ੍ਹਾਂ ਕਿਹਾ ਕਿ ਗੱਠਜੋੜ ਅਮੇਠੀ ਤੇ ਰਾਏਬਰੇਲੀ ਲੋਕ ਸਭਾ ਹਲਕਿਆਂ ਵਿਚ ਆਪਣੇ ਉਮੀਦਵਾਰ ਖੜ੍ਹੇ ਨਹੀਂ ਕਰੇਗਾ।

ਯੂਪੀ ਭਾਜਪਾ ਦੇ ਤਰਜਮਾਨ ਹੀਰੋ ਬਾਜਪੇਈ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਮੌਕਾਪ੍ਰਸਤ ਗੱਠਜੋੜ ਹੈ ਅਤੇ ਪੂਰੀ ਤਰ੍ਹਾਂ ਲੋਕ ਵਿਰੋਧੀ ਵੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ 42. 63 ਫੀਸਦੀ ਵੋਟਾਂ ਲੈ ਕੇ 80 ਵਿਚੋਂ 73 ਸੀਟਾਂ ਜਿੱਤੀਆਂ ਸਨ ਜਦਕਿ ਸਪਾ ਨੇ 22.35 ਫੀਸਦੀ ਵੋਟਾਂ ਨਾਲ ਪੰਜ ਸੀਟਾਂ ਜਿੱਤੀਆਂ ਸਨ ਜਦਕਿ ਬਸਪਾ ਨੂੰ 19.77 ਫੀਸਦੀ ਵੋਟਾਂ ਮਿਲੀਆਂ ਪਰ ਸੀਟ ਇਕ ਵੀ ਨਾ ਮਿਲੀ ਅਤੇ ਕਾਂਗਰਸ ਨੇ 7.53 ਫੀਸਦੀ ਵੋਟਾਂ ਨਾਲ ਦੋ ਸੀਟਾਂ ਜਿੱਤੀਆਂ ਸਨ। ਪਰ ਪਿਛਲੇ ਸਾਲ ਜਦੋਂ ਕੈਰਾਨਾ, ਗੋਰਖਪੁਰ ਤੇ ਫੂਲਪੁਰ ਸੀਟਾਂ 'ਤੇ ਲੋਕ ਸਭਾ ਦੀਆਂ ਤਿੰਨ ਜ਼ਿਮਨੀ ਚੋਣਾਂ ਵਿਚ ਸਪਾ, ਬਸਪਾ ਤੇ ਕਾਂਗਰਸ ਨੇ ਹੱਥ ਮਿਲਾਇਆ ਤਾਂ ਇਸ ਗੱਠਜੋੜ ਨੇ ਭਾਜਪਾ ਨੂੰ ਧੂੜ ਚਟਾ ਦਿੱਤੀ ਸੀ।

# ਹਰਿਆਣਾ 'ਚ ਇਕਲੌਤਾ ਅਕਾਲੀ ਵਿਧਾਇਕ ਜਨਨਾਇਕ ਜਨਤਾ ਪਾਰਟੀ 'ਚ ਸ਼ਾਮਲ

**ਚੰਡੀਗੜ੍ਹ:** ਕਾਲਿਆਂਵਾਲੀ ਤੋਂ ਅਕਾਲੀ ਦਲ ਦੇ ਇਕਲੌਤੇ ਵਿਧਾਇਕ ਬਲਕੌਰ ਸਿੰਘ 'ਜਨਨਾਇਕ ਜਨਤਾ ਪਾਰਟੀ' (ਜੇ.ਜੇ.ਪੀ.) ਵਿਚ ਸ਼ਾਮਲ ਹੋ ਗਏ। ਪਾਰਟੀ ਬੁਲਾਰੇ ਨੇ ਚੰਡੀਗੜ੍ਹ 'ਚ ਦੱਸਿਆ ਕਿ ਪਾਰਟੀ ਸੰਸਥਾਪਕ ਡਾ. ਅਜੈ ਸਿੰਘ ਚੌਟਾਲਾ ਨੇ ਕਾਲਿਆਂਵਾਲੀ 'ਚ ਪਾਰਟੀ ਦਾ ਝੰਡਾ ਦੇ ਕੇ ਬਲਕੌਰ ਸਿੰਘ ਨੂੰ ਪਾਰਟੀ 'ਚ ਸ਼ਾਮਲ ਕੀਤਾ। ਪਾਰਟੀ 'ਚ ਸ਼ਾਮਲ ਹੁੰਦੇ ਹੀ ਬਲਕੌਰ ਸਿੰਘ ਨੇ ਆਪਣੇ ਘਰ ਪਾਰਟੀ ਦਾ ਝੰਡਾ ਲਗਾ ਦਿੱਤਾ। ਵਿਧਾਇਕ ਬਲਕੌਰ ਦੇ ਨਾਲ ਕਾਲਿਆਂਵਾਲੀ ਨਗਰ ਪਾਲਿਕਾ ਦੀ ਪ੍ਰਧਾਨ ਸੋਨੂੰ, ਕਈ ਸਥਾਨਕ ਆਗੂ ਤੇ ਕਾਰਕੁਨ ਵੀ ਪਾਰਟੀ 'ਚ ਸ਼ਾਮਲ ਹੋਏ।

ਗੋਹਾਣਾ 'ਚ ਕਰਵਾਏ ਗਏ ਇਕ ਸਮਾਗਮ ਦੌਰਾਨ ਸੰਸਦ ਮੈਂਬਰ ਦੁਸ਼ਯੰਤ ਚੌਟਾਲਾ ਦੀ ਮੌਜੂਦਗੀ 'ਚ ਭਾਜਪਾ ਦੇ ਕਿਸਾਨ ਮੋਰਚਾ ਗੁਜਰਾਤ ਦੇ ਸਹਿ-ਮੁਖੀ ਸਵਾਮੀ ਜਸਮੇਰ ਨੇ ਵੀ ਜੇ.ਜੇ.ਪੀ. ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਦੁਸ਼ਯੰਤ ਚੌਟਾਲਾ ਨੇ ਪਾਰਟੀ ਦਾ ਝੰਡਾ ਦੇ ਕੇ ਸਵਾਮੀ ਜਸਮੇਰ ਦਾ ਸਵਾਗਤ ਕੀਤਾ। ਅਜੈ ਚੌਟਾਲਾ ਨੇ ਵਿਧਾਇਕ ਬਲਕੌਰ ਸਿੰਘ ਨੂੰ ਪਾਰਟੀ ਵਿਚ ਪੂਰਾ ਮਾਣ ਦੇਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਜੇ. ਜੇ. ਪੀ. ਦਾ ਕਾਫਲਾ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਇਸ ਮੌਕੇ ਬਲਕੌਰ ਸਿੰਘ ਨੇ ਕਿਹਾ ਕਿ ਉਹ ਚੌਧਰੀ ਦੇਵੀ ਲਾਲ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਰਹੇ ਹਨ ਤੇ ਮੌਜੂਦਾ ਸਮੇਂ ਅਜੈ ਚੌਟਾਲਾ ਤੇ ਦੁਸ਼ਯੰਤ ਚੌਟਾਲਾ ਹੀ ਅਜਿਹੇ ਆਗੂ ਹਨ, ਜੋ ਜਨਨਾਇਕ ਦੀਆਂ ਨੀਤੀਆਂ 'ਤੇ ਚੱਲ ਰਹੇ ਹਨ। ਬਲਕੌਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹਿ ਚੁੱਕੇ ਹਨ ਤੇ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਜੇ. ਜੇ. ਪੀ. ਸਮਰਥਕ ਵਿਧਾਇਕਾਂ ਦੀ ਗਿਣਤੀ 4 ਹੋ ਗਈ ਹੈ।

# ਦਲਿਤਾਂ ਨੂੰ ਭਰਮਾਉਣ ਲਈ ਭਾਜਪਾ ਨੇ ਰਿੰਨ੍ਹੀ 5000 ਕਿੱਲੋ ਖਿਚੜੀ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਦੀ ਰੈਲੀ ਦੌਰਾਨ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿਚ 5,000 ਕਿੱਲੋ ਖਿਚੜੀ ਰਿੰਨ੍ਹੀ ਗਈ। ਇਹ ਖਿਚੜੀ ਰੈਲੀ ਵਿਚ ਸ਼ਾਮਲ ਹੋਣ ਵਾਲੇ ਬੀ.ਜੇ.ਪੀ. ਕਾਰਕੁਨਾਂ ਨੂੰ ਖਵਾਈ ਗਈ। ਪਾਰਟੀ ਦੁਨੀਆਂ ਵਿਚ ਸਭ ਤੋਂ ਵੱਧ ਮਾਤਰਾ ਵਿਚ ਇਸ 'ਸਮਰਸਤਾ ਖਿਚੜੀ' ਨੂੰ ਪਕਾ ਕੇ ਗਿੰਨੀਜ਼ ਬੁੱਕ ਵਿਚ ਰਿਕਾਰਡ ਦਰਜ ਕਰਵਾਉਣਾ ਚਾਹੁੰਦੀ ਹੈ। ਇਸ ਖਿਚੜੀ ਲਈ ਰਾਸ਼ਨ ਇਕੱਠਾ ਕਰਨ ਲਈ ਭਾਜਪਾ ਨੇ ਲੱਖਾਂ ਦਲਿਤਾਂ ਤੱਕ ਪਹੁੰਚ ਕੀਤੀ।



ਪਾਰਟੀ ਦਾ ਦਾਅਵਾ ਹੈ ਕਿ ਤਿੰਨ ਲੱਖ ਦਲਿਤ ਪਰਿਵਾਰਾਂ ਦੇ ਘਰੋਂ ਜਾ ਕੇ ਦਾਲ ਤੇ ਚੌਲ ਇਕੱਠੇ ਕੀਤੇ। ਖਿਚੜੀ ਤਿਆਰ ਕਰਨ ਲਈ 200 ਕਿੱਲੋ ਘਿਉ, 100 ਲੀਟਰ ਤੇਲ, 300 ਤੋਂ 400 ਕਿੱਲੋ ਸਬਜ਼ੀਆਂ, 5,000 ਲੀਟਰ ਪਾਣੀ ਤੇ 70 ਕਿੱਲੋ ਲੂਣ ਸਮੇਤ ਇਕ ਹਜ਼ਾਰ ਕਿੱਲੋ ਦਾਲ-ਚੌਲ ਨੂੰ ਪਕਾਉਣ ਲਈ 261.799 ਘਣ ਫੁੱਟ ਦੀ ਸਮਰੱਥਾ ਵਾਲੀ 10 ਫੁੱਟ ਚੌੜੀ ਕੜਾਹੀ ਵਿਚ ਪਾਇਆ ਗਿਆ। ਇਸ ਭਾਂਡੇ ਦਾ ਵਜ਼ਨ 850 ਕਿੱਲੋ ਹੈ।

ਭਾਜਪਾ ਨੇ ਰੈਲੀ 'ਚ ਆਏ ਲੋਕਾਂ ਨੂੰ ਇਹ ਖਿਚੜੀ ਖਵਾਈ ਤੇ ਕੇਂਦਰੀ ਮੰਤਰੀ ਡਾ. ਹਰਸ਼ਵਰਧਨ ਨੇ ਲੋਕਾਂ ਨਾਲ ਬਹਿ ਕੇ ਇਸ ਖਿਚੜੀ ਦਾ ਸਵਾਦ ਚੱਖਿਆ। ਇਸ ਮਗਰੋਂ ਉਨ੍ਹਾਂ ਦੇਸ਼ ਤੇ ਧਰਮ ਦੀ ਗੱਲ ਵੀ ਕੀਤੀ। ਮਾਹਰਾਂ ਦੀ ਮੰਨੀਏ ਤਾਂ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਬੀ.ਜੇ.ਪੀ. ਦੀ ਵੱਡੀ ਹਾਰ ਤੋਂ ਬਾਅਦ ਹੁਣ ਪਾਰਟੀ ਦਲਿਤ ਭਾਈਚਾਰੇ ਦੀ ਸ਼ਰਨ ਤਲਾਸ਼ ਰਹੀ ਹੈ।

ਭਾਰਤ ਦੀ ਆਬਾਦੀ 'ਚ ਦਲਿਤਾਂ ਦੀ ਹਿੱਸੇਦਾਰੀ 16.63 ਫੀਸਦੀ ਹੈ, ਯਾਨਿ 20 ਕਰੋੜ 14 ਲੱਖ ਲੋਕ ਅਨੁਸੂਚਿਤ ਜਾਤੀ ਤੋਂ ਆਉਂਦੇ ਹਨ ਅਤੇ ਲੋਕ ਸਭਾ ਦੀਆਂ 84 ਸੀਟਾਂ ਐਸਸੀ ਭਾਈਚਾਰੇ ਲਈ ਰਾਖਵੀਂਆਂ ਹਨ। ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ 84 ਵਿਚੋਂ 46 ਸੀਟਾਂ ਉਤੇ ਐਨਡੀਏ ਨੇ ਕਬਜ਼ਾ ਕੀਤਾ ਸੀ। ਪਰ ਤਾਜ਼ਾ ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਭਾਜਪਾ ਚੌਕਸ ਹੋ ਗਈ ਹੈ।

ਹਾਲਾਂਕਿ, ਬੀ.ਜੇ.ਪੀ. ਇਸ ਖਿਚੜੀ ਨੂੰ ਮੋਦੀ ਸਰਕਾਰ ਦੇ ਸਾਢੇ ਚਾਰ ਸਾਲਾਂ ਦੀ ਸਫਲਤਾ ਦੀ ਖਿਚੜੀ ਦੱਸ ਰਹੀ ਹੈ, ਪਰ ਭਾਜਪਾ ਦੀ ਸਿਆਸੀ ਰਸੋਈ 'ਚ ਬਣੀ ਇਸ ਖਿਚੜੀ ਦੇ ਕਈ ਮਾਇਨੇ ਹਨ।

# ਰੇਲਵੇ ਸਟੇਸ਼ਨਾਂ ਨੂੰ ਹਵਾਈ ਅੱਡਿਆਂ ਵਰਗੀ ਸੁਰੱਖਿਆ ਦੇਣ ਦੀ ਤਿਆਰੀ

**ਨਵੀਂ ਦਿੱਲੀ:** ਰੇਲਵੇ ਨੇ ਸਟੇਸ਼ਨਾਂ ਨੂੰ ਹਵਾਈ ਅੱਡਿਆਂ ਵਰਗੀ ਸੁਰੱਖਿਆ ਦੇਣ ਦੀ ਤਿਆਰੀ ਖਿੱਚ ਲਈ ਹੈ। ਰੇਲਗੱਡੀ ਦੇ ਮੁਸਾਫਰਾਂ ਨੂੰ ਹਵਾਈ ਸਫਰ ਕਰਨ ਵਾਲੇ ਮੁਸਾਫਰਾਂ ਵਾਂਗ ਹੁਣ ਸੁਰੱਖਿਆ ਜਾਂਚ ਦੇ ਅਮਲ ਨੂੰ ਪੂਰਾ ਕਰਨ ਲਈ ਗੱਡੀ ਦੇ ਰਵਾਨਗੀ ਸਮੇਂ ਤੋਂ ਪਹਿਲਾਂ ਰੇਲਵੇ ਸਟੇਸ਼ਨ ਪੁੱਜਣਾ ਹੋਵੇਗਾ। ਹਵਾਈ ਯਾਤਰਾ ਕਰਨ ਵਾਲੇ ਮੁਸਾਫਰਾਂ ਨੂੰ ਜਿਥੇ ਦੋ ਤੋਂ ਤਿੰਨ ਘੰਟੇ ਪਹਿਲਾਂ ਹਵਾਈ ਅੱਡੇ ਉਤੇ ਪੁੱਜਣਾ ਪੈਂਦਾ ਹੈ, ਉਥੇ ਰੇਲ ਮੁਸਾਫਰਾਂ ਲਈ ਇਹ ਸਮਾਂ 15-20 ਮਿੰਟ ਹੋਵੇਗਾ।




ਰੇਲਵੇ ਪ੍ਰੋਟੈਕਸ਼ਨ ਫੋਰਸ (ਆਰ.ਪੀ.ਐਫ.) ਦੇ ਡਾਇਰੈਕਟਰ ਜਨਰਲ ਅਰੁਣ ਕੁਮਾਰ ਨੇ ਦੱਸਿਆ ਕਿ ਉੱਚ ਤਕਨੀਕ ਨਾਲ ਲੈਸ ਇਹ ਸੁਰੱਖਿਆ ਯੋਜਨਾ ਅਲਾਹਾਬਾਦ, ਜਿਥੇ ਇਸ ਮਹੀਨੇ ਕੁੰਭ ਮੇਲਾ ਸ਼ੁਰੂ ਹੋ ਰਿਹਾ ਹੈ ਅਤੇ ਕਰਨਾਟਕ ਦੇ ਹੁਬਲੀ ਰੇਲਵੇ ਸਟੇਸ਼ਨ 'ਤੇ ਪਹਿਲਾਂ ਹੀ ਅਮਲ ਵਿਚ ਆ ਚੁੱਕਾ ਹੈ। ਕੁਮਾਰ ਨੇ ਕਿਹਾ ਕਿ 202 ਦੇ ਕਰੀਬ ਹੋਰ ਸਟੇਸ਼ਨਾਂ 'ਤੇ ਇਹ ਯੋਜਨਾ ਲਾਗੂ ਕਰਨ ਲਈ ਬਲੂਪ੍ਰਿੰਟ ਤਿਆਰ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਮੁੱਖ ਮੰਤਵ ਰੇਲਵੇ ਸਟੇਸ਼ਨਾਂ ਦੇ ਖੁੱਲ੍ਹੇ ਲਾਂਘਿਆਂ ਨੂੰ ਸੀਲ ਕਰਨਾ ਹੈ। ਮੁੱਢਲੇ ਤੌਰ 'ਤੇ ਖੁੱਲ੍ਹੇ ਲਾਂਘਿਆਂ ਦੀ ਪਛਾਣ ਕਰਨੀ ਤੇ ਇਹ ਪਤਾ ਲਾਉਣਾ ਹੈ ਕਿ ਇਨ੍ਹਾਂ ਵਿਚੋਂ ਕਿੰਨਿਆਂ ਨੂੰ ਬੰਦ ਕੀਤਾ ਜਾ ਸਕਦਾ ਹੈ। ਕੁਝ ਖੇਤਰ (ਲਾਂਘੇ) ਅਜਿਹੇ ਹਨ, ਜਿਨ੍ਹਾਂ ਨੂੰ ਪੱਕੀਆਂ ਚਾਰਦੀਵਾਰੀਆਂ ਨਾਲ ਬੰਦ ਕੀਤਾ ਜਾਵੇਗਾ ਜਦੋਂ ਕਿ ਬਾਕੀਆਂ ਦੀ ਨਿਗਰਾਨੀ ਆਰ.ਪੀ.ਐਫ. ਦੇ ਜਵਾਨ ਕਰਨਗੇ ਅਤੇ ਕੁਝ 'ਤੇ ਆਰਜ਼ੀ ਗੇਟ ਲਾਏ ਜਾਣਗੇ।

ਹਵਾਈ ਅੱਡਿਆਂ ਵਾਂਗ ਮੁਸਾਫਰਾਂ ਨੂੰ ਘੰਟਿਆਂ ਬੱਧੀ ਅਗਾਊਂ ਆਉਣ ਦੀ ਲੋੜ ਨਹੀਂ, ਸੁਰੱਖਿਆ ਜਾਂਚ ਕਰ ਕੇ ਉਹ ਲੇਟ ਨਾ ਹੋਣ ਜਾਣ ਇਸ ਲਈ ਉਹ ਆਪਣੀ ਗੱਡੀ ਦੀ ਰਵਾਨਗੀ ਤੋਂ 15-20 ਮਿੰਟ ਪਹਿਲਾਂ ਰੇਲਵੇ ਸਟੇਸ਼ਨ ਪੁੱਜ ਜਾਣ। ਅਧਿਕਾਰੀ ਨੇ ਕਿਹਾ ਕਿ ਇਹ ਸਾਰੀ ਪੇਸ਼ਕਦਮੀ ਇੰਟਿਗਰੇਟਿਡ ਸੁਰੱਖਿਆ ਪ੍ਰਬੰਧ (ਆਈ.ਐਸ.ਐਸ.) ਅਧੀਨ ਸੁਰੱਖਿਆ ਯੋਜਨਾ ਦਾ ਹਿੱਸਾ ਹੈ, ਜਿਸ ਨੂੰ ਸਾਲ 2016 ਵਿਚ 202 ਰੇਲਵੇ ਸਟੇਸ਼ਨਾਂ 'ਤੇ ਸਰਵੇਲੈਂਸ ਪ੍ਰਬੰਧ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਪ੍ਰਵਾਨਗੀ ਦਿੱਤੀ ਗਈ ਸੀ। ਸੁਰੱਖਿਆ ਪ੍ਰਬੰਧ ਸੀ.ਸੀ.ਟੀ.ਵੀ. ਕੈਮਰਿਆਂ, ਅਕਸੈਸ ਕੰਟਰੋਲ, ਪਰਸੋਨਲ ਤੇ ਬੈਗੇਜ ਸਕਰੀਨਿੰਗ ਸਿਸਟਮ ਅਤੇ ਬੰਬ ਡਿਟੈਕਸ਼ਨ ਤੇ ਡਿਸਪੋਜ਼ਲ ਸਿਸਟਮ ਨਾਲ ਲੈਸ ਹੋਵੇਗਾ। ਇਸ ਆਈ.ਐਸ.ਐਸ. ਪ੍ਰੋਜੈਕਟ 'ਤੇ ਕੁੱਲ 385.06 ਕਰੋੜ ਦੀ ਲਾਗਤ ਆਉਣ ਦਾ ਅਨੁਮਾਨ ਹੈ।

## ਆਧਾਰ ਐਕਟ ਸੋਧ ਬਿੱਲ ਲੋਕ ਸਭਾ ਵਿਚ ਪਾਸ

**ਨਵੀਂ ਦਿੱਲੀ:** ਲੋਕ ਸਭਾ ਨੇ ਆਧਾਰ ਐਕਟ ਵਿਚ ਸੋਧ ਬਿੱਲ ਪਾਸ ਕਰ ਦਿੱਤਾ ਹੈ। ਇਸ ਨਾਲ ਸਬੰਧਤ ਦੋ ਕਾਨੂੰਨ ਜੋ ਕਿਸੇ ਵਿਅਕਤੀ ਨੂੰ ਮਰਜੀ ਨਾਲ ਬਾਇਓਮੈਟ੍ਰਿਕ ਪਛਾਣ, ਸ਼ਨਾਖਤ ਵਜੋਂ ਵਰਤੇ ਜਾਣ ਦੀ ਇਜਾਜ਼ਤ ਦੇਣਗੇ, ਵੀ ਪਾਸ ਕਰ ਦਿੱਤੇ ਗਏ ਹਨ। ਇਸ ਨਾਲ ਬੈਂਕ ਖਾਤਾ ਖੋਲ੍ਹਿਆ ਜਾ ਸਕੇਗਾ ਤੇ ਮੋਬਾਈਲ ਫੋਨ ਕੁਨੈਕਸ਼ਨ ਲਏ ਜਾ ਸਕਣਗੇ।

# ਦਲੀਪ ਕੁਮਾਰ ਕੋਲ ਬਾਂਦਰਾ ਜਾਇਦਾਦ ਦੀ 999 ਸਾਲਾਂ ਲਈ ਲੀਜ਼

**ਮੁੰਬਈ:** ਇਥੋਂ ਦੇ ਬਿਲਡਰ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਦਲੀਪ ਕੁਮਾਰ ਦੀ ਬਾਂਦਰਾ ਸਥਿਤ ਕੀਮਤੀ ਰਿਹਾਇਸ਼ ਦੇ ਅਸਲੀ ਮਾਲਕਾਂ ਨੇ ਕਿਹਾ ਹੈ ਕਿ ਬਜ਼ੁਰਗ ਅਦਾਕਾਰ ਕੋਲ ਇਸ ਪਲਾਟ ਦੀ 999 ਸਾਲਾਂ ਲਈ ਲੀਜ਼ ਹੈ। ਉਨ੍ਹਾਂ ਕਿਹਾ ਕਿ ਇਹ ਲੀਜ਼ 1953 ਵਿਚ ਕੀਤੀ ਗਈ ਸੀ, ਇਸ ਲਈ ਇਹ 2952 ਵਿਚ ਖਤਮ ਹੋਵੇਗੀ।

ਜਾਇਦਾਦ ਦੇ ਅਸਲੀ ਮਾਲਕੀ ਹੱਕ ਰੱਖਦੇ ਸੇਠ ਮੂਲਰਾਜ ਖਟਾਊ ਟਰੱਸਟ ਨੇ ਮੀਡੀਆ ਰਾਹੀਂ ਇਕ ਪਬਲਿਕ ਨੋਟਿਸ ਜਾਰੀ ਕੀਤਾ ਹੈ। ਦਲੀਪ ਕੁਮਾਰ (96) ਤੇ ਉਨ੍ਹਾਂ ਦੀ ਪਤਨੀ ਸਾਇਰਾ ਬਾਨੋ (74) ਨੂੰ ਹੁਣ ਟਰੱਸਟ ਦੇ ਇਸ ਨੋਟਿਸ ਤੋਂ ਬਾਅਦ ਬਿਲਡਰ ਸਮੀਰ ਭੋਜਵਾਨੀ ਨਾਲ ਚੱਲ ਰਹੀ ਕਾਨੂੰਨੀ ਲੜਾਈ ਵਿਚ ਵੱਡੀ ਰਾਹਤ ਮਿਲਣ ਦੀ ਆਸ ਬੱਝੀ ਹੈ।

ਨੋਟਿਸ ਵਿਚ ਟਰੱਸਟ ਨੇ ਸਪੱਸ਼ਟ ਕਿਹਾ ਹੈ ਕਿ ਦਲੀਪ ਕੁਮਾਰ ਨੇ ਇਸ ਜਾਇਦਾਦ ਨੂੰ ਲੀਜ਼ 'ਤੇ ਲਿਆ ਹੋਇਆ ਹੈ ਤੇ ਉਹ ਕਿਰਾਏਦਾਰ ਨਹੀਂ ਹਨ। ਇਸ ਤੋਂ ਇਲਾਵਾ ਬਣਦੀ ਰਾਸ਼ੀ ਵੀ ਲਗਾਤਾਰ ਦਿੱਤੀ ਜਾ ਰਹੀ ਹੈ ਤੇ ਕੁਝ ਵੀ ਗ਼ੈਰਕਾਨੂੰਨੀ ਨਹੀਂ ਹੈ। ਪਬਲਿਕ ਨੋਟਿਸ ਵਿਚ ਬਿਲਡਰ ਭੋਜਵਾਨੀ ਤੇ ਹੋਰਾਂ 'ਤੇ ਫਰਜ਼ੀ ਕਾਗਜ਼ਾਤ ਤਿਆਰ ਕਰਨ ਦੇ ਦੋਸ਼ ਲਾਏ ਗਏ ਹਨ ਤੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ ਹੈ।

# ਖੁਸ਼ਆਮਦੀਦ 2019



ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਵਰ੍ਹੇ ਮੇਰੀ ਚੁਰਾਸੀ ਕੱਟੀ ਗਈ ਹੈ। 22 ਮਾਰਚ 2019 ਨੂੰ ਪਚਾਸੀਆਂ ਦਾ ਹੋ ਜਾਵਾਂਗਾ। ਅੱਗੋਂ ਉਹ ਜਾਣੇ, ਜੇ ਉਹ ਕਿਧਰੇ ਹੈ ਤਾਂ!

2018 ਵਿਚ ਅਮਰੀਕਾ ਦੀ ਬੋਸਟਨ ਯੂਨੀਵਰਸਟੀ ਦੇ ਵਿਗਿਆਨੀਆਂ ਨੇ ਚੂਹਿਆਂ ਉਤੇ ਤਜਰਬੇ ਕਰਕੇ ਨਤੀਜਾ ਕੱਢਿਆ ਹੈ ਕਿ ਬੁਢਾਪੇ ਦਾ ਮੂਲ ਕਾਰਨ ਜੀਵਾਂ ਵਿਚ ਐਨ.ਏ.ਡੀ. ਮੋਲੀਕਿਊਲ ਦੇ ਪੱਧਰ ਦਾ ਘਟਣਾ ਹੈ। ਉਨ੍ਹਾਂ ਨੇ ਚੂਹਿਆਂ ਵਿਚ ਇਹ ਲੈਵਲ ਵਧਾ ਕੇ ਵੇਖਿਆ ਹੈ ਕਿ ਇਸ ਨਾਲ ਬੁਢਾਪਾ ਅੱਗੇ ਜਾ ਪੈਂਦਾ ਹੈ। ਮੇਰਾ ਸਮਾਂ ਤਾਂ ਬੀਤ ਚੁਕਾ ਹੈ, ਨਵੀਂ ਪੀੜ੍ਹੀ ਜਾਣੇ ਕਿ ਉਨ੍ਹਾਂ ਨੇ ਇਸ ਲੱਭਤ ਨੂੰ ਕਿਵੇਂ ਵੇਖਣਾ ਹੈ?

ਲੰਘੇ ਵਰ੍ਹੇ ਗਵਾਂਢੀ ਦੇਸ਼ਾਂ ਤੋਂ ਆਉਣ ਵਾਲੀਆਂ ਪੌਣਾਂ ਵੀ ਠੀਕ ਰਹੀਆਂ। ਸ੍ਰੀ ਲੰਕਾ ਦਾ ਰਾਜ ਪਲਟਾ ਸਧਾਰਨ ਰਿਹਾ ਤੇ ਮਾਲਦੀਵ ਦੀ ਜਨਤਾ ਨੇ ਤਾਨਾਸ਼ਾਹੀ ਨੂੰ ਠੁੱਡਾ ਮਾਰ ਕੇ ਲੋਕਤੰਤਰ ਲੈ ਆਂਦਾ ਹੈ। ਬੰਗਲਾ ਦੇਸ਼ ਵਿਚ ਸ਼ੇਖ ਹਸੀਨਾ ਅਤੇ ਪਾਕਿਸਤਾਨ ਵਿਚ ਇਮਰਾਨ ਖਾਨ ਦੀ ਸਰਕਾਰ ਬਣਨ ਨਾਲ ਇਨ੍ਹਾਂ ਦੇਸ਼ਾਂ ਨਾਲ ਭਾਰਤ ਦੀ ਭਾਈਚਾਰਕ, ਵਪਾਰਕ ਤੇ ਰਾਜਨੀਤਕ ਸਾਂਝ ਵਧਣ ਦੀ ਸੰਭਾਵਨਾ ਹੈ, ਜਿਸ ਨਾਲ ਸਾਰਕ ਦੇਸ਼ਾਂ ਦੀ ਆਪੋ ਵਿਚਲੀ ਈਰਖਾ ਵੀ ਘਟ ਸਕਦੀ ਹੈ ਤੇ ਰਾਜਨੀਤਕ ਤਲਖੀ ਵੀ।

ਸਾਡੇ ਆਪਣੇ ਦੇਸ਼ ਵਿਚ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਸਵਾਗਤ ਦੇ ਹੱਕਦਾਰ ਹਨ। ਖਾਸ ਕਰਕੇ ਵਿਆਹੁਤਾ ਜੀਵਨ ਵਿਚ ਵਿਆਹ ਤੋਂ ਬਾਹਰਲੇ ਵਾਸਨਾ ਸਬੰਧਾਂ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਮਿਲਣਾ ਤੇ ਸਮਲਿੰਗੀ ਸਬੰਧਾਂ ਨੂੰ ਠੀਕ ਕਰਾਰ ਦਿੱਤੇ ਜਾਣਾ। ਬੱਚੀਆਂ ਦੇ ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਰੁਝਾਨ ਵੀ ਸਵਾਗਤ ਦਾ ਹੱਕਦਾਰ ਹੈ, ਖਾਸ ਕਰਕੇ ਹਰਿਆਣਾ ਰਾਜ ਦੇ ਪ੍ਰਸੰਗ ਵਿਚ ਜਿਥੇ ਹਰਿਆਣਵੀ ਸੂਰਮਗਤੀ ਨਿਰੀ ਇੱਥੋਂ ਤਕ ਸੀਮਤ ਹੋ ਕੇ ਰਹਿ ਗਈ ਹੈ। ਬਿਹਾਰ ਦੀਆਂ ਉਹ ਸਮਾਜ ਸੇਵੀ ਸੰਸਥਾਵਾਂ ਵੀ ਇਸੇ ਹੀ ਸ਼੍ਰੇਣੀ ਵਿਚ ਆਉਂਦੀਆਂ ਹਨ, ਜਿਥੇ 7-17 ਸਾਲ ਦੀਆਂ ਪਨਾਹ ਲੈ ਰਹੀਆਂ ਬੱਚੀਆਂ ਦਾ ਬਲਾਤਕਾਰ ਹੁੰਦਾ ਹੈ। ਮੀ ਟੂ, ਭਾਵ ਮੇਰੇ ਨਾਲ ਵੀ ਹੋਣ ਵਾਲੀਆਂ ਵਾਰਦਾਤਾਂ ਨੇ ਦਰਪਣ ਹਸਤੀਆਂ ਦੇ ਮੁਖੌਟੇ ਲਾਹੁਣ ਦਾ ਕੰਮ ਕੀਤਾ ਹੈ। ਇਨ੍ਹਾਂ ਵਿਚ ਰਾਜਸੀ ਨੇਤਾ ਐਮ. ਜੇ. ਅਕਬਰ, ਐਕਟਰ ਅਲੋਕ ਨਾਥ ਤੇ ਸਾਹਿਤਕਾਰ ਚੇਤਨ ਭਗਤ ਹੀ ਨਹੀਂ, ਸਾਜਿਦ ਖਾਨ ਤੇ ਸੁਭਾਸ਼ ਘਈ ਵਰਗੇ ਅਨੇਕਾਂ ਚਿਹਰੇ ਸ਼ਾਮਲ ਹਨ, ਜੋ ਬੇਨਕਾਬ ਹੋਏ ਹਨ।



ਦੇਸ਼ ਭਰ ਦੇ ਸਿੱਖ ਭਾਈਚਾਰੇ ਲਈ 1984 ਦੇ ਦੰਗਿਆਂ ਵਿਚ ਸੱਜਣ ਕੁਮਾਰ ਜਿਹੇ ਬੰਦਿਆਂ ਨੂੰ ਸੁਣਾਈ ਗਈ ਸਜ਼ਾ ਵੀ ਤਸੱਲੀ ਵਾਲੀ ਹੈ, ਜਿਸ ਨੂੰ ਦੇਰ ਆਇਦ ਦਰੁਸਤ ਆਇਦ ਕਹਿ ਸਕਦੇ ਹਾਂ।

2018 ਵਿਚ ਪੰਜਾਬ ਦੇ ਵੱਡੇ ਸੂਬੇ ਨੂੰ ਸੂਬੀ ਤੱਕ ਸੀਮਤ ਕਰਨ ਵਾਲੀ ਅਕਾਲੀ ਪਾਰਟੀ ਨੂੰ ਵੀ ਚੰਗਾ ਝਟਕਾ ਲੱਗਾ, ਜਿਸ ਦਾ ਡੇਰਾ ਸਿਰਸਾ ਵਾਲੇ ਰਾਮ ਰਹੀਮ ਕੇਸ ਅਤੇ ਬਰਗਾੜੀ ਬੇਅਦਬੀ ਕਾਂਡ ਬਾਰੇ ਵਰਤਾਰਾ ਏਨਾ ਮਾੜਾ ਰਿਹਾ ਕਿ ਪਾਰਟੀ ਨੂੰ ਹਰਿਮੰਦਰ ਸਾਹਿਬ ਵਿਖੇ 'ਆਪੇ' ਭੁੱਲ ਬਖਸ਼ਾਉਣੀ ਪਈ। ਇਸ ਪਾਰਟੀ ਦਾ ਆਪਹੁਦਰਾਪਨ ਟਕਸਾਲੀ ਆਗੂਆਂ ਨੇ ਵੀ ਨੰਗਾ ਕੀਤਾ ਹੈ ਤੇ ਪੰਚਾਇਤੀ ਚੋਣ ਨੇ ਵੀ, ਜਿਸ ਦੇ ਨਤੀਜੇ ਮੂੰਹੋਂ ਬੋਲਦੇ ਹਨ।

ਨਿੱਜੀ ਤੌਰ 'ਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰੇ ਸੀਨੀਅਰ ਮਿੱਤਰ ਸਮਾਜ ਸੇਵੀ ਬੁੱਧ ਸਿੰਘ ਢਾਹਾਂ ਤੇ ਪੱਤਰਕਾਰ ਕੁਲਦੀਪ ਨਈਅਰ ਵਧੀਆ ਨਾਮਣਾ ਖੱਟ ਕੇ ਅਲਵਿਦਾ ਕਹਿ ਗਏ। ਬਾਬਾ ਬੁੱਧ ਸਿੰਘ ਨੇ ਦੁਆਬੇ ਦੇ ਪੱਛੜੇ ਇਲਾਕੇ ਵਿਚ ਦੋ ਗੌਲਣਯੋਗ ਹਸਪਤਾਲਾਂ ਦੀ ਸਥਾਪਨਾ ਕੀਤੀ ਅਤੇ ਕੁਲਦੀਪ ਨਈਅਰ ਨੇ ਨਿਰਪੱਖ ਤੇ ਉਚੀ ਪੱਧਰ ਦੀ ਪੱਤਰਕਾਰੀ ਦੇ ਨਾਲ ਭਾਰਤ-ਪਾਕਿਸਤਾਨ ਮਿੱਤਰਤਾ ਦਾ ਪਰਚਮ ਲਹਿਰਾਈ ਰੱਖਿਆ।

ਸਿਹਤ ਵਲੋਂ ਕਈ ਤਰ੍ਹਾਂ ਦੇ ਧੱਕੇ ਖਾ ਕੇ ਮੈਂ ਆਪਣੀ ਸੋਧ ਅਪਨਾਉਣ ਦੇ ਮਾਰਗ ਉਤੇ ਤੁਰਨ ਦੇ ਯੋਗ ਹੋ ਗਿਆ ਹਾਂ। ਕਸੌਲੀ ਤੇ ਸੋਲਨ ਦੇ ਅੱਧ ਵਿਚਕਾਰ ਧਰਮਪੁਰ-ਸਬਾਥੂ ਸੜਕ ਉਤੇ ਇਕ ਟਿਕਾਣਾ ਬਣਾ ਲਿਆ ਹੈ, ਜਿਥੇ ਰਹਿੰਦੇ ਜੀਵਨ ਦਾ ਵੱਡਾ ਹਿੱਸਾ ਰਹਿਣ ਦੀ ਚਾਹਨਾ ਹੈ। ਮੇਰੀ ਤੰਦਰੁਸਤੀ ਵੇਖ ਕੇ ਮੇਰੇ ਸਮੇਂ ਦੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਨੇ 2019 ਦੇ ਫਰਵਰੀ ਮਹੀਨੇ ਮਨਾਈ ਜਾ ਰਹੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਦੇ ਪ੍ਰਬੰਧਕਾਂ ਵਿਚ ਮੈਨੂੰ ਵੀ ਸ਼ਾਮਲ ਕੀਤਾ ਹੈ। ਉਧਰ ਪੰਜਾਬੀ ਯੂਨੀਵਰਸਟੀ, ਪਟਿਆਲਾ ਵਿਚ ਮੇਰੀ ਸਹਿਕਰਮੀ ਰਹਿ ਚੁਕੀ ਜਸਬੀਰ ਕੌਰ ਮੈਨੂੰ ਆਪਣੇ ਨਾਲ ਪਾਕਿਸਤਾਨ ਲੈ ਕੇ ਜਾ ਰਹੀ ਹੈ, ਜਿਥੇ ਹੋਰਨਾਂ ਸਥਾਨਾਂ ਤੋਂ ਬਿਨਾ ਮੈਂ ਕਰਤਾਰਪੁਰ ਸਾਹਿਬ ਵੀ ਜਾ ਸਕਾਂਗਾ। ਜਾਂਦੇ-ਜਾਂਦੇ ਇਹ ਵੀ ਦੱਸ ਦਿਆਂ ਕਿ ਮੇਰੀ ਭਤੀਜ ਨੂੰਹ ਅਮਰਜੀਤ ਕੌਰ ਮੇਰੇ ਜੱਦੀ ਪਿੰਡ ਸੂਨੀ ਦੀ ਸਰਪੰਚ ਚੁਣੀ ਗਈ ਹੈ।

**ਅੰਤਿਕਾ: ਮਿਰਜ਼ਾ ਗਾਲਿਬ**

ਉਨਕੇ ਦੇਖੇ ਸੇ
ਜੋ ਆ ਜਾਤੀ ਹੈ ਮੂੰਹ ਪੇ ਰੌਣਕ,
ਵੁਹ ਸਮਝਤੇ ਹੈਂ ਕਿ
ਬੀਮਾਰ ਕਾ ਹਾਲ ਅੱਛਾ ਹੈ।
ਦੇਖੀਏ ਪਾਤੇ ਹੈਂ ਉਸ਼ਾਕ
ਬੁਤੋਂ ਸੇ ਕਿਆ ਫੈਜ਼,
ਇਕ ਬ੍ਰਾਹਮਣ ਨੇ ਕਹਾ ਹੈ
ਕਿ ਸਾਲ ਅੱਛਾ ਹੈ।
ਹਮਕੋ ਮਾਲੂਮ ਹੈ
ਜੰਨਤ ਕੀ ਹਕੀਕਤ ਲੇਕਿਨ,
ਦਿਲ ਕੋ ਖੁਸ਼ ਰਖਨੇ ਕੋ ਗਾਲਿਬ
ਯੇਹ ਖਿਆਲ ਅੱਛਾ ਹੈ।

# ਭਾਰਤ ਨੇ ਆਸਟਰੇਲੀਆ 'ਚ ਪਹਿਲੀ ਵਾਰ ਟੈਸਟ ਲੜੀ ਜਿੱਤ ਕੇ ਰਚਿਆ ਇਤਿਹਾਸ

**ਸਿਡਨੀ:** ਟੀਮ ਇੰਡੀਆ ਨੇ ਸਿਡਨੀ ਦੇ ਮੈਦਾਨ 'ਤੇ ਚੌਥੇ ਟੈਸਟ ਮੈਚ ਦੇ ਪੰਜਵੇਂ ਅਤੇ ਆਖਰੀ ਦਿਨ ਇਤਿਹਾਸ ਰਚਦੇ ਹੋਏ ਮੇਜ਼ਬਾਨ ਆਸਟਰੇਲੀਆ ਖਿਲਾਫ ਚਾਰ ਟੈਸਟ ਮੈਚਾਂ ਦੀ



ਲੜੀ 'ਤੇ 2-1 ਨਾਲ ਕਬਜ਼ਾ ਕਰ ਲਿਆ। ਇਸ ਤਰ੍ਹਾਂ ਭਾਰਤ ਨੇ ਆਸਟਰੇਲੀਆ 'ਚ ਪਹਿਲੀ ਵਾਰ ਟੈਸਟ ਲੜੀ ਜਿੱਤਣ ਦਾ ਮਾਣ ਹਾਸਲ ਕੀਤਾ। ਪੰਜਵੇਂ ਦਿਨ ਦਾ ਪੂਰਾ ਖੇਡ ਮੀਂਹ ਦੀ ਭੇਟ ਚੜ੍ਹ ਗਿਆ ਅਤੇ ਇਕ ਵੀ ਗੇਂਦ ਖੇਡੀ ਨਾ ਜਾ ਸਕੀ।

ਇਸ ਦੌਰਾਨ ਮੈਚ ਅਧਿਕਾਰੀਆਂ ਨੇ ਦੂਸਰੇ ਸੈਸ਼ਨ ਦੇ ਆਖਰ ਵਿਚ ਗਰਾਊਂਡ ਸਟਾਫ ਨਾਲ ਗੱਲਬਾਤ ਕਰਨ ਤੋਂ ਬਾਅਦ ਮੈਚ ਨੂੰ ਡਰਾਅ ਐਲਾਨ ਦਿੱਤਾ। ਇਸ ਦੇ ਨਾਲ ਹੀ ਵਿਰਾਟ ਕੋਹਲੀ ਦੀ ਟੀਮ ਨੇ 71 ਸਾਲ ਬਾਅਦ ਇਤਿਹਾਸ ਰਚਦੇ ਹੋਏ ਆਸਟਰੇਲੀਆ ਦੀ ਧਰਤੀ 'ਤੇ ਲੜੀ ਜਿੱਤ ਦਰਜ ਕਰਨ ਵਾਲੀ ਪਹਿਲੀ ਏਸ਼ੀਆਈ ਟੀਮ ਬਣਨ ਦਾ ਮਾਣ ਹਾਸਲ ਕੀਤਾ। ਲੜੀ ਵਿਚ ਚਾਰ ਮੈਚਾਂ ਵਿਚ ਤਿੰਨ ਸੈਂਕੜਿਆਂ ਸਮੇਤ ਸਭ ਤੋਂ ਜ਼ਿਆਦਾ ਦੌੜਾਂ ਬਣਾਉਣ ਵਾਲੇ ਚੇਤੇਸ਼ਵਰ ਪੁਜਾਰਾ ਨੂੰ ਮੈਨ ਆਫ ਦ ਮੈਚ ਤੇ ਮੈਨ ਆਫ ਸੀਰੀਜ਼ ਐਲਾਨਿਆ ਗਿਆ। ਮੈਚ ਦੇ ਆਖਰੀ ਦਿਨ ਕਰੋੜਾਂ ਭਾਰਤੀ ਕ੍ਰਿਕਟ ਪ੍ਰੇਮੀ ਉਮੀਦ ਕਰ ਰਹੇ ਸਨ ਕਿ ਭਾਰਤ ਇਸ ਟੈਸਟ ਵਿਚ ਵੀ ਜਿੱਤ ਦਰਜ ਕਰਦੇ ਹੋਏ ਲੜੀ 3-1 ਨਾਲ ਜਿੱਤ ਦਰਜ ਕਰੇਗਾ, ਪਰ ਮੀਂਹ ਨੇ ਮੌਸਮ ਵਿਭਾਗ ਦੀ ਭਵਿੱਖਬਾਣੀ ਨੂੰ ਝੂਠ ਸਾਬਤ ਕਰਦੇ ਹੋਏ ਭਾਰਤ ਦੇ ਆਖਰੀ ਮੈਚ ਵਿਚ ਜਿੱਤ ਦੇ ਸੁਪਨੇ ਨੂੰ ਤੋੜ ਦਿੱਤਾ। ਇਕ ਪਾਸੇ ਭਾਰਤੀ ਕ੍ਰਿਕਟ ਪ੍ਰੇਮੀਆਂ ਦਾ 3-1 ਨਾਲ ਲੜੀ ਜਿੱਤਣ ਦਾ ਸੁਪਨਾ ਟੁੱਟ ਗਿਆ ਅਤੇ ਦੂਜੇ ਪਾਸੇ ਆਸਟਰੇਲੀਆ 3-1 ਦੀ ਇਕ ਹੋਰ ਵੱਡੀ ਸ਼ਰਮਨਾਕ ਹਾਰ ਤੋਂ ਬਚ ਗਿਆ।

ਇਸ ਤੋਂ ਪਹਿਲਾਂ ਭਾਰਤ ਨੇ ਚੌਥੇ ਟੈਸਟ ਮੈਚ ਵਿਚ ਚੇਤੇਸ਼ਵਰ ਪੁਜਾਰਾ (193) ਅਤੇ ਰਿਸ਼ਭ ਪੰਤ (159 ਨਾਬਾਦ) ਦੀਆਂ ਸ਼ਾਨਦਾਰ ਪਾਰੀਆਂ ਦੀ ਬਦੌਲਤ ਆਸਟਰੇਲੀਆ ਖਿਲਾਫ ਆਪਣੀ ਪਹਿਲੀ ਪਾਰੀ ਸੱਤ ਵਿਕਟਾਂ ਦੇ ਨੁਕਸਾਨ 'ਤੇ 622 ਦੌੜਾਂ ਦੇ ਵਿਸ਼ਾਲ ਸਕੋਰ ਉਤੇ ਪਾਰੀ ਨੂੰ ਐਲਾਨ ਦਿੱਤਾ ਸੀ। ਇਸ ਪਾਰੀ ਵਿਚ ਆਸਟਰੇਲੀਆ ਲੀ ਨਾਥਨ ਲਾਇਨ ਨੇ ਸਭ ਤੋਂ ਜ਼ਿਆਦਾ ਚਾਰ, ਜੋਸ਼ ਹੇਜ਼ਲਵੁੱਡ ਨੇ ਦੋ ਅਤੇ ਮਿਸ਼ੇਲ ਸਟਾਰਕ ਨੇ ਇਕ ਵਿਕਟ ਲਿਆ। ਇਸ ਤੋਂ ਬਾਅਦ ਭਾਰਤ ਨੇ ਕੁਲਦੀਪ ਯਾਦਵ (5/99) ਦੀ ਬਿਹਤਰੀਨ ਗੇਂਦਬਾਜ਼ੀ ਦੀ ਬਦੌਲਤ ਆਸਟਰੇਲੀਆ ਦੀ ਪਾਰੀ 300 ਦੌੜਾਂ 'ਤੇ ਹੀ ਸਮਾਪਤ ਕਰ ਦਿੱਤੀ। ਇਸ ਪਾਰੀ ਵਿਚ ਮੁਹੰਮਦ ਸ਼ੰਮੀ ਅਤੇ ਰਵਿੰਦਰ ਜਡੇਜਾ ਨੇ ਦੋ-ਦੋ ਅਤੇ ਜਸਪ੍ਰੀਤ ਬੁਮਰਾਹ ਨੇ ਇਕ ਵਿਕਟ ਲਈ।

# ਕੈਨੇਡਾ ਸਰਕਾਰ ਵੱਲੋਂ ਪਰਵਾਸ ਨਿਯਮਾਂ 'ਚ ਫੇਰਬਦਲ

**ਓਟਾਵਾ:** ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਪਰਵਾਸ ਨਿਯਮਾਂ ਵਿਚ ਫੇਰਬਦਲ ਦਾ ਐਲਾਨ ਕੀਤਾ ਹੈ। ਕੈਨੇਡਾ ਜਲਦ ਹੀ ਪੀ. ਜੀ. ਪੀ. ਪ੍ਰੋਗਰਾਮ ਮੁੜ ਤੋਂ ਸ਼ੁਰੂ ਕਰਨ ਜਾ ਰਿਹਾ ਹੈ, ਜਿਸ ਤਹਿਤ ਪਹਿਲਾਂ ਨਾਲੋਂ ਵੱਧ ਗਿਣਤੀ 'ਚ ਮਾਪਿਆਂ ਨੂੰ ਵਿਸ਼ੇਸ਼ ਵੀਜ਼ੇ ਮਿਲਣਗੇ ਤੇ ਪੱਕੀ ਰਿਹਾਇਸ਼ ਯਾਨੀ ਪੀਆਰ ਵੀ ਮਿਲ ਸਕਦੀ ਹੈ।

ਕੈਨੇਡਾ ਦੇ ਸੰਸਦ ਮੈਂਬਰ ਤੇ ਨਾਗਰਿਕਤਾ ਤੇ ਪਰਵਾਸ ਬਾਰੇ ਸਥਾਈ ਸੰਸਦੀ ਕਮੇਟੀ ਦੇ ਮੈਂਬਰ ਰਣਦੀਪ ਸਰਾਏ ਨੇ ਦੱਸਿਆ ਕਿ ਇਮੀਗ੍ਰੇਸ਼ਨ ਰਿਫਿਊਜ਼ੀ ਤੇ ਸਿਟੀਜ਼ਨਸ਼ਿਪ ਕੈਨੇਡਾ ਜਨਵਰੀ 'ਚ ਫੈਮਿਲੀ ਕਲਾਸ ਅੰਦਰ ਪੇਰੈਂਟਸ ਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ ਫਿਰ ਤੋਂ ਸ਼ੁਰੂ ਕਰਨ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਕੁੱਲ 20,000 ਅਰਜ਼ੀਆਂ ਲਈਆਂ ਜਾਣਗੀਆਂ। ਪੇਰੈਂਟਸ ਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ ਨੂੰ ਪੀ.ਜੀ.ਪੀ. ਵੀ ਕਿਹਾ ਜਾਂਦਾ। ਪਿਛਲੇ 18 ਸਾਲ ਤੋਂ ਕੈਨੇਡਾ ਦੇ ਵਸਨੀਕ ਇਸ ਪ੍ਰੋਗਰਾਮ ਤਹਿਤ ਆਪਣੇ ਮਾਪਿਆਂ, ਦਾਦਾ-ਦਾਦੀ ਤੇ ਨਾਨਾ-ਨਾਨੀ ਨੂੰ ਸਪੌਂਸਰ ਕਰ ਕੇ ਪੱਕੇ ਤੌਰ 'ਤੇ ਕੈਨੇਡਾ ਬੁਲਾ ਸਕਦੇ ਹਨ।

ਇਹ ਐਪਲੀਕੇਸ਼ਨ ਪ੍ਰੋਸੈਸ ਪਹਿਲਾਂ ਆਉ ਪਹਿਲਾਂ ਪਾਓ ਦੇ ਆਧਾਰ 'ਤੇ ਕੰਮ ਕਰੇਗਾ। ਸਰਾਏ ਨੇ ਦੱਸਿਆ ਕਿ ਸਾਲ 2014 'ਚ ਪੀ.ਜੀ.ਪੀ. ਪ੍ਰੋਗਰਾਮ ਤਹਿਤ 5,000 ਵੀਜ਼ੇ ਦਿੱਤੇ ਗਏ ਸਨ। ਇਸ ਤੋਂ ਅਗਲੇ ਸਾਲ 10,000, ਸਾਲ 2018 'ਚ 17,000 ਵੀਜ਼ੇ ਦਿੱਤੇ ਗਏ। ਹੁਣ 20,000 ਲੋਕਾਂ ਨੂੰ ਪੀ.ਜੀ.ਪੀ. ਪ੍ਰੋਗਰਾਮ ਤਹਿਤ ਵੀਜ਼ੇ ਦਿੱਤੇ ਜਾਣਗੇ।

## ਜਿਨਪਿੰਗ ਵੱਲੋਂ ਚੀਨ ਦੀ ਫੌਜ ਨੂੰ ਹਰ ਜੰਗ ਲਈ ਤਿਆਰ ਰਹਿਣ ਦੇ ਹੁਕਮ

**ਪੇਈਚਿੰਗ:** ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੀ ਫੌਜ ਨੂੰ ਕਿਸੇ ਵੀ ਲੜਾਈ ਲਈ ਤਿਆਰ-ਬਰ-ਤਿਆਰ ਰਹਿਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਦੁਨੀਆਂ 'ਚ ਇਸ ਸਮੇਂ ਜੋ ਵੱਡੀਆਂ ਚੁਣੌਤੀਆਂ ਤੇ ਖਤਰੇ ਉਭਰ ਕੇ ਸਾਹਮਣੇ ਆ ਰਹੇ ਹਨ, ਉਹ ਪਿਛਲੀ ਇਕ ਸਦੀ ਦੌਰਾਨ ਕਦੀ ਦਿਖਾਈ ਨਹੀਂ ਦਿੱਤੇ।

ਦੁਨੀਆਂ ਦੀ ਸਭ ਤੋਂ ਵੱਡੀ ਫੌਜ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ.ਏ.) ਨੇ ਪਿਛਲੇ ਸਾਲ ਆਪਣੇ ਨਵੇਂ ਰੰਗਰੂਟਾਂ ਦੀ ਸਿਖਲਾਈ ਦਾ ਸਮਾਂ ਤਿੰਨ ਮਹੀਨੇ ਤੋਂ ਵਧਾ ਕੇ ਛੇ ਮਹੀਨੇ ਕਰ ਦਿੱਤਾ ਸੀ ਤਾਂ ਜੋ ਉਹ ਆਪਣੀ ਜੰਗੀ ਸਮਰੱਥਾ ਵਧਾ ਸਕਣ।

## ਮਾਲਿਆ ਨੂੰ ਵਿੱਤੀ ਭਗੌੜਾ ਐਲਾਨਿਆ

**ਮੁੰਬਈ:** ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਨੂੰ ਕੁਝ ਹਫਤੇ ਪਹਿਲਾਂ ਬਰਤਾਨੀਆ ਦੀ ਅਦਾਲਤ ਵੱਲੋਂ ਭਾਰਤ ਹਵਾਲੇ ਕਰਨ ਦੇ ਦਿੱਤੇ ਹੁਕਮਾਂ ਤੋਂ ਬਾਅਦ ਮੁੰਬਈ ਦੀ ਵਿਸ਼ੇਸ਼ ਅਦਾਲਤ ਨੇ ਉਸ ਨੂੰ ਭਗੌੜਾ ਵਿੱਤੀ ਅਪਰਾਧੀ ਐਲਾਨ ਕੇ ਇਕ ਹੋਰ ਝਟਕਾ ਦਿੱਤਾ ਹੈ। ਮਾਲਿਆ ਅਜਿਹਾ ਪਹਿਲਾ ਕਾਰੋਬਾਰੀ ਬਣ ਗਿਆ ਹੈ ਜਿਸ ਨੂੰ ਨਵੇਂ ਵਿੱਤੀ ਭਗੌੜਾ ਅਪਰਾਧ ਕਾਨੂੰਨ ਦੇ ਘੇਰੇ 'ਚ ਲਿਆਂਦਾ ਗਿਆ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮੁੰਬਈ ਦੀ ਵਿਸ਼ੇਸ਼ ਅਦਾਲਤ 'ਚ ਅਪੀਲ ਦਾਇਰ ਕੀਤੀ ਸੀ ਕਿ ਵਿਜੈ ਮਾਲਿਆ ਜੋ ਇਸ ਸਮੇਂ ਬਰਤਾਨੀਆ 'ਚ ਰਹਿ ਰਿਹਾ ਹੈ, ਨੂੰ ਨਵੇਂ ਵਿੱਤੀ ਭਗੌੜਾ ਅਪਰਾਧ ਕਾਨੂੰਨ ਦੇ ਘੇਰੇ 'ਚ ਲਿਆਂਦਾ ਜਾਵੇ।

# ਦਸਤਾਰ ਨਾ ਉਤਾਰਨ 'ਤੇ ਅੜੇ ਸਿੱਖ ਨੂੰ ਅਮਰੀਕਾ 'ਚ ਵੱਡਾ ਸਨਮਾਨ

**ਚੰਡੀਗੜ੍ਹ:** ਹਰਿਆਣਾ ਦੇ ਜ਼ਿਲ੍ਹੇ ਅੰਬਾਲਾ ਦੇ ਛੋਟੇ ਜਿਹੇ ਪਿੰਡ ਅਧੋਈ ਦੇ ਗੁਰਿੰਦਰ ਸਿੰਘ ਖਾਲਸਾ ਦੀ ਪੱਗ ਉਤਾਰ ਕੇ ਤਲਾਸ਼ੀ ਨਾ ਦੇਣ ਦੀ ਜ਼ਿਦ ਦੀ ਕਦਰ ਅਮਰੀਕਾ ਨੇ ਕੀਤੀ ਹੈ। ਸਾਲ 2007 ਵਿਚ ਹੋਈ ਇਸ ਘਟਨਾ ਉਪਰੰਤ ਅਮਰੀਕਾ ਨੇ ਸਿੱਖਾਂ ਨੂੰ ਦਸਤਾਰ ਸਮੇਤ ਹਵਾਈ ਸਫਰ ਕਰਨ ਤੋਂ ਵੀ ਛੋਟ ਦਿੱਤੀ ਸੀ। ਹੁਣ ਖਾਲਸਾ ਦੇ ਜਜ਼ਬੇ ਨੂੰ ਉਤਸ਼ਾਹਿਤ ਕਰਨ ਲਈ ਅਮਰੀਕੀ ਮੈਗਜ਼ੀਨ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕਰਨ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਗੁਰਿੰਦਰ ਸਿੰਘ ਖਾਲਸਾ ਨੂੰ ਸਾਲ 2007 ਦੌਰਾਨ ਨਿਊ ਯਾਰਕ ਦੇ ਬਫਲੋ ਨਾਇਗਰਾ ਕੌਮਾਂਤਰੀ ਹਵਾਈ ਅੱਡੇ 'ਤੇ ਪੱਗ ਬੰਨ੍ਹੀ ਹੋਣ ਕਰ ਕੇ ਉਥੋਂ ਜਬਰੀ ਹਟਾਇਆ ਗਿਆ ਸੀ। ਇਸ ਦੌਰਾਨ ਉਨ੍ਹਾਂ ਦੀ ਸੁਰੱਖਿਆ ਕਰਮੀਆਂ ਨਾਲ ਹੱਥੋਪਾਈ ਵੀ ਹੋਈ ਸੀ। ਖਾਲਸਾ ਨੇ ਜਹਾਜ਼ ਚੜ੍ਹਨ ਤੋਂ ਇਨਕਾਰ ਕਰ ਦਿੱਤਾ ਸੀ ਤੇ ਅਮਰੀਕਾ ਵਿਚ ਦਸਤਾਰ ਦੇ ਵੱਕਾਰ ਦੀ ਬਹਾਲੀ ਲਈ ਲੰਮੀ ਲੜਾਈ ਲੜਨ ਦਾ ਫੈਸਲਾ ਕੀਤਾ। ਅਮਰੀਕੀ




ਨਿਯਮਾਂ ਮੁਤਾਬਕ ਜੇਕਰ 20,000 ਲੋਕਾਂ ਦਾ ਸਮਰਥਨ ਮਿਲਦਾ ਹੈ ਤਾਂ ਪੱਗ ਉਤਾਰ ਕੇ ਜਾਂਚ ਕਰਨ ਵਾਲਾ ਨਿਯਮ ਹਟਾ ਦੇਣਗੇ ਪਰ ਖਾਲਸਾ ਨੇ 67,000 ਤੋਂ ਵੀ ਵੱਧ ਲੋਕਾਂ ਦੀ ਹਮਾਇਤ ਹਾਸਲ ਕੀਤੀ। ਫਿਰ ਅਮਰੀਕਾ ਨੂੰ ਵੀ ਉਨ੍ਹਾਂ ਅੱਗੇ ਝੁਕਣਾ ਪਿਆ ਤੇ ਸਿੱਖਾਂ ਨੂੰ ਦਸਤਾਰ ਸਮੇਤ ਸਫਰ ਕਰਨ ਦੀ ਖੁੱਲ੍ਹ ਮਿਲੀ।

ਗੁਰਿੰਦਰ ਸਿੰਘ ਖਾਲਸਾ ਦੀ ਕਹਾਣੀ ਤੋਂ ਪ੍ਰਭਾਵਿਤ ਹੋਏ ਯੂ.ਐਸ.ਏ. ਮਾਈਨੌਰਿਟੀ ਬਿਜ਼ਨੈਸ ਮੈਗਜ਼ੀਨ ਨੇ 18 ਜਨਵਰੀ 2019 ਨੂੰ ਖਾਲਸਾ ਨੂੰ 'ਰੋਜ਼ਾ ਪਾਰਕ ਟ੍ਰੈਵਲਰ ਐਵਾਰਡ' ਦੇਣ ਦਾ ਫੈਸਲਾ ਕੀਤਾ ਹੈ, ਜੋ ਆਪਣੀ ਕਿਸਮ ਦੇ ਤਿੰਨ ਸਰਬਉੱਚ ਸਨਮਾਨਾਂ ਵਿਚੋਂ ਇਕ ਹੈ। ਹੁਣ ਖਾਲਸਾ ਆਪਣੀ ਕਹਾਣੀ ਨੂੰ ਲਘੂ ਫਿਲਮ ਦੇ ਰੂਪ ਵਿਚ ਦਿਖਾਉਣਗੇ, ਜਿਸ ਦਾ ਨਾਂ 'ਸਿੰਘ' ਰੱਖਿਆ ਗਿਆ ਹੈ। ਗੁਰਿੰਦਰ ਸਿੰਘ ਖਾਲਸਾ ਸਿੱਖ ਪੁਲੀਟੀਕਲ ਅਫੇਅਰ ਕਮੇਟੀ ਦੇ ਚੇਅਰਮੈਨ ਵੀ ਹਨ ਤੇ ਅਮਰੀਕਾ ਵਿਚ ਸਿੱਖਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ।

# ਕੌਮੀ ਸੰਕਟ ਭੁਲਾ ਕੇ ਮਿਹਣੇਬਾਜ਼ੀ 'ਚ ਉਲਝੀ ਲੀਡਰਸ਼ਿਪ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਨਵਾਂ ਸਾਲ ਚੜ੍ਹਦੇ ਸਾਰ ਅਸੀਂ ਭਾਰਤੀ ਪਾਰਲੀਮੈਂਟ ਵਿਚ ਦੋਹਾਂ ਪ੍ਰਮੁੱਖ ਪਾਰਟੀਆਂ ਦੀ ਲੀਡਰਸ਼ਿਪ ਨੂੰ ਆਪਸ ਵਿਚ ਚੁੰਝ-ਭੇੜ ਕਰਦਿਆਂ ਵੇਖਿਆ ਹੈ। ਬਹੁਤਾ ਕਰ ਕੇ ਮਾਮਲਾ ਫੌਜੀ ਸੌਦਿਆਂ ਦਾ ਛਾਇਆ ਰਿਹਾ ਹੈ। ਕਦੇ ਕੁਝ ਵਿਹਲ ਮਿਲਦੀ ਤਾਂ ਹੋਰ ਮੁੱਦੇ ਵੀ ਚੁੱਕ ਲਏ ਜਾਂਦੇ ਸਨ, ਪਰ ਵਧੇਰੇ ਕਰਕੇ ਰਾਫਾਲ ਲੜਾਕੂ ਜਹਾਜ਼ਾਂ ਨੂੰ ਲੈ ਕੇ ਕਾਂਗਰਸ ਦੀ ਲੀਡਰਸ਼ਿਪ ਵਲੋਂ ਭਾਜਪਾ ਉਤੇ ਹਮਲੇ ਹੁੰਦੇ ਅਤੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਸੌਦੇ ਕਾਰਨ ਭਾਜਪਾ ਦੇ ਲੀਡਰਾਂ ਨੂੰ ਕਾਂਗਰਸ ਉਤੇ ਹਮਲੇ ਕਰਦਿਆਂ ਵੇਖਿਆ ਗਿਆ। ਦਲੀਲਾਂ ਘੱਟ ਤੇ ਭੱਦੀ ਭਾਸ਼ਾ ਦੀ ਵਰਤੋਂ ਵੱਧ ਹੁੰਦੀ ਰਹੀ। ਦੋਵਾਂ ਧਿਰਾਂ ਲਈ ਇਸ ਪਾਰਲੀਮੈਂਟ ਸੈਸ਼ਨ ਵਿਚ ਰੌਲਾ ਪਾਉਣਾ ਇਸ ਲਈ ਜ਼ਰੂਰੀ ਹੈ ਕਿ ਅੱਗੇ ਲੋਕ ਸਭਾ ਚੋਣਾਂ ਆ ਰਹੀਆਂ ਹਨ। ਵੋਟਰਾਂ ਕੋਲ ਜਾ ਕੇ ਇਹ ਕਹਿਣ ਲਈ ਕਿ ਦੇਸ਼ ਦੇ ਹਿੱਤਾਂ ਵਾਸਤੇ ਅਸੀਂ ਆਪਣੇ ਵਲੋਂ ਸਾਰਾ ਜ਼ੋਰ ਲਾਈ ਰੱਖਿਆ ਸੀ, ਦੋਹਾਂ ਧਿਰਾਂ ਦੇ ਆਗੂਆਂ ਲਈ ਇਹ ਸਾਰਾ ਕੁਝ ਕਰਨਾ ਜ਼ਰੂਰੀ ਹੈ। ਉਹ ਕਰ ਰਹੇ ਹਨ, ਤੇ ਕਰਦੇ ਵੀ ਰਹਿਣਗੇ।

ਅਸੀਂ ਚਾਲੀ ਕੁ ਸਾਲ ਪਹਿਲਾਂ ਬੋਫੋਰਜ਼ ਕੰਪਨੀ ਦੀ ਹਾਵਿਟਜ਼ਰ ਤੋਪ ਖਰੀਦਣ ਵਾਲੇ ਸੌਦੇ ਤੋਂ ਭਾਰਤੀ ਰਾਜਨੀਤੀ ਵਿਚ ਉਬਾਲੇ ਆਉਂਦੇ ਵੇਖੇ ਸਨ। ਨਤੀਜਾ ਇਹ ਨਿਕਲਿਆ ਸੀ ਕਿ ਚਾਰ ਦਿਨ ਦੀ ਖਿੱਚੋਤਾਣ ਪਿੱਛੋਂ ਸਾਰੇ ਦੋਸ਼ੀ ਛੁੱਟ ਗਏ ਅਤੇ ਜਿੰਨੇ ਪੈਸਿਆਂ ਦੀ ਰਿਸ਼ਵਤਖੋਰੀ ਦਾ ਦੋਸ਼ ਲੱਗਾ ਸੀ, ਉਸ ਨਾਲੋਂ ਵੀਹ ਗੁਣਾਂ ਤੋਂ ਵੱਧ ਜਾਂਚ ਦੇ ਨਾਂ ਉਤੇ ਫੂਕ ਦਿੱਤੇ ਗਏ ਸਨ। ਇਹੋ ਕੁਝ ਜਹਾਜ਼ ਸੌਦੇ ਜਾਂ ਹੈਲੀਕਾਪਟਰ ਸੌਦੇ ਬਾਰੇ ਹੋ ਸਕਦਾ ਹੈ। ਇਸ ਕੇਸ ਵਿਚ ਕਿਸੇ ਦੀ ਕਿੰਨੀ ਵੀ ਦਿਲਚਸਪੀ ਹੋਵੇ, ਬਤੌਰ ਪੱਤਰਕਾਰ ਇਸ ਦੀ ਚਰਚਾ ਕਰਨ ਤੋਂ ਸਿਵਾ ਮੇਰੀ ਇਸ ਵਿਚ ਕਿਸੇ ਤਰ੍ਹਾਂ ਦੀ ਦਿਲਚਸਪੀ ਨਹੀਂ। ਭਾਰਤ ਨੂੰ ਆਜ਼ਾਦੀ ਮਿਲਣ ਦੇ ਦਿਨ ਤੋਂ ਅੱਜ ਤੱਕ ਇਹੋ ਜਿਹਾ ਕੋਈ ਫੌਜੀ ਸਮਾਨ ਖਰੀਦਣ ਦਾ ਸੌਦਾ ਹੋਇਆ ਹੀ ਨਹੀਂ, ਜਿਸ ਵਿਚ ਕਿਸੇ ਵਲੋਂ ਰਿਸ਼ਵਤਖੋਰੀ ਜਾਂ ਦਲਾਲੀ ਦਾ ਰੌਲਾ ਨਾ ਪਿਆ ਹੋਵੇ।

ਜਵਾਹਰ ਲਾਲ ਨਹਿਰੂ ਨੂੰ ਬੇਈਮਾਨ ਆਗੂ ਨਹੀਂ ਸੀ ਮੰਨਿਆ ਜਾਂਦਾ, ਇਸ ਦੇ ਬਾਵਜੂਦ ਉਸ ਰਾਜ ਦੌਰਾਨ ਬ੍ਰਿਟੇਨ ਵਿਚ ਭਾਰਤ ਸਰਕਾਰ ਦੇ ਹਾਈ ਕਮਿਸ਼ਨਰ ਵੀ. ਕੇ. ਕ੍ਰਿਸ਼ਨਾ ਮੈਨਨ ਨੇ ਪ੍ਰੋਟੋਕੋਲ ਤੋੜ ਕੇ ਅੱਸੀ ਲੱਖ ਰੁਪਏ ਦਾ ਦੋ ਸੌ ਜੀਪਾਂ ਵਾਲਾ ਸੌਦਾ ਖੁਦ ਹੀ ਕਰ ਲਿਆ ਤਾਂ ਰੌਲਾ ਪੈ ਗਿਆ ਸੀ, ਪਰ ਹੋਇਆ ਕੁਝ ਨਹੀਂ ਸੀ। ਸੌਦਾ ਕਰਨ ਵਾਲਾ ਵੀ. ਕੇ. ਕ੍ਰਿਸ਼ਨਾ ਮੈਨਨ ਕੁਝ ਸਮਾਂ ਪਾ ਕੇ ਦੇਸ਼ ਦਾ ਵਿਦੇਸ਼ ਮੰਤਰੀ ਬਣ ਗਿਆ ਸੀ। ਅਟਲ ਬਿਹਾਰੀ ਵਾਜਪਾਈ ਵੀ ਪ੍ਰਧਾਨ ਮੰਤਰੀ ਬਣ ਕੇ ਬੜਾ ਇਮਾਨਦਾਰੀ ਦਾ ਢੰਡੋਰਾ ਪਿੱਟਦਾ ਸੀ, ਪਰ ਉਸ ਦੇ ਵਕਤ ਪਹਿਲਾਂ ਤਹਿਲਕਾ ਕਾਂਡ ਹੋ ਗਿਆ ਤੇ ਪਿੱਛੋਂ ਕਾਰਗਿਲ ਵਾਲੇ ਸ਼ਹੀਦਾਂ ਦੇ ਮ੍ਰਿਤਕ ਸਰੀਰਾਂ ਲਈ ਬਕਸੇ (ਅੰਗਰੇਜ਼ੀ ਵਿਚ 'ਕਫਨ') ਖਰੀਦਣ ਦੇ ਨਾਲ ਹਰ ਥਾਂ 'ਕਫਨ ਚੋਰ' ਦਾ



ਲੜਾਕੂ ਜਹਾਜ਼ ਰਾਫਾਲ

ਰੌਲਾ ਪੈਂਦਾ ਸੁਣਦਾ ਰਿਹਾ ਸੀ। ਡਾ. ਮਨਮੋਹਨ ਸਿੰਘ ਬਹੁਤ ਈਮਾਨਦਾਰ ਪ੍ਰਧਾਨ ਮੰਤਰੀ ਕਿਹਾ ਜਾਂਦਾ ਸੀ ਤੇ ਖੁਦ ਈਮਾਨਦਾਰ ਵੀ ਰਿਹਾ ਸੀ, ਪਰ ਉਸ ਦੇ ਰਾਜ ਵਿਚ ਵੀ ਹੈਲੀਕਾਪਟਰ ਘੋਟਾਲਾ ਹੋ ਗਿਆ, ਜਿਸ ਦੀ ਜੜ੍ਹ ਵਾਜਪਾਈ ਸਰਕਾਰ ਦੇ ਸਮੇਂ ਲੱਗੀ ਤੇ ਫਲ ਕੁਝ ਕਾਂਗਰਸੀ ਸਰਕਾਰ ਦੇ ਮੰਤਰੀਆਂ ਨੇ ਤੋੜ-ਤੋੜ ਖਾਧੇ ਸਨ। ਨਰਿੰਦਰ ਮੋਦੀ ਖੁਦ ਹੀ ਜਹਾਜ਼ ਸੌਦੇ 'ਚ ਉਲਝੇ ਪਏ ਹਨ।

ਜਦੋਂ ਸਾਨੂੰ ਇਹ ਪਤਾ ਹੈ ਕਿ ਫੌਜੀ ਸਾਮਾਨ ਦੀ ਖਰੀਦ ਦਾ ਕੋਈ ਸੌਦਾ ਰਿਸ਼ਵਤਖੋਰੀ ਬਿਨਾ ਹੋਇਆ ਹੀ ਨਹੀਂ ਅਤੇ ਕੋਈ ਹੋਣਾ ਵੀ ਨਹੀਂ ਤਾਂ ਇਸ ਉਤੇ ਮਗਜ਼ ਮਾਰੀ ਕਰਨ ਦੀ ਥਾਂ ਅਸੀਂ ਦੇਸ਼ ਦੇ ਲੋਕਾਂ ਸਾਹਮਣੇ ਸਿਰ ਚੁੱਕੀ ਖੜ੍ਹੇ ਏਦਾਂ ਦੇ ਮਸਲਿਆਂ ਵੱਲ ਧਿਆਨ ਦੇਣਾ ਬਿਹਤਰ ਸਮਝਦੇ ਹਾਂ, ਜੋ ਭਵਿੱਖ ਉਤੇ ਸਵਾਲੀਆ ਨਿਸ਼ਾਨ ਲਾ ਰਹੇ ਹਨ। ਦੇਸ਼ ਦੀ ਅਗਲੀ ਪੀੜ੍ਹੀ ਦੀ ਚਿੰਤਾ ਤਾਂ ਕੀ ਕਰਨੀ, ਇਹ ਵੀ ਚਿੰਤਾ ਨਹੀਂ ਕਿ ਹੋਰ ਪੰਜ ਸਾਲਾਂ ਤੱਕ ਕੀ ਬਣਨ ਵਾਲਾ ਹੈ? ਸਾਡੇ ਸਾਹਮਣੇ ਏਦਾਂ ਦੇ ਮੁੱਦਿਆਂ ਦਾ ਢੇਰ ਲੱਗ ਸਕਦਾ ਹੈ, ਪਰ ਬਹੁਤਿਆਂ ਵਿਚੋਂ ਸਿਰਫ ਦੋ ਮਾਮਲਿਆਂ ਦੀ ਗੱਲ ਕਰਨੀ ਜ਼ਰੂਰੀ ਸਮਝਦੇ ਹਾਂ। ਇੱਕ ਮੁੱਦਾ ਮੁੱਕ ਰਹੇ ਪਾਣੀ ਦਾ ਅਤੇ ਦੂਜਾ ਫਿਰਕੂ ਉਬਾਲਿਆਂ ਦਾ ਹੈ।

ਫਿਰਕੂ ਉਬਾਲਿਆਂ ਦੀ ਗੱਲ ਕਰਨੀ ਹੋਵੇ ਤਾਂ ਸਾਨੂੰ ਫਿਕਰ ਹੁੰਦਾ ਹੈ ਕਿ ਦੇਸ਼ ਵਿਚ ਇੱਕ ਖਾਸ ਤਰ੍ਹਾਂ ਦੀ ਫਿਰਕੂ ਕਾਂਗ ਚੜ੍ਹਦੀ ਨੂੰ ਉਹ ਲੋਕ ਵੀ ਅੱਖੋਂ ਪਰੋਖੇ ਕਰੀ ਜਾ ਰਹੇ ਹਨ, ਜੋ ਬਾਰਾਂ ਸਾਲ ਪੰਜਾਬ ਵਿਚ ਇਹ ਕਹਿੰਦੇ ਰਹੇ ਸਨ ਕਿ ਸਾਡਾ ਧਰਮ ਖਤਰੇ ਵਿਚ ਹੈ, ਫਲਾਣੇ ਧਰਮ ਨੇ ਇਸ ਦੀ ਹੋਂਦ ਨਹੀਂ ਰਹਿਣ ਦੇਣੀ। ਰਾਜਸੀ ਲੋੜਾਂ ਲਈ ਜੋ ਲੋਕ ਇਸ ਵਕਤ ਖਾਮੋਸ਼ੀ ਵਿਚ ਆਪਣਾ ਹਿੱਤ ਸਮਝਦੇ ਹਨ, ਵਕਤ ਨੇ ਉਨ੍ਹਾਂ ਨੂੰ ਕਟਹਿਰੇ 'ਚ ਖੜ੍ਹੇ ਕਰ ਦੇਣਾ ਹੈ।

ਜਰਮਨੀ ਵਿਚ ਜਦੋਂ ਹਿਟਲਰ ਦੀ ਉਠਾਣ ਹੋਈ ਤਾਂ ਕਈ ਲੋਕਾਂ ਨੇ ਵਕਤੀ ਚੁੱਪ ਰੱਖ ਕੇ ਫਿਰ ਜਿੰਦਾਂ ਭੁਗਤੀ ਸੀ, ਉਸ ਬਾਰੇ ਇੱਕ ਕਵੀ ਦੀ ਕਵਿਤਾ ਬੜੀ ਪ੍ਰਸਿੱਧ ਹੋਈ ਸੀ। ਉਸ ਦੇ ਬੋਲ ਸਾਨੂੰ ਯਾਦ ਨਹੀਂ, ਪਰ ਭਾਵਨਾ ਯਾਦ ਹੈ। ਕਵੀ ਨੇ ਟੱਕਰ ਕਰਦਿਆਂ ਕਿਹਾ ਸੀ ਕਿ ਜਦੋਂ ਯਹੂਦੀਆਂ ਦਾ ਘਾਣ ਹੋਇਆ, ਮੈਂ ਚੁੱਪ ਰਿਹਾ ਸੀ, ਕਿਉਂਕਿ ਮੈਂ ਯਹੂਦੀ ਨਹੀਂ ਸੀ ਤੇ ਕਮਿਊਨਿਸਟਾਂ ਦਾ ਘਾਣ ਹੋਣ ਵੇਲੇ ਫਿਰ ਚੁੱਪ ਰਿਹਾ, ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ। ਉਸ ਪਿੱਛੋਂ ਸੋਸ਼ਲਿਸਟਾਂ ਦੀ ਵਾਰੀ ਆ ਗਈ ਤਾਂ ਮੈਂ ਚੁੱਪ ਰਿਹਾ, ਕਿਉਂਕਿ ਮੈਂ ਸੋਸ਼ਲਿਸਟ ਨਹੀਂ ਸੀ ਤੇ ਜਦੋਂ ਉਨ੍ਹਾਂ ਸਭਨਾਂ ਦੇ ਬਾਅਦ ਮੇਰਾ ਨੰਬਰ ਆ ਗਿਆ ਤਾਂ ਮੇਰੇ ਹੱਕ ਵਿਚ ਮੂੰਹ ਖੋਲ੍ਹਣ ਵਾਲਾ ਕੋਈ ਬਾਕੀ ਨਹੀਂ ਸੀ ਰਹਿ ਗਿਆ।

ਪਾਕਿਸਤਾਨ ਦੇ ਇੱਕ ਸ਼ੀਆ ਕਵੀ ਨੇ ਪਿੱਛੇ ਜਿਹੇ ਇਸ ਨੂੰ ਆਪਣੇ ਢੰਗ ਨਾਲ ਲਿਖਿਆ ਹੈ ਕਿ ਜਦੋਂ ਘੱਟ-ਗਿਣਤੀਆਂ ਉਤੇ ਹਮਲੇ ਹੋਏ ਤਾਂ ਮੈਨੂੰ ਪਰਵਾਹ ਨਹੀਂ ਸੀ ਤੇ ਫਿਰ ਜਦੋਂ ਅਹਿਮਦੀਆ ਮੁਸਲਮਾਨਾਂ ਬਾਰੇ ਕਹਿ ਦਿੱਤਾ ਗਿਆ ਕਿ ਇਹ ਮੁਸਲਮਾਨ ਨਹੀਂ ਤਾਂ ਮੈਂ ਉਦੋਂ ਵੀ ਖਾਮੋਸ਼ ਰਿਹਾ, ਪਰ ਅੱਜ ਸ਼ੀਆ ਲੋਕਾਂ ਨੂੰ ਵੀ ਨਿਸ਼ਾਨੇ ਉਤੇ ਰੱਖਿਆ ਪਿਆ ਹੈ। ਇਤਿਹਾਸ ਕਈ ਵਾਰ ਆਪਣੇ ਆਪ ਨੂੰ ਦੁਹਰਾ ਸਕਦਾ ਹੈ ਤੇ ਉਸੇ ਥਾਂ ਨਹੀਂ, ਕਦੀ ਜਰਮਨੀ ਦੀ ਥਾਂ ਭਾਰਤ ਵਿਚ ਵੀ ਆਣ ਕੇ ਦੁਹਰਾ ਸਕਦਾ ਹੈ।

ਦੂਜਾ ਮਾਮਲਾ ਇਸ ਦੇਸ਼ ਵਿਚ ਪਾਣੀ ਦੀ ਘਾਟ ਦਾ ਹੈ। ਅਸੀਂ ਪੰਜਾਬ ਦੇ ਲੋਕ ਇਸ ਗੱਲ ਬਾਰੇ ਰੌਲਾ ਪੈਂਦਾ ਸੁਣ ਸਕਦੇ ਹਾਂ ਕਿ ਜ਼ਮੀਨ ਹੇਠਾਂ ਪਾਣੀ ਦਾ ਪੱਧਰ ਬੜਾ ਡਿੱਗਦਾ ਜਾਂਦਾ ਹੈ। ਇਹ ਸੱਚ ਵੀ ਹੈ। ਮੇਰੇ ਵਰਗੇ ਲੋਕਾਂ ਨੇ ਬਾਲਪਣ ਵਿਚ ਖੂਹਾਂ ਦਾ ਪਾਣੀ ਮਸਾਂ ਅੱਠ-ਦਸ ਫੁੱਟ ਹੇਠਾਂ ਵੇਖਿਆ ਅਤੇ ਚਾਲੀ ਫੁੱਟ ਉਤੇ ਨਲਕੇ ਲੱਗਦੇ ਵੇਖੇ ਸਨ, ਪਰ ਅੱਜ ਦੇ ਯੁੱਗ ਵਿਚ ਜਦੋਂ ਚਾਰ ਸੌ ਫੁੱਟ ਤੋਂ ਹੇਠਾਂ ਤੱਕ ਬੋਰ ਚਲੇ ਜਾਣ ਦੀ ਗੱਲ ਸੁਣਦੇ ਹਾਂ ਤਾਂ ਸੋਚੀਂ ਪੈ ਜਾਂਦੇ ਹਾਂ। ਦੱਖਣ ਭਾਰਤ ਦੇ ਕਈ ਸ਼ਹਿਰਾਂ ਦਾ ਗੁਜ਼ਾਰਾ ਝੀਲਾਂ ਦੇ ਪਾਣੀ ਨਾਲ ਸਦੀਆਂ ਤੋਂ ਹੁੰਦਾ ਆਇਆ ਹੈ, ਉਥੇ ਅੱਜ ਕੱਲ੍ਹ ਝੀਲਾਂ ਸੁੱਕਣ ਨਾਲ ਪਾਣੀ ਦੀ ਘਾਟ ਦੀ ਸਮੱਸਿਆ ਆਉਣ ਲੱਗੀ ਹੈ। ਇਹ ਸਿਰਫ ਭਾਰਤ ਵਿਚ ਨਹੀਂ, ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿਚ ਵੀ ਹੋ ਰਿਹਾ ਹੈ।

ਪਿਛਲੇ ਸਾਲ ਭਾਰਤ ਦੀ ਕ੍ਰਿਕਟ ਟੀਮ ਜਦੋਂ ਦੱਖਣੀ ਅਫਰੀਕਾ ਦੌਰੇ ਵਾਸਤੇ ਗਈ ਤਾਂ ਇਹ ਖਬਰ ਭਾਰਤ ਵਿਚ ਪਹੁੰਚੀ ਸੀ ਕਿ ਖਿਡਾਰੀਆਂ ਨੂੰ ਪੰਜ ਤਾਰਾ ਹੋਟਲ ਵਿਚ ਵੀ ਨਹਾਉਣ ਆਦਿ ਵਾਸਤੇ ਲੋੜੀਂਦਾ ਪਾਣੀ ਨਹੀਂ ਮਿਲ ਰਿਹਾ ਤੇ ਮਿਥੀ ਹੋਈ ਹੱਦ ਤੱਕ ਪਾਣੀ ਵਰਤਣ ਵਾਸਤੇ ਕਿਹਾ ਜਾਂਦਾ ਹੈ। ਉਨ੍ਹੀਂ ਦਿਨੀਂ ਭਾਰਤੀ ਸੂਬੇ ਕਰਨਾਟਕ ਦੀ ਰਾਜਧਾਨੀ ਬੰਗਲੌਰ ਵਿਚੋਂ ਵੀ ਖਬਰ ਆਈ ਸੀ ਕਿ ਪਾਣੀ ਨਹੀਂ ਮਿਲਦਾ ਤੇ ਇੱਕ ਮੰਤਰੀ ਨੂੰ ਇਸ ਗੱਲ ਦੀ ਮੁਆਫੀ ਮੰਗਣੀ ਪਈ ਸੀ ਕਿ ਉਸ ਦੇ ਜਾਣ ਵੇਲੇ ਰਾਹ ਵਿਚ ਪੈਂਦੀ ਸੜਕ ਉਤੇ ਪਾਣੀ ਛਿੜਕਿਆ ਗਿਆ ਹੈ, ਜਦੋਂ ਲੋਕਾਂ ਨੂੰ ਪੀਣ ਵਾਸਤੇ ਪੂਰਾ ਪਾਣੀ ਨਹੀਂ ਮਿਲ ਰਿਹਾ।

ਅਗਲੇ ਦਿਨਾਂ ਵਿਚ ਇਹੋ ਜਿਹੀ ਸਮੱਸਿਆ ਭਾਰਤ ਦੇ ਹੋਰ ਸ਼ਹਿਰਾਂ ਵਿਚ ਵੀ ਆਉਣ ਦਾ ਡਰ ਹੈ, ਪਰ ਦੇਸ਼ ਦੀ ਲੀਡਰਸ਼ਿਪ ਕੋਲ ਇਨ੍ਹਾਂ ਗੱਲਾਂ ਬਾਰੇ ਸੋਚਣ ਦਾ ਸਮਾਂ ਕਿੱਥੇ! ਉਹ ਪਾਣੀ ਦੇ ਮੁੱਦੇ ਬਾਰੇ ਸੋਚਣ ਦੀ ਥਾਂ ਫੌਜੀ ਸੌਦਿਆਂ ਨੂੰ ਲੈ ਕੇ ਪਾਣੀ ਵਿਚ ਮਧਾਣੀ ਫੇਰਦੇ ਪਏ ਹਨ।

ਸਾਡੇ ਕੋਲ ਸੰਸਾਰ ਦੇ ਉਨ੍ਹਾਂ ਸ਼ਹਿਰਾਂ ਦੀ ਲਿਸਟ ਪਈ ਹੈ, ਜਿਨ੍ਹਾਂ ਵਿਚ ਇਸ ਵੇਲੇ ਪਾਣੀ ਦਾ ਗੰਭੀਰ ਸੰਕਟ ਹੈ ਤੇ ਅਗਲੇ ਦਿਨੀਂ ਹੋਰ ਵਧ ਜਾਣਾ ਹੈ, ਇਨ੍ਹਾਂ ਵਿਚ ਦੱਖਣੀ ਅਫਰੀਕਾ ਦਾ ਕੇਪ ਟਾਊਨ ਸਿਖਰ ਉਤੇ ਹੈ, ਬ੍ਰਾਜ਼ੀਲ ਦਾ ਸਾਓ ਪਾਓਲੋ ਦੂਜਾ ਅਤੇ ਭਾਰਤ ਦਾ ਬੰਗਲੌਰ ਤੀਜਾ ਸ਼ਹਿਰ ਲਿਖਿਆ ਮਿਲਦਾ ਹੈ। ਮੈਂ ਪੰਜਾਬ ਦੇ ਪਾਣੀਆਂ ਦੀ ਚਿੰਤਾ ਕਰਦਾ ਹਾਂ ਤਾਂ ਇਸ ਰਾਜ ਦੇ ਲੋਕਾਂ ਦੀ ਅਗਲੀ ਪੀੜ੍ਹੀ ਬਾਰੇ ਸੋਚਦਾ ਹਾਂ, ਪਰ ਜਦੋਂ ਬੰਗਲੌਰ ਦੀ ਹਾਲਤ ਵੇਖਦਾ ਹਾਂ ਤਾਂ ਪੰਜਾਂ ਸਾਲਾਂ ਨੂੰ ਹੋਣ ਵਾਲੀ ਅਗਲੀ ਪਾਰਲੀਮੈਂਟ ਚੋਣ ਤੱਕ ਵੀ ਬੁੱਤਾ ਸਰਦਾ ਨਹੀਂ ਦਿੱਸਦਾ। ਉਸ ਦੇ ਬਾਅਦ ਕੀ ਹੋਵੇਗਾ? ਇਹੋ ਜਿਹਾ ਸਵਾਲ ਕੁਝ ਮੂਰਖ ਬੰਦੇ ਸੋਚਦੇ ਹਨ ਤਾਂ ਸੋਚਦੇ ਰਹਿਣ, ਇਸ ਮਹਾਨ ਦੇਸ਼ ਦੀ ਉਹ ਲੀਡਰਸ਼ਿਪ ਇਸ ਬਾਰੇ ਸੋਚਣਾ ਹੀ ਨਹੀਂ ਚਾਹੁੰਦੀ। ਦੋਹਾਂ ਮੁੱਖ ਸਿਆਸੀ ਧਿਰਾਂ ਦਾ ਪੱਲਾ ਫੌਜੀ ਸਾਮਾਨ ਦੀ ਖਰੀਦ ਵਿਚ ਹੋਏ ਭ੍ਰਿਸ਼ਟਾਚਾਰ ਦੇ ਦਾਗਾਂ ਨੇ ਕਾਲਾ ਕਰ ਛੱਡਿਆ ਹੈ।

ਭ੍ਰਿਸ਼ਟਾਚਾਰ ਨੂੰ ਵੀ ਭਾਰਤ ਭੁਗਤ ਰਿਹਾ ਹੈ, ਪਾਣੀ ਵਰਗੇ ਕਈ ਵੱਡੇ ਸੰਕਟਾਂ ਦੇ ਦਹਾਨੇ ਉਤੇ ਖੜ੍ਹਾ ਹੈ, ਪਰ ਦੇਸ਼ ਦੀ ਲੀਡਰਸ਼ਿਪ ਆਪਸੀ ਮਿਹਣੇਬਾਜ਼ੀ ਵਿਚ ਗਲਤਾਨ ਹੈ। ਕੌਮ ਦੀ ਤਬਾਹੀ ਦੀ ਕਿਸੇ ਨੂੰ ਚਿੰਤਾ ਹੀ ਨਹੀਂ।

# ਜੇ ਭਰਤੀ ਨਹੀਂ ਕਰੋਗੇ ਤਾਂ...

ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਅਕਸਰ ਇਹ ਆਖਿਆ ਜਾਂਦਾ ਹੈ ਕਿ ਜੇ ਧੀਆਂ ਨਹੀਂ ਪੈਦਾ ਹੋਣ ਦਿੱਤੀਆਂ ਜਾਣਗੀਆਂ ਤਾਂ ਨੂੰਹਾਂ ਕਿਥੋਂ ਆਉਣਗੀਆਂ? ਇਹ ਸ਼ਬਦ ਡੂੰਘਾ ਅਰਥ ਰੱਖਦੇ ਹਨ ਤੇ ਉਨ੍ਹਾਂ ਲੋਕਾਂ ਨੂੰ ਸੇਧ ਦੇਣ ਲਈ ਵਰਤੇ ਜਾਂਦੇ ਹਨ, ਜੋ ਧੀਆਂ ਨੂੰ ਕੁੱਖਾਂ 'ਚ ਹੀ ਖਤਮ ਕਰਨ ਦੇ ਯਤਨ ਕਰਦੇ ਹਨ। ਇਹ ਯਾਦ ਰੱਖਣਾ ਬਣਦਾ ਹੈ ਕਿ ਜੇ ਪੁੱਤਰ ਮਿੱਠੇ ਮੇਵੇ ਹਨ ਤਾਂ ਧੀਆਂ ਮਿਸ਼ਰੀ ਦੀਆਂ ਡਲੀਆਂ ਹਨ। ਮਿਠਾਸ ਹੀ ਭਰੀ ਹੁੰਦੀ ਹੈ, ਪੁੱਤਰਾਂ ਤੇ ਧੀਆਂ 'ਚ।

ਇਹ ਵੀ ਬਿਆਨਣ ਵਿਚ ਗੁਰੇਜ ਨਹੀਂ ਕੀਤਾ ਜਾਂਦਾ ਕਿ ਪੁੱਤਰ ਹੀ ਹੁੰਦੇ ਹਨ, ਜੋ ਝਗੜਾ ਕਰਦੇ ਹਨ ਅਤੇ ਜਾਇਦਾਦ ਲਈ ਆਪਣੇ ਸਕਿਆਂ ਦਾ ਸਿਰ ਵੱਢਣ ਤਕ ਜਾਂਦੇ ਹਨ, ਜਦਕਿ ਧੀਆਂ ਸਾਰੀ ਉਮਰ ਮਾਪਿਆਂ ਦੀ ਤੰਦਰੁਸਤੀ ਅਤੇ ਸੁੱਖਾਂ ਦੀ ਕਾਮਨਾ ਕਰਦੀਆਂ ਨਹੀਂ ਥੱਕਦੀਆਂ।

2019 ਦੀਆਂ ਚੋਣਾਂ ਸਿਰ 'ਤੇ ਮੰਡਰਾ ਰਹੀਆਂ ਹਨ ਅਤੇ ਸਿਆਸੀ ਪਾਰਟੀਆਂ ਚੋਣਾਂ ਦੀ ਤਿਆਰੀ ਵਿਚ ਜੁਟ ਚੁਕੀਆਂ ਹਨ। ਕਰੀਬ ਸਾਢੇ ਚਾਰ ਸਾਲ ਪਹਿਲਾਂ ਬਣੀ ਸਰਕਾਰ ਆਪਣੀਆਂ ਪ੍ਰਾਪਤੀਆਂ ਨੂੰ ਪ੍ਰਚਾਰਨ ਲਈ ਵੱਡੇ ਵੱਡੇ ਇਸ਼ਤਿਹਾਰ ਦੇਵੇਗੀ ਤਾਂ ਜੋ 'ਲੋਕ ਭਲਾਈ' ਦੇ ਕੀਤੇ ਕੰਮਾਂ ਦਾ ਜਨਤਾ ਨੂੰ ਗਿਆਨ ਹੋ ਸਕੇ। ਇਹ ਸਾਰਾ ਕੁਝ ਉਸ ਤਰ੍ਹਾਂ ਹੀ ਕੀਤਾ ਜਾਂਦਾ ਹੈ ਜਿਵੇਂ ਕੋਈ ਵੀ ਕੰਪਨੀ ਆਪਣੇ ਉਤਪਾਦ ਬਾਰੇ ਜਾਣਕਾਰੀ ਦਿੰਦੀ ਹੈ ਤਾਂ ਜੋ ਲੋਕ ਜਾਣ ਸਕਣ ਅਤੇ ਉਸ ਉਤਪਾਦ ਦੀ ਵਰਤੋਂ ਕਰਨ ਲੱਗ ਜਾਣ। ਜਨਤਾ ਨੂੰ ਉਤਪਾਦ ਦੇ ਗੁਣ ਵਧਾ-ਚੜ੍ਹਾ ਕੇ ਦੱਸੇ ਜਾਂਦੇ ਹਨ, ਪਰ ਕਿਸੇ ਵੀ ਉਤਪਾਦ ਨੂੰ ਵਰਤਣ ਵਾਲੇ ਅਸਲੀਅਤ ਤੋਂ ਵਾਕਿਫ ਹੋ ਚੁਕੇ ਹੁੰਦੇ ਹਨ ਅਤੇ ਮੁੜ ਵਰਤਣਾ ਜਾਂ ਨਾ ਵਰਤਣਾ ਉਨ੍ਹਾਂ ਦਾ ਨਿੱਜੀ ਫੈਸਲਾ ਹੁੰਦਾ ਹੈ। ਲੋਕ ਇਕ ਵਾਰ ਤਾਂ ਲੁਭਾਉਣੇ ਇਸ਼ਤਿਹਾਰਾਂ ਵਲ ਆਕਰਸ਼ਿਤ ਹੋ ਜਾਂਦੇ ਹਨ, ਪਰ ਜਦੋਂ ਉਤਪਾਦ ਦੀ ਅਸਲੀਅਤ ਦਾ ਪਤਾ ਲਗਦਾ ਹੈ, ਤਾਂ ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ।

ਅਜਿਹਾ ਹੀ ਵਰਤਾਰਾ ਉਨ੍ਹਾਂ ਸਰਕਾਰਾਂ ਦੇ ਕੀਤੇ ਕੰਮਾਂ ਸਬੰਧੀ ਦਿੱਤੇ ਇਸ਼ਤਿਹਾਰਾਂ ਦਾ ਹੁੰਦਾ ਹੈ, ਕਿਉਂ ਜੋ ਲੋਕ ਉਸ ਸਰਕਾਰ ਨਾਲ ਵਰਤ ਚੁਕੇ ਹੁੰਦੇ ਹਨ ਅਤੇ ਸਰਕਾਰ ਦੇ ਕੰਮਾਂ ਨੂੰ ਆਪਣੇ ਹੱਡੀਂ ਹੰਢਾ ਚੁਕੇ ਹੁੰਦੇ ਹਨ। ਮੌਜੂਦਾ ਸਰਕਾਰ ਵਲੋਂ ਕੀਤੀ ਨੋਟਬੰਦੀ ਸਬੰਧੀ ਜਿੰਨੇ ਮਰਜ਼ੀ ਲਾਭ ਗਿਣਵਾਏ ਜਾਣ, ਪਰ ਜੋ ਦੁੱਖ ਆਮ ਜਨਤਾ ਨੇ ਨੋਟ ਬਦਲੀ ਸਮੇਂ ਦੇਖਿਆ ਹੈ ਤੇ ਉਸ ਵਰਤਾਰੇ ਵਿਚੋਂ ਖੁਦ ਲੰਘੇ ਹੋਏ ਹਨ, ਉਹ ਹੀ ਜਾਣਦੇ ਹਨ। ਕੁਝ ਮਿਹਨਤਕਸ਼ ਲੋਕਾਂ ਵਲੋਂ ਔਖੇ ਵੇਲੇ ਲਈ ਜੋੜ ਕੇ ਰੱਖੀ ਰਕਮ ਮਹਿਜ ਕਾਗਜ਼ ਦੇ ਟੁਕੜੇ ਬਣ ਕੇ ਰਹਿ ਗਈ ਹੈ। ਉਨ੍ਹਾਂ ਨੂੰ ਇਹ ਸਮਝਾਉਣ ਦੀ ਲੋੜ ਨਹੀਂ ਕਿ ਇਸ ਪ੍ਰਕ੍ਰਿਆ ਨਾਲ ਕਾਲੇ ਧਨ ਨੂੰ ਬਾਹਰ ਲਿਆਉਣ ਦਾ ਉਪਰਾਲਾ ਵੀ ਕੀਤਾ ਗਿਆ ਸੀ ਅਤੇ ਉਸ ਕਾਲੇ ਧਨ ਵਿਚੋਂ ਉਨ੍ਹਾਂ ਦੇ ਖਾਤੇ ਵਿਚ ਕੁਝ ਰਕਮ ਪਾ ਦਿਤੀ ਜਾਣੀ ਸੀ। ਉਸ ਰਕਮ ਦੀ ਉਡੀਕ ਹਾਲੇ ਖਤਮ ਨਹੀਂ ਹੈ, ਪਰ ਲੋਕ ਸਰਕਾਰ ਦੇ ਇਸ਼ਤਿਹਾਰਾਂ ਵਲ ਦੇਖ ਕੇ ਹੀ ਆਪਣੀਆਂ ਮੁਸ਼ਕਿਲਾਂ ਨੂੰ ਯਾਦ ਕਰ ਹਉਕੇ ਭਰ ਲਿਆ ਕਰਨਗੇ।


ਸਰਕਾਰ ਵਲੋਂ ਦਿੱਤੇ ਇਸ਼ਤਿਹਾਰਾਂ ਵਿਚ ਰੁਜ਼ਗਾਰ ਸਬੰਧੀ ਅੰਕੜਿਆਂ ਨੂੰ ਵੀ ਦਰਸਾਇਆ ਜਾਵੇਗਾ, ਪਰ ਸ਼ਾਇਦ ਇਹ ਨਹੀਂ ਦੱਸਿਆ ਜਾਵੇਗਾ ਕਿ ਕਿੰਨੇ ਲੋਕਾਂ ਨੇ ਸਰਕਾਰ ਵਲੋਂ ਮਿਲੀ ਸਲਾਹ ਪਿੱਛੋਂ ਪਕੌੜੇ ਵੇਚਣੇ ਸ਼ੁਰੂ ਕੀਤੇ ਹਨ ਅਤੇ ਚਾਹ ਦੀਆਂ ਕਿੰਨੀਆਂ ਦੁਕਾਨਾਂ ਖੁੱਲ੍ਹੀਆਂ ਹਨ? ਚੋਣਾਂ ਕਰਵਾਉਣ ਲਈ ਸਰਕਾਰ ਨੂੰ ਸਰਕਾਰੀ ਮੁਲਾਜ਼ਮਾਂ ਦੀ ਲੋੜ ਹੁੰਦੀ ਹੈ ਅਤੇ ਜਿਸ ਵਿਚ ਅਧਿਆਪਕਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਸਰਕਾਰ ਨੇ ਕਿੰਨੇ ਅਧਿਆਪਕ ਨਵੇਂ ਭਰਤੀ ਕੀਤੇ ਹਨ ਅਤੇ ਕਿੰਨੇ ਸੇਵਾ ਮੁਕਤ ਹੋ ਚੁਕੇ ਹਨ? ਕਿੰਨਿਆਂ ਦੀ ਤਨਖਾਹ ਘਟਾ ਕੇ ਕੱਚੇ ਕਰ ਦਿੱਤੇ ਹਨ? ਜੇ ਸਾਰਾ ਹਿਸਾਬ ਲੈ ਲਿਆ ਜਾਵੇ ਤਾਂ ਮੁਲਾਜ਼ਮ ਤਾਂ ਬਹੁਤ ਹੀ ਥੋੜ੍ਹੀ ਗਿਣਤੀ ਵਿਚ ਹਨ। ਸਰਕਾਰ ਦੀ ਮਨਸ਼ਾ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਵਾ ਲਈਆਂ ਜਾਣ। ਮੌਜੂਦਾ ਗਿਣਤੀ ਨੂੰ ਵੇਖ ਇਹ ਅਸੰਭਵ ਜਾਪਦਾ ਹੈ। ਮੁਲਾਜ਼ਮ ਭਰਤੀ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਅਜਿਹਾ ਨਾ ਹੋਵੇ ਕਿ ਸਾਰੇ ਮੁਲਾਜ਼ਮ ਇਕੱਠੇ ਕਰ ਕੇ ਕੇਵਲ ਇੱਕ ਸੂਬੇ ਅੰਦਰ ਹੀ ਚੋਣਾਂ ਕਰਵਾਉਣੀਆਂ ਸੰਭਵ ਹੋ ਸਕਣ ਅਤੇ ਸਾਰਾ ਪੰਜ ਸਾਲ ਦਾ ਸਮਾਂ ਚੋਣਾਂ ਵਿਚ ਵੀ ਲੰਘ ਜਾਵੇ ਤੇ ਚੋਣ ਜ਼ਾਬਤਾ ਲੱਗਾ ਹੋਣ ਕਾਰਨ ਵਿਕਾਸ ਦੀ ਹਨੇਰੀ ਝੁਲਾਉਣ ਦਾ ਮੌਕਾ ਹੀ ਖੁੰਝ ਜਾਵੇ। ਅਜਾਈਂ ਜਾ ਰਹੇ ਮਨੁੱਖੀ ਵਸੀਲੇ ਠੀਕ ਢੰਗ ਨਾਲ ਵਰਤ ਕੇ ਵਿਕਾਸ ਵਲ ਮੋੜਾ ਦਿੱਤਾ ਜਾ ਸਕਦਾ ਹੈ। ਨੌਜੁਆਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਪਰਿਵਾਰ ਨੂੰ ਠੀਕ ਢੰਗ ਨਾਲ ਸੰਭਾਲ ਸਕਣ ਅਤੇ ਨਸ਼ਿਆਂ ਤੋਂ ਮੂੰਹ ਮੋੜ ਲੈਣ। ਜੇ ਭਰਤੀ ਨਹੀਂ ਕਰੋਗੇ ਤਾਂ ਚੋਣਾਂ ਲਈ ਮੁਲਾਜ਼ਮ ਕਿਥੋਂ ਲਿਆਵੋਗੇ?

# ਲੋਕ ਰਾਜ ਦੀ ਨਵੀਂ ਆਵਾਜ਼ 'ਨੋਟਾ'

ਬਬੀਤਾ, ਨਾਭਾ
ਫੋਨ: 91-94932-23164

ਗੱਲ ਹੋ ਰਹੀ ਹੈ ਵੋਟਿੰਗ ਮਸ਼ੀਨ 'ਤੇ ਸਭ ਤੋਂ ਅਖੀਰਲੇ ਬਟਨ 'ਨੋਟਾ' ਦੀ, ਜਿਸ ਦਾ ਅਰਥ ਹੈ, ਚੋਣਾਂ ਵਿਚ ਖੜਾ ਕੋਈ ਵੀ ਉਮੀਦਵਾਰ ਪਸੰਦ ਨਹੀਂ। ਪਹਿਲਾਂ ਜੋ ਲੋਕ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਤੋਂ ਮਾਯੂਸ ਹੁੰਦੇ ਸਨ, ਉਨ੍ਹਾਂ ਦੀ ਵੋਟ ਪਾਉਣ ਪ੍ਰਤੀ ਉਦਾਸੀਨਤਾ ਨੂੰ ਵੇਖਦਿਆਂ ਚੋਣ ਕਮਿਸ਼ਨ ਵਲੋਂ ਵੋਟਿੰਗ ਮਸ਼ੀਨਾਂ 'ਤੇ ਇਹ ਬਟਨ 'ਨੋਟਾ' ਲਾਇਆ ਗਿਆ ਹੈ। ਇਹ ਚੋਣ ਸੁਧਾਰਾਂ ਪ੍ਰਤੀ ਇੱਕ ਸਾਰਥਕ ਕਦਮ ਹੈ, ਜਿਸ ਦਾ ਮੁੱਖ ਮੰਤਵ ਇਹ ਹੈ ਕਿ ਵੋਟਿੰਗ ਪ੍ਰਕ੍ਰਿਆ ਵਿਚ ਹਰ ਸ਼ਖਸ ਭਾਗ ਲਏਗਾ। ਜੇ ਕਿਸੇ ਨੂੰ ਕੋਈ ਵੀ ਉਮੀਦਵਾਰ ਪਸੰਦ ਨਹੀਂ, ਉਹ ਇਹ ਵੀ ਦਰਸਾ ਸਕੇਗਾ।

ਇਸ ਵਾਰੀ 'ਨੋਟਾ' ਦੀ ਵਰਤੋਂ ਪਹਿਲਾਂ ਹੋਈਆਂ ਚੋਣਾਂ ਨਾਲੋਂ ਵੱਧ ਹੋਈ ਹੈ। ਇਸ ਦਾ ਇੱਕ ਸਿੱਧਾ ਜਿਹਾ ਮਤਲਬ ਇਹ ਵੀ ਨਿਕਲਦਾ ਹੈ ਕਿ ਲੋਕਾਂ ਨੇ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਪ੍ਰਤੀ ਨਾਪਸੰਦਗੀ ਜ਼ਾਹਰ ਕੀਤੀ ਹੈ। ਕਾਰਨ ਕਈ ਹੋ ਸਕਦੇ ਹਨ, ਵਾਰੀ ਵਾਰੀ ਪਹਿਲਾਂ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੇ ਜਾਣਾ, ਪੈਰਾਸ਼ੂਟ ਰਾਹੀਂ (ਖੇਤਰ ਤੋਂ ਬਾਹਰੀ) ਉਮੀਦਵਾਰ ਉਤਾਰਨਾ, ਅਪਰਾਧਕ ਪਿਛੋਕੜ ਵਾਲੇ ਅਤੇ ਹਲਕੇ ਦੀਆਂ ਸਮੱਸਿਆਵਾਂ ਪ੍ਰਤੀ ਉਦਾਸੀਨ ਉਮੀਦਵਾਰ। ਇੱਕਲੇ ਮੱਧ ਪ੍ਰਦੇਸ਼ ਵਿਚ ਹੀ ਪੰਜ ਲੱਖ ਤੋਂ ਵੱਧ ਲੋਕਾਂ ਨੇ 'ਨੋਟਾ' ਦਬਾਇਆ। ਜੇ ਇਹ ਵੋਟ ਕਿਸੇ ਉਮੀਦਵਾਰ ਦੇ ਹੱਕ ਵਿਚ ਭੁਗਤੇ




ਹੁੰਦੇ, ਹੋ ਸਕਦਾ ਕਿਸੇ ਇੱਕ ਪਾਰਟੀ ਨੂੰ ਸਪੱਸ਼ਟ ਬਹੁਮੱਤ ਮਿਲ ਜਾਂਦਾ। ਇਸੇ ਤਰ੍ਹਾਂ ਰਾਜਸਥਾਨ ਵਿਚ ਚਾਰ ਲੱਖ ਤੋਂ ਵੱਧ ਅਤੇ ਛੱਤੀਸਗੜ੍ਹ ਵਿਚ ਦੋ ਲੱਖ ਤੋਂ ਵੱਧ ਲੋਕਾਂ ਨੇ 'ਨੋਟਾ' ਦੀ ਵਰਤੋਂ ਕੀਤੀ।

ਕੁਝ ਅਪਵਾਦ ਵੀ ਹੋ ਸਕਦੇ ਹਨ। ਹੋ ਸਕਦਾ ਹੈ, ਕੁਝ ਲੋਕਾਂ ਨੇ ਅਣਜਾਣੇ ਵਿਚ ਜਾਂ ਹੜਬੜਾਹਟ ਵਿਚ ਇਹ ਬਟਨ ਦਬਾ ਦਿੱਤਾ ਹੋਵੇ, ਪਰ ਇੰਨੀ ਵੱਡੀ ਤਾਦਾਦ ਵਿਚ ਨਹੀਂ ਹੋ ਸਕਦਾ।

ਸੋ, ਮੰਨਿਆ ਜਾਣਾ ਚਾਹੀਦਾ ਹੈ ਕਿ 'ਨੋਟਾ' ਨੂੰ ਸਪੈਸ਼ਲ ਵੋਟ ਪੋਲ ਹੋਈ ਹੈ। ਹੁਣ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਸੁਧਾਰਾਂ ਦੀ ਕੜੀ ਨੂੰ ਅੱਗੇ ਵਧਾਉਂਦਿਆਂ ਜੇ 'ਨੋਟਾ' ਨੂੰ ਜਿੱਤਣ ਵਾਲੇ ਉਮੀਦਵਾਰ ਤੋਂ ਵੱਧ ਵੋਟਾਂ ਮਿਲਦੀਆਂ ਹਨ, ਤਾਂ ਉਮੀਦਵਾਰ ਵਾਪਿਸ ਬੁਲਾਇਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਪਾਰਟੀਆਂ ਆਪਣੀ ਪਸੰਦ ਨਾਲੋਂ ਲੋਕਾਂ ਦੀ ਪਸੰਦ ਦਾ ਖਿਆਲ ਰੱਖਣ ਲਈ ਮਜਬੂਰ ਹੋਣਗੀਆਂ। ਲੋਕਾਂ 'ਤੇ ਕੋਈ ਉਮੀਦਵਾਰ ਜਬਰਦਸਤੀ ਥੋਪਿਆ ਨਹੀਂ ਜਾ ਸਕੇਗਾ, ਤਾਂ ਹੀ ਅਸਲੀ ਮਾਅਨਿਆਂ ਵਿਚ 'ਨੋਟਾ' ਲੋਕਰਾਜ ਦੀ ਨਵੀਂ ਆਵਾਜ਼ ਬਣ ਕੇ ਉਭਰੇਗਾ।

ਪੰਜਾਬ ਟਾਈਮਜ਼

*ਸਨਿਚਰਵਾਰ, 12 ਜਨਵਰੀ 2019*

## ਪੰਜਾਬ ਦੇ ਸਿਆਸੀ ਗੋਤੇ

ਜਿਉਂ-ਜਿਉਂ ਭਾਰਤ ਦੀਆਂ ਲੋਕ ਸਭਾ ਚੋਣਾਂ ਨੇੜੇ ਢੁਕ ਰਹੀਆਂ ਹਨ, ਨਿੱਤ ਨਵੀਂਆਂ ਸਫਬੰਦੀਆਂ ਸਾਹਮਣੇ ਆ ਰਹੀਆਂ ਹਨ। ਦਿਲਚਸਪੀ ਵਾਲਾ ਮਸਲਾ ਇਹ ਹੈ ਕਿ ਇਹ ਸਾਰੀ ਉਥਲ-ਪੁਥਲ ਕੌਮੀ ਸਿਆਸਤ ਨਾਲੋਂ ਪੰਜਾਬ ਵਿਚ ਵਧੇਰੇ ਉਭਰ ਕੇ ਸਾਹਮਣੇ ਆ ਰਹੀ ਹੈ। ਇਸ ਦਾ ਸਿਲਸਿਲਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫੇ ਪਿਛੋਂ ਸ਼ੁਰੂ ਹੋਇਆ ਹੈ। ਇਸੇ ਦੌਰਾਨ ਬਰਗਾੜੀ ਮੋਰਚਾ ਵੀ ਚੱਲ ਰਿਹਾ ਸੀ ਅਤੇ ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੀ ਅੰਦਰੂਨੀ ਲੜਾਈ ਤਿੱਖੀ ਹੁੰਦੀ ਚਲੀ ਗਈ। ਇਸ ਦਾ ਨਤੀਜਾ ਹੁਣ ਇਕ ਨਵੀਂ ਜਥੇਬੰਦੀ- 'ਪੰਜਾਬੀ ਏਕਤਾ ਪਾਰਟੀ' ਦੇ ਰੂਪ ਵਿਚ ਨਿਕਲਿਆ ਹੈ। ਇਹ ਪਾਰਟੀ ਆਮ ਆਦਮੀ ਪਾਰਟੀ ਤੋਂ ਬਾਗੀ ਹੋਏ ਆਗੂ ਸੁਖਪਾਲ ਸਿੰਘ ਖਹਿਰਾ ਨੇ ਬਣਾਈ ਹੈ। ਬਾਗੀ ਅਕਾਲੀ ਨੇਤਾ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਬਣਾ ਚੁਕੇ ਹਨ। ਬਰਗਾੜੀ ਮੋਰਚੇ, ਜਿਸ ਨੂੰ ਲੋਕਾਂ ਦੇ ਆਪ-ਮੁਹਾਰੇ ਹੁੰਗਾਰੇ ਤੋਂ ਬਾਅਦ ਕੁਝ ਸਿਆਸੀ ਟਿੱਪਣੀਕਾਰਾਂ ਨੇ ਸੂਬੇ ਅੰਦਰ ਇਕ ਹੋਰ ਮਜ਼ਬੂਤ ਧਿਰ ਉਭਰਨ ਦੀਆਂ ਕਿਆਸਅਰਾਈਆਂ ਲਾਈਆਂ ਸਨ, ਦਾ ਮਸਲਾ ਸਿਆਸੀ ਪੱਖੋਂ ਕਿਸੇ ਤਣ-ਪੱਤਣ ਨਹੀਂ ਲੱਗਾ ਹੈ। ਪੰਥਕ ਅਸੈਂਬਲੀ ਤੋਂ ਬਾਅਦ ਇਸ ਪਾਸੇ ਕੋਈ ਸਰਗਰਮੀ ਕਿਸੇ ਪਾਸੇ ਨਜ਼ਰ ਨਹੀਂ ਆਈ। ਦਰਅਸਲ, ਦੂਰ-ਅੰਦੇਸ਼ ਲੀਡਰਸ਼ਿਪ ਦੀ ਤੋਟ ਕਾਰਨ ਪੰਜਾਬ ਵਿਚ ਆਇਆ ਸਿਆਸੀ ਉਬਾਲ ਇਕ ਵਾਰ ਫਿਰ ਸਿਫਰ ਹੋ ਗਿਆ ਜਾਪਦਾ ਹੈ। ਇਸ ਮਸਲੇ 'ਤੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀਆਂ ਦਾ ਹਾਲ ਵੀ ਚੰਗਾ ਨਹੀਂ ਹੈ। ਅਕਾਲੀ ਦਲ ਨੂੰ ਤਾਂ ਸਾਰਾ ਕੁਝ ਨਵੇਂ ਸਿਰਿਓਂ ਕਰਨਾ ਪੈ ਰਿਹਾ ਹੈ ਅਤੇ ਬੇਅਦਬੀ ਦੀਆਂ ਘਟਨਾਵਾਂ ਤੇ ਇਨ੍ਹਾਂ ਘਟਨਾਵਾਂ ਬਾਰੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪਹੁੰਚ ਤੋਂ ਲੋਕ ਬਹੁਤ ਔਖੇ ਹਨ। ਪਾਰਟੀ ਦੇ ਸੀਨੀਅਰ ਆਗੂਆਂ ਵਲੋਂ ਅੰਮ੍ਰਿਤਸਰ ਜਾ ਕੇ ਭੁੱਲਾਂ ਬਖਸ਼ਾਉਣ ਦੇ ਬਾਵਜੂਦ ਲੋਕਾਂ ਦਾ ਰੋਹ ਸ਼ਾਂਤ ਨਹੀਂ ਹੋਇਆ ਹੈ, ਸਗੋਂ ਭੁੱਲ ਬਖਸ਼ਾਉਣ ਦੇ ਮਸਲੇ 'ਤੇ ਅਕਾਲੀ ਲੀਡਰਸ਼ਿਪ ਨੂੰ ਮਖੌਲਾਂ ਦਾ ਸ਼ਿਕਾਰ ਹੋਣਾ ਪਿਆ ਹੈ। ਕਾਂਗਰਸ ਦਾ ਵੀ ਕਿਸੇ ਪਾਸੇ ਪੈਰ ਨਹੀਂ ਅੜ ਰਿਹਾ। ਲੋਕਾਂ ਨੂੰ ਨਾਲ ਰੱਖਣ ਲਈ ਹੁਣ ਇਸ ਨੂੰ ਸਮਾਰਟ ਫੋਨ ਵੰਡਣ ਵਰਗੇ ਸਸਤੇ ਫੈਸਲੇ ਕਰਨੇ ਪੈ ਰਹੇ ਹਨ। ਦੂਜੇ ਬੰਨੇ, ਲੋਕਾਂ ਨੇ ਇਸ ਮਸਲੇ 'ਤੇ ਵੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਝੱਟ ਘੇਰਾ ਘੱਤ ਲਿਆ ਹੈ। ਲੋਕਾਂ ਨੇ ਸਿੱਧਾ ਸਵਾਲ ਕੀਤਾ ਹੈ ਕਿ ਰੁਜ਼ਗਾਰ ਮੰਗ ਰਹੇ ਨੌਜਵਾਨਾਂ ਨੂੰ ਸਮਾਰਟ ਫੋਨ ਕਿਉਂ?

ਇਉਂ ਇਹ ਸਾਰੀ ਉਥਲ-ਪੁਥਲ ਇਸੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਕਰਕੇ ਹੀ ਹੈ। ਕੋਈ ਵੀ ਪਾਰਟੀ ਲੋਕਾਂ ਦੇ ਮਸਲਿਆਂ ਬਾਰੇ ਸੋਚਣ ਦੀ ਥਾਂ ਆਪੋ-ਆਪਣੇ ਚੁਣਾਵੀ ਫਾਇਦਿਆਂ ਬਾਰੇ ਕੀਤੀ ਜਾਣ ਵਾਲੀ ਸਿਆਸਤ ਦੇ ਰਾਹ ਪੈ ਗਈ ਹੋਈ ਹੈ। ਦੇਖਿਆ ਜਾਵੇ ਤਾਂ ਜਮਹੂਰੀ ਢਾਂਚੇ ਅੰਦਰ ਅਜਿਹੀਆਂ ਸਰਗਰਮੀਆਂ ਉਤੇ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ, ਪਰ ਵੱਡਾ ਸਵਾਲ ਇਹ ਹੈ ਕਿ ਸਾਰਾ ਕੁਝ ਵੋਟ ਸਿਆਸਤ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾ ਰਿਹਾ ਹੈ। ਕੌਮੀ ਪੱਧਰ ਉਤੇ ਵੀ ਅਜਿਹੇ ਹੀ ਦ੍ਰਿਸ਼ ਸਾਹਮਣੇ ਆ ਰਹੇ ਹਨ, ਜੋ ਸਿਆਸਤ ਉਤੇ ਸਿੱਧੇ ਅਸਰ-ਅੰਦਾਜ਼ ਹੋ ਰਹੇ ਹਨ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਸਭ ਤੋਂ ਪਹਿਲਾਂ ਰਾਮ ਮੰਦਿਰ ਦਾ ਮੁੱਦਾ ਉਛਾਲਿਆ, ਕਿਉਂਕਿ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਇਸ ਨੂੰ ਮੂੰਹ ਦੀ ਖਾਣੀ ਪਈ ਹੈ। ਹੁਣ ਇਸ ਨੇ ਜਨਰਲ ਵਰਗ ਦੇ ਗਰੀਬ ਤਬਕੇ ਲਈ 10 ਫੀਸਦੀ ਰਾਖਵੇਂਕਰਨ ਦਾ ਮਸਲਾ ਲੈ ਆਂਦਾ ਹੈ। ਸਿਆਸੀ ਮਾਹਿਰ ਇਸ ਨੂੰ ਭਾਰਤੀ ਜਨਤਾ ਪਾਰਟੀ ਦਾ ਬ੍ਰਹਮ ਅਸਤਰ ਦੱਸ ਰਹੇ ਹਨ। ਉਂਜ, ਵਿਚਾਰਨ ਵਾਲਾ ਮਸਲਾ ਇਹ ਹੈ ਕਿ ਪੂਰੇ ਪੰਜ ਸਾਲ ਵਿਕਾਸ ਦਾ ਰੌਲਾ ਪਾਉਣ ਵਾਲੇ ਨਰੇਂਦਰ ਮੋਦੀ ਦਾ ਵਿਕਾਸ ਹੁਣ ਹੈ ਕਿਥੇ? ਜਾਹਰ ਹੈ ਕਿ ਸਾਰਾ ਸਮਾਂ ਲੋਕਾਂ ਨੂੰ ਵਰਗਲਾਇਆ ਗਿਆ ਅਤੇ ਹੁਣ ਚੋਣਾਂ ਨੇੜੇ ਆ ਗਈਆਂ ਹਨ ਤਾਂ ਸੰਵੇਦਨਸ਼ੀਲ ਮੁੱਦੇ ਉਛਾਲ ਕੇ ਵੋਟਰਾਂ ਅੰਦਰ ਧਰੁਵੀਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦਰਅਸਲ ਸੱਭੇ ਸਿਆਸੀ ਪਾਰਟੀਆਂ ਅਤੇ ਆਗੂ ਵੋਟ ਸਿਆਸਤ ਤੋਂ ਉਪਰ ਉਠ ਕੇ ਕੁਝ ਸੋਚ ਹੀ ਨਹੀਂ ਰਹੇ ਹਨ। ਇਸੇ ਕਰਕੇ ਲੋਕਾਂ ਦੇ ਅਨਗਿਣਤ ਮਸਲੇ ਅਣਸੁਲਝੇ ਪਏ ਹਨ। ਜਿਹੜੇ ਕਾਰਜ ਪ੍ਰਸ਼ਾਸਕੀ ਪਹਿਲਕਦਮੀ ਨਾਲ ਖੁਦ ਹੀ ਹੋ ਜਾਣੇ ਚਾਹੀਦੇ ਹਨ, ਉਨ੍ਹਾਂ ਲਈ ਲੋਕਾਂ ਨੂੰ ਲੇਲੜ੍ਹੀਆਂ ਕੱਢਣੀਆਂ ਪੈ ਰਹੀਆਂ ਹਨ। ਪੰਜਾਬ ਦੇ ਬੁਨਿਆਦੀ ਮਸਲਿਆਂ ਨੂੰ ਹੀ ਲੈ ਲਓ। ਨਸ਼ਿਆਂ ਦੇ ਜੰਜਾਲ ਨੇ ਪੰਜਾਬ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ। ਜੇ ਕਿਤੇ ਸਰਕਾਰ ਨੇ ਇਸ ਮੁੱਦੇ ਉਤੇ ਵੀ ਪਰਾਲੀ ਸਾੜਨ ਵਾਲੇ ਮਸਲੇ ਜਿੰਨੀ ਸਖਤੀ ਕੀਤੀ ਹੁੰਦੀ ਤਾਂ ਸੂਬੇ ਦਾ ਮਾਹੌਲ ਅੱਜ ਕੁਝ ਹੋਰ ਹੁੰਦਾ ਪਰ ਨਸ਼ਿਆਂ ਦਾ ਖਾਤਮਾ ਸਰਕਾਰ ਜਾਂ ਕਿਸੇ ਪਾਰਟੀ ਦੇ ਏਜੰਡੇ 'ਤੇ ਹੀ ਨਹੀਂ ਹੈ। ਇਸੇ ਤਰ੍ਹਾਂ ਬੇਅਦਬੀ ਦੇ ਮਸਲੇ ਹਨ। ਇਹ ਮਸਲੇ ਤਦ ਹੀ ਹੱਲ ਹੋਣਗੇ, ਜੇ ਕਿਸੇ ਪਾਸਿਓਂ ਕੋਈ ਤਰੱਦਦ ਕਰੇਗਾ। ਅਧਿਆਪਕਾਂ ਦਾ ਲੰਮਾ ਮੋਰਚਾ ਸਰਕਾਰ ਨੇ ਆਪਣੀਆਂ ਬਦਨੀਤੀਆਂ ਨਾਲ ਇਕ ਤਰ੍ਹਾਂ ਫੇਲ੍ਹ ਕਰਕੇ ਰੱਖ ਦਿੱਤਾ। ਬਰਗਾੜੀ ਮਸਲੇ 'ਤੇ ਵੀ ਇਸ ਨੇ ਕੋਈ ਲੜ-ਪੱਲਾ ਨਹੀਂ ਫੜਾਇਆ ਹੈ। ਹੁਣ ਸਾਰੇ ਮਸਲਿਆਂ ਦੀਆਂ ਗੱਲਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਾਲ ਜਾ ਜੁੜੀਆਂ ਹਨ। ਆਉਣ ਵਾਲੇ ਦਿਨਾਂ ਅੰਦਰ ਸਿਆਸੀ ਜੋੜ-ਤੋੜ ਸ਼ੁਰੂ ਹੋਣਗੇ, ਜਿਨ੍ਹਾਂ ਦਾ ਸਿਲਸਿਲਾ ਹੁਣ ਸ਼ੁਰੂ ਹੋ ਵੀ ਚੁਕਾ ਹੈ। ਬੁਨਿਆਦੀ ਮਸਲਿਆਂ ਲਈ ਤਾਂਘਦੇ ਲੋਕ ਇਕ ਵਾਰ ਫਿਰ 'ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ' ਦਾ ਖਾਜਾ ਬਣ ਜਾਣਗੇ। ਜਦੋਂ ਤੱਕ ਲੋਕਾਂ ਨੂੰ ਇਸ ਝਟਕੇ ਤੋਂ ਸੰਭਲਣ ਦਾ ਮੌਕਾ ਮਿਲੇਗਾ, ਸਿਆਸੀ ਪਾਰਟੀਆਂ ਦੇ ਆਗੂ ਆਪੋ-ਆਪਣੇ ਆਸਣਾਂ ਉਤੇ ਬਿਰਾਜਮਾਨ ਹੋ ਚੁਕੇ ਹੋਣਗੇ। ਫਿਰ ਅਗਲਾ ਸਮਾਂ ਲੋਕ ਇਨ੍ਹਾਂ ਸਿਆਸੀ ਪਾਰਟੀਆਂ ਅਤੇ ਆਗੂਆਂ ਦੀਆਂ ਬੁੱਤੀਆਂ ਕਰਨ ਜੋਗੇ ਰਹਿ ਜਾਣਗੇ। ਜਦੋਂ ਤਕ ਇਹ ਸਿਲਸਿਲਾ ਨਹੀਂ ਟੁੱਟਦਾ, ਜਾਪਦਾ ਹੈ, ਵੋਟ ਸਿਆਸਤ ਦਾ ਜਾਦੂ ਇਸੇ ਤਰ੍ਹਾਂ ਚੱਲੀ ਜਾਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਖਹਿਰੇ ਨੇ ਝਾੜੂ ਮੋੜ'ਤਾ!*

ਲੋਕ ਸਭਾ ਲਈ ਵੋਟਾਂ ਕਦ ਪੈਣੀਆਂ ਨੇ, ਹਾਲੇ ਹੋਇਆ ਨਾ ਕੋਈ ਐਲਾਨ ਭਾਈ।
ਅੰਦਰਖਾਤੇ ਸਭ ਪੱਬਾਂ ਦੇ ਭਾਰ ਹੋਏ, ਭਖ ਪਿਆ ਏ ਹੁਣੇ ਮੈਦਾਨ ਭਾਈ।
ਚਾਰ ਧਿਰੀ ਮੁਕਾਬਲੇ ਹੋਣ ਦੇ ਜੀ, ਦਿਸ ਰਹੇ ਨੇ ਸਾਫ ਇਮਕਾਨ ਭਾਈ।
ਬਣੇ ਰਹੇ ਜੇ ਇਵੇਂ ਨਾਦਾਨ ਆਪਾਂ, ਦਾਅ ਲਾ ਜਾਏਗਾ ਫਿਰ ਸ਼ੈਤਾਨ ਭਾਈ।
ਹੋਣਾ ਸੁਕਰ ਮਨਾਇਆ ਜਗੀਰ ਕੌਰ ਨੇ, ਹੋਇਆ ਖੁਸ਼ ਭਗਵੰਤ ਮਾਨ ਭਾਈ।
ਝਾੜੂ ਮੋੜ'ਤਾ ਖਹਿਰੇ ਨੇ ਕੇਜਰੀ ਨੂੰ, ਲਊਂਗਾ ਆਪਣਾ ਚੋਣ-ਨਿਸ਼ਾਨ ਭਾਈ!

# ਗੁਰਮੁਖਿ ਤਤੁ ਵਿਚਾਰੀ: ਪੰਜਾਬ ਪੰਜਾਬੀਆਂ ਦਾ

***ਹਾਲ ਹੀ ਵਿਚ ਟੀ. ਵੀ. ਚੈਨਲ 'ਨਿਊਜ਼-18' ਦੇ ਪੱਤਰਕਾਰ ਯਾਦਵਿੰਦਰ ਸਿੰਘ ਨੇ ਉਘੇ ਵਿਦਵਾਨ ਸੁਮੇਲ ਸਿੰਘ ਸਿੱਧੂ ਅਤੇ ਪੱਤਰਕਾਰ ਜਸਪਾਲ ਸਿੰਘ ਸਿੱਧੂ ਨਾਲ ਪੰਜਾਬ ਅਤੇ ਸਿੱਖੀ ਦੇ ਪ੍ਰਸੰਗ ਵਿਚ ਦਿਲਚਸਪ ਸੰਵਾਦ ਰਚਾਇਆ ਸੀ। ਇਸ ਸੰਵਾਦ ਵਿਚੋਂ ਪੰਜਾਬ ਬਾਰੇ ਕਈ ਤੱਥ ਉਭਰ ਕੇ ਸਾਹਮਣੇ ਆਏ ਹਨ। ਬੀਬੀ ਮੋਨਿਕਾ ਕੁਮਾਰ ਨੇ ਇਸ ਸੰਵਾਦ ਬਾਰੇ ਆਪਣੇ ਇਸ ਲੇਖ ਵਿਚ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ***

ਪਿਛਲੇ ਦਿਨੀਂ ਪੰਜਾਬ ਅਤੇ ਸਿੱਖੀ ਦੇ ਸੰਕਟ ਬਾਰੇ ਸਵਾਲ-ਜਵਾਬ ਦਾ ਲੰਮਾ ਵੀਡੀਓ ਦੇਖਿਆ। ਵਿਦਵਾਨ ਸੁਮੇਲ ਸਿੰਘ ਸਿੱਧੂ ਅਤੇ ਪੱਤਰਕਾਰ ਜਸਪਾਲ ਸਿੰਘ ਸਿੱਧੂ ਨਾਲ ਚੱਲੇ ਇਸ ਸੰਵਾਦ ਦਾ ਸੂਤਰਧਾਰ ਯਾਦਵਿੰਦਰ ਕਰਫਿਊ ਹੈ। ਸੂਤਰਧਾਰ ਦੀ ਯੋਗ ਅਗਵਾਈ ਵਿਚ ਬੇਲੋੜੇ ਮੁੱਦਿਆਂ ਵਿਚ ਉਲਝੇ ਬਿਨਾ ਨਿੱਖਰੀ ਗੱਲਬਾਤ ਹੋਈ। ਸੰਵਾਦ ਦੀ ਚੰਗੀ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਸੰਵਾਦੀਆਂ ਨੂੰ ਪੰਜਾਬ ਦੀਆਂ ਦੋ ਮੁੱਖ ਸੋਚਾਂ ਜਾਂ ਵਿਚਾਰਧਾਰਾਵਾਂ ਦੀਆਂ ਬਤੌਰ ਪ੍ਰਤੀਨਿਧ ਆਵਾਜ਼ਾਂ ਵੇਖਿਆ ਤੇ ਸੁਣਿਆ ਜਾ ਸਕਦਾ ਹੈ। ਇਕ ਉਹ ਧਿਰ ਹੈ ਜੋ 84 ਦੇ ਘਾਣ ਤੋਂ ਲੂਹੀ ਤੇ ਬੇਜ਼ਾਰ ਹੋਈ, ਕੇਂਦਰ ਸਰਕਾਰਾਂ ਵਲੋਂ ਸਿੱਖਾਂ ਨਾਲ ਹੋਏ ਅਨਿਆਂ ਨੂੰ ਕੇਂਦਰ ਵਿਚ ਰੱਖ ਕੇ ਪੰਜਾਬ

ਮੋਨਿਕਾ ਕੁਮਾਰ

ਸੰਕਟ ਬਾਰੇ ਸੋਚਦੀ ਹੈ, ਤੇ ਦੂਜੀ ਧਿਰ ਜੋ ਵੱਖਵਾਦੀ ਵਿਚਾਰਧਾਰਾ ਦਾ ਖੰਡਨ ਕਰਦੀ ਸਿੱਖੀ ਦੇ ਸੰਕਟ ਦਾ ਵਿਸਤਾਰ ਕਰਕੇ ਇਸ ਨੂੰ ਪੰਜਾਬ ਦਾ ਸੰਕਟ ਮੰਨਦੀ ਹੈ। ਇਹ ਸੰਵਾਦ ਇਸ ਲੇਖ ਦਾ ਪ੍ਰਸਥਾਨ ਬਿੰਦੂ ਹੈ।

ਬਹਿਸ ਸੁਣ ਕੇ ਇਕ ਵਾਰ ਫਿਰ ਲੱਗਾ ਕਿ ਸੱਚ ਤੇ ਨਿਆਂ ਦੇ ਫੈਸਲੇ ਕਰਨੇ ਬੜੇ ਔਖੇ ਹੁੰਦੇ ਨੇ। ਗੱਲਬਾਤ ਦੇ ਅੰਤ ਤਕ ਪਹੁੰਚਦਿਆਂ ਅਹਿਸਾਸ ਹੋਇਆ ਕਿ ਕਿਸੇ ਵਿਚਾਰ ਬਾਰੇ ਸਪਸ਼ਟ ਪੁਜ਼ੀਸ਼ਨ ਲੈਣ ਦੇ ਬਾਵਜੂਦ ਅਸੀਂ ਮਸਲੇ ਦੀਆਂ ਸਾਰੀਆਂ ਬਾਰੀਕੀਆਂ ਨੂੰ ਆਪੋ-ਆਪਣੇ ਫੈਸਲਿਆਂ ਵਿਚ ਨਹੀਂ ਸਮੇਟ ਸਕਦੇ। ਪੰਜਾਬੀ ਹੋਣ ਦੇ ਨਾਤੇ ਇਨ੍ਹਾਂ ਦੋਹਾਂ ਦੇ ਵਿਚਾਰਾਂ ਨੂੰ ਸੰਵੇਦਨਸ਼ੀਲ ਹੋ ਕੇ ਸੋਚਾਂ ਤਾਂ ਦੋਹਾਂ ਦੀਆਂ ਵਿਰੋਧੀ ਗੱਲਾਂ ਵਿਚ ਵੀ ਸੱਚ ਨਜ਼ਰ ਆਉਂਦਾ ਹੈ। ਸੁਮੇਲ ਸਿੰਘ ਸਿੱਧੂ ਦੀ ਗੱਲ ਠੀਕ ਹੈ ਕਿ ਇਸ ਦੁਨੀਆ ਦਾ ਕੋਈ ਸੁਹਿਰਦ ਮਨੁੱਖ ਹਿੰਸਾ ਦਾ ਹਿਮਾਇਤੀ ਨਹੀਂ ਹੋ ਸਕਦਾ ਪਰ ਜਸਪਾਲ ਸਿੰਘ ਸਿੱਧੂ ਦੀ ਗੱਲ ਵੀ ਵਾਜਿਬ ਹੈ ਕਿ ਜਿਨ੍ਹਾਂ ਕੌਮਾਂ/ਭਾਈਚਾਰਿਆਂ ਉਤੇ ਇੰਨੀ ਹਿੰਸਾ ਵਰਤਾਈ ਜਾਂਦੀ ਹੈ, ਉਨ੍ਹਾਂ ਦੇ ਜ਼ਖਮ ਜੁੱਗਾਂ ਤਕ ਅੱਲੇ ਰਹਿੰਦੇ ਨੇ। ਇਹ ਜ਼ਖਮ ਇਸ ਕਰਕੇ ਵੀ ਅੱਲੇ ਰਹਿੰਦੇ ਨੇ, ਕਿਉਂਕਿ ਜ਼ਖਮ ਦਾ ਇਲਾਜ ਵੀ ਚੰਗੀ ਤਰ੍ਹਾਂ ਨਹੀਂ ਹੁੰਦਾ ਤੇ ਨਾ ਹੀ ਇਸ ਉਤੇ ਕੋਈ ਮਲ੍ਹਮ ਲਾਉਂਦਾ ਹੈ। ਪੰਜਾਬ ਦੀ ਇਹ ਬਦਨਸੀਬੀ ਰਹੀ ਹੈ ਕਿ ਅਜੇ ਇਕ ਘਾਣ ਤੋਂ ਵੀ ਨਹੀਂ ਉਭਰਿਆ ਹੁੰਦਾ ਕਿ ਇਸ ਉਤੇ ਹੋਰ ਜ਼ੁਲਮ ਹੁੰਦੇ ਰਹੇ। ਸੱਟ ਉਤੇ ਸੱਟ ਵੱਜੀ ਜਾਵੇ ਤਾਂ ਜ਼ਖਮ ਬਹੁਤ ਗਹਿਰੇ ਹੋ ਜਾਂਦੇ ਨੇ। ਅਜਿਹੇ ਦੁੱਖਾਂ ਵਿਚ ਵਿੰਨ੍ਹੋ ਮਨੁੱਖ ਦਾ ਸਿਰਫ ਸਰੀਰ ਦੁੱਖ ਨਹੀਂ ਝੱਲਦਾ ਸਗੋਂ ਉਸ ਦਾ ਮਨ ਵੀ ਸਦਾ ਲਈ ਓਦਰ ਜਾਂਦਾ ਏ।

ਆਜ਼ਾਦੀ ਤੋਂ ਬਾਅਦ ਵੀ ਵੱਖੋ-ਵੱਖਰੀ ਅੱਗ ਵਿਚ ਹੀ ਸਾਰੀ ਦਾ ਸਾਰਾ ਦੇਸ਼ ਝੁਲਸ ਰਿਹਾ ਹੈ, ਇਹੋ ਜਿਹੇ ਹਾਲਾਤ ਵਿਚ ਜ਼ਖਮੀ ਕੌਮਾਂ ਆਪਣੀ ਸੁਰੱਖਿਆ ਲਈ ਅਤਿਵਾਦ ਵੱਲ ਲਿਫ ਜਾਂਦੀਆਂ ਨੇ। ਇਸ ਬਹਿਸ ਵਿਚ ਦੋਹਾਂ ਦੀ ਗੱਲਬਾਤ ਸੁਣ ਕੇ ਮਹਿਸੂਸ ਹੋਇਆ ਕਿ ਪੰਜਾਬ ਤੇ ਸਿੱਖੀ ਦੇ ਸੰਕਟ ਦੀ ਵਿਆਖਿਆ ਇਨ੍ਹਾਂ ਦੋਹਾਂ ਨੇ ਠੀਕ ਕੀਤੀ ਹੈ ਤੇ ਇਨ੍ਹਾਂ ਦੀ ਗੱਲਬਾਤ ਇਕ ਹੋਰ ਸਾਰਥਿਕ ਬਹਿਸ ਤੇ ਚਿੰਤਨ ਦਾ ਮੌਕਾ ਬਣਾਉਂਦੀ ਹੈ।

ਸੋਚਣ ਵਾਲੀ ਗੱਲ ਹੈ ਕਿ ਪੰਜਾਬ ਸੰਕਟ ਕੀ ਹੈ ਤੇ ਸਿੱਖੀ ਦਾ ਸੰਕਟ ਕੀ ਹੈ? ਕੀ ਸਿੱਖੀ ਦਾ ਸੰਕਟ ਪੰਜਾਬ ਦੇ ਸੰਕਟ ਵਿਚ ਸਮਾ ਸਕਦਾ ਏ ਜਾਂ ਸਿੱਖੀ ਦਾ ਸੰਕਟ ਕੇਵਲ ਆਪਣਾ ਸੰਕਟ ਹੈ ਤੇ ਪੰਜਾਬ ਦਾ ਸੰਕਟ ਕੁਝ ਹੋਰ ਏ? ਇੱਦਾਂ ਦੀ ਵੰਡ ਪਾਉਣੀ ਬੜੀ ਔਖੀ ਹੈ ਕਿ ਧਰਮ ਜਾਂ ਵਿਰਸੇ ਵਿਚੋਂ ਕਿਸ ਦੀ ਤਾਕਤ ਵੱਡੀ ਹੈ, ਕਿਉਂਕਿ ਵਿਰਸੇ ਦੇ ਹੀ ਕਿਸੇ ਖਾਸ ਬਿੰਦੂ 'ਤੇ ਕਿਸੇ ਧਰਮ ਦਾ ਜਨਮ ਹੁੰਦਾ ਏ ਤੇ ਕਾਲਾਂਤਰ ਵਿਚ ਇਹ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਤੇ ਪ੍ਰਭਾਸ਼ਿਤ ਕਰਦੇ ਰਹਿੰਦੇ ਨੇ। ਸਮੱਸਿਆ ਇਹ ਹੈ ਕਿ ਕਿਸੇ ਇਕ ਧਰਮ ਨਾਲ ਪਰਣਾਏ ਲੋਕ ਆਪਣੇ ਵਖਰੇ ਖਿੱਤੇ ਜਾਂ ਪਛਾਣ ਦਾ ਦਾਅਵਾ ਪੇਸ਼ ਕਰ ਸਕਦੇ ਨੇ ਪਰ ਉਸ ਖਿੱਤੇ ਵਿਚ ਰਹਿੰਦੀ ਲੁਕਾਈ ਦਾ ਚਰਿਤਰ ਵੰਨ-ਸਵੰਨਾ ਹੁੰਦਾ ਹੈ। ਆਪਣੇ ਖਿੱਤੇ ਦੀ ਮੰਗ ਕਰਦਿਆਂ ਅਚਾਨਕ ਹੀ ਅਸੀਂ ਪੰਜਾਬ ਦੀ ਵੰਨ-ਸਵੰਨੀ ਘੜਤ ਨੂੰ ਓਹਲੇ ਕਰਕੇ ਸੰਗਦਿਲ ਹੋ ਜਾਂਦੇ ਹਾਂ। ਸਮਝ ਨਹੀਂ ਆਉਂਦੀ ਕਿ ਸਾਡੀ ਧਾਰਮਿਕ ਪਛਾਣ ਜ਼ਿਆਦਾ ਫੈਸਲਾਕੁਨ ਹੈ ਜਾਂ ਸੂਬਾਈ ਪਛਾਣ। ਸਚਾਈ ਇਹ ਹੈ ਕਿ ਪੰਜਾਬ 'ਚ ਅਜਿਹਾ ਕੋਈ ਸਿੱਖ ਨਹੀਂ, ਜਿਸ ਦੇ ਜੀਵਨ ਵਿਚ ਹਿੰਦੂ ਰਿਸ਼ਤਾ ਜਾਂ ਸਬੰਧ ਨਹੀਂ ਤੇ ਪੰਜਾਬ ਵਿਚ ਅਜਿਹਾ ਕੋਈ ਹਿੰਦੂ ਨਹੀਂ, ਜਿਸ ਦੀ ਅੱਧੀ ਦਿਹਾੜੀ ਵੀ ਬਿਨਾ ਕਿਸੇ ਸਿੱਖ ਨਾਲ ਵਰਤਿਆਂ ਲੰਘਦੀ ਹੋਵੇ। ਕਿਸੇ ਨਾ ਕਿਸੇ ਸਬੰਧ ਜਾਂ ਆਹਰ-ਵਪਾਰ ਵਿਚ ਹਰ ਵੇਲੇ ਹਿੰਦੂ ਸਿੱਖ ਤੇ ਹੋਰ ਧਰਮਾਂ ਦੇ ਲੋਕ ਗੁੰਝੇ ਹੋਏ ਨੇ। ਸਾਡਾ ਅਸਲ ਜੀਵਨ, ਰੋਜ਼ਾਨਾ ਜੀਵਨ ਇੰਨਾ ਰਲਗੱਡ ਹੈ ਕਿ ਜੇ ਧਰਮ ਦੇ ਆਧਾਰ 'ਤੇ ਅਸੀਂ ਪੰਜਾਬ ਦਾ ਜੀਵਨ ਇਕ ਦਿਨ ਲਈ ਵੀ ਵੰਡ ਦੇਵੀਏ, ਤਾਂ ਅਸੀਂ ਇਸ ਤੋਂ ਵੀ ਊਣੇ ਹੋ ਜਾਵਾਂਗੇ, ਜਿੰਨਾ ਊਣਾ ਅਸੀਂ ਅੱਜ ਮਹਿਸੂਸ ਕਰਦੇ ਹਾਂ। ਸਿਆਸਤ ਦੇ ਫਰੇਬ ਨੂੰ ਇਕ ਮਿੰਟ ਭੁੱਲ ਵੀ ਜਾਈਏ, ਤਾਂ ਵੱਖਰੇ ਦੇਸ਼ ਦੀ ਮੰਗ ਝੂਠ ਨਹੀਂ ਲਗਦੀ ਪਰ ਮੈਨੂੰ ਇਹ ਮੰਗ ਕਿਸੇ ਜ਼ਖਮੀ ਦਿਲ ਦੀ ਚੀਕ ਲਗਦੀ ਹੈ। ਇਸ ਜ਼ਖਮੀ ਦਿਲ ਨੂੰ ਨਹੀਂ ਪਤਾ ਕਿ ਇਸ ਵਿਚਾਰ ਦੀ ਤਾਮੀਲ ਹੋ ਜਾਵੇ ਤਾਂ ਇਸ ਦਾ ਰੂਪ ਉਸ ਨੂੰ ਆਪ ਹੀ ਨਹੀਂ ਸੋਭਣਾ।

ਇਸ ਮੰਗ ਵਿਚ ਤਰਕ ਤੋਂ ਜ਼ਿਆਦਾ ਦਰਦ ਦਿਸਦਾ ਹੈ। ਹੋ ਸਕਦਾ ਹੈ, ਇਸੇ ਦੇਸ਼ ਵਿਚ ਕੁਝ ਅਜਿਹੇ ਸੂਬੇ ਹੋਣ ਜਿਨ੍ਹਾਂ ਦੀ ਵਸੋਂ ਨੂੰ ਇਕ ਭਾਸ਼ਾ ਤੇ ਇਕ ਧਰਮ ਦੇ ਆਧਾਰ 'ਤੇ ਪਰੋਇਆ ਜਾ ਸਕੇ ਪਰ ਪੰਜਾਬ ਦਾ ਇਤਿਹਾਸ ਇਹ ਨਹੀਂ ਹੈ। ਸੈਂਕੜੇ ਹਾਦਸਿਆਂ, ਲੁੱਟਾਂ, ਵਧੀਕੀਆਂ ਤੇ ਜੰਗਾਂ ਦੀ ਸ਼ਿਕਾਰ ਹੋਈ ਇਹ ਭੂਮੀ ਸਰਾਪੀ ਹੋਈ ਹੈ। ਫਿਰ ਵੀ ਇਹ ਮੁਤਬਰਕ ਜ਼ਮੀਨ ਹੈ, ਜਿਸ ਉਤੇ ਜਨਮ ਲੈਣਾ ਤੇ ਵੱਡੇ ਹੋਣਾ ਕਰਮਾਂ ਦੀ ਰੁਸ਼ਨਾਈ ਲਗਦਾ ਏ। ਇਸ ਧਰਤੀ ਤੇ ਰਹਿੰਦਿਆਂ ਚਾਹੇ ਜਿੰਨਾ ਦੁੱਖ-ਸੰਤਾਪ ਮਿਲ ਜਾਵੇ, ਫਿਰ ਵੀ ਆਪਣੀ ਕਿਸਮਤ ਕਿਸੇ ਹੋਰ ਨਾਲ ਵਟਾਉਣ ਨੂੰ ਜੀਅ ਨਹੀਂ ਕਰਦਾ। ਅਜਿਹਾ ਕਿਉਂ ਹੈ ਕਿ ਇਥੋਂ ਦੂਰ ਜਾ ਕੇ ਵੀ ਮਨ ਇਸੇ ਵਿਚ ਰਮਿਆ ਰਹਿੰਦਾ ਏ। ਦੂਰ ਵਸਦੇ ਲੋਕ ਇਸ ਨੂੰ ਯਾਦ ਕਰਕੇ ਆਪਣਾ ਮਨ ਭਿਉਂਦੇ ਰਹਿੰਦੇ ਨੇ ਤੇ ਇਸੇ ਕਮਜ਼ੋਰੀ ਨੂੰ ਆਪਣੀ ਤਾਕਤ ਬਣਾ ਕੇ ਜੀਵਨ ਦੇ ਭਵਜਲ ਵਿਚ ਡੁੱਬਦੇ-ਤਰਦੇ ਰਹਿੰਦੇ ਨੇ। ਦਰਅਸਲ, ਧਰਮ ਤੇ ਵਿਰਸੇ ਨਾਲ ਰਲਿਆ-ਮਿਲਿਆ ਸਭ ਤੋਂ ਵੱਡਾ ਤੇ ਗਹਿਰਾ, ਸ਼ਾਹਰਗ ਵਾਲਾ ਰਿਸ਼ਤਾ ਮਾਤ੍ਰਭੂਮੀ ਨਾਲ ਹੈ; ਜਿਥੇ ਇਨਸਾਨ ਜੰਮਦਾ ਹੈ, ਬਚਪਨ ਗੁਜ਼ਾਰਦਾ ਏ ਤੇ ਜਵਾਨ ਹੁੰਦਾ ਹੈ। ਸਾਡੇ ਵਜੂਦ, ਸਾਡੀ ਹੋਣੀ ਦੀ ਸਭ ਤੋਂ ਡੂੰਘੀ ਜੜ੍ਹ ਐਸੀ ਕਿਸੇ ਸੱਚਾਈ ਤਕ ਜਾਂਦੀ ਹੈ, ਜੋ ਧਰਮ ਤੇ ਕੌਮ ਦੇ ਸਵਾਲ ਤੋਂ ਵੀ ਵੱਡੀ ਹੈ; ਕਿਉਂਕਿ ਧਰਮ ਪ੍ਰਤੀ ਲਗਾਓ ਤੇ ਨਿਸ਼ਠਾ ਵੀ ਖਾਸ ਵਿਰਾਸਤੀ ਮਾਹੌਲ ਵਿਚ ਹੀ ਪ੍ਰਵਾਨ ਚੜ੍ਹਦੀ ਹੈ।

ਮਨੁੱਖ ਸਮ੍ਰਿਤੀ ਦਾ ਜੀਵ ਹੈ। ਅਸੀਂ ਆਪਣੀਆਂ ਮਿਠੀਆਂ-ਕਸੈਲੀਆਂ ਸਮ੍ਰਿਤੀਆਂ ਦਾ ਕੁਲ ਜੋੜ ਹਾਂ। ਜਨਮ ਲੈਂਦਿਆਂ ਹੀ ਬੇਸ਼ਕ, ਸਾਡੀ ਧਾਰਮਿਕ ਜਾਂ ਕੌਮੀ ਪਛਾਣ ਬਣ ਜਾਂਦੀ ਹੈ ਪਰ ਸਾਡੀ ਆਬੋ-ਹਵਾ ਵਿਚ ਇਸ ਤੋਂ ਇਲਾਵਾ ਵੀ ਬਹੁਤ ਕੁਝ ਰਲਿਆ ਹੁੰਦਾ ਹੈ ਜੋ ਸਾਡੇ ਧਰਮ ਜਾਂ ਕੌਮ ਤੋਂ ਜੁਦਾ ਹੈ। ਇਸ ਸੰਘਣੀ ਹਵਾ ਚੋਂ ਸਾਹ ਭਰ ਕੇ ਹੀ ਮਨੁੱਖ ਦੇ ਜੀਵਨ ਦਾ ਵਿਚਾਰ ਉਸਰਦਾ ਹੈ। ਮਨੁੱਖ ਦੀ ਹੋਣੀ ਦੇ ਤਸੱਵੁਰ ਵਿਚੋਂ ਕੋਈ ਇਕ ਤੰਦ ਛਾਂਟ ਕੇ ਉਸ ਨੂੰ ਜਿਊਣ ਕੋਈ ਆਖਦਾ ਹੋਵੇ, ਤਾਂ ਐਸੀ ਅਕਲ ਨੂੰ ਛਿੱਕੇ ਟੰਗਣਾ ਬਣਦਾ ਹੈ। ਆਪਣੀ ਪਛਾਣ ਦਾ ਪੇਤਲਾ ਫਲਸਫਾ ਬਣਾਉਣਾ ਪੰਜਾਬੀਆਂ ਦਾ ਸੁਭਾਅ ਨਹੀਂ ਏ। ਪੰਜਾਬ ਦੀ ਐਸੀ ਕੋਈ ਗਲੀ ਨੁੱਕਰ ਨਹੀਂ, ਜਿਸ ਦੇ ਜੀਵਨ ਦਾ ਸਾਰਾ ਕਾਰੋਬਾਰ ਕੇਵਲ ਆਪਣੇ ਹਾਮੀਆਂ/ਪੱਖ ਵਾਲਿਆਂ ਦੇ ਸਿਰ 'ਤੇ ਚਲਦਾ ਹੋਵੇ। ਧਰਮ ਦੇ ਆਧਾਰ ਤੇ ਵੱਖਰੇ ਦੇਸ਼ ਦੀ ਮੰਗ ਕਰਨਾ ਸਿਆਸੀ ਤੌਰ 'ਤੇ ਕਿਸੇ ਪਖੋਂ ਚਾਹੇ ਵਾਜਿਬ ਕਰਾਰ ਦੇ ਵੀ ਦਿੱਤਾ ਜਾਏ ਪਰ ਇਹ ਵਿਚਾਰ ਪੰਜਾਬ ਦੇ ਸੁਹਣੇ ਜੀਵਨ ਦੀ ਕਲਪਨਾ ਦੇ ਪਾਸਕੂ ਵੀ ਨਹੀਂ।

ਪੰਜਾਬ ਨੇ ਪਰਦੇਸੀਆਂ ਤੋਂ ਸਿੱਖ ਕੇ ਵੀ ਆਪਣਾ ਵਿਸਤਾਰ ਕੀਤਾ ਹੈ। ਇਸ ਦੇ ਨੀਵੇਂ ਬਨੇਰਿਆਂ ਤੇ ਖੁੱਲ੍ਹੇ ਬੂਹਿਆਂ ਨੇ ਬਦਨੀਤ ਲੋਕਾਂ ਨੂੰ ਵੀ ਗਲ ਨਾਲ ਲਾਇਆ ਹੈ ਤੇ ਆਪਣੇ ਵਿਚ ਰਲਾਇਆ ਹੈ। ਇਸ ਕੌਮ ਨੇ ਗੁਰਬਾਣੀ, ਸੂਫੀਬਾਣੀ ਤੇ ਲੋਕਬਾਣੀ ਦੇ ਆਸਰੇ ਦੁੱਖਾਂ ਵਿਚੋਂ ਵੀ ਸੁੱਖ ਪਾਇਆ ਹੈ ਅਤੇ ਆਪਣੇ ਸਿਰੜ ਤੇ ਸੰਜਮ ਨਾਲ ਜੱਗ-ਜਹਾਨ ਨੂੰ ਹੈਰਾਨ ਕੀਤਾ ਹੈ। ਪੰਜਾਬ ਦਾ ਵਿਰਸਾ ਬੇਸ਼ਕੀਮਤੀ ਦੌਲਤ ਹੈ। ਇਹ ਅਜਿਹਾ ਪਾਰਸ ਪੱਥਰ ਹੈ ਜਿਸ ਦੀ ਸੰਭਾਲ ਸੱਚੀਂ ਹੀ ਬਹੁਤ ਜੋਖੋਂ ਦਾ ਕੰਮ ਹੈ। ਪੰਜਾਬ ਦੇ ਸੰਕਟ ਦਾ ਹੱਲ ਪੰਜਾਬ ਦੀਆਂ ਸਿਆਸੀ ਪਾਰਟੀਆਂ ਕੋਲ ਨਹੀਂ, ਪੰਜਾਬ ਦੀ ਲੁਕਾਈ ਕੋਲ ਹੈ। ਪੰਜਾਬੀਆਂ ਨੂੰ ਕਦੇ ਆਪਣਾ ਹੱਕ ਨਹੀਂ ਮਿਲਿਆ। ਇਨ੍ਹਾਂ ਕਦੇ ਹੋਸ਼ ਵਿਚ ਆਪਣੇ ਫੈਸਲੇ ਆਪ ਨਹੀਂ ਕੀਤੇ। ਇਸ ਹੰਭੀ ਕੌਮ ਨੇ ਲੋੜ ਤੋਂ ਜ਼ਿਆਦਾ ਸੰਤਾਪ ਭੋਗਿਆ ਹੈ। ਇਸ ਦਾ ਸਰਮਾਇਆ ਇਸ ਦੇ ਲੋਕ ਹਨ ਪਰ ਇਸ ਦਾ ਸਰਮਾਇਆ ਵੀ ਪਰਦੇਸਾਂ ਵਿਚ ਵਸਣ ਲੱਗ ਪਿਆ। ਜੋ ਇਥੇ ਹੈ, ਉਹ ਵੀ ਬੇਗਾਨਗੀ ਦੀ ਹਵਾ ਵਿਚ ਝੂਲ ਰਿਹਾ ਹੈ। ਪੰਜਾਬੀਆਂ ਨੂੰ ਹੁਣ ਆਪਣੀ ਵਾਗਡੋਰ ਆਪਣੇ ਹੱਥੀਂ ਸਾਂਭਣੀ ਚਾਹੀਦੀ ਹੈ। ਜਦੋਂ ਮਾਮਲਾ ਉਨ ਦੇ ਗੋਲੇ ਵਾਂਗ ਉਲਝਿਆ ਹੋਵੇ, ਤਾਂ ਇਕ ਸਿਰਾ ਫੜ ਕੇ ਇਸ ਨੂੰ ਸੁਲਝਾਉਣਾ ਫਾਇਦੇਮੰਦ ਹੁੰਦਾ ਹੈ। ਪੰਜਾਬ ਦਾ ਵਿਰਸਾ ਹਰ ਪੰਜਾਬੀ ਦੀ ਅਸਲੀ ਤਾਕਤ ਹੈ, ਉਸ ਨੂੰ ਇਸ ਸਚਾਈ ਕੰਨੀਂ ਝਾਕ ਕੇ ਆਪਣੀ ਸਿਆਸੀ ਭੂਮਿਕਾ ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਵਿਰਸੇ ਵਿਚ ਆਪਣਾ ਅਤੀਤ, ਵਰਤਮਾਨ ਤੇ ਭਵਿਖ ਵੇਖ ਕੇ ਗੁੰਮਰਾਹ ਹੋਇਆ ਵੀ ਪਰਤ ਆਵੇਗਾ, ਕਿਉਂਕਿ ਇਹ ਬੜੀ ਸੂਖਮ ਸੋਚ ਤੋਂ ਉਸਰਿਆ ਵਿਰਸਾ ਹੈ। ਇਸ ਵਿਚ ਆਪ ਤੇ ਦੂਜਿਆਂ ਪ੍ਰਤੀ ਕਰੁਣਾ ਤੇ ਦਲੇਰੀ ਦੀ ਅਨੰਤ ਜਗ੍ਹਾ ਹੈ। ਪੰਜਾਬੀਆਂ ਲਈ ਪੰਜਾਬ ਦਾ ਵਿਰਸਾ ਹੀ ਉਹ ਦਰਪਣ ਏ ਜਿਸ ਵਿਚੋਂ ਆਪਣੀ ਅਸਲੀ ਸ਼ਕਲ-ਓ-ਸੂਰਤ ਦੇ ਦਰਸ਼ਨ ਹੋ ਸਕਦੇ ਨੇ।

ਇਹ ਬੜੇ ਮਾਣ ਦੀ ਗੱਲ ਹੈ ਕਿ ਸਿੱਖੀ ਦੇ ਸਿਧਾਂਤ ਨੇ ਪੰਜਾਬ ਦੇ ਵਿਰਸੇ ਨੂੰ ਹੋਰ ਮਜ਼ਬੂਤ ਕੀਤਾ ਹੈ ਪਰ ਇਸ ਦੇ ਵਿਰਸੇ ਦੀ ਇਕ ਇਕ ਤੰਦ ਇਸ ਦੀ ਸੁਹਣੀ ਸੂਰਤ ਲਈ ਜ਼ਰੂਰੀ ਹੈ। ਪੰਜਾਬ ਪੰਜਾਬੀਆਂ ਦਾ ਹੈ। ਸਮਾਂ ਆ ਗਿਆ ਹੈ, ਜਦੋਂ ਪੰਜਾਬੀਆਂ ਨੂੰ ਖੋਖਲੀ ਸਿਆਸਤ ਛੱਡ ਕੇ ਆਪਣੇ ਹਕੂਕ ਲਈ ਅਸਲੀ ਸਿਆਸਤ ਕਰਨੀ ਚਾਹੀਦੀ ਹੈ ਤੇ ਇਸ ਪਾਵਨ ਸਰਜ਼ਮੀਨ ਦੇ ਹੱਕ ਵਿਚ ਸੰਘਰਸ਼ ਕਰਦਿਆਂ ਗੁਰਮੁਖ ਵਾਂਗ ਇਸ ਵਿਰਸੇ ਦਾ ਤੱਤ ਵਿਚਾਰਨਾ ਚਾਹੀਦਾ ਹੈ।

> ***ਸੋਚਣ ਵਾਲੀ ਗੱਲ ਹੈ ਕਿ ਪੰਜਾਬ ਸੰਕਟ ਕੀ ਹੈ ਤੇ ਸਿੱਖੀ ਦਾ ਸੰਕਟ ਕੀ ਹੈ? ਕੀ ਸਿੱਖੀ ਦਾ ਸੰਕਟ ਪੰਜਾਬ ਦੇ ਸੰਕਟ ਵਿਚ ਸਮਾ ਸਕਦਾ ਏ ਜਾਂ ਸਿੱਖੀ ਦਾ ਸੰਕਟ ਕੇਵਲ ਆਪਣਾ ਸੰਕਟ ਹੈ ਤੇ ਪੰਜਾਬ ਦਾ ਸੰਕਟ ਕੁਝ ਹੋਰ ਏ? ਇੱਦਾਂ ਦੀ ਵੰਡ ਪਾਉਣੀ ਬੜੀ ਔਖੀ ਹੈ ਕਿ ਧਰਮ ਜਾਂ ਵਿਰਸੇ ਵਿਚੋਂ ਕਿਸ ਦੀ ਤਾਕਤ ਵੱਡੀ ਹੈ, ਕਿਉਂਕਿ ਵਿਰਸੇ ਦੇ ਹੀ ਕਿਸੇ ਖਾਸ ਬਿੰਦੂ 'ਤੇ ਕਿਸੇ ਧਰਮ ਦਾ ਜਨਮ ਹੁੰਦਾ ਏ ਤੇ ਕਾਲਾਂਤਰ ਵਿਚ ਇਹ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਤੇ ਪ੍ਰਭਾਸ਼ਿਤ ਕਰਦੇ ਰਹਿੰਦੇ ਨੇ। ਸਮੱਸਿਆ ਇਹ ਹੈ ਕਿ ਕਿਸੇ ਇਕ ਧਰਮ ਨਾਲ ਪਰਣਾਏ ਲੋਕ ਆਪਣੇ ਵਖਰੇ ਖਿੱਤੇ ਜਾਂ ਪਛਾਣ ਦਾ ਦਾਅਵਾ ਪੇਸ਼ ਕਰ ਸਕਦੇ ਨੇ ਪਰ ਉਸ ਖਿੱਤੇ ਵਿਚ ਰਹਿੰਦੀ ਲੁਕਾਈ ਦਾ ਚਰਿਤਰ ਵੰਨ-ਸਵੰਨਾ ਹੁੰਦਾ ਹੈ।***

# ਭਾਰਤੀ ਮੀਡੀਆ ਵਿਚ ਖੋਜੀ ਪੱਤਰਕਾਰੀ ਦਾ ਦੁਖਾਂਤ

***ਜੋਸੀ ਜੋਸਫ ਖੋਜੀ ਪੱਤਰਕਾਰ ਹਨ, ਜੋ ਟਾਈਮਜ਼ ਆਫ ਇੰਡੀਆ, ਦਿ ਹਿੰਦੂ ਅਤੇ ਡੀ.ਐਨ.ਏ. ਵਰਗੀਆਂ ਮੀਡੀਆ ਸੰਸਥਾਵਾਂ ਨਾਲ ਕੰਮ ਕਰ ਚੁਕੇ ਹਨ। ਉਹ ਮਸ਼ਹੂਰ ਕਿਤਾਬ 'ਏ ਫੀਸਟ ਆਫ ਵਲਚਰ: ਦ ਹਿਡਨ ਬਿਜਨੈਸ ਆਫ ਡੈਮੋਕਰੇਸੀ ਇਨ ਇੰਡੀਆ' ਦੇ ਲੇਖਕ ਹਨ। ਆਪਣੇ ਇਸ ਲੇਖ ਵਿਚ ਉਨ੍ਹਾਂ ਸਮੁੱਚੇ ਰੂਪ ਵਿਚ ਪੱਤਰਕਾਰਾਂ ਦੇ ਹਾਲ ਬਿਆਨ ਕੀਤੇ ਹਨ। ਭਾਰਤ ਵਿਚ ਲੋਕ ਸਭਾ ਚੋਣਾਂ ਸਿਰ ਉਤੇ ਹੋਣ ਕਾਰਨ ਉਨ੍ਹਾਂ ਦੀ ਇਸ ਟਿੱਪਣੀ ਦਾ ਵੱਡਾ ਮਤਲਬ ਬਣਦਾ ਹੈ, ਕਿਉਂਕਿ ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦਾ ਇਕ ਦਾਈਆ ਪੱਤਰਕਾਰਾਂ ਨੂੰ ਚੁੱਪ ਕਰਵਾ ਕੇ ਆਪਣੇ ਮੰਤਵ ਸਿੱਧ ਕਰਨ ਦਾ ਰਿਹਾ ਹੈ। ਜੋਸੀ ਜੋਸਫ ਦੀ ਇਸ ਅਹਿਮ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

'ਬਾਈਲਾਈਨ' ਲਫ਼ਜ਼ ਪਹਿਲ ਪ੍ਰਥਮੇ ਇਕ ਸਦੀ ਪਹਿਲਾਂ ਅਰਨੈਸਟ ਹੈਮਿੰਗਵੇ ਦੇ ਨਾਵਲ 'ਦਿ ਸੰਨ ਆਲਸੋ ਰਾਈਜ਼ਿਜ਼' ਵਿਚ ਸਾਹਮਣੇ ਆਇਆ ਸੀ। ਸਮੇਂ ਨਾਲ ਸਾਡੇ ਵਿਚਲੇ ਆਦਰਸ਼ਵਾਦੀਆਂ ਲਈ ਬਾਈਲਾਈਨ, ਪੱਤਰਕਾਰੀ ਦੀ ਤਾਕਤ ਦੀ ਨੁਮਾਇੰਦਗੀ ਕਰਨ ਵਾਲਾ ਪ੍ਰਤੀਕ ਬਣ ਗਿਆ। ਇਸ ਦੇ ਪਿਛੇ ਵਜ੍ਹਾ ਇਸ ਵਲੋਂ ਕੀਤੀ ਜਾਣ ਵਾਲੀ ਉਹ ਦਲੇਰੀ ਸੀ ਜਿਸ ਨਾਲ ਮਾਮੂਲੀ ਪੱਤਰਕਾਰ ਤਾਕਤਵਰ ਲੋਕਾਂ ਨੂੰ ਚੁਣੌਤੀ ਦੇ ਸਕਦਾ ਸੀ। ਬਤੌਰ ਨੌਜਵਾਨ ਪੱਤਰਕਾਰ ਇਹੀ ਉਹ ਬਾਈਲਾਈਨ ਸੀ ਜਿਸ ਦੀ ਮੈਂ ਕਾਮਨਾ ਕਰਦਾ ਸੀ, ਜਿਸ ਦੀ ਪਵਿੱਤਰਤਾ ਉਪਰ ਮੈਨੂੰ ਭਰੋਸਾ ਸੀ ਅਤੇ ਜਿਸ ਦੀ ਸੰਪਾਦਕ ਪੂਰੀ ਤਾਕਤ ਨਾਲ ਰੱਖਿਆ ਕਰਦੇ ਸਨ। ਮੈਂ ਆਪਣੇ ਕਰੀਅਰ ਵਿਚ ਬਾਈਲਾਈਨ ਦੀ ਧੀਮੀ ਅਤੇ ਹਿੰਸਕ ਮੌਤ ਨੂੰ ਨੇੜਿਓਂ ਤੱਕਿਆ ਹੈ। ਇਸ ਹੱਤਿਆ ਵਿਚ ਨਾ ਸਿਰਫ ਸੱਤਾ ਦੇ ਭੁੱਖੇ ਰਾਜ ਨੇਤਾ ਅਤੇ ਉਦਯੋਗਪਤੀ ਬਲਕਿ ਮੀਡੀਆ ਮਾਲਕ ਅਤੇ ਉਨ੍ਹਾਂ ਦੇ ਸੰਪਾਦਕਾਂ ਦਾ ਵੀ ਹੱਥ ਸੀ।



**ਜੋਸੀ ਜੋਸਫ**
**ਅਨੁਵਾਦ: ਬੂਟਾ ਸਿੰਘ**

ਇਕ ਦਹਾਕੇ ਤੋਂ ਵੀ ਪਹਿਲਾਂ ਮੈਂ ਆਪਣੇ ਈਮੇਲ ਵਿਚ 'ਮੁਰਦਾਘਰ' ਨਾਂ ਦਾ ਫੋਲਡਰ ਬਣਾਇਆ ਸੀ। ਮੈਂ ਇਸ ਫੋਲਡਰ ਵਿਚ ਉਨ੍ਹਾਂ ਖ਼ਬਰਾਂ (ਸਟੋਰੀਜ਼) ਨੂੰ ਰੱਖਣਾ ਸ਼ੁਰੂ ਕੀਤਾ ਜੋ ਪੱਤਰਕਾਰੀ ਦੇ ਮਿਆਰਾਂ ਉਪਰ ਤਾਂ ਖਰੀਆਂ ਉਤਰਦੀਆਂ ਸਨ ਲੇਕਿਨ ਛਪ ਨਹੀਂ ਸਕੀਆਂ। ਮੈਂ ਭਾਵੇਂ ਨੌਕਰੀਆਂ ਬਦਲ ਲਈਆਂ, ਲੇਕਿਨ ਇਸ ਫੋਲਡਰ ਦਾ ਵਜ਼ਨ ਵਧਦਾ ਗਿਆ - ਇਕ ਬੜੇ ਸਟਾਰਟ-ਅੱਪ ਅਖ਼ਬਾਰ ਲਈ ਕੰਮ ਕਰਨ ਤੋਂ ਲੈ ਕੇ ਇਕ ਵਿਸ਼ਾਲ ਮੀਡੀਆ ਹਾਊਸ, ਜੋ ਭਿਅੰਕਰ ਲਾਭ ਕਮਾਉਣ ਲਈ ਮਸ਼ਹੂਰ ਹੈ, ਤੋਂ ਲੈ ਕੇ ਮਹਾਨ ਨੈਤਿਕ ਨਾਮਣੇ ਵਾਲੇ ਮੀਡੀਆ ਹਾਊਸ ਤਕ, ਇਸ ਫੋਲਡਰ ਵਿਚ ਸਭ ਦੀ ਜਗ੍ਹਾ ਹੈ। ਇਨ੍ਹਾਂ ਮ੍ਰਿਤਕ ਖ਼ਬਰਾਂ ਦੇ ਲਾਸ਼ਘਰ ਵਿਚ ਕੁਝ ਵੱਡੇ ਰਾਜਨੇਤਾਵਾਂ ਅਤੇ ਕਾਰਪੋਰੇਟ ਦਿੱਗਜਾਂ ਉਪਰ ਰਿਪੋਰਟਿੰਗ ਦਾ ਸੰਗ੍ਰਹਿ ਹੈ ਜੋ ਮਜ਼ਬੂਤ ਮੀਡੀਆ ਵਾਲੇ ਦੇਸ਼ ਵਿਚ ਬਹੁਤ ਮਹਾਨ ਮੰਨੀ ਜਾਂਦੀਆਂ ਅਤੇ ਕਾਨੂੰਨ ਦਾ ਪਾਲਣ ਕਰਨ ਵਾਲੇ ਸਮਾਜ ਵਿਚ ਵੱਡੀਆਂ ਅਪਰਾਧਿਕ ਜਾਂਚਾਂ ਨੂੰ ਪ੍ਰੇਰਿਤ ਕਰਦੀਆਂ ਸਨ। ਲੇਕਿਨ ਭਾਰਤ ਵਿਚ ਐਸੀਆਂ ਖ਼ਬਰਾਂ ਦਾ ਕੋਈ ਲੈਣਦਾਰ ਨਹੀਂ ਹੈ। ਕਈ ਵਾਰ ਐਸੇ ਸੰਪਾਦਕ ਵੀ ਦੇਖੇ ਜੋ ਪੱਤਰਕਾਰਾਂ ਦੇ ਨਾਲ ਖੜ੍ਹੇ ਹੋਏ, ਲੇਕਿਨ ਐਸੇ ਲੋਕ ਵਿਰਲੇ ਹਨ। ਨਿਊਜ਼ ਰੂਮ ਦੀ ਸੰਸਕ੍ਰਿਤੀ ਸਹਿਜੇ-ਸਹਿਜੇ ਖਰਾਬ ਹੁੰਦੀ ਗਈ ਅਤੇ ਖੁਦ ਦੀ ਸੈਂਸਰਸ਼ਿਪ ਕਰਨਾ ਨੌਜਵਾਨ ਪੱਤਰਕਾਰਾਂ ਦਾ ਸੁਭਾਅ ਬਣ ਗਿਆ।

ਕਰੀਅਰ ਸ਼ੁਰੂ ਕਰਨ ਦੇ ਥੋੜ੍ਹੇ ਸਾਲਾਂ ਦੇ ਅੰਦਰ ਹੀ ਮੈਂ ਨਿਊਜ਼ਰੂਮ ਦੀਆਂ ਹਕੀਕਤਾਂ ਤੋਂ ਜਾਣੂ ਹੋ ਗਿਆ। ਲਗਭਗ ਇਕ ਦਹਾਕਾ ਪਹਿਲਾਂ ਇਕ ਸ਼ਾਮ ਮੈਨੂੰ ਆਪਣੇ ਅਖ਼ਬਾਰ ਦੇ ਪ੍ਰੋਮੋਟਰ ਦੀ ਕਾਲ ਆਈ। ਮੇਰੀ ਟੀਮ ਦੇ ਇਕ ਮੈਂਬਰ ਨੇ ਇਕ ਰਹੱਸਮਈ ਅੱਗ ਬਾਰੇ ਸਨਸਨੀਖੇਜ਼ ਖ਼ਬਰ ਖੋਜੀ ਸੀ ਜਿਸ ਨੇ ਕਿਸੇ ਪ੍ਰਮੁੱਖ ਰੀਅਲ ਐਸਟੇਟ ਕੰਪਨੀ ਉਪਰ ਲਗਾਏ ਵੱਡੇ ਜੁਰਮਾਨੇ ਨਾਲ ਸਬੰਧਤ ਆਮਦਨ ਕਰ ਦੀਆਂ ਫਾਈਲਾਂ ਨਸ਼ਟ ਕਰ ਦਿੱਤੀਆਂ ਸਨ। ਪ੍ਰੋਮੋਟਰ ਨੇ ਮੈਨੂੰ ਕੁਝ ਦਿਨਾਂ ਤਕ ਕਹਾਣੀ ਰੋਕ ਕੇ ਰੱਖਣ ਲਈ ਕਿਹਾ, ਕਿਉਂਕਿ ਉਸ ਕੰਪਨੀ ਦਾ ਕੋਈ ਵਿਅਕਤੀ ਆਪਣਾ ਪੱਖ ਰੱਖਣਾ ਚਾਹੁੰਦਾ ਸੀ। ਦੋ ਦਿਨ ਬਾਅਦ ਅਖ਼ਬਾਰ ਨੂੰ ਟੈਕਸ ਚੋਰੀ ਕਰਨ ਵਾਲੀ ਰੀਅਲ ਐਸਟੇਟ ਕੰਪਨੀ ਦੀ ਜੈਕਟ (ਪੂਰੇ ਸਫੇ ਦਾ ਇਸ਼ਤਿਹਾਰ) ਵਿਚ ਲਪੇਟ ਵਿਚ ਦਿੱਤਾ ਗਿਆ। ਇਹ ਖ਼ਬਰ ਫਿਰ ਕਦੇ ਅਖ਼ਬਾਰ ਵਿਚ ਨਹੀਂ ਛਪੀ।

ਪਿਛਲੇ ਕੁਝ ਦਹਾਕਿਆਂ ਤੋਂ ਭਾਰਤੀ ਮੀਡੀਆ ਨੂੰ ਸਿਰਫ ਮੁਨਾਫੇ ਨਾਲ ਮਤਲਬ ਰਿਹਾ ਹੈ ਅਤੇ ਸਾਰਿਆਂ ਨੇ ਲੋਕਤੰਤਰ ਦੇ ਚੌਥੇ ਥੰਮ੍ਹ ਦੇ ਰੂਪ ਵਿਚ ਆਪਣੀ ਭੂਮਿਕਾ ਤਿਆਗ ਦਿੱਤੀ ਹੈ। ਐਸੀ ਹਾਲਤ ਵਿਚ ਤਾਰੀਫ ਤਾਂ ਦੂਰ ਦੀ ਗੱਲ ਹੈ, ਉਲਟਾ ਚੰਗੀ ਰਿਪੋਰਟਿੰਗ ਨੂੰ ਸੈਂਸਰ ਕਰ ਦਿੱਤਾ ਜਾਂਦਾ ਹੈ। ਕਾਰੋਬਾਰੀ ਲਿਬਾਸ ਬਣਾਈ ਰੱਖਦੇ ਹੋਏ ਸੰਪਾਦਕ ਵੱਖੋ-ਵੱਖਰੇ ਹਿਤਾਂ ਨੂੰ ਸੰਤੁਲਤ ਕਰਨ ਰਹੇ ਦਲਾਲਾਂ ਦਾ ਕੰਮ ਕਰਦੇ ਹਨ ਅਤੇ ਮਾਲਕ ਰਾਜਨੀਤਕ ਅਤੇ ਕਾਰੋਬਾਰੀ ਮਹਿਮਾਂ ਦੇ ਲਈ ਆਪਣੇ ਬਰੈਂਡਾਂ ਦਾ ਇਸਤੇਮਾਲ ਪਿਆਦਿਆਂ ਦੇ ਤੌਰ 'ਤੇ ਕਰਦੇ ਹਨ। ਸਭ ਤੋਂ ਤੇਜ਼ ਤਰੱਕੀ ਅਤੇ ਸਭ ਤੋਂ ਮੋਟੀ ਤਨਖਾਹ ਜਾਂ ਪੈਕੇਜ ਜ਼ਿਆਦਾਤਰ ਦਲਾਲਾਂ ਲਈ ਰਾਖਵਾਂ ਹੈ, ਜੋ ਪੱਤਰਕਾਰਾਂ ਦੇ ਰੂਪ ਵਿਚ ਮਸਖਰੀ ਕਰ ਰਹੇ ਹਨ ਲੇਕਿਨ ਮੁੱਖ ਤੌਰ 'ਤੇ ਸੌਦੇ ਤੈਅ ਕਰਦੇ ਹਨ ਅਤੇ ਮੀਡੀਆਪਤੀਆਂ ਲਈ ਕਈ ਪ੍ਰੇਸ਼ਾਨੀਆਂ ਨੂੰ ਹੱਲ ਕਰਨ ਦੇ ਲਈ ਕੰਮ ਕਰਦੇ ਹਨ - ਜਿਨ੍ਹਾਂ ਵਿਚ ਨੇਤਾ, ਟੈਕਸ ਅਧਿਕਾਰੀਆਂ ਅਤੇ ਪੁਲਿਸ ਵਗੈਰਾ ਸ਼ਾਮਲ ਹਨ।

***ਪਿਛਲੇ ਕੁਝ ਦਹਾਕਿਆਂ ਤੋਂ ਭਾਰਤੀ ਮੀਡੀਆ ਨੂੰ ਸਿਰਫ ਮੁਨਾਫੇ ਨਾਲ ਮਤਲਬ ਰਿਹਾ ਹੈ ਅਤੇ ਸਾਰਿਆਂ ਨੇ ਲੋਕਤੰਤਰ ਦੇ ਚੌਥੇ ਥੰਮ੍ਹ ਦੇ ਰੂਪ ਵਿਚ ਆਪਣੀ ਭੂਮਿਕਾ ਤਿਆਗ ਦਿੱਤੀ ਹੈ। ਐਸੀ ਹਾਲਤ ਵਿਚ ਤਾਰੀਫ ਤਾਂ ਦੂਰ ਦੀ ਗੱਲ ਹੈ, ਉਲਟਾ ਚੰਗੀ ਰਿਪੋਰਟਿੰਗ ਨੂੰ ਸੈਂਸਰ ਕਰ ਦਿੱਤਾ ਜਾਂਦਾ ਹੈ। ਕਾਰੋਬਾਰੀ ਲਿਬਾਸ ਬਣਾਈ ਰੱਖਦੇ ਹੋਏ ਸੰਪਾਦਕ ਵੱਖੋ-ਵੱਖਰੇ ਹਿਤਾਂ ਨੂੰ ਸੰਤੁਲਤ ਕਰਨ ਰਹੇ ਦਲਾਲਾਂ ਦਾ ਕੰਮ ਕਰਦੇ ਹਨ ਅਤੇ ਮਾਲਕ ਰਾਜਨੀਤਕ ਅਤੇ ਕਾਰੋਬਾਰੀ ਮਹਿਮਾਂ ਦੇ ਲਈ ਆਪਣੇ ਬਰੈਂਡਾਂ ਦਾ ਇਸਤੇਮਾਲ ਪਿਆਦਿਆਂ ਦੇ ਤੌਰ 'ਤੇ ਕਰਦੇ ਹਨ। ਸਭ ਤੋਂ ਤੇਜ਼ ਤਰੱਕੀ ਅਤੇ ਸਭ ਤੋਂ ਮੋਟੀ ਤਨਖਾਹ ਜਾਂ ਪੈਕੇਜ ਜ਼ਿਆਦਾਤਰ ਦਲਾਲਾਂ ਲਈ ਰਾਖਵਾਂ ਹੈ, ਜੋ ਪੱਤਰਕਾਰਾਂ ਦੇ ਰੂਪ ਵਿਚ ਮਸਖਰੀ ਕਰ ਰਹੇ ਹਨ ਲੇਕਿਨ ਮੁੱਖ ਤੌਰ 'ਤੇ ਸੌਦੇ ਤੈਅ ਕਰਦੇ ਹਨ ਅਤੇ ਮੀਡੀਆਪਤੀਆਂ ਲਈ ਕਈ ਪ੍ਰੇਸ਼ਾਨੀਆਂ ਨੂੰ ਹੱਲ ਕਰਨ ਦੇ ਲਈ ਕੰਮ ਕਰਦੇ ਹਨ - ਜਿਨ੍ਹਾਂ ਵਿਚ ਨੇਤਾ, ਟੈਕਸ ਅਧਿਕਾਰੀਆਂ ਅਤੇ ਪੁਲਿਸ ਵਗੈਰਾ ਸ਼ਾਮਲ ਹਨ।***

ਇਸ ਦਾ ਸਭ ਤੋਂ ਮਾੜਾ ਅਸਰ ਰਿਪੋਰਟਰਾਂ ਉਪਰ ਪਿਆ ਹੈ ਜਿਨ੍ਹਾਂ ਨੂੰ ਐਸੇ ਮੁਸ਼ਕਿਲ ਹਾਲਾਤ ਵਿਚ ਸਿਖਿਅਤ ਕੀਤਾ ਗਿਆ ਹੈ। ਅੱਜ ਦੇ ਦੌਰ ਵਿਚ ਰਿਪੋਰਟਰ ਦਾ ਕੰਮ ਪੰਨੇ ਭਰਨ ਲਈ ਲੋੜੀਂਦੀ ਸਮੱਗਰੀ ਤਲਾਸ਼ਣਾ ਹੈ। ਹਰ ਕਦਮ 'ਤੇ ਖੁਦ ਨੂੰ ਸੈਂਸਰ ਕਰਨ ਦਾ ਪਾਠ ਪੜ੍ਹੇ ਇਹ ਰਿਪੋਰਟਰ ਐਸੀ ਕਹਾਣੀ ਪਿੱਚ ਕਰਨ ਦਾ ਹੌਸਲਾ ਵੀ ਨਹੀਂ ਕਰਨਗੇ ਜੋ ਵੱਕਾਰੀ ਨਿਊਜ਼ਰੂਮ ਵਿਚ ਉਸ ਦੀ ਮਹਿਫੂਜ਼ ਹੋਂਦ ਨੂੰ ਖਤਰੇ ਵਿਚ ਪਾ ਦੇਵੇ। ਐਸੇ ਹਾਲਾਤ ਵਿਚ, ਜ਼ਿਆਦਾਤਰ ਰਿਪੋਰਟਰ ਸਿਰਫ ਨਿਊਜ਼ ਵਾਇਰ ਵਿਚ ਆਉਣ ਵਾਲੀਆਂ ਖ਼ਬਰਾਂ ਉਪਰ ਰਿਪੋਰਟ ਕਰਦੇ ਹਨ, ਜੋ ਸੰਸਥਾਵਾਂ ਲਈ ਪਬਲਿਕ ਰਿਲੇਸ਼ਨ ਸਮੱਗਰੀ ਤਿਆਰ ਕਰਨ ਦਾ ਕੰਮ ਕਰਦੀ ਹੈ। ਰਿਪੋਰਟਰ ਇਨ੍ਹਾਂ ਖ਼ਬਰਾਂ ਨੂੰ ਮਾਮੂਲੀ ਜਿਹਾ ਸੋਧ ਲੈਂਦੇ ਹਨ, ਆਪਣਾ ਨਾਮ ਦਰਜ ਕਰਦੇ ਹਨ ਅਤੇ ਆਪਣਾ ਡਰਾਫਟ ਫਾਈਲ ਕਰਾ ਦਿੰਦੇ ਹਨ। ਬਦਲੇ ਵਿਚ ਸੰਪਾਦਕ ਖੁਸ਼ ਹੁੰਦੇ ਹਨ ਕਿ ਐਡਿਟ ਕਰਨ ਲਈ ਕੋਈ ਮੁਸ਼ਕਿਲ ਕਾਪੀ ਨਹੀਂ ਹੈ, ਕਿਸੇ ਬੜੇ ਕਾਰਪੋਰੇਟ ਦਾ ਗੁੱਸਾ ਠੰਢਾ ਨਹੀਂ ਕਰਨਾ ਪਵੇਗਾ, ਕਿਸੇ ਸਰਕਾਰੀ ਧਮਕੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਨਤੀਜੇ ਵਜੋਂ, ਪੜ੍ਹਨ ਉਪਰੰਤ ਜ਼ਿਆਦਾਤਰ ਅਖ਼ਬਾਰ ਇਕੋ ਜਿਹੇ ਲੱਗਦੇ ਹਨ। ਜ਼ਿਆਦਾਤਰ ਅਖ਼ਬਾਰਾਂ ਦੇ ਮੁੱਖ ਪੰਨੇ ਸਰਕਾਰੀ ਪ੍ਰੋਗਰਾਮਾਂ ਦਾ ਜਸ਼ਨ ਮਨਾਏ ਜਾਣ ਦੇ ਸੰਦੇਸ਼ਾਂ ਨਾਲ ਭਰੇ ਰਹਿੰਦੇ ਹਨ। ਜਦੋਂ ਬੜੇ ਅਤੇ ਤਾਕਤਵਰ ਲੋਕ ਲੜ ਰਹੇ ਹੁੰਦੇ ਹਨ - ਜਿਵੇਂ ਹਾਲ ਹੀ ਵਿਚ ਸੀ.ਬੀ.ਆਈ. ਅਤੇ ਆਰ.ਬੀ.ਆਈ. ਅੰਦਰ ਤਾਜ਼ਾ ਵਿਵਾਦ ਦੇ ਮਾਮਲਿਆਂ ਵਿਚ ਵਾਪਰਿਆ ਹੈ - ਅਖ਼ਬਾਰਾਂ ਵਿਚ ਲੀਕ ਛਪਣ ਲੱਗਦੀ ਹੈ, ਬਾਕੀ ਅਖ਼ਬਾਰ ਵਿਚ ਬਸ ਕਾਰਪੋਰੇਟ ਐਲਾਨ, ਕੁਝ ਆਫਬੀਟ ਮਨੁੱਖੀ ਰੁਚੀਆਂ ਵਾਲੀਆਂ ਖ਼ਬਰਾਂ ਅਤੇ ਕੁਝ ਡੇਟਾ ਆਧਾਰਿਤ ਲੇਖ ਹੁੰਦੇ ਹਨ। ਖੋਜੀ ਪੱਤਰਕਾਰੀ ਗਾਇਬ ਹੁੰਦੀ ਹੈ।



ਹਾਲਾਂਕਿ ਇਨ੍ਹਾਂ ਪ੍ਰਕਿਰਿਆਵਾਂ ਨੂੰ ਲੰਮੇ ਸਮੇਂ ਤਕ ਸਹਿਜੇ-ਸਹਿਜੇ ਸਥਾਪਤ ਕੀਤਾ ਗਿਆ ਹੈ, ਲੇਕਿਨ ਮੌਜੂਦਾ ਸਰਕਾਰ ਵਿਚ ਮੀਡੀਆ ਦੀ ਅਪਮਾਨਜਨਕ ਸਥਿਤੀ ਬੇਮਿਸਾਲ ਤਰੀਕੇ ਨਾਲ ਬਣੀ ਹੋਈ ਹੈ। ਸੋਸ਼ਲ ਮੀਡੀਆ ਵਿਚ ਭਾਰੀ ਸੰਭਾਵਨਾਵਾਂ ਤਲਾਸ਼ਣ ਵਾਲਾ ਪਹਿਲਾ ਆਗੂ ਸੀ ਨਰੇਂਦਰ ਮੋਦੀ। ਇਨ੍ਹਾਂ ਮੰਚਾਂ ਉਪਰ, ਮੋਦੀ ਅਤੇ ਉਸ ਦੀ ਸਰਕਾਰ ਐਸੀਆਂ ਜਾਣਕਾਰੀਆਂ ਦੇਣ ਲਈ ਆਜ਼ਾਦ ਹੈ ਜੋ ਪੱਤਰਕਾਰੀ ਦੀ ਜਾਂਚ ਦੀ ਕਸੌਟੀ ਉਪਰ ਖਰੀਆਂ ਨਹੀਂ ਉਤਰਦੀਆਂ, ਤੇ ਜੋ ਉਨ੍ਹਾਂ ਨੂੰ ਜਵਾਬਦੇਹ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਦੇ ਮਗਰ ਟਰੋਲ ਆਰਮੀ ਲਗਾ ਦਿੱਤੀ ਜਾਂਦੀ ਹੈ।

ਦਰਅਸਲ ਸਰਕਾਰ ਦਾ ਸੋਸ਼ਲ ਮੀਡੀਆ ਵੀ ਪੱਤਰਕਾਰਾਂ ਦੇ ਲਈ ਸੂਚਨਾ ਦਾ ਮੁਢਲਾ ਸਰੋਤ ਬਣ ਗਿਆ ਹੈ। ਜ਼ਿਆਦਾਤਰ ਦਿਨਾਂ ਵਿਚ ਮੋਦੀ ਜਾਂ ਸਰਕਾਰ ਦੇ ਮੰਤਰੀ ਦਾ ਟਵੀਟ ਅਖ਼ਬਾਰਾਂ ਦੇ ਲਈ ਪ੍ਰਮੁੱਖ ਖ਼ਬਰ ਹੁੰਦਾ ਹੈ। ਸਰਕਾਰ ਦੇ ਅੰਦਰੂਨੀ ਕੰਮਾਂ ਤੋਂ ਕਾਫੀ ਹੱਦ ਤਕ ਬਾਹਰ ਕਰ ਦਿੱਤੇ ਗਏ ਪੱਤਰਕਾਰ ਆਪਣਾ ਵਕਤ ਸੋਸ਼ਲ ਮੀਡੀ ਉਪਰ ਖੋਜ ਕਰਨ ਵਿਚ ਗੁਜ਼ਾਰਦੇ ਹਨ।

ਰਵਾਇਤੀ ਮੀਡੀਆ ਨੂੰ ਵੀ ਮੋਦੀ ਚੰਗੀ ਤਰ੍ਹਾਂ ਮੈਨੇਜ ਕਰਨਾ ਜਾਣਦੇ ਹਨ। 1990 ਦੇ ਦਹਾਕੇ ਦੀ ਸ਼ੁਰੂਆਤ ਵਿਚ ਉਨ੍ਹਾਂ ਨੇ ਟੈਲੀਵਿਜ਼ਨ ਸਟੂਡੀਓ ਵਿਚ ਐਸਾ ਘੁੰਮਣਾ ਸ਼ੁਰੂ ਕੀਤਾ, ਫਿਰ ਫਰੇਮ ਛੱਡਣ ਦਾ ਨਾਮ ਨਹੀਂ ਲਿਆ।

ਜ਼ਿਆਦਾਤਰ ਅਖ਼ਬਾਰਾਂ ਦਾ ਰਾਸ਼ਟਰੀ ਬਿਊਰੋ ਐਸੇ ਪੱਤਰਕਾਰਾਂ ਨਾਲ ਭਰਿਆ ਹੋਇਆ ਹੈ ਜੋ ਪੱਤਰਕਾਰੀ ਦੀ ਬਜਾਏ ਪਹੁੰਚ ਨੂੰ ਆਪਣਾ ਟੀਚਾ ਮੰਨਦੇ ਹਨ। ਇਥੋਂ ਤਕ ਕਿ ਕੁਝ ਸਾਥੀ ਪੱਤਰਕਾਰ, ਜੋ 2014 ਦੀਆਂ ਚੋਣਾਂ ਤੋਂ ਪਹਿਲਾਂ ਚੰਗੀਆਂ ਖ਼ਬਰਾਂ ਉਪਰ ਸਾਨੂੰ ਵਧਾਈਆਂ ਦਿੰਦੇ ਸਨ ਅਤੇ ਖੋਜੀ ਪੱਤਰਕਾਰੀ ਦੇ ਬਾਰੇ ਜਿਨ੍ਹਾਂ ਦੀਆਂ ਗੱਲਾਂ ਕਾਫੀ ਚੰਗੀਆਂ ਲੱਗਦੀਆਂ ਸਨ, ਉਹ ਵੀ ਹੁਣ ਸਰਕਾਰ ਅੱਗੇ ਝੁਕ ਰਹੇ ਹਨ ਤਾਂ ਕਿ ਉਨ੍ਹਾਂ ਦੀ ਨੌਕਰੀ ਬਣੀ ਰਹੇ ਅਤੇ ਹੁਣ ਉਹ ਬਸ ਦਰਬਾਰੀ ਦੇ ਨਾਲ ਪ੍ਰਚਾਰਕ ਬਣ ਕੇ ਰਹਿ ਗਏ ਹਨ। ਦੇਸ਼ ਵਿਚ ਚੱਲ ਰਹੇ ਘਟਨਾਕ੍ਰਮ ਉਪਰ ਸਵਾਲ ਉਠਾਉਣ ਵਾਲੇ ਕੁਝ ਸੰਪਾਦਕਾਂ ਦੀ ਨੌਕਰੀ ਕੀ ਖੋਹੀ ਗਈ, ਬੜੇ ਨਿਊਜ਼ਰੂਮਾਂ 'ਚੋਂ ਵਿਰੋਧ ਦੀਆਂ ਆਵਾਜ਼ਾਂ ਹੀ ਗਾਇਬ ਹੋ ਗਈਆਂ।

ਸਵੈ-ਬਚਾਓ ਅਤੇ ਭੈਅ ਦਾ ਇਹ ਮਾਹੌਲ ਮੀਡੀਆ ਤਕ ਹੀ ਮਹਿਦੂਦ ਨਹੀਂ ਹੈ। ਸਾਨੂੰ ਗ਼ੈਰਉਦਾਰ ਲੋਕਤੰਤਰ ਵਿਚ ਬਦਲਣ ਦੀ ਕੋਸ਼ਿਸ਼ ਵਿਚ ਹਰ ਸੰਸਥਾ ਉਪਰ ਹਮਲਾ ਕੀਤਾ ਜਾ ਰਿਹਾ ਹੈ। ਵਿਸਲ-ਬਲੋਅਰ (ਤੱਥ ਉਜਾਗਰ ਕਰਨ ਵਾਲਾ) ਹਮੇਸ਼ਾ ਚੰਗੀ ਰਿਪੋਰਟਿੰਗ ਵਿਚ ਮਹੱਤਵਪੂਰਨ ਅੰਗ ਰਿਹਾ ਹੈ। ਲੇਕਿਨ ਭਾਰਤ ਵਿਚ ਇਹ ਕੰਮ ਤੁਹਾਨੂੰ ਜੇਲ੍ਹ ਪਹੁੰਚਾ ਸਕਦਾ ਹੈ, ਤੁਹਾਡੀ ਹੱਤਿਆ ਹੋ ਸਕਦੀ ਹੈ ਅਤੇ ਤੁਹਾਨੂੰ ਵਿਚਾਰਧਾਰਾ ਵਿਚ ਮਦਹੋਸ਼ ਸੋਸ਼ਲ ਮੀਡੀਆ ਫੌਜ ਦੇ ਹਮਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚਲਾਕ ਨੌਕਰਸ਼ਾਹ ਸਲਾਹ ਦੇ ਨਾਲ-ਨਾਲ ਬੀਤੇ ਸਾਲਾਂ ਵਿਚ ਸਰਕਾਰਾਂ ਨੇ ਵਿਸਲ-ਬਲੋਅਰ ਨੂੰ ਜੋ ਵੀ ਸੁਰੱਖਿਆ ਹਾਸਲ ਸੀ, ਉਸ ਦਾ ਗਲਾ ਘੁੱਟ ਦਿੱਤਾ ਹੈ। ਸਰਕਾਰ ਵਿਚ ਆਹਲਾ ਪੱਧਰ ਉਪਰ ਭ੍ਰਿਸ਼ਟਾਚਾਰ ਦੀ ਜਾਂਚ ਕਰਨ ਲਈ ਬਣਾਈ ਸੰਸਥਾ ਕੇਂਦਰੀ ਵਿਜੀਲੈਂਸ ਬਿਊਰੋ ਦੇ ਦਫਤਰ ਦੀ ਭਰੋਸੇਯੋਗਤਾ ਖੁਦ ਹੀ ਸ਼ੱਕ ਦੇ ਘੇਰੇ ਵਿਚ ਹੈ। ਭ੍ਰਿਸ਼ਟਾਚਾਰ ਰੋਕਥਾਮ ਐਕਟ ਵਿਚ ਇਸ ਸਾਲ ਦੀ ਸ਼ੁਰੂਆਤ 'ਚ ਤਰਮੀਮ ਕਰ ਦਿੱਤੀ ਗਈ ਅਤੇ 'ਅਪਰਾਧੀ ਦੁਰਵਿਹਾਰ' ਦੀ ਪ੍ਰਿਭਾਸ਼ਾ ਕਮਜ਼ੋਰ ਕਰ ਦਿੱਤੀ ਗਈ। ਨਾਲ ਹੀ, ਸਰਕਾਰੀ ਅਧਿਕਾਰੀਆਂ ਉਪਰ ਮੁਕੱਦਮਾ ਚਲਾਉਣ ਦੇ ਲਈ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਸਰਕਾਰ ਦਾ ਵਤੀਰਾ ਸੂਚਨਾ ਅਧਿਕਾਰ ਕਾਨੂੰਨ ਬਾਬਤ ਦੁਸ਼ਮਨਾਨਾ ਰਿਹਾ ਹੈ, ਇਹ ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਕਰਨ ਤੋਂ ਇਨਕਾਰ ਕਰ ਰਹੀ ਹੈ ਅਤੇ ਇਥੋਂ ਤਕ ਕਿ ਕਾਨੂੰਨ ਨੂੰ ਕਮਜ਼ੋਰ ਕਰਨ ਦੇ ਤਰੀਕੇ ਤਲਾਸ਼ ਰਹੀ ਹੈ।

ਹੁਣ ਐਸੇ ਮਹੱਤਵਪੂਰਨ ਅਧਿਕਾਰੀ ਲੱਭਣੇ ਮੁਸ਼ਕਿਲ ਹਨ ਜਿਨ੍ਹਾਂ ਨੇ ਯੂ.ਪੀ.ਏ. ਸਰਕਾਰ ਦੇ ਘੁਟਾਲਿਆਂ ਬਾਬਤ ਦਸਤਾਵੇਜ਼ਾਂ ਨੂੰ ਲੀਕ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਉਨ੍ਹਾਂ ਨਾਲ ਗੱਲ ਕਰਨਾ ਤਾਂ ਹੋਰ ਵੀ ਮੁਸ਼ਕਿਲ ਹੈ। ਸਰਕਾਰ ਦੇ ਕੰਮਕਾਜ ਨਾਲ ਜੁੜੀ ਹਰ ਰਗ ਵਿਚ ਸੱਤਾ ਦੇ ਭੈਅ ਦਾ ਟੀਕਾ ਲਗਾ ਦਿੱਤਾ ਗਿਆ ਹੈ। ਮੌਜੂਦਾ ਸਰਕਾਰ ਦੀਆਂ ਡਰਾਉਣੀਆਂ ਨਜ਼ਰਾਂ ਦਾ ਅਸਰ ਐਸਾ ਹੈ ਕਿ ਜਦੋਂ ਕੋਈ ਪੁਰਾਣੇ ਸੰਪਰਕਾਂ ਨੂੰ ਮਿਲਦਾ ਹੈ ਤਾਂ ਉਨ੍ਹਾਂ ਦਾ ਵਿਹਾਰ ਵੀ ਅਜੀਬ ਲਗਦਾ ਹੈ। ਆਪਣੇ ਦਫਤਰਾਂ ਦੀਆਂ ਕੰਧਾਂ ਨੂੰ ਉਹ ਇਉਂ ਦੇਖਦੇ ਹਨ, ਜਿਵੇਂ ਕੰਧਾਂ ਦੇ ਕੰਨ ਲੱਗੇ ਹੋਣ। ਚਾਹ-ਕੌਫੀ ਦੀਆਂ ਦੁਕਾਨਾਂ ਵਿਚ ਉਹ ਆਪਣੇ ਆਲੇ-ਦੁਆਲੇ ਇੰਝ ਨਜ਼ਰਾਂ ਦੁੜਾਉਂਦੇ ਹਨ ਜਿਵੇਂ ਆਲੇ-ਦੁਆਲੇ ਭੂਤ ਹੋਣ। ਫੋਨ ਉਪਰ ਉਹ ਇਨਕ੍ਰਿਪਟਿਡ ਸੰਦੇਸ਼ ਪ੍ਰਣਾਲੀ ਨੂੰ ਤਰਜੀਹ ਦਿੰਦੇ ਹਨ। ਜਨਤਕ ਤੌਰ 'ਤੇ ਉਹ ਸਰਕਾਰ ਦੀ ਤਾਰੀਫ ਕਰਦੇ ਹਨ। ਆਹਲਾ ਅਧਿਕਾਰੀਆਂ ਦੇ ਨਾਲ ਹੁਣ ਗੱਲਬਾਤ, ਜੋ ਇਕ ਸਮੇਂ ਸੌਖਿਆਂ ਹੀ ਜਾਣਕਾਰੀ ਦੇ ਦਿੰਦੇ ਸਨ, ਬੇਤੁਕੀ ਹੋ ਜਾਂਦੀ ਹੈ। ਇਕ ਜਨਾਬ ਆਪਣੀ ਆਵਾਜ਼ ਵਿਚ ਕਰਾਓਕੇ ਗਾਣੇ ਭੇਜਦੇ ਹਨ। ਦੂਜੇ ਨੂੰ ਕੌਮਾਂਤਰੀ ਕਿਤਾਬਾਂ ਉਪਰ ਚਰਚਾ ਦਾ ਸ਼ੌਕ ਜਾਗ ਉਠਿਆ ਹੈ, ਜਦਕਿ ਤੀਸਰਾ, ਜੋ ਪਿਛਲੀ ਸਰਕਾਰ ਦੇ ਦੌਰਾਨ ਦਿੱਲੀ ਦੀ ਖਾਨ ਮਾਰਕਿਟ ਵਿਚ ਪੱਤਰਕਾਰਾਂ ਨਾਲ ਚਰਚਾ ਕਰਿਆ ਕਰਦਾ ਸੀ, ਹੁਣ ਕਿਤੇ ਨਜ਼ਰ ਨਹੀਂ ਆਉਂਦਾ। ਜਦੋਂ ਉਨ੍ਹਾਂ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਕੋਈ ਨਹੀਂ ਸੁਣ ਰਿਹਾ ਹੈ, ਤਦ ਜਾ ਕੇ ਉਹ ਸਰਕਾਰ ਦੀਆਂ ਨਾਕਾਮੀਆਂ ਬਾਰੇ ਗੱਲਬਾਤ ਕਰਨੀ ਸ਼ੁਰੂ ਕਰਦੇ ਹਨ।

ਇਨ੍ਹਾਂ ਸਾਲਾਂ ਵਿਚ ਰਿਪੋਰਟਿੰਗ ਸ਼ੁਰੂ ਕਰਨ ਵਾਲੇ ਵੀ ਰਿਪੋਰਟਿੰਗ ਦੇ ਇਸ ਪੱਖ ਤੋਂ ਹੀ ਵਾਕਫ ਹਨ - ਨੌਕਰਸ਼ਾਹ ਜੋ ਨਹੀਂ ਮਿਲਣਗੇ, ਸਰੋਤ ਜੋ ਹੁਣ ਹਾਸਲ ਨਹੀਂ ਅਤੇ ਇਕ ਤਰਫਾ ਜਾਣਕਾਰੀ ਦਾ ਪ੍ਰਵਾਹ। ਪੱਤਰਕਾਰਾਂ ਦੀ ਇਕ ਪੀੜ੍ਹੀ ਨੂੰ ਇਹ ਜਾਣਨ ਦਾ ਮੌਕਾ ਵੀ ਨਹੀਂ ਮਿਲਿਆ ਕਿ ਸਰਕਾਰ ਅਤੇ ਕਾਰਪੋਰੇਟ ਰਿਪੋਰਟਿੰਗ ਕਿਵੇਂ ਕੰਮ ਕਰਦੀ ਹੈ। ਚੁੱਪਚਾਪ ਸਭ ਬਰਦਾਸ਼ਤ ਕਰ ਰਹੇ ਪੀੜਤਾਂ ਦੀ ਸੂਚੀ ਅਨੰਤ ਹੈ - ਇਸ ਵਿਚ ਫਰੀਲਾਂਸਰ ਹਨ ਜਿਨ੍ਹਾਂ ਕੋਲ ਮਾਮਲਿਆਂ ਨਾਲ ਲੜਨ ਲਈ ਕਾਨੂੰਨੀ ਹਮਾਇਤ ਨਹੀਂ ਹੈ, ਸਥਾਨਕ ਮਾਫੀਆ ਨਾਲ ਲੋਹਾ ਲੈਣ ਵਾਲੇ ਛੋਟੇ-ਛੋਟੇ ਪੱਤਰਕਾਰ ਹਨ ਜਿਨ੍ਹਾਂ ਦੀ ਹੱਤਿਆ ਹੋ ਜਾਂਦੀ ਹੈ। ਮਹਾਂਨਗਰਾਂ ਦੇ ਨਾਮਵਰ ਪੱਤਰਕਾਰ ਹਨ ਜਿਨ੍ਹਾਂ ਨੇ ਮਾਸਿਕ ਤਨਖਾਹ ਲਈ ਆਪਣੇ ਆਦਰਸ਼ ਸਮਰਪਣ ਕਰ ਦਿੱਤੇ ਹਨ।

ਐਸਾ ਨਹੀਂ ਹੈ ਕਿ 'ਮੁਰਦਾਘਰ' ਫੋਲਡਰ ਦੀ ਕਿਸੇ ਖ਼ਬਰ ਨੂੰ ਪੜ੍ਹਿਆ ਨਹੀਂ ਗਿਆ। ਬਹੁਤ ਸਾਰੀ ਤਾਜ਼ਾ ਰਿਪੋਰਟਿੰਗ ਤੋਂ ਇਲਾਵਾ ਮੇਰੇ ਉਸ ਫੋਲਡਰ ਦੀਆਂ ਕਈ ਖ਼ਬਰਾਂ ਨੇ 2016 ਵਿਚ ਲਿਖੀ ਮੇਰੀ ਕਿਤਾਬ 'ਏ ਫੀਸਟ ਆਫ ਵਲਚਰ - ਦਿ ਹਿਡਨ ਬਿਜ਼ਨੈਸ ਆਫ ਡੈਮੋਕਰੇਸੀ ਇਨ ਇੰਡੀਆ' (ਗਿਰਝਾਂ ਦਾ ਪ੍ਰੀਤੀ ਭੋਜਨ: ਭਾਰਤ ਵਿਚ ਲੋਕਤੰਤਰ ਦਾ ਲੁਕਵਾਂ ਧੰਦਾ) ਵਿਚ ਸਥਾਨ ਹਾਸਲ ਕੀਤਾ ਹੈ। ਇਕ ਵੱਡਾ ਮੀਡੀਆ ਹਾਊਸ ਇਸ ਦੇ ਅੰਸ਼ ਛਾਪਣੇ ਚਾਹੁੰਦਾ ਸੀ। ਇਕ ਮਹੀਨੇ ਤਕ ਮੇਰੀ ਕਿਤਾਬ ਆਪਣੇ ਕੋਲ ਰੱਖਣ ਤੋਂ ਬਾਅਦ ਉਨ੍ਹਾਂ ਨੇ ਮੇਰੇ ਪ੍ਰਕਾਸ਼ਕਾਂ ਨੂੰ ਕਿਹਾ ਕਿ ਉਹ ਇਸ ਵਿਚ ਸ਼ਾਮਲ ਕਿਸੇ ਵੀ ਕਾਰਪੋਰੇਟ ਦਾ ਨਾਮ ਨਹੀਂ ਲੈਣਾ ਚਾਹੁੰਦੇ। ਮੁੱਖਧਾਰਾ ਮੀਡੀਆ ਨੇ ਤਾਂ ਲਗਭਗ ਇਸ ਨੂੰ ਅਣਡਿੱਠ ਹੀ ਕਰ ਦਿੱਤਾ।

ਜੂਨ 2016 ਵਿਚ ਇਕ ਪ੍ਰਮੁੱਖ ਅੰਗਰੇਜ਼ੀ ਰਸਾਲੇ ਨੇ ਮੇਰੀ ਕਿਤਾਬ ਦਾ ਇਕ ਹਿੱਸਾ ਛਾਪਿਆ ਜਿਸ ਵਿਚ ਜੈੱਟ ਏਅਰਵੇਜ਼ ਪ੍ਰੋਮੋਟਰ ਨਰੇਸ਼ ਗੋਇਲ ਦੇ ਕਥਿਤ ਅਪਰਾਧਿਕ ਸਬੰਧਾਂ ਦਾ ਵੇਰਵਾ ਦਿੱਤਾ ਗਿਆ ਸੀ। ਜੈੱਟ ਏਅਰਵੇਜ਼ ਨੇ ਰਸਾਲੇ ਅਤੇ ਮੇਰੇ ਖਿਲਾਫ ਮਾਣਹਾਨੀ ਦਾ ਮੁਕੱਦਮਾ ਠੋਕ ਦਿੱਤਾ ਜਿਸ ਵਿਚ 1000 ਕਰੋੜ ਰੁਪਿਆ ਹਰਜਾਨੇ ਦੀ ਮੰਗ ਕੀਤੀ ਗਈ ਸੀ। ਮਾਮਲਾ ਦਰਜ ਹੋਣ ਤੋਂ ਤੁਰੰਤ ਬਾਅਦ ਰਸਾਲੇ ਦੇ ਸੰਪਾਦਕ ਨੂੰ ਬਰਖਾਸਤ ਕਰ ਦਿੱਤਾ ਗਿਆ। ਨਵੇਂ ਸੰਪਾਦਕ ਨੇ ਅਦਾਲਤ ਵਿਚ ਰਸਾਲੇ ਦਾ ਪ੍ਰਤੀਕਰਮ ਦਾਇਰ ਕੀਤਾ ਅਤੇ ਉਹ ਕੇਸ ਵਾਪਸ ਲੈਣ 'ਤੇ ਜੈੱਟ ਏਅਰਵੇਜ਼ ਦੁਆਰਾ ਦਿੱਤੇ ਗਏ ਕਿਸੇ ਵੀ ਜੁਆਬ ਦਾਅਵੇ ਨੂੰ ਛਾਪਣ ਦੀ ਪੇਸ਼ਕਸ਼ ਕਰ ਰਿਹਾ ਹੈ। ਨਵੇਂ ਸੰਪਾਦਕ ਨੇ ਮੇਰੇ ਨਾਲ ਇਹ ਜਵਾਬ ਸਾਂਝਾ ਕਰਨ ਦੀ ਵੀ ਪ੍ਰਵਾਹ ਨਹੀਂ ਕੀਤੀ ਅਤੇ ਆਪਣੇ ਸਹਿਯੋਗੀਆਂ ਨੂੰ ਆਦੇਸ਼ ਦਿੱਤਾ ਕਿ ਮੇਰੇ ਨਾਲ ਕੋਈ ਗੱਲ ਨਾ ਕਰਨ। ਮੁਕੱਦਮਾ ਅਜੇ ਸ਼ੁਰੂ ਵੀ ਨਹੀਂ ਹੋਇਆ ਹੈ।

ਪੱਤਰਕਾਰੀ ਦੇ ਨਾਂ 'ਤੇ ਬਣਾਏ ਜਾ ਰਹੇ ਚਮਚਾਗਿਰੀ ਅਤੇ ਪ੍ਰਾਪੇਗੰਡੇ ਦੇ ਇਸ ਮਿਸ਼ਰਨ ਨੂੰ ਲੈ ਕੇ ਪੱਤਰਕਾਰਾਂ ਦੀ ਨਵੀਂ ਪੀੜ੍ਹੀ ਵਿਚ ਕਾਫੀ ਗੁੱਸਾ ਹੈ। ਉਨ੍ਹਾਂ ਨੂੰ ਪੱਤਰਕਾਰੀ ਵਿਚ ਡੂੰਘੇ ਰੂਪ ਵਿਚ ਸਮੋਈ ਇਮਾਨਦਾਰੀ ਅਤੇ ਅਸਹਿਮਤੀ ਦੀ ਸਮਝ ਤੋਂ ਬਿਨਾ ਹੀ ਨਿਊਜ਼ਰੂਮ ਵਿਚ ਲਿਆਂਦਾ ਗਿਆ ਹੈ। ਜਦੋਂ ਇਨ੍ਹਾਂ ਪੱਤਰਕਾਰਾਂ ਦਾ ਗੁੱਸਾ ਆਪਣੀ ਸਿਖਰ 'ਤੇ ਪਹੁੰਚ ਜਾਵੇਗਾ ਤਾਂ ਨਵੀਂ ਬਾਈਲਾਈਨ ਦਾ ਜਨਮ ਹੋਵੇਗਾ।

# ਮੇਰਾ ਬਚਪਨ ਕਿਤੇ ਗੁਆਚ ਗਿਐ

**ਯਾਦ ਝਰੋਖਾ**

ਸਰਦੀ ਦਾ ਮੌਸਮ, ਉਤੋਂ ਕਾਲੇ ਬੱਦਲਾਂ ਦਾ ਅਸਮਾਨ 'ਤੇ ਬਣੇ ਰਹਿਣਾ, ਨਾਲ ਹੱਡ ਚੀਰਵੀਆਂ ਠੰਢੀਆਂ ਸੀਤ ਹਵਾਵਾਂ ਦਾ ਵਗਣਾ। ਅਲੱਗ ਤਰ੍ਹਾਂ ਦਾ ਨਜ਼ਾਰਾ ਵੀ ਕਦੀ ਕਦੀ ਬੀਤੀਆਂ ਯਾਦਾਂ ਨੂੰ ਸਾਹਮਣੇ ਲਿਆ ਸਾਕਾਰ ਕਰ ਦਿੰਦਾ ਹੈ। ਅੱਜ ਕਈ ਦਿਨਾਂ ਮਗਰੋਂ ਬੱਦਲ ਜ਼ਰਾ ਕੁ ਪਰ੍ਹਾਂ ਹੋਏ ਤੇ ਸੂਰਜ ਦੀ ਧੁੱਪ ਨੇ ਝਟਪਟ ਹਰ ਪਾਸੇ ਆਪਣੇ ਪੈਰ ਪਸਾਰ ਲਏ, ਜਿਵੇਂ ਧੁੱਪ ਵੀ ਥੱਕੀ ਪਈ ਹੋਵੇ।

ਮੈਂ ਵੀ ਪਿਛਲੇ ਵਰਾਂਡੇ ਵਿਚ ਪਏ ਤਖਤਪੋਸ਼ 'ਤੇ ਜਾ ਬੈਠੀ ਅਤੇ ਲੱਗ ਪਈ ਟਾਵੇਂ ਟਾਵੇਂ ਚਿੱਟੇ ਤੇ ਲਾਲ ਸੁਰਖ ਖਿੜੇ ਗੁਲਾਬ ਦੇ ਫੁੱਲਾਂ ਨਾਲ ਗੱਲਾਂ ਕਰਨ। ਇੰਜ ਲੱਗਾ, ਜਿਵੇਂ ਮੇਰਾ ਨਾਂ ਲੈ ਕੇ ਕਿਸੇ ਨੇ ਆਵਾਜ਼ ਦਿੱਤੀ ਹੋਵੇ, ਜੀਤ। ਬਸ ਫਿਰ ਕੀ, ਆਵਾਜ਼ ਬਾਹੋਂ ਫੜ ਖੋਰੇ ਕਿਤ ਵੱਲ ਲੈ ਗਈ, ਖਬਰ ਨਾ ਹੋਈ ਕਿਵੇਂ ਅਣਗਿਣਿਆ ਤੇ ਅਣਮਿਣਿਆ ਪੈਂਡਾ ਤੈਅ ਕਰ ਉਥੇ ਪਹੁੰਚ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਗਈ, ਜਿਥੇ ਪਿਤਾ ਜੀ, ਬੇਜੀ ਅਤੇ ਉਨ੍ਹਾਂ ਦੀ ਇਕੋ ਇਕ ਲਾਡੋ ਮੈਂ ਜੀਤ ਸਾਂ।

ਸਾਰੇ ਪਿੰਡ ਦੇ ਨਿੱਕੇ ਨਿਆਣੇ, ਜੋ ਪਿਤਾ ਜੀ ਕੋਲ ਹੀ ਪੜ੍ਹਦੇ ਸਨ, ਬੇ-ਪ੍ਰਵਾਹ, ਨਾ ਕੋਈ ਫਿਕਰ ਨਾ ਫਾਕਾ, ਨਾ ਕੋਈ ਚਿੰਤਾ ਨਾ ਗਮ, ਨਾ ਕੋਈ ਦੁਖ ਨਾ ਝੋਰਾ-ਬੱਸ ਹਰ ਪਾਸੇ ਖੁਸ਼ੀਆਂ ਹੀ ਖੁਸ਼ੀਆਂ! ਨਿੱਕੀ ਉਮਰੇ ਨਿੱਕੇ ਨਿੱਕੇ ਚਾਅ। ਨਾ ਕੋਈ ਲੋਭ, ਨਾ ਲਾਲਚ; ਨਾ ਹੀ ਕੋਈ ਦੁਸ਼ਮਣ, ਬੱਸ ਸੀ ਤੇ ਉਹ ਸੀ, ਮੇਰਾ ਅਨਮੋਲ ਬਚਪਨ। ਮੇਰੀ ਗੁੱਡੀ, ਗੁੱਡੀ ਦੇ ਰੰਗ-ਬਰੰਗੇ ਪਟੋਲੇ, ਜੋ ਹਮੇਸ਼ਾ ਮੇਰੇ ਨਾਲ ਖੇਡਣ ਲਈ ਉਤਾਵਲੇ ਰਹਿੰਦੇ।

ਨਿੱਕੇ ਨਿੱਕੇ ਮੋੜ ਕੱਟਦੀ ਅਤੇ ਵਲ ਵਲੇਂਗੜੇ ਖਾਂਦੀ ਵੇਈਂ ਨਦੀ ਦਾ ਪੱਤਣ। ਬਿਲਕੁਲ ਐਨ ਕਿਨਾਰੇ ਦੇ ਉਥੇ ਹਰੇ ਭਰੇ ਰੁੱਖਾਂ ਦਾ ਇਕ ਸੰਘਣਾ ਝੁੰਡ, ਜਿਸ ਨੂੰ ਸਾਰੇ ਦਾਇਰਾ ਆਖਦੇ। ਨਾਲ ਹੀ ਸੀ ਉਹ ਪਾਕ ਮਸੀਤ ਜਿਦ੍ਹੇ ਵਿਚ ਹੁਣ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੁਭਾਇਮਾਨ ਸੀ। ਗੁਰੂ ਘਰ ਦੇ ਨਾਲ ਹੀ ਲੱਗਦਾ ਇਕ ਪੱਕਾ ਕੋਠਾ ਅਤੇ ਇਕ ਵਰਾਂਡਾ, ਜਿਸ ਵਿਚ ਪਿਤਾ ਜੀ, ਬੇਜੀ ਅਤੇ ਉਨ੍ਹਾਂ ਦੀ ਜੀਤ ਰਹਿੰਦੇ ਸਨ। ਨਾਲ ਪਿਤਾ ਜੀ ਦਾ ਅਤੇ ਸਾਰੇ ਹੀ ਪਿੰਡ ਦਾ ਚਹੇਤਾ ਤੇ ਪਿਆਰਾ ਮੋਤੀ ਵੀ ਸੀ, ਜਿਦ੍ਹਾ ਰੰਗ ਤਾਂ ਸੀ ਕਾਲਾ ਸਿਆਹ, ਪਰ ਅੰਦਰੋਂ ਦੁੱਧ ਜਿਹਾ ਚਿੱਟਾ, ਵਫਾਦਾਰੀ ਦਾ ਮੁਜੱਸਮਾ। ਇਕ ਸੀ ਮੇਰੀ ਮਾਣੋ ਬਿੱਲੀ, ਜਿਸ ਨੂੰ ਸਾਰੇ ਮਾਣੋ ਹੀ ਆਖਦੇ। ਮੋਤੀ ਤੇ ਮਾਣੋ ਦੀ ਦੋਸਤੀ ਵੀ ਲਾ-ਜਵਾਬ ਸੀ, ਜੋ ਕਦੇ ਬੰਦਿਆਂ ਵਿਚ ਵੀ ਨਹੀਂ ਹੋਈ ਹੋਣੀ। ਹਾਂ, ਪਿਤਾ ਜੀ ਦੀ ਇਕ ਸੋਹਣੀ ਸੁਨੱਖੀ ਮੱਝ ਅਤੇ ਉਸ ਦਾ ਗੋਰਾ ਚਿੱਟਾ ਕੱਟਾ ਪੁੱਤਰ, ਜਿਸ ਨੂੰ ਸਾਰੇ ਹੀ ਪਿਆਰ ਨਾਲ ਅੰਗਰੇਜ਼ ਆਖ ਕੇ ਬੁਲਾਉਂਦੇ।

ਗੁਰਦੁਆਰੇ ਦਾ ਪੱਕੀਆਂ ਇੱਟਾਂ ਦਾ ਥੜ੍ਹਾ ਅਤੇ ਅੱਗੇ ਖੂਹੀ, ਦੋ ਟੂਟੀਆਂ ਨਹਾਉਣ ਲਈ-ਇਕ ਔਰਤਾਂ ਤੇ ਇਕ ਬੰਦਿਆਂ ਲਈ। ਗੁਰਦੁਆਰੇ ਦੇ ਖੱਬੇ ਪਾਸੇ ਸੀ ਪਿਤਾ ਜੀ ਦਾ ਵਾੜਾ, ਜਿਸ ਵਿਚ ਉਹ ਸਬਜ਼ੀਆਂ ਬੀਜਦੇ। ਉਹ ਸਬਜ਼ੀਆਂ ਸਾਰਾ ਪਿੰਡ ਹੀ ਲਿਜਾਂਦਾ। ਸਬਜ਼ੀਆਂ ਦੇ ਆਲੇ-ਦੁਆਲੇ ਵਾੜ ਕੀਤੀ ਹੋਣ ਕਰਕੇ ਉਸ ਨੂੰ ਵਾੜਾ ਆਖਦੇ। ਵਾੜੇ ਅਤੇ ਟੂਟੀਆਂ ਵਾਲੇ ਪਾਸੇ ਇਕ ਬਹੁਤ ਵੱਡਾ ਬੋਹੜ ਅਤੇ ਇਕ ਪਿੱਪਲ ਵੀ ਸਨ, ਜਿਨ੍ਹਾਂ 'ਤੇ ਸਾਉਣ ਮਹੀਨੇ ਕੁੜੀਆਂ ਪੀਂਘਾਂ ਪਾਉਂਦੀਆਂ। ਗੁਰੂ ਘਰ ਦੇ ਸੱਜੇ ਪਾਸੇ ਸੀ ਪੰਜਾਹ ਕੁ ਜਾਂ ਕੁਝ ਹੋਰ ਘਰਾਂ ਦਾ ਸਵਰਗ ਵਰਗਾ ਨਿੱਕਾ ਜਿਹਾ ਪਿੰਡ, ਜਿਦ੍ਹੇ ਵਿਚ ਦਿਉਤੇ ਵੱਸਦੇ ਸਨ। ਹਾਂ, ਇਕ ਅੱਧ ਰਾਖਸ਼ਸ਼ ਵੀ ਵਿਚ ਹੈਗਾ ਸੀ, ਜੋ ਕਦੀ ਕਦੀ ਪਿੰਡ ਦੀ ਸ਼ਾਂਤੀ ਵਿਚ ਖਲਲ ਪਾਉਂਦਾ, ਪਰ ਛੇਤੀ ਹੀ ਸਿਆਣੇ ਬਜ਼ੁਰਗ ਉਸ ਨੂੰ ਸੰਭਾਲ ਲੈਂਦੇ।

ਉਹ ਅਲੌਕਿਕ ਨਜ਼ਾਰਾ ਅਤੇ ਮੇਰਾ ਸੋਹਣਾ ਜਿਹਾ ਪਿਆਰਾ ਬਚਪਨ। ਸਵੇਰਾ ਹੋ ਗਿਆ ਸੀ। ਮੈਂ ਦੇਖਿਆ, ਬੇਜੀ ਪੀਹੜੇ 'ਤੇ ਬੈਠੇ ਵੱਡੀ ਸਾਰੀ ਚਾਟੀ ਵਿਚ ਰੰਗਲੀ ਮਧਾਣੀ ਨਾਲ ਦੁੱਧ ਰਿੜਕਦੇ ਪਏ ਸਨ ਅਤੇ ਨਾਲ ਨਾਲ ਜਪੁਜੀ ਦਾ ਪਾਠ ਵੀ ਪਏ ਕਰੇਂਦੇ ਸਨ। ਝੱਟ ਦੇਣੀ ਬੋਲੇ, ਜੀਤੇ ਪੁੱਤਰ! ਸਵੇਰੇ ਸਵੇਰੇ ਕਿੱਥੇ ਤੁਰ ਗਈ ਸੈਂ? ਆ ਮਾਂ ਸੱਦਕੜੇ, ਬੈਠ ਮੇਰੀ ਝੋਲੀ ਵਿਚ, 'ਕੱਲੇ ਬਾਹਰ ਨਹੀਓਂ ਜਾਈਦਾ। ਪਿਤਾ ਜੀ ਆਖਣ ਲੱਗੇ, ਅਸਾਂ ਤੇ ਇਸ ਨੂੰ ਵੇਈਂ ਦੇ ਪੱਤਣ ਤੋਂ ਲੈ ਕੇ ਆਏ ਹਾਂ। ਮੁਹਕਮ ਸਿੰਘ ਨੇ ਦੱਸਿਆ ਸੀ ਕਿ ਬਾਬਾ ਜੀ, ਜੀਤਾਂ ਤਾਂ ਪੱਤਣ 'ਤੇ ਚਸ਼ਮੇ ਨਾਲ ਖੇਡਦੀ ਹੈ।

ਬੇਜੀ ਨੇ ਦੁੱਧ ਰਿੜਕ ਕੇ ਧਾਰ ਕੱਢੀ, ਮੋਤੀ ਤੇ ਮਾਣੋ ਨੇ ਆਪੋ ਆਪਣੇ ਕੌਲੇ ਵਿਚ ਝੱਗਾਂ ਵਾਲਾ ਤਾਜ਼ਾ ਦੁੱਧ ਪੀਤਾ। ਪਿਤਾ ਜੀ ਚੌਂਕੜਾ ਸਜਾ ਮੰਜੇ 'ਤੇ ਬੈਠ ਗਏ ਤੇ ਦੁੱਧ ਦਾ ਗਲਾਸ ਫੜ ਆਖਣ ਲੱਗੇ, ਅੱਜ ਸਾਡਾ ਜੀਤ ਦੁੱਧ ਦਾ ਗਲਾਸ ਇਕੋ ਡੀਕੇ ਪੀ ਕੇ ਵਿਖਾਏਗਾ। ਕੋਲੋਂ ਬੇਜੀ ਬੋਲੇ (ਅੱਖੀਂ ਮੀਟੀ ਘੁੰਗਰੂ ਰਾਜੇ ਦੀ ਬੇਟੀ ਆਈ ਜੇ), ਪੀ ਲੈ, ਪੀ ਲੈ, ਨਹੀਂ ਤੇ ਸਾਰਾ ਦੁੱਧ ਕੀੜੀ ਨੇ ਲੈ ਜਾਣਾ ਏ। ਬਸ ਇਹ ਤਾਂ ਰੋਜ਼ ਦਾ ਹੀ ਕੰਮ ਸੀ ਕਿ ਦੁੱਧ ਨਹੀਂ ਪੀਣਾ, ਨਹੀਂ ਪੀਣਾ।

ਇੰਨੇ ਨੂੰ ਬਾਪੂ ਜਾਗਰ ਸਿਹੁੰ ਲੰਬੜਦਾਰ ਆ ਗਏ। ਬਾਬਾ ਜੀ, ਜੀਤ ਅਤੇ ਦੁੱਧ! ਨਾ ਜੀ ਨਾ। ਵਿਚਾਰ ਸ਼ੁਰੂ ਹੋ ਗਈ, ਬਾਬਾ ਜੀ, ਸਤਿਗੁਰਾਂ ਦੇ ਪਾਵਨ ਪੁਰਬ ਆ ਰਹੇ ਨੇ, ਤਿਆਰੀਆਂ ਸ਼ੁਰੂ ਕਰ ਦੇਈਏ। ਪਿਤਾ ਜੀ ਕਹਿਣ ਲੱਗੇ, ਲੰਬੜਦਾਰ ਜੀ ਅਸਾਂ ਤਾਂ ਅੱਜ ਤੁਹਾਨੂੰ ਆਖਣਾ ਹੀ ਸੀ, ਤੁਸਾਂ ਆਪੇ ਆ ਗਏ ਜੇ। ਚਲੋ ਤਿਆਰੀ ਤਾਂ ਅੱਜੋ ਹੀ ਹੋ ਜਾਸੀ।

ਥੋੜ੍ਹੇ ਚਿਰ ਵਿਚ ਹੀ ਹੋਰ ਸਿਆਣੇ ਵੀ ਆ ਗਏ। ਬੇਜੀ ਨੇ ਕੜੇ ਵਾਲੇ ਪਿੱਤਲ ਦੇ ਗਲਾਸਾਂ ਵਿਚ ਲੱਸੀ ਭਰ ਉਥੇ ਮੱਖਣ ਰੱਖ ਰੱਖ ਕੇ ਸਭ ਨੂੰ ਚਾ ਫੜਾਈ, ਤੇ ਵਾਹ ਵਾਹ ਹੋ ਉਠੀ। ਉਨ੍ਹੀਂ ਦਿਨੀਂ ਚਾਹ ਨੂੰ ਤਾਂ ਕੋਈ ਪੁੱਛਦਾ ਨਹੀਂ ਸੀ, ਬਸ



ਲੱਸੀ ਦਾ ਹੀ ਰਾਜ ਸੀ। ਉਤੋਂ ਪਿਤਾ ਜੀ ਨੇ ਬੇਜੀ ਨੂੰ ਪੱਕਾ ਹੀ ਆਖਿਆ ਹੋਇਆ ਸੀ ਕਿ ਮੱਖਣ ਪਾਏ ਬਿਨਾ ਲੱਸੀ ਕਿਸੇ ਨੂੰ ਕਦੀ ਨਹੀਂ ਦੇਣੀ।

ਗੁਰਪੁਰਬ ਲਈ ਝੱਟਪੱਟ ਉਗਰਾਹੀ ਹੋ ਗਈ। ਸਾਰੇ ਪਿੰਡ ਨੂੰ ਤਾਂ ਜਿਵੇਂ ਚਾਅ ਹੀ ਚੜ੍ਹ ਗਿਆ ਹੋਵੇ। ਰਸਦਾਂ ਵੀ ਸਾਰੇ ਪਿੰਡ ਦੀਆਂ, ਲੰਗਰ ਪਕਾਉਣ ਵਾਲਾ ਵੀ ਸਾਰਾ ਪਿੰਡ ਅਤੇ ਲੰਗਰ ਛਕਣ ਵਾਲਾ ਵੀ ਸਾਰਾ ਹੀ ਪਿੰਡ। ਗੁਰੂ ਘਰ ਵਿਚ ਰੌਣਕਾਂ ਲੱਗ ਗਈਆਂ। ਅਖੰਡ ਪਾਠ ਸ਼ੁਰੂ ਹੋ ਗਏ, ਤਿੰਨ ਦਿਨ ਰੱਬ ਹੀ ਰੱਬ, ਗੁਰੂ ਹੀ ਗੁਰੂ ਸੀ ਹਰ ਪਾਸੇ। ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜੇ। ਮੈਂ ਵੀ ਪਿਤਾ ਜੀ ਨਾਲ ਸ਼ਬਦ ਗਾਇਆ, "ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥" ਅਟੁੱਟ ਲੰਗਰ ਵਰਤੇ।

ਮੇਰੀਆਂ ਸਹੇਲੀਆਂ-ਵੀਰੋ, ਸੱਤਿਆ, ਮਿੰਦੋ ਅਤੇ ਸੀਤੋ, ਪੀਤੂ, ਰੁਲੀਆ, ਰੀਠਾ, ਤੇ ਕਿੰਨੇ ਸਾਰੇ ਹੋਰ। ਸਰਪੰਚਾਂ ਦੇ ਮੀਤੇ ਨੇ ਮੋਤੀ ਨੂੰ ਛੇੜ ਦਿੱਤਾ। ਫਿਰ ਕੀ, ਮੀਤਾ ਅੱਗੇ ਅੱਗੇ ਤੇ ਮੋਤੀ ਪਿੱਛੇ ਪਿੱਛੇ। ਮੋਤੀ ਇੰਨਾ ਮੱਛਰਿਆ ਕਿ ਮੇਰੀ ਗੁੱਡੀ ਚੁੱਕ ਕੇ ਦੌੜਿਆ ਫਿਰੇ ਤੇ ਦੇਵੇ ਹੀ ਨਾ, ਮਸੀਂ ਗੁੱਡੀ ਛੁਡਾਈ। ਫਿਰ ਮਾਣੋ ਨੂੰ ਪੂਛਲ ਤੋਂ ਫੜ ਕੇ ਘਸੀਟਦਾ ਫਿਰੇ।

ਅਸੀਂ ਸਾਰੇ ਮਿਲ ਕੇ ਖੂਬ ਖੇਡੇ। ਹਨੇਰਾ ਹੋਣ ਲੱਗਾ, ਬੇਜੀ ਕਹਿਣ, ਜਾਓ ਹੁਣ ਘਰੋ ਘਰੀ ਤੇ ਸੌਂਵੋ, ਪਰ ਪਿਤਾ ਜੀ ਬੋਲੇ, ਵੀਰ ਕੌਰੇ ਖੇਡਣ ਦੇਹ, ਇਹ ਉਮਰਾ, ਇਹ ਵੇਲੇ, ਫਿਰ ਨਹੀਓਂ ਲੱਭਣੇ। ਇਨ੍ਹਾਂ ਜਦੋਂ ਵਿਛੜ ਜਾਣਾ ਤਾਂ ਪਤਾ ਨਹੀਂ ਮੁੜ ਮਿਲਣਾ ਵੀ ਹੈ ਕਿ ਨਹੀਂ! ਵਾਹਵਾ ਦੇਰ ਤੀਕ ਅਸਾਂ ਖੇਡਾਂ ਖੇਡੀਆਂ।

ਇਧਰ ਕਿਣ ਮਿਣ ਵੀ ਸ਼ੁਰੂ ਹੋ ਚੁਕੀ ਸੀ। ਜਦੋਂ ਬੱਦਲ ਜ਼ੋਰ ਦੀ ਗੜਕਿਆ ਤਾਂ ਮੈਂ ਵੀ ਝੱਲਿਆਂ ਵਾਂਗ ਇਧਰ ਉਧਰ ਭੌਰ-ਭੌਰ ਪਈ ਵੇਖਾਂ। ਮੈਂ ਹੁਣੇ ਕਿਥੇ ਸਾਂ ਤੇ ਮੀਂਹ ਦੇ ਨਾਲ ਅੱਖੀਆਂ ਦੀ ਬਰਸਾਤ ਵੀ ਸ਼ੁਰੂ ਹੋ ਗਈ। ਜੰਮ ਕੇ ਵਰਸੀਆਂ ਇਹ ਅੱਖੀਆਂ, ਪਤਾ ਨਹੀਂ ਕਿੰਨਾ ਕੁ ਚਿਰ, ਕੌਣ ਜਾਣੇ? ਇਹ ਕੀ, ਇਹ ਤਾਂ ਮੇਰਾ ਬਚਪਨ ਸੀ, ਮੈਂ ਤੇ ਉਥੇ ਹੀ ਰਹਿਣਾ ਸੀ, ਮੈਂ ਇਥੇ ਕਿਉਂ ਆਈ ਹਾਂ? ਨਹੀਂ, ਮੈਂ ਫਿਰ ਉਥੇ ਹੀ ਜਾਵਾਂਗੀ, ਪਿਤਾ ਜੀ ਤੇ ਬੇਜੀ ਦੇ ਕੋਲ ਆਪਣੇ ਪਿੰਡ।

ਜਦ ਅਚੇਤਨਾ ਸੁਚੇਤ ਹੋਈ ਤਾਂ ਯਾਦ ਆਇਆ, ਪਿਤਾ ਜੀ ਤੇ ਬੇਜੀ-ਉਹ ਤਾਂ ਕਦੋਂ ਦੇ ਮੈਨੂੰ ਇਕੱਲੀ ਛੱਡ ਉਸ ਰੱਬੀ ਲੋਕ ਜਾ ਚੁਕੇ ਹਨ, ਜਿਥੇ ਗਿਆ ਕਦੀ ਵੀ ਕੋਈ ਮੁੜ ਕੇ ਨਹੀਂ ਆਇਆ। ਨਾ ਮੋਤੀ ਤੇ ਨਾ ਮਾਣੋ, ਨਾ ਮੇਰਾ ਬਚਪਨ। ਹਾਏ! ਮੈਂ ਤੇ ਜਿਉਂਦੀ ਹਾਂ, ਮੇਰਾ ਬਚਪਨ ਕਿਥੇ ਗੁੰਮ ਹੋ ਗਿਐ? ਕਿਥੇ ਗੁਆਚ ਗਿਐ? ਹਰ ਵੇਲੇ ਲੱਭਦੀ ਹਾਂ, ਆਵਾਜ਼ਾਂ ਦਿੰਦੀ ਹਾਂ, ਪਰ ਉਹਦਾ ਤੇ ਕੋਈ ਵੀ ਥਹੁ ਪਤਾ ਨਹੀਂ ਲੱਗਦਾ। ਮੇਰਾ ਸੋਹਣਾ ਮਾਸੂਮ ਜਿਹਾ ਬਚਪਨ, ਖੋਰੇ ਕਿਥੇ ਹੋਵੇਗਾ? ਭਲਾ ਉਹ ਵੀ ਕਦੀ ਮੈਨੂੰ ਯਾਦ ਕਰਦਾ ਹੋਵੇਗਾ ਕਿ ਨਹੀਂ, ਕੌਣ ਜਾਣੇ? ਮੈਂ ਤੇ ਉਸ ਦੀ ਯਾਦ ਵਿਚ ਰੋ ਰੋ ਕੇ ਇਕ ਕਿਡੀ ਵੱਡੀ ਨਜ਼ਮ ਵੀ ਲਿਖੀ ਸੀ, 'ਮੇਰਾ ਬਚਪਨ ਕਿਤੇ ਗੁਆਚ ਗਿਐ, ਕੋਈ ਲੱਭ ਲਿਆਵੇ ਓਸ ਨੂੰ।' ਉਹ ਅਖਬਾਰ ਵਿਚ ਵੀ ਛਪੀ ਸੀ ਕਿ ਸ਼ਾਇਦ ਕਿਤੇ ਪੜ੍ਹ ਕੇ ਉਹ ਆਪੂੰ ਹੀ ਪਰਤ ਆਵੇ ਪਰ ਉਹ ਨਾ ਆਇਆ, ਨਾ ਉਸ ਛਲਾਵੇ ਨੇ ਆਉਣਾ ਹੀ ਸੀ।

ਹਾਏ ਰੱਬ ਜੀ, ਮੇਰਾ ਇੰਨਾ ਪਿਆਰਾ ਬਚਪਨ, ਉਹ ਤੇ ਭੁਲਾਇਆਂ ਵੀ ਨਹੀਂ ਭੁਲਦਾ, ਉਹ ਬੇ-ਪਰਵਾਹੀਆਂ ਹੁਣ ਕਿਥੇ! ਉਹ ਪਿਤਾ ਜੀ ਅਤੇ ਬੇਜੀ ਦੀ ਝੋਲੀ ਦਾ ਨਿੱਘ ਹੁਣ ਕਿਥੇ! ਉਹ ਚੰਨ ਚਾਨਣੀਆਂ ਰਾਤਾਂ ਦੀਆਂ ਪਿਆਰੀਆਂ ਖੇਡਾਂ ਹੁਣ ਕਿਥੇ! ਉਹ ਮਿੱਟੀ ਦੇ ਖਿਡੌਣੇ ਅਤੇ ਰੇਤੇ ਦੇ ਘਰ ਹੁਣ ਕਿਥੇ! ਹੁਣ ਤਾਂ ਸਮਝ ਵੀ ਪਈ ਪੈਂਦੀ ਏ ਕਿ ਜੋ ਇਕ ਵਾਰੀ ਤੁਰ ਜਾਵੇ, ਉਹ ਮੁੜ ਕੇ ਨਹੀਂ ਆਉਂਦਾ। ਐਵੇਂ ਹੀ ਝੂਠੀਆਂ ਗੱਲਾਂ ਬਣੀਆਂ ਹੋਈਆਂ ਨੇ। ਹੁਣ ਤਾਂ ਲੋਕ ਕਮਾਈਆਂ ਕਰਨ ਲਈ ਖਾਰੇ ਪਰਦੇਸ ਗਏ ਨਹੀਂ ਪਰਤਦੇ, ਉਥੇ ਹੀ ਰਹਿ ਪੈਂਦੇ ਨੇ। ਪੁੱਤਰ ਪੜ੍ਹਨ ਲਈ ਜਾਂਦੇ ਨੇ, ਬੜੇ ਦਿਲਾਸੇ ਦੇ ਦੇ ਕੇ ਕਿ ਅਸਾਂ ਪੜ੍ਹ ਕੇ ਤੁਹਾਡੇ ਕੋਲੇ ਰਹਿਣਾ ਹੈ, ਬੜੇ ਸੁਖ ਦੇਣੇ ਨੇ ਤੁਹਾਨੂੰ, ਪਰ ਉਹ ਵੀ ਪਰਤ ਕੇ ਨਹੀਂ ਆਉਂਦੇ। ਮਰਦ ਆਪਣੀ ਔਰਤ ਤੇ ਨਿੱਕੇ ਬੱਚਿਆਂ ਨੂੰ ਦਿਲਾਸੇ ਦੇ ਇਕੱਲਿਆਂ ਛੱਡ ਕੇ ਕਿਹੜੇ ਮੁਲਕੀਂ ਜਾ ਵੱਸਦੇ ਨੇ। ਪਿੱਛੇ ਬੈਠੀਆਂ ਰੋਂਦੀਆਂ ਮਰ ਜਾਂਦੀਆਂ ਨੇ ਉਹ ਵਿਚਾਰੀਆਂ ਪਰ ਪਰਤਦਾ ਹੀ ਕੋਈ ਨਹੀਂ, ਤੇ ਮੈਂ ਬਚਪਨ ਨੂੰ ਲੱਭਦੀ ਫਿਰਦੀ ਹਾਂ!

ਫਿਰ ਸਤਿਗੁਰੂ ਜੀ ਦਾ ਬਚਨ ਯਾਦ ਆਇਆ, "ਇਹ ਜਗਿ ਮੀਤੁ ਨ ਦੇਖਿਓ ਕੋਈ॥" ਤਾਂ ਸਾਰਾ ਕੁਝ ਸਾਫ ਹੋ ਗਿਆ ਕਿ ਇਸ ਦਾ ਨਾਂ ਹੀ ਜ਼ਿੰਦਗੀ ਹੈ, ਇਹ ਹੀ ਜੀਵਨ ਹੈ, ਇਹ ਇਸੇ ਤਰ੍ਹਾਂ ਹੀ ਚੱਲਦਾ ਆਇਆ ਹੈ ਅਤੇ ਚੱਲਦਾ ਰਹੇਗਾ। ਗੁਰੂ ਦੀ ਮਿਹਰ ਨਾਲ ਅਸਾਂ ਆਪਣੇ ਬਚਪਨ ਦੇ ਫਿਰ ਅਨੰਦ ਮਾਣੇ, ਤੁਸੀਂ ਵੀ ਮਾਣੋ।

# ਉਹ ਦਿਨ, ਉਹ ਜ਼ਮਾਨੇ

ਮੇਰਾ ਬਚਪਨ ਪਿੰਡਾਂ ਵਿਚ ਬਿਜਲੀ ਤੇ ਮੋਟਰ ਕਾਰਾਂ ਦੇ ਆਉਣ ਤੋਂ ਪਹਿਲਾਂ ਦਾ ਸੀ। ਸਾਡੇ ਪਿੰਡਾਂ ਵਿਚ ਬਿਜਲੀ 1967 ਵਿਚ ਆਈ। ਉਸ ਤੋਂ ਪਹਿਲਾਂ ਤਾਂ ਆਪਾਂ ਲਾਲਟੈਣਾਂ ਅਤੇ ਦੀਵਿਆਂ ਨਾਲ ਹੀ ਗੁਜ਼ਾਰਾ ਕਰਦੇ ਰਹੇ, ਪਰ ਹੁਣ ਦੇ ਬੱਚੇ ਜੇ ਬਿਜਲੀ ਚਲੀ ਜਾਵੇ ਤਾਂ ਤੜਫ ਉਠਦੇ ਹਨ, ਖਾਸ ਕਰ ਗਰਮੀਆਂ ਦੇ ਦਿਨਾਂ ਵਿਚ। ਸਾਡੇ ਵੇਲੇ ਗਰਮੀਆਂ ਵਿਚ ਸਭ ਦੇ ਮੰਜੇ ਕੋਠਿਆਂ 'ਤੇ ਹੁੰਦੇ। ਪਿੰਡਾਂ ਦੇ ਘਰ ਵੀ ਨਾਲ-ਨਾਲ ਹੀ ਹੁੰਦੇ ਤੇ ਇਕ ਕੋਠੇ ਤੋਂ ਦੂਜੇ ਕੋਠੇ 'ਤੇ ਛਾਲ ਮਾਰ ਕੇ ਟੱਪ ਜਾਂਦੇ, ਇਉਂ ਪਿੰਡ ਦੇ ਦੂਜੇ ਪਾਸੇ ਤਕ ਪਹੁੰਚਿਆ ਜਾ ਸਕਦਾ ਸੀ।



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਕੋਠਿਆਂ 'ਤੇ ਸੌਣ ਵੇਲੇ ਦੋ-ਚਾਰ ਲਾਗੇ ਦੇ ਘਰਾਂ ਦੇ ਬੱਚੇ ਬਾਤਾਂ ਪਾਉਣ ਜਾਂ ਸੁਣਨ ਲਈ ਇਕੱਠੇ ਹੋ ਜਾਂਦੇ। ਕੋਈ ਨਵਾਂ ਆਇਆ ਪ੍ਰਾਹੁਣਾ ਨਵੀਆਂ ਬਾਤਾਂ ਨਾਲ ਲੈ ਕੇ ਆਉਂਦਾ ਤਾਂ ਬੱਚਿਆਂ ਨੂੰ ਬਹੁਤ ਚੰਗੀਆਂ ਲਗਦੀਆਂ। ਬਾਤਾਂ ਵੀ ਅਜਿਹੀਆਂ ਕਿ ਮੁੱਕਦੀਆਂ ਹੀ ਨਾ, ਜਿਵੇਂ ਤੋਤਾ-ਮੈਨਾ ਦੀ ਬਾਤ ਤੋਂ ਅੱਗੇ ਬਾਤ ਚਲਦੀ ਰਹਿੰਦੀ ਹੈ।

ਹੁਣ ਤਾਂ ਦੁਪਹਿਰ ਵੇਲੇ ਬਿਜਲੀ ਦੇ ਪੱਖੇ ਤੋਂ ਬਿਨਾ ਇਕ ਮਿੰਟ ਵੀ ਸਾਹ ਲੈਣਾ ਔਖਾ ਹੈ। ਸਾਡੇ ਬਚਪਨ ਵਿਚ ਜਦ ਬਿਜਲੀ ਹੀ ਨਹੀਂ ਸੀ ਤਾਂ ਜੇਠ ਹਾੜ੍ਹ ਦੇ ਦੁਪਹਿਰੇ ਲੋਕੀਂ ਦਰੱਖਤਾਂ ਦੀ ਛਾਂਵੇਂ ਬੈਠ ਕੇ ਗੁਜ਼ਾਰਦੇ। ਪਿੰਡ ਦੀਆਂ ਸੱਥਾਂ ਵਿਚ ਪਿੱਪਲ ਜਾਂ ਬੋਹੜ ਦੇ ਦਰੱਖਤ ਆਮ ਹੁੰਦੇ ਸਨ। ਤਾਸ਼, ਬਾਰਾਂ ਟਾਹਣੀ, ਚੌਸਰ ਆਦਿ ਖੇਡਣ ਵਾਲਿਆਂ ਦੀਆਂ ਵੱਖ-ਵੱਖ ਢਾਣੀਆਂ ਲੱਗੀਆਂ ਹੁੰਦੀਆਂ। ਪਿੰਡ ਦੀ ਨਿਆਈਂ ਵਿਚ ਬਹੁਤ ਪੁਰਾਣੀ ਟਾਹਲੀ ਸੀ, ਜਿਸ ਦੀਆਂ ਟਾਹਣੀਆਂ ਹੇਠਾਂ ਧਰਤੀ ਵੱਲ ਝੁਕੀਆਂ ਹੋਈਆਂ ਸਨ। ਬੱਚੇ ਟਾਹਣੀ ਫੜ ਕੇ ਉਪਰ ਚੜ੍ਹ ਜਾਂਦੇ ਅਤੇ ਦੂਜੇ ਪਾਸੇ ਉਤਰ ਜਾਂਦੇ। ਇਹ ਸਾਡੀ ਛੂਹਾ-ਛੂਹਾਈ ਦੀ ਖੇਡ ਸੀ। ਇਕ ਬੱਚੇ ਨੇ ਛੂਹਣਾ ਹੁੰਦਾ ਤਾਂ ਪਹਿਲਾਂ ਉਸ ਨੂੰ ਕੁਝ ਦੂਰ ਖੜ੍ਹਾ ਦਿੰਦੇ ਤੇ ਬਾਕੀਆਂ ਵਿਚੋਂ ਇਕ ਜਣਾ 'ਆ ਜਾ ਛੂਹ ਲੈ' ਆਖਦਾ। ਜਦ ਨੂੰ ਸਾਰੇ ਟਾਹਲੀ 'ਤੇ ਚੜ੍ਹ ਜਾਂਦੇ। ਛੂਹਣ ਵਾਲਾ ਮੁੰਡਾ ਵੀ ਦੌੜ ਜਾਂਦਾ। ਇਸ ਟਾਹਲੀ ਨੂੰ ਬੁੱਘੋ ਦੀ ਟਾਹਲੀ ਕਹਿੰਦੇ ਸੀ। ਇਸ ਦੇ ਦੁਆਲੇ ਦੋ ਕੁ ਕਨਾਲ ਜ਼ਮੀਨ ਖਾਲੀ ਛੱਡੀ ਹੋਈ ਸੀ।

ਸਾਡੇ ਹੀ ਟੱਬਰ ਦਾ ਜੀਅ ਮਹਿੰਦਰ ਸਿੰਘ, ਜਿਸ ਦਾ ਛੋਟੇ ਹੁੰਦੇ ਦਾ ਨਾਂ ਬੁੱਘਾ ਸੀ, ਬਰਮਾ ਚਲੇ ਗਿਆ ਸੀ। ਉਸ ਨੇ ਉਧਰ ਹੀ ਕਿਸੇ ਬਰਮੀ ਤੀਵੀਂ ਨਾਲ ਵਿਆਹ ਕਰਵਾ ਲਿਆ। ਇਕ ਵਾਰ ਉਹ ਪਿੰਡ ਆਇਆ ਤਾਂ ਬਹੁਤ ਵੱਡੀ ਕੋਠੀ ਬਣਵਾ ਗਿਆ ਜਿਸ ਦਾ ਨਕਸ਼ਾ ਉਸ ਸਮੇਂ ਦੇ ਸਰਕਾਰੀ ਰੈਸਟ ਹਾਊਸ ਵਰਗਾ ਸੀ। ਇਹ ਕੋਠੀ ਖਾਲੀ ਹੀ ਪਈ ਸੀ। ਪਿੰਡ ਦਾ ਇਹ ਜੰਜ ਘਰ ਸੀ। ਗਰਮੀਆਂ ਨੂੰ ਇਸ ਦੇ ਵਰਾਂਡਿਆਂ ਵਿਚ ਤਾਸ਼ ਅਤੇ ਹੋਰ ਖੇਡਾਂ ਦੀਆਂ ਕਈ ਢਾਣੀਆਂ ਦੁਪਹਿਰ ਦਾ ਸਮਾਂ ਬੜੇ ਅਨੰਦ ਵਿਚ ਬਿਤਾਉਂਦੇ। ਬੁੱਘਾ ਮੁੜ ਕੇ ਪਿੰਡ ਨਾ ਆਇਆ ਅਤੇ ਉਸ ਦੀ ਜ਼ਮੀਨ ਭਤੀਜਿਆਂ ਨੇ ਵੰਡ ਲਈ। 1959 ਵਿਚ ਮੁਰੱਬੇਬੰਦੀ ਹੋਣ 'ਤੇ ਟਾਹਲੀ ਵਾਲੀ ਥਾਂ ਕਿਸੇ ਹੋਰ ਨੂੰ ਮਿਲ ਗਈ ਤਾਂ ਮਾਲਕਾਂ ਨੇ ਟਾਹਲੀ ਵਢਾ ਕੇ ਵੇਚ ਦਿੱਤੀ।

ਬਿੱਲਿਆਂ ਦੀ ਪੱਤੀ ਵਾਲੇ ਪਾਸੇ ਸੈਣੀਆਂ ਦਾ ਪਿੱਪਲ ਸੀ, ਜੋ ਬੇ-ਅਬਾਦ ਟੋਇਆਂ 'ਚ ਸੀ। ਆਲੇ-ਦੁਆਲੇ ਨੜੇ ਹੀ ਹੁੰਦੇ ਸਨ। ਕੋਈ ਉਧਰ ਨਾ ਜਾਂਦਾ, ਕਿਉਂਕਿ ਇਹ 'ਸਗਤਾ' ਕਰਕੇ ਮਸ਼ਹੂਰ ਸੀ ਤੇ ਕਈਆਂ ਨੇ ਇਸ 'ਤੇ ਸਰਾਲ੍ਹ ਕਈ ਵਾਰ ਵੇਖੀ ਸੀ। ਸੈਣੀਆਂ ਦਾ ਸੋਹਣੀ ਪੂਰਾ ਇਲਤੀ ਸੀ। ਇਕ ਵਾਰ ਕਹਿੰਦਾ, ਪਿੱਪਲ ਦੀ ਖੋੜ 'ਚ ਤੋਤੇ ਦੇ ਬੱਚੇ ਹਨ, ਚਲੋ ਫੜੀਏ। ਸਾਡੇ 'ਚੋਂ ਸੁਰੈਣਾ ਜ਼ਰਾ ਵੱਡਾ ਸੀ। ਉਹ ਪਿੱਪਲ 'ਤੇ ਚੜ੍ਹਿਆ ਹੀ ਸੀ ਕਿ ਚੀਕ ਮਾਰ ਕੇ ਹੇਠਾਂ ਛਾਲ ਮਾਰ ਕੇ ਦੌੜ ਗਿਆ ਤੇ ਆਖੇ, 'ਸਰਾਲ੍ਹ ਉਏ, ਸਰਾਲ੍ਹ ਉਏ, ਦੌੜ ਜਾਓ।' ਅਸੀਂ ਸਾਰੇ ਦੌੜ ਕੇ ਸੈਣੀਆਂ ਦੇ ਘਰ ਆ ਕੇ ਸਾਹ ਲਿਆ।

ਸੋਹਣੀ ਦੀ ਮਾਂ ਜੁਆਲੀ ਵੀ ਮੇਰੇ ਨਾਨਕਿਆਂ ਦੇ ਪਿੰਡ ਭੁੰਗਰਨੀ ਦੀ ਸੀ, ਮੇਰੀ ਮਾਂ ਨਾਲ ਭੈਣਾਂ ਵਾਂਗ ਵਰਤਦੀ ਸੀ। ਉਸ ਨੇ ਮੇਰੀ ਮਾਂ ਨੂੰ ਦੱਸ ਦਿਤਾ ਕਿ ਤੇਰਾ ਮੁੰਡਾ ਵੀ ਸਗਤੇ ਪਿੱਪਲ 'ਤੇ ਗਿਆ ਸੀ ਤੇ ਕੋਲੋਂ ਹੀ ਗੱਲ ਵਧਾ ਲਈ; ਅਖੇ, ਸਰਾਲ੍ਹ ਮੁੰਡਿਆਂ ਮਗਰ ਸਾਡੇ ਘਰਾਂ ਤਕ ਆਈ। ਘਰ ਆਏ 'ਤੇ ਮੈਨੂੰ ਖੂਬ ਕੁਟਾਪਾ ਚਾੜ੍ਹਿਆ। ਤਾਇਆ ਜੀ ਨੇ ਹੁਕਮ ਕਰ ਦਿੱਤਾ ਕਿ ਸਕੂਲੋਂ ਆਉਣ ਪਿਛੋਂ ਘਰੋਂ ਬਾਹਰ ਜਾਣ ਹੀ ਨਾ ਦਿਉ। ਦੋ ਕੁ ਦਿਨਾਂ ਪਿਛੋਂ ਤਾਇਆ ਆਪਣੇ ਨਾਲ ਮੈਨੂੰ ਬੁੱਘੋ ਦੀ ਕੋਠੀ ਲੈ ਜਾਂਦਾ, ਜਿਥੇ ਵਰਾਂਡਿਆਂ ਵਿਚ ਉਹ ਆਪ ਤਾਸ਼ ਖੇਡਦਾ। ਮੈਨੂੰ ਆਖ ਦਿੰਦਾ, "ਇਥੇ ਹੀ ਰਹਿਣਾ, ਹੋਰ ਕਿਤੇ ਨਹੀਂ ਜਾਣਾ।" ਹੌਲੀ-ਹੌਲੀ ਇਹ ਪਾਬੰਦੀ ਆਪੇ ਹੀ ਹਟ ਗਈ।

ਉਨ੍ਹੀਂ ਦਿਨੀਂ ਤੀਵੀਆਂ ਟੂਣੇ ਬਹੁਤ ਕਰਦੀਆਂ। ਚੌਰਸਤਿਆਂ 'ਚ ਕਈ ਤਰ੍ਹਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਟੂਣਾ ਕਰਕੇ ਰੱਖ ਦਿੰਦੀਆਂ। ਪਾਣੀ ਵੀ ਡੁੱਲ੍ਹਿਆ ਹੁੰਦਾ। ਸ਼ਾਇਦ ਤੀਵੀਆਂ ਨਹਾਉਂਦੀਆਂ ਸਨ। ਜਿਨ੍ਹਾਂ ਦੇ ਔਲਾਦ ਨਾ ਹੁੰਦੀ, ਉਹ ਤਾਂ ਸਾਧਾਂ ਦੇ ਡੇਰਿਆਂ 'ਤੇ ਜਾਣਾ ਹੀ ਔਲਾਦ ਪ੍ਰਾਪਤੀ ਦਾ ਸੌਖਾ ਰਸਤਾ ਸਮਝਦੀਆਂ ਸਨ। ਦੀਵਾਲੀ ਤੋਂ ਇਕ-ਦੋ ਦਿਨ ਪਹਿਲਾਂ ਇਕ ਵਾਰੀ ਕਿਸੇ ਨੇ ਮੇਰੀ ਗਿੱਚੀ ਵਾਲੇ ਵਾਲਾਂ ਦੀ ਲਟ ਕੱਟ ਲਈ, ਜਿਸ ਦਾ ਸਾਡੇ ਘਰ ਵਿਚ ਬਹੁਤ ਫਿਕਰ ਹੋਇਆ। ਮੇਰੀ ਦਾਦੀ ਮੈਨੂੰ ਵੱਡੀ ਧਰਮਸ਼ਾਲਾ ਵਾਲੇ ਮਹੰਤ ਠਾਕਰ ਦਾਸ ਕੋਲ ਲੈ ਗਈ। ਉਸ ਨੇ ਮੂਲ ਮੰਤਰ ਦਾ ਪਾਠ ਕਰਕੇ ਮੇਰੇ ਸਿਰ 'ਤੇ ਹੱਥ ਫੇਰ ਕੇ ਆਖਿਆ, "ਲੈ ਜਾਓ, ਇਹਨੂੰ ਕੁਝ ਨਹੀਂ ਹੁੰਦਾ, ਕਰਤਾ ਪੁਰਖ ਆਪ ਰਖਵਾਲੀ ਕਰੇਗਾ।" ਸੱਚ ਹੀ ਮੈਨੂੰ ਕੁਝ ਨਾ ਹੋਇਆ। ਚੰਗਾ ਭਲਾ ਰਿਹਾ।

ਸਾਡਾ ਇਕ ਬੇਲੀ ਖੱਤਰੀਆਂ ਦਾ ਪਾਸ਼ ਸੀ। ਉਹ ਪੂਰਾ ਅਸਤਰ ਸੀ। ਇਕ ਵਾਰ ਸਿਵਿਆਂ ਕੋਲ ਦੇ ਚੌਰਸਤੇ 'ਚ ਰਾਤ ਦਾ ਟੂਣਾ ਕੀਤਾ ਹੋਇਆ ਸੀ। ਦੋ ਕੁ ਛੋਟੀਆਂ-ਛੋਟੀਆਂ ਮਿੱਟੀ ਦੀਆਂ ਬੁੱਘੀਆਂ ਵਿਚ ਕੁਝ ਕਣਕ, ਜੌਂ, ਚੌਲ, ਆਟਾ, ਖੰਡ, ਮਖਾਣੇ, ਬਦਾਮ, ਸੌਗੀ ਵਗੈਰਾ ਵੀ ਖਿਲਾਰੀ ਸੀ। ਸਭ ਲੋਕੀਂ ਟੂਣੇ ਤੋਂ ਪਾਸੇ ਹੋ ਕੇ ਲੰਘੀ ਜਾਣ ਤੇ ਤੀਵੀਆਂ ਆਖਣ, "ਆਹ ਪਤਾ ਨਹੀਂ ਕਿਹੜੀ ਨਖਸਮੀ ਪੁੱਤਰ ਲੱਭਦੀ ਫਿਰਦੀ ਐ।"

ਪਾਸ਼ ਕਹਿੰਦਾ, "ਮੈਂ ਦੱਸਾਂ, ਮੇਰਾ ਭਾਪਾ ਕਹਿੰਦਾ ਏ ਕਿ ਟੂਣੇ 'ਤੇ ਸੱਤ ਛਿੱਤਰ ਮਾਰ ਕੇ ਸੱਤ ਵਾਰ ਰਾਮ-ਰਾਮ ਕਹਿ ਕੇ ਚੁੱਕ ਕੇ ਖਾ ਲਵੋ, ਫੇਰ ਕੁਝ ਨਹੀਂ ਹੁੰਦਾ।" ਉਸ ਨੇ ਆਪਣੀ ਚੱਪਲ ਲਾਹ ਕੇ ਸੱਤ ਵਾਰੀ ਟੂਣੇ 'ਤੇ ਮਾਰੀ ਅਤੇ ਰਾਮ-ਰਾਮ ਆਖ ਕੇ ਟੂਣਾ ਚੁੱਕ ਕੇ ਬਦਾਮ, ਸੌਗੀ, ਮਖਾਣੇ ਸਾਨੂੰ ਵੰਡ ਦਿੱਤੇ। ਬਾਕੀ ਅਨਾਜ ਪੈਰਾਂ ਨਾਲ ਖਿਲਾਰ ਦਿੱਤਾ। ਟੂਣੇ ਦੇ ਬਦਾਮ ਆਦਿ ਖਾਣ ਨਾਲ ਸਾਨੂੰ ਕੁਝ ਨਾ ਹੋਇਆ। ਚੰਗੇ ਭਲੇ ਹੱਸਦੇ ਖੇਡਦੇ ਰਹੇ। ਇਸ ਗੱਲ ਦਾ ਮੇਰੀ ਮਾਂ ਨੂੰ ਪਤਾ ਨਹੀਂ ਕਿਸ ਤੋਂ ਪਤਾ ਲੱਗ ਗਿਆ, ਫਿਰ ਇਸ ਗੱਲ ਤੋਂ ਵੀ ਮੈਨੂੰ ਚਪੇੜਾਂ ਪਈਆਂ।



ਸੁੰਨੇ ਹੋ ਗਏ ਪਿੱਪਲਾਂ ਦੇ ਥੜ੍ਹੇ

# ਰਾਜਿੰਦਰ ਦਿਆਲ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਬਣੇ



ਰਾਜਿੰਦਰ ਸਿੰਘ ਦਿਆਲ



ਅੰਮ੍ਰਿਤਪਾਲ ਸਿੰਘ ਸੰਘਾ



**ਸ਼ਿਕਾਗੋ (ਬਿਊਰੋ):** ਰਾਜਿੰਦਰ ਸਿੰਘ ਦਿਆਲ ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਕਲਬ ਮਿਡਵੈਸਟ ਦੇ ਸਾਲ 2019 ਲਈ ਪ੍ਰਧਾਨ ਬਣਾਏ ਗਏ ਹਨ। ਕਲੱਬ ਦੇ ਪ੍ਰਬੰਧਕੀ ਬੋਰਡ ਦੀ ਹੋਈ ਮੀਟਿੰਗ ਵਿਚ ਇਸ ਦੇ ਨਾਲ ਹੀ ਅੰਮ੍ਰਿਤਪਾਲ ਸਿੰਘ ਸੰਘਾ ਮੀਤ ਪ੍ਰਧਾਨ ਚੁਣੇ ਗਏ।

ਕਲੱਬ ਵਲੋਂ ਜਾਰੀ ਬਿਆਨ ਅਨੁਸਾਰ ਮੀਟਿੰਗ ਵਿਚ ਸਾਲ 2018 ਦੇ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਭੋਲਾ ਦਾ ਮਾਣ-ਸਤਿਕਾਰ ਕਰਦਿਆਂ ਉਨ੍ਹਾਂ ਦੀਆਂ ਕਲੱਬ ਪ੍ਰਤੀ ਸੇਵਾਵਾਂ ਲਈ ਭਰਪੂਰ ਸ਼ਲਾਘਾ ਕੀਤੀ ਗਈ। ਕਲੱਬ ਵਿਚ ਨਵੇਂ ਮੈਂਬਰ ਯਾਦਵਿੰਦਰ ਸਿੰਘ ਗਰੇਵਾਲ ਦਾ ਸਵਾਗਤ ਕੀਤਾ ਗਿਆ।

ਕਲੱਬ ਦੇ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੰਘਾ ਨੇ ਦੱਸਿਆ ਕਿ ਕਲੱਬ ਦਾ ਸਾਲਾਨਾ ਖੇਡ ਤੇ ਸਭਿਆਚਾਰਕ ਮੇਲਾ ਹਰ ਸਾਲ ਦੀ ਤਰ੍ਹਾਂ ਸ਼ਿਕਾਗੋ ਦੀ ਸਬਰਬ ਐਲਕ ਗਰੂਵ ਵਿਲੇਜ ਦੇ ਬਸੀ ਵੁੱਡਜ਼ ਫਾਰੈਸਟ ਪ੍ਰੀਜ਼ਰਵ ਵਿਚ ਐਤਵਾਰ, 7 ਜੁਲਾਈ 2019 ਨੂੰ ਹੋਵੇਗਾ। ਉਨ੍ਹਾਂ ਨੇ ਕਲੱਬ ਵਲੋਂ ਸਮੂਹ ਖੇਡ ਪ੍ਰੇਮੀਆਂ, ਸਪਾਂਸਰਾਂ ਤੇ ਸਹਿਯੋਗੀ ਸੱਜਣਾਂ ਨੂੰ ਮੇਲੇ 'ਚ ਪਰਿਵਾਰਾਂ ਸਮੇਤ ਆਉਣ ਦਾ ਸੱਦਾ ਦਿੰਦਿਆਂ ਨਵੇਂ ਸਾਲ ਦੀ ਵਧਾਈ ਦਿੱਤੀ।

## ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲਾ ਰੰਗ ਕਰਨ ਵਾਲੇ ਅਕਾਲੀ ਆਗੂ ਰਿਹਾ

**ਲੁਧਿਆਣਾ:** ਸਥਾਨਕ ਸਲੇਮਟਾਬਰੀ ਵਿਚ 25 ਦਸੰਬਰ ਨੂੰ ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲਾ ਰੰਗ ਕਰਨ ਦੇ ਮਾਮਲੇ ਵਿਚ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਅਕਾਲੀ ਆਗੂ ਗੁਰਦੀਪ ਸਿੰਘ ਗੋਸ਼ਾ ਤੇ ਮੀਤਪਾਲ ਸਿੰਘ ਦੁੱਗਰੀ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਪੁਲਿਸ ਵੱਲੋਂ ਇਸ ਮਾਮਲੇ ਵਿਚ ਗੋਸ਼ਾ ਨੂੰ 26 ਦਸੰਬਰ ਨੂੰ ਗ੍ਰਿਫਤਾਰ ਕੀਤਾ ਸੀ ਜਦਕਿ ਮੀਤਪਾਲ ਸਿੰਘ ਦੁੱਗਰੀ ਨੇ ਬਿਕਰਮ ਸਿੰਘ ਮਜੀਠੀਆ ਦੀ ਹਾਜ਼ਰੀ 'ਚ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ ਸੀ।


# Friends Of Punjab Foundation




'ਮੇਰਾ ਪਿੰਡ' ਦੇ ਵਾਸੀ ਤੁਹਾਨੂੰ ਹਾਕਾਂ ਮਾਰ ਰਹੇ ਹਨ

ਗੁਰੂਆਂ ਦੀ ਧਰਤੀ ਦੇ ਵਾਸੀਆਂ ਅਤੇ ਤੁਹਾਡੇ ਬਚਪਨ ਦੀਆਂ ਯਾਦਾਂ ਨੂੰ ਅੱਜ ਤੁਹਾਡੀ ਲੋੜ ਹੈ

ਮੇਰਾ ਪਿੰਡ

ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਮਨੁੱਖਤਾ ਦੀ ਸੇਵਾ ਕੀਤੀ ਅਤੇ ਗਰੀਬਾਂ ਦੀ ਮਦਦ ਕੀਤੀ। ਉਨ੍ਹਾਂ ਦਾ ਸੁਨੇਹਾ ਸੀ, "ਨਾਮ ਜਪੋ, ਕਿਰਤ ਕਰੋ, ਵੰਡ ਛਕੋ।" ਸਿੱਖੀ ਇਥੋਂ ਹੀ ਸ਼ੁਰੂ ਹੁੰਦੀ ਹੈ। ਸਾਡੇ ਵਿਚੋਂ ਬਹੁਤੇ 'ਨਾਮ ਜਪੋ' ਅਤੇ 'ਕਿਰਤ ਕਰੋ' ਦੇ ਹੁਕਮ 'ਤੇ ਤਾਂ ਪਹਿਰਾ ਦਿੰਦੇ ਹਨ, ਪਰ ਗਰੀਬਾਂ ਦੀ ਮਦਦ, ਖਾਸ ਕਰ ਜੋ ਥੁੜ੍ਹਾਂ ਦੇ ਮਾਰੇ ਹੁੰਦੇ ਹਨ, ਲਈ 'ਵੰਡ ਛਕੋ' ਦੇ ਹੁਕਮ ਨੂੰ ਵਿਸਾਰ ਛੱਡਦੇ ਹਨ।

'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਨਾਲ ਜੁੜੇ ਪਰਵਾਸੀ ਭਾਰਤੀ ਗਰੀਬਾਂ ਦੀ ਮਦਦ ਕਰਨ ਲਈ ਆਪਣੇ ਪਿੰਡਾਂ ਨੂੰ ਅਪਨਾ ਰਹੇ ਹਨ। ਬੇਔਲਾਦ ਗਰੀਬ ਬਜ਼ੁਰਗ, ਗਰੀਬ ਵਿਧਵਾਵਾਂ, ਅੰਗਹੀਣ ਅਤੇ ਗਰੀਬ ਪਰਿਵਾਰ ਦੇ ਵਿਦਿਆਰਥੀਆਂ ਨੂੰ ਮਦਦ ਮਿਲ ਰਹੀ ਹੈ। ਇਸ ਦੀਆਂ ਕੁਝ ਅਸਲ ਮਿਸਾਲਾਂ ਇਸ ਤਰ੍ਹਾਂ ਹਨ:

*ਬੇਜਮੀਨ ਵਿਧਵਾ, ਤਿੰਨ ਮੁਟਿਆਰ ਧੀਆਂ (ਜਿਨ੍ਹਾਂ ਵਿਚੋਂ ਦੋ ਅੰਗਹੀਣ ਹਨ)।

*ਐਮ. ਏ. ਦੀ ਪੜ੍ਹਾਈ ਪੂਰੀ ਕਰ ਰਹੀ ਗਰੀਬ ਨੌਜਵਾਨ ਲੜਕੀ।

*ਗਰੀਬ ਕਿਸਾਨ ਦੀ ਅਪਾਹਜ ਵਿਧਵਾ ਅਤੇ ਉਸ ਦੇ ਦੋ ਬੱਚੇ।

*ਦੋ ਬੱਚਿਆਂ ਦਾ ਬੇਜਮੀਨਾ ਬਾਪ, ਜੋ ਬੁਰੀ ਤਰ੍ਹਾਂ ਜ਼ਖਮੀ ਹੋਈ ਲੱਤ ਦਾ ਇਲਾਜ ਨਾ ਕਰਵਾ ਸਕਣ ਕਰ ਕੇ ਕੰਮ ਨਹੀਂ ਕਰ ਸਕਦਾ।

*ਪਿੰਡ ਦੇ ਅਖੌਤੀ ਮੈਡੀਕਲ ਡਾਕਟਰ ਵਲੋਂ ਗਲਤ ਇਲਾਜ ਕੀਤੇ ਜਾਣ ਕਾਰਨ ਗਰੀਬ ਪਰਿਵਾਰ ਦਾ ਇਕ ਨੌਜਵਾਨ ਵਿਦਿਆਰਥੀ, ਜਿਸ ਦੇ ਦੋਵੇਂ ਗੁਰਦੇ ਫੇਲ੍ਹ ਹੋ ਚੁਕੇ ਹਨ।

ਇਨ੍ਹਾਂ ਅਤੇ ਕਈ ਹੋਰ ਪਿੰਡਾਂ ਦੇ ਸੈਂਕੜੇ ਲੋਕਾਂ ਦੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਕੀਤੀ ਜਾ ਰਹੀ ਹੈ। ਫਾਊਂਡੇਸ਼ਨ ਆਪ ਕੋਈ ਪੈਸਾ ਇਕੱਠਾ ਨਹੀਂ ਕਰਦੀ, ਸਿਰਫ ਪਰਵਾਸੀ ਭਾਰਤੀਆਂ ਦੀ 'ਮੇਰਾ ਪਿੰਡ' ਯਾਨਿ ਆਪਣਾ ਪਿੰਡ ਅਪਨਾਉਣ ਵਿਚ ਮਦਦ ਕਰਦੀ ਹੈ। ਪੂਰੇ ਵੇਰਵੇ ਸਾਡੀ ਵੈਬ ਸਾਈਟ www.friendsofpunjabfoundation.org ਤੋਂ ਹਾਸਲ ਕੀਤੇ ਜਾ ਸਕਦੇ ਹਨ।

ਸਾਡੇ ਨਾਲ ਫੋਨ ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ:

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

E-mail: hundalb@yahoo.com



# Noblesville Trucks and Trailers Repair Shop

15203 Stony Creek Way, Noblesville, IN 46060

ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ



ਵਧੀਆ ਤੇ ਭਰੋਸੇਯੋਗ ਸਰਵਿਸ

*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।

*ਟਰੱਕ ਅਤੇ ਰੀਫਲ ਆਇਲ ਚੇਂਜ

*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ

*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ

*(150 ਮੀਲ ਦੇ ਏਰੀਏ ਵਿਚ)*

ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976

ਫੈਕਸ: 317-774-9665

# 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸੰਗਤ ਲਈ ਯਾਦਗਾਰੀ ਸਿੱਕੇ ਜਾਰੀ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇ 550 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ ਉਤੇ ਤਿਆਰ ਕਰਵਾਏ ਗਏ ਸ਼ੁੱਧ ਸੋਨੇ ਤੇ ਚਾਂਦੀ ਦੇ ਚਾਰ ਯਾਦਗਾਰੀ ਸਿੱਕੇ ਧਰਮ ਪ੍ਰਚਾਰ ਕਮੇਟੀ



ਵੱਲੋਂ ਇੱਛੁਕ ਸ਼ਰਧਾਲੂਆਂ ਲਈ ਜਾਰੀ ਕਰ ਦਿੱਤੇ ਗਏ। ਇਨ੍ਹਾਂ ਯਾਦਗਾਰੀ ਸਿੱਕਿਆਂ 'ਚ 24 ਕੈਰਟ ਸੋਨੇ ਦੇ 10 ਗਰਾਮ ਤੇ 5 ਗਰਾਮ ਦੇ ਸਿੱਕੇ ਤੇ ਚਾਂਦੀ ਦੇ 50 ਦੇ 25 ਗਰਾਮ ਦੇ ਸਿੱਕੇ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਇਨ੍ਹਾਂ ਯਾਦਗਾਰੀ ਸਿੱਕਿਆਂ ਦੇ ਇਕ ਪਾਸੇ 'ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਤੇ 'ਗੁ: ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਦੀ ਤਸਵੀਰ ਹੇਠਾਂ 1469-2019' ਲਿਖਿਆ ਹੋਇਆ ਹੈ ਤੇ ਦੂਜੇ ਪਾਸੇ 'ਜਾਹਰ ਪੀਰੁ ਜਗਤੁ ਗੁਰ ਬਾਬਾ' ਗੁਰਬਾਣੀ ਪੰਕਤੀ ਦੇ ਨਾਲ ਗੁ: ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ' ਦੀ ਤਸਵੀਰ ਉੱਕਰੀ ਹੋਈ ਹੈ।

ਇਨ੍ਹਾਂ ਸਿੱਕਿਆਂ ਨੂੰ ਸੰਗਤ ਲਈ ਜਾਰੀ ਕਰਨ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਦੱਸਿਆ ਕਿ ਇਹ ਯਾਦਗਾਰੀ ਸਿੱਕੇ ਜੋ ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀ ਮੌਕੇ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਏ ਗਏ ਹਨ, ਦਾ ਮਨੋਰਥ ਇਹ ਹੈ ਕਿ ਸੰਗਤ ਇਨ੍ਹਾਂ ਨੂੰ ਸ਼ਤਾਬਦੀ ਦੀ ਯਾਦ ਵਜੋਂ ਆਉਣ ਵਾਲੀਆਂ ਪੀੜੀਆਂ ਲਈ ਸੰਭਾਲ ਕੇ ਰੱਖ ਸਕੇ।

ਉਨ੍ਹਾਂ ਦੱਸਿਆ ਕਿ ਕੋਈ ਵੀ ਸ਼ਰਧਾਲੂ ਕੋਈ ਸ਼ਨਾਖਤੀ ਕਾਰਡ ਦੀ ਫੋਟੋ ਕਾਪੀ ਲਿਆ ਕੇ ਇਕ ਕਾਰਡ ਤੇ ਇਕ ਸਿੱਕਾ ਲਿਜਾ ਸਕਦਾ ਹੈ। ਇਸੇ ਦੌਰਾਨ ਅਨੇਕਾਂ ਸ਼ਰਧਾਲੂਆਂ ਨੇ ਅੰਮ੍ਰਿਤਸਰ ਦਫਤਰ ਤੋਂ ਯਾਦਗਾਰੀ ਸਿੱਕੇ ਪ੍ਰਾਪਤ ਕੀਤੇ।

ਇਸ ਤੋਂ ਇਲਾਵਾ ਪ੍ਰਕਾਸ਼ ਪੁਰਬ ਸਬੰਧੀ ਸਾਰਾ ਸਾਲ ਕਰਵਾਏ ਜਾਣ ਵਾਲੇ ਗੁਰਮਤਿ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਇਆ ਗਿਆ ਵਿਸ਼ੇਸ਼ ਲੋਗੋ ਸਮੁੱਚੀ ਮਾਨਵਤਾ ਨੂੰ 'ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ' ਦਾ ਸੁਨੇਹਾ ਦੇਵੇਗਾ। ਇਸ ਲੋਗੋ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਵਿਲੱਖਣ ਤੇ ਯਾਦਗਾਰੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਯਤਨਾਂ ਤਹਿਤ ਹੀ ਵਿਸ਼ੇਸ਼ ਲੋਗੋ ਵੀ ਕਲਾਕਾਰਾਂ ਤੋਂ ਤਿਆਰ ਕਰਵਾਇਆ ਗਿਆ ਹੈ।

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਬਦ ਗੁਰੂ ਯਾਤਰਾ ਸ਼ੁਰੂ

**ਸੁਲਤਾਨਪੁਰ ਲੋਧੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਸ਼ਬਦ ਗੁਰੂ ਯਾਤਰਾ' ਦੀ ਖਾਲਸਾਈ ਜਾਹੋ-ਜਲਾਲ ਨਾਲ ਸ਼ੁਰੂਆਤ ਕੀਤੀ ਗਈ। ਇਹ ਸ਼ਬਦ ਗੁਰੂ ਯਾਤਰਾ ਪੰਜਾਬ ਭਰ ਵਿਚੋਂ ਹੁੰਦੀ ਹੋਈ ਅਪਰੈਲ ਮਹੀਨੇ ਵਾਪਸ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਸੰਪੂਰਨ ਹੋਵੇਗੀ। ਸ਼ਬਦ ਗੁਰੂ ਯਾਤਰਾ ਪਹਿਲੇ ਪੜਾਅ ਤਹਿਤ ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ ਲਈ ਰਵਾਨਾ ਹੋਈ। ਇਸ ਦੀ ਅਰੰਭਤਾ ਦੀ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੀਤੀ। ਇਸ ਮੌਕੇ ਗਿਆਨੀ ਹਰਪ੍ਰੀਤ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਸਿੱਖੀ ਪ੍ਰਚਾਰ ਲਈ ਸੁਨਹਿਰੀ ਮੌਕਾ ਹੈ ਅਤੇ ਹਰ ਗੁਰੂ ਨਾਨਕ ਨਾਮ ਲੇਵਾ ਦਾ ਫਰਜ਼ ਹੈ ਕਿ ਉਹ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਲਈ ਯਤਨ ਕਰੇ।

# ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ ਵਿਚ ਫੋਟੋਗ੍ਰਾਫੀ ਤੇ ਸੈਲਫੀਆਂ ਲੈਣ 'ਤੇ ਪਾਬੰਦੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ 'ਚ ਰੋਜ਼ਾਨਾ ਲੱਖਾਂ ਸ਼ਰਧਾਲੂਆਂ ਵੱਲੋਂ ਸੈਲਫੀਆਂ ਲੈਣ ਤੇ ਮੋਬਾਈਲ ਫੋਨਾਂ ਤੇ ਕੈਮਰਿਆਂ ਨਾਲ ਵੀਡੀਓ ਬਣਾਉਣ ਉਤੇ ਸ਼੍ਰੋਮਣੀ ਕਮੇਟੀ ਵਲੋਂ ਰੋਕ ਲਗਾ ਦਿੱਤੀ ਗਈ ਹੈ। ਇਸ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਵੱਲੋਂ ਬਕਾਇਦਾ ਅੰਮ੍ਰਿਤਸਰ ਸਰੋਵਰ ਦੇ ਜੰਗਲਿਆਂ ਨਾਲ ਸੂਚਨਾ ਬੋਰਡ ਲਗਾ ਦਿੱਤੇ ਗਏ ਹਨ।



ਕਈ ਥਾਈਂ ਲਗਾਏ ਗਏ ਇਨ੍ਹਾਂ ਬੋਰਡਾਂ 'ਤੇ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਵਿਚ ਲਿਖਿਆ ਗਿਆ ਹੈ ਕਿ 'ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ 'ਚ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਮਨ੍ਹਾ ਹੈ'। ਇਸ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਕਿਹਾ ਕਿ ਪਰਿਕਰਮਾ 'ਚ ਤਸਵੀਰਾਂ ਖਿੱਚਣ ਤੇ ਸੈਲਫੀਆਂ ਲੈਣ ਵੇਲੇ ਕਈ ਵਾਰ ਇਸ ਪਾਵਨ ਅਸਥਾਨ ਦੀ ਮਰਯਾਦਾ ਦਾ ਵੀ ਖਿਆਲ ਨਹੀਂ ਰੱਖਿਆ ਜਾਂਦਾ। ਉਨ੍ਹਾਂ ਕਿਹਾ ਕਿ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ 'ਤੇ ਰੋਕ ਲਗਾ ਦਿੱਤੀ ਗਈ ਹੈ। ਪਰਿਕਰਮਾ 'ਚ ਤਸਵੀਰਾਂ, ਸੈਲਫੀਆਂ ਖਿੱਚਣ ਤੇ ਵੀਡੀਓਗ੍ਰਾਫੀ ਕਰਨ ਉਤੇ ਪਾਬੰਦੀ ਹੋਵੇਗੀ ਤੇ ਅਜਿਹਾ ਕਰਨ ਵਾਲੇ ਸ਼ਰਧਾਲੂਆਂ ਨੂੰ ਸੇਵਾਦਾਰਾਂ ਵੱਲੋਂ ਰੋਕਿਆ ਜਾਵੇਗਾ। ਮੀਡੀਆ ਕਰਮੀਆਂ ਵੱਲੋਂ ਆਪਣੀਆਂ ਅਖ਼ਬਾਰਾਂ ਤੇ ਚੈਨਲਾਂ ਲਈ ਤਸਵੀਰਾਂ ਲੈਣ ਤੇ ਵੀਡੀਓ ਬਣਾਉਣ ਬਾਰੇ ਪੁੱਛੇ ਜਾਣ 'ਤੇ ਦੀਨਪੁਰ ਨੇ ਕਿਹਾ ਕਿ ਫਿਲਹਾਲ ਤਾਂ ਇਹ ਪਾਬੰਦੀ ਸਭ 'ਤੇ ਲਾਗੂ ਹੈ, ਪਰ ਮੀਡੀਆ ਬਾਰੇ ਬਾਅਦ 'ਚ ਵਿਚਾਰ ਕੀਤਾ ਜਾਵੇਗਾ।

ਇਸੇ ਦੌਰਾਨ ਮੀਡੀਆ ਕਰਮੀਆਂ ਖਾਸਕਰ ਫੋਟੋ ਪੱਤਰਕਾਰਾਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦੀ ਨਿੰਦਾ ਕੀਤੀ ਹੈ। ਕੁਝ ਮੀਡੀਆ ਕਰਮੀਆਂ ਨੇ ਕਿਹਾ ਕਿ ਪ੍ਰਬੰਧਕਾਂ ਨੂੰ ਸੈਲਫੀਆਂ ਲੈਣ ਵਾਲਿਆਂ 'ਤੇ ਬੇਸ਼ੱਕ ਰੋਕ ਲਗਾ ਦਿੱਤੀ ਜਾਵੇ, ਪਰ ਯਾਦਗਾਰੀ ਤਸਵੀਰਾਂ ਖਿੱਚਣ ਤੇ ਮੀਡੀਆ ਕਰਮੀਆਂ ਵੱਲੋਂ ਆਪਣੇ ਦੇਸ਼- ਵਿਦੇਸ਼ ਦੇ ਪਾਠਕਾਂ ਤੱਕ ਇਸ ਅਸਥਾਨ ਵਿਖੇ ਹੁੰਦੇ ਗੁਰਮਤਿ ਸਮਾਗਮਾਂ ਤੇ ਇਥੇ ਦਰਸ਼ਨ ਕਰਨ ਆਉਂਦੇ ਵਿਸ਼ੇਸ਼ ਵਿਅਕਤੀਆਂ ਸਬੰਧੀ ਕਵਰੇਜ ਕਰਨ ਤੋਂ ਰੋਕਣਾ ਠੀਕ ਗੱਲ ਨਹੀਂ ਹੈ, ਇਸ ਲਈ ਮੀਡੀਆ ਕਰਮੀਆਂ ਨੂੰ ਇਸ ਪਾਬੰਦੀ ਤੋਂ ਬਾਹਰ ਰੱਖਣਾ ਚਾਹੀਦਾ ਹੈ। ਜ਼ਿਕਰਯੋਗ ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਤੋਂ ਲੈ ਕੇ ਮੁੱਖ ਭਵਨ ਤੱਕ ਤਸਵੀਰਾਂ ਲੈਣ 'ਤੇ ਪਹਿਲਾਂ ਹੀ ਪਾਬੰਦੀ ਲਗਾਈ ਹੋਈ ਹੈ।

# ਕੈਪਟਨ ਸਰਕਾਰ ਨੇ ਸਮਾਰਟ ਫੋਨ ਵੰਡਣ ਵਾਲੇ ਵਾਅਦੇ ਤੋਂ ਭੱਜਣ ਦਾ ਰਾਹ ਲੱਭਿਆ

**ਚੰਡੀਗੜ੍ਹ:** ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣੇ ਨੂੰ ਤਕਰੀਬਨ 2 ਸਾਲ ਹੋਣ ਨੂੰ ਹਨ ਅਤੇ ਸਰਕਾਰ ਵੱਲੋਂ ਵੋਟਰਾਂ ਨਾਲ ਕੀਤੇ ਵਾਅਦਿਆਂ ਸਬੰਧੀ ਸ਼ਰਤਾਂ ਵਿਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਨੇ ਕਾਂਗਰਸ ਦੇ ਚੋਣ ਮੈਨੀਫੈਸਟੋ ਉਤੇ ਸਵਾਲ ਖੜ੍ਹੇ ਹੋ ਰਹੇ ਹਨ। ਹੋਰਨਾਂ ਵਾਅਦਿਆਂ ਦੇ ਨਾਲ ਕਾਂਗਰਸ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਇਹ ਵਾਅਦਾ ਵੀ ਕੀਤਾ ਸੀ ਕਿ ਸੂਬੇ 'ਚ ਸਰਕਾਰ ਬਣਨ ਦੇ 100 ਦਿਨਾਂ ਦੇ ਅੰਦਰ ਪੰਜਾਬ ਦੇ 50 ਲੱਖ ਨੌਜਵਾਨਾਂ ਨੂੰ ਮੁਫਤ ਸਮਾਰਟ ਫੋਨ ਦਿੱਤੇ ਜਾਣਗੇ।

ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਸਰਕਾਰ ਨੌਜਵਾਨਾਂ ਨਾਲ ਕੀਤੇ ਵਾਅਦੇ ਤੋਂ ਕਈ ਵਾਰ ਵੱਖੋ-ਵੱਖਰੇ ਬਿਆਨ ਦੇ ਕੇ ਭੱਜਦੀ ਰਹੀ ਹੈ ਪਰ ਹੁਣ ਜਦੋਂ ਸਰਕਾਰ ਆਪਣੇ ਕਾਰਜਕਾਲ ਦਾ ਦੂਜਾ ਸਾਲ ਪੂਰਨ ਕਰਨ ਦੇ ਕੰਢੇ ਹੈ, ਤਾਂ ਸਰਕਾਰ ਵੱਲੋਂ ਇਹ ਕਹਿਣਾ ਕਿ ਮੋਬਾਈਲ ਫੋਨ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣਗੇ ਜਿਨ੍ਹਾਂ ਕੋਲ ਮੋਬਾਈਲ ਫੋਨ ਨਹੀਂ ਹਨ, ਮੋਬਾਈਲ ਦੀ ਉਡੀਕ ਕਰਦੇ ਨੌਜਵਾਨਾਂ ਦੇ ਮਨ 'ਚ ਕਈ ਸਵਾਲ ਅਤੇ ਮਾਯੂਸੀ ਪੈਦਾ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਪਹਿਲੇ ਪੜਾਅ ਵਿਚ ਸਰਕਾਰੀ ਸਕੂਲ, ਕਾਲਜਾਂ, ਤਕਨੀਕੀ ਸੰਸਥਾਵਾਂ ਤੇ ਗਰੈਜੂਏਸ਼ਨ ਵਿਦਿਆਰਥੀਆਂ ਨੂੰ ਸਮਾਰਟ ਫੋਨ ਦਿੱਤੇ ਜਾਣੇ ਹਨ ਅਤੇ ਕੈਬਨਿਟ ਵੱਲੋਂ ਪ੍ਰਵਾਨ ਕੀਤੀ ਗਈ ਨੀਤੀ ਅਨੁਸਾਰ ਹਰੇਕ ਵਿਦਿਆਰਥੀ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਸਵੈ ਤਸਦੀਕ ਦੇਣੀ ਹੋਵੇਗੀ ਕਿ ਉਸ ਦੇ ਨਾਂ 'ਤੇ ਪਹਿਲਾਂ ਕੋਈ ਮੋਬਾਈਲ ਫੋਨ ਨਹੀਂ ਹੈ। ਵਿਧਾਨ ਸਭਾ ਚੋਣਾਂ ਮੌਕੇ 2 ਸਾਲ ਪਹਿਲਾਂ ਨੌਜਵਾਨਾਂ ਨੂੰ ਮੁਫਤ ਸਮਾਰਟ ਫੋਨ ਦੇਣ ਦੇ ਵਾਅਦੇ ਨੂੰ ਕੈਬਨਿਟ ਨੇ 4 ਪੜਾਵਾਂ ਵਿਚ ਅਮਲ ਹੇਠ ਲਿਆਉਣ ਦੀ ਨੀਤੀ ਨੂੰ ਪ੍ਰਵਾਨਗੀ ਦਿੱਤੀ ਹੈ ਅਤੇ ਰਾਜ ਸਰਕਾਰ ਵੱਲੋਂ ਇਸ ਮੰਤਵ ਲਈ ਟੈਂਡਰ ਜਾਰੀ ਕਰ ਦਿੱਤੇ ਗਏ ਹਨ ਅਤੇ ਵਿਕਰੇਤਾ ਕੰਪਨੀ ਦੀ ਚੋਣ ਆਉਂਦੇ 2 ਮਹੀਨਿਆਂ 'ਚ ਕਰ ਲਈ ਜਾਵੇਗੀ ਜੋ ਪਹਿਲੇ ਪੜਾਅ ਦੇ ਫੋਨਾਂ ਦੀ ਵੰਡ ਮਾਰਚ 2019 ਦੌਰਾਨ ਹੋ ਸਕੇ।

ਇਸ ਤੋਂ ਪਹਿਲਾਂ ਸਰਕਾਰ ਵੱਲੋਂ ਉਨ੍ਹਾਂ ਸਾਰੇ ਨੌਜਵਾਨਾਂ ਨੂੰ ਮੋਬਾਈਲ ਫੋਨ ਦੇਣ ਦੀ ਗੱਲ ਕੀਤੀ ਜਾਂਦੀ ਰਹੀ ਹੈ ਜਿਨ੍ਹਾਂ ਨੇ ਇਸ ਲਈ ਫਾਰਮ ਭਰਿਆ ਹੈ, ਪਰ ਹੁਣ ਇਸ ਵਾਅਦੇ 'ਚ ਪਹਿਲਾਂ ਮੋਬਾਈਲ ਨਾ ਹੋਣ ਦੀ ਸ਼ਰਤ ਜੋੜ ਦਿੱਤੀ ਗਈ ਹੈ। ਨੌਜਵਾਨਾਂ ਨੂੰ ਮੁਫਤ ਸਮਾਰਟ ਫੋਨ ਦਿੱਤੇ ਜਾਣ ਲਈ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਸ ਸਬੰਧੀ ਰਜਿਸਟਰੇਸ਼ਨ ਕਰਵਾਈ ਗਈ ਸੀ ਕਿੰਨੇ ਨੌਜਵਾਨਾਂ ਵੱਲੋਂ ਮੁਫਤ ਸਮਾਰਟ ਫੋਨ ਲੈਣ ਲਈ ਅਰਜ਼ੀਆਂ ਦਿੱਤੀਆਂ ਗਈਆਂ ਸਨ। ਹਾਲਾਂਕਿ ਇਸ ਸਬੰਧੀ ਕੋਈ ਪੱਕਾ ਡਾਟਾ ਨਹੀਂ ਹੈ, ਪਰ ਦੱਸਿਆ ਜਾ ਰਿਹਾ ਹੈ ਕਿ 30 ਲੱਖ ਤੋਂ ਵੀ ਜ਼ਿਆਦਾ ਨੌਜਵਾਨਾਂ ਨੇ ਇਸ ਸਬੰਧੀ ਰਜਿਸਟਰੇਸ਼ਨ ਕਾਰਵਾਈ ਸੀ।

## ਜਥੇਦਾਰ ਬਡਾਲੀ ਵੱਲੋਂ 'ਲੋਕ ਜਗਾਓ' ਮੁਹਿੰਮ ਸ਼ੁਰੂ

**ਲੁਧਿਆਣਾ:** ਅਕਾਲੀ ਦਲ ਟਕਸਾਲੀ ਦੇ ਸੂਬਾ ਮੀਤ ਪ੍ਰਧਾਨ ਜਥੇਦਾਰ ਉਜਾਗਰ ਸਿੰਘ ਬਡਾਲੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਸਿਆਸੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਆਪਣੇ ਘਰ ਪਿੰਡ ਸੁਲਤਾਨਪੁਰ ਟੱਪਰੀਆਂ ਸਿੱਸਵਾਂ ਵਿਚ ਗੱਲਬਾਤ ਕਰਦਿਆਂ ਜਥੇਦਾਰ ਉਜਾਗਰ ਸਿੰਘ ਬਡਾਲੀ ਨੇ ਕਿਹਾ ਕਿ ਬਾਦਲਾਂ ਦੀ ਅਗਵਾਈ 'ਚ ਅਕਾਲੀ ਦਲ ਗੁਰਮਤਿ ਸਿਧਾਂਤਾਂ ਤੋਂ ਹੀਣਾ ਹੋ ਚੁੱਕਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੀਆਂ ਘਟਨਾਵਾਂ ਵੀ ਵਾਪਰੀਆਂ ਹਨ।

ਇਸੇ ਤਰ੍ਹਾਂ ਟਕਸਾਲੀ ਅਤੇ ਕੁਰਬਾਨੀਆਂ ਕਰਨ ਵਾਲੇ ਅਕਾਲੀ ਪਰਿਵਾਰਾਂ ਦੀ ਬੇਕਦਰੀ ਵੀ ਹੁੰਦੀ ਰਹੀ। ਇਸ ਕਾਰਨ ਉਨ੍ਹਾਂ ਅਕਾਲੀ ਦਲ ਦੇ ਸਿਧਾਂਤਾਂ ਨੂੰ ਬਚਾਉਣ ਲਈ ਅਤੇ ਪੰਜਾਬ ਦੀ ਸਿਆਸਤ 'ਚ ਨਵੀਂ ਰੂਹ ਫੂਕਣ ਲਈ ਸੀਨੀਅਰ ਟਕਸਾਲੀ ਆਗੂ ਜਥੇਦਾਰ ਬ੍ਰਹਮਪੁਰਾ ਅਤੇ ਜਥੇਦਾਰ ਸੇਖਵਾਂ ਨਾਲ ਖੜ੍ਹਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਉਹ ਸਮਰਥਕਾਂ ਸਮੇਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਜ਼ਿਲ੍ਹਾ ਮੁਹਾਲੀ ਤੋਂ ਲੋਕ ਜਗਾਓ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸੇ ਦੌਰਾਨ ਉਹ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਪੰਥ ਦੇ ਭਲੇ ਲਈ ਜਾਗਰੂਕ ਕਰਦਿਆਂ ਟਕਸਾਲੀ ਅਕਾਲੀ ਦਲ ਨਾਲ ਜੁੜਨ ਦੀ ਅਪੀਲ ਕਰਨਗੇ।

# ਸ਼੍ਰੋਮਣੀ ਅਕਾਲੀ ਦਲ ਮਾਘੀ ਕਾਨਫਰੰਸ ਕਰ ਕੇ ਤੋਲੇਗਾ ਆਪਣਾ ਸਿਆਸੀ ਭਾਰ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਐਤਕੀਂ ਮਾਘੀ ਕਾਨਫਰੰਸ ਮੌਕੇ ਸ਼ਕਤੀ ਪ੍ਰਦਰਸ਼ਨ ਕਰ ਕੇ ਆਪਣਾ ਸਿਆਸੀ ਭਾਰ ਤੋਲੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਦਰਕਿਨਾਰ ਕਰ ਕੇ ਮਾਘੀ 'ਤੇ ਸਿਆਸੀ ਕਾਨਫਰੰਸ ਕਰਨ ਦਾ ਫੈਸਲਾ ਲਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਾਘੀ ਕਾਨਫਰੰਸ ਵਿਚ ਵੱਡਾ ਇਕੱਠ ਕਰਨ ਲਈ ਹਲਕਾ ਵਾਈਜ਼ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਸ੍ਰੀ ਬਾਦਲ ਮਾਘੀ ਕਾਨਫਰੰਸ ਰਾਹੀਂ ਆਪਣੀ ਸਿਆਸੀ ਪੈਂਠ ਮਾਪਣਾ ਚਾਹੁੰਦੇ ਹਨ ਕਿਉਂਕਿ ਪਿਛਲੇ ਸਮੇਂ ਤੋਂ ਅਕਾਲੀ ਦਲ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ ਦਲ ਮਾਘੀ ਕਾਨਫਰੰਸ 'ਤੇ ਵੱਡਾ ਇਕੱਠ ਕਰ ਕੇ ਮੁੜ ਪੈਰਾਂ 'ਤੇ ਖੜ੍ਹਾ ਹੋਣ ਦੀ ਕੋਸ਼ਿਸ਼ ਵਿਚ ਹੈ। ਅਕਾਲੀ ਆਗੂਆਂ ਨੂੰ ਜਿੱਥੇ ਸੁਖਬੀਰ ਬਾਦਲ ਨੇ ਮਾਘੀ ਮੇਲੇ ਵਿਚ ਪੁੱਜਣ ਦੀ ਅਪੀਲ ਕੀਤੀ, ਉਥੇ ਹੀ ਇਹ ਵੀ ਪੁੱਛਿਆ ਕਿ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਕਿਸ ਉਮੀਦਵਾਰ ਨੂੰ ਮੈਦਾਨ 'ਚ ਉਤਾਰਿਆ ਜਾਵੇ। ਸੁਖਬੀਰ ਬਾਦਲ ਨੇ ਮਲੋਟ ਸ਼ਹਿਰ ਦੇ ਆਗੂਆਂ ਨਾਲ ਪੰਜਾਬ ਪੈਲੇਸ ਵਿਚ ਮੀਟਿੰਗ ਦੌਰਾਨ ਸਭਨਾਂ ਨੂੰ ਮਾਘੀ ਮੇਲੇ 'ਚ ਪੁੱਜਣ ਦੀ ਅਪੀਲ ਕੀਤੀ ਗਈ।

# ਨਿਹੰਗ ਪੂਹਲਾ ਨੂੰ ਮਾਰਨ ਵਾਲਿਆਂ 'ਚ ਸ਼ਾਮਲ ਹਰਚੰਦ ਸਿੰਘ ਰਿਹਾ

**ਬਠਿੰਡਾ:** ਨਿਹੰਗ ਅਜੀਤ ਸਿੰਘ ਪੂਹਲਾ ਨੂੰ ਅੰਮ੍ਰਿਤਸਰ ਦੀ ਜੇਲ੍ਹ 'ਚ ਤੇਲ ਪਾ ਕੇ ਸਾੜਨ ਵਾਲਿਆਂ 'ਚ ਸ਼ਾਮਲ ਹਰਚੰਦ ਸਿੰਘ ਨੂੰ ਕਤਲ ਕੇਸ ਮਾਮਲੇ 'ਚ ਸਜ਼ਾ ਪੂਰੀ ਕਰਨ ਪਿੱਛੋਂ ਰਿਹਾਅ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਰਿਹਾਈ ਮੌਕੇ ਜੇਲ੍ਹ ਦੇ ਬਾਹਰ ਸਿੱਖ ਆਗੂਆਂ ਦੀ ਅਗਵਾਈ 'ਚ ਇਕੱਠੀ ਹੋਈ ਸੰਗਤ ਵੱਲੋਂ ਹਰਚੰਦ ਸਿੰਘ ਦਾ ਜੋਸ਼ੀਲੇ ਢੰਗ ਨਾਲ ਸਵਾਗਤ ਕੀਤਾ ਗਿਆ।



ਦੱਸਣਯੋਗ ਹੈ ਕਿ ਹਰਚੰਦ ਸਿੰਘ ਤੇ ਉਸ ਦੇ ਸਾਥੀਆਂ ਨੇ ਸਾਲ 2008 'ਚ ਅੰਮ੍ਰਿਤਸਰ ਜੇਲ੍ਹ ਵਿਚ ਪੁਲਿਸ ਦੇ ਮੁਖਬਰ ਮੰਨੇ ਜਾਂਦੇ ਨਿਹੰਗ ਅਜੀਤ ਸਿੰਘ ਨੂੰ ਤੇਲ ਪਾ ਕੇ ਸਾੜ ਦਿੱਤਾ ਸੀ। ਇਸ ਮਾਮਲੇ 'ਚ ਅਦਾਲਤ ਨੇ ਪਹਿਲਾਂ ਹੀ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ ਤੇ ਉਹ ਇਕ ਹੋਰ ਕਤਲ ਮਾਮਲੇ ਵਿਚ ਸਜ਼ਾ ਭੁਗਤ ਰਹੇ ਸਨ। ਉਨ੍ਹਾਂ ਬਠਿੰਡਾ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਹੈ।

# ਸੰਯੁਕਤ ਅਰਬ ਅਮੀਰਾਤ ਵੱਲੋਂ ਪੰਜਾਬ ਕੋਲੋਂ 200 ਟਨ ਕਿੰਨੂ ਖਰੀਦਣ ਦਾ ਫੈਸਲਾ

**ਚੰਡੀਗੜ੍ਹ:** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੇ ਪੰਜਾਬ ਤੋਂ 200 ਮੀਟਰਕ ਟਨ ਕਿੰਨੂ ਬਰਾਮਦ ਕਰਨ ਦਾ ਫੈਸਲਾ ਲਿਆ ਹੈ। ਇਸ ਸਬੰਧੀ ਆਰਡਰ ਪੰਜਾਬ ਐਗਰੋ ਨੂੰ ਹਾਸਲ ਹੋਇਆ ਹੈ। ਪੰਜਾਬ ਐਗਰੋ ਦੇ ਮੈਨੇਜਿੰਗ ਡਾਇਰੈਕਟਰ ਸਿਬਿਨ ਸੀ. ਨੇ ਦੱਸਿਆ ਕਿ ਦੁਬਈ ਆਧਾਰਿਤ ਲੂਲੂ ਗਰੁੱਪ ਨੇ ਪੰਜਾਬ ਐਗਰੋ ਨਾਲ ਇਸ ਆਰਡਰ ਨੂੰ ਅੰਤਿਮ ਰੂਪ ਦਿੱਤਾ ਹੈ। ਹਾਲ ਹੀ ਵਿਚ ਇਸ ਗਰੁੱਪ ਦਾ ਉੱਚ ਪੱਧਰੀ ਵਫਦ ਪੰਜਾਬ ਦੌਰੇ 'ਤੇ ਆਇਆ ਸੀ, ਜਿਥੇ ਪੰਜਾਬ ਐਗਰੋ ਦੇ ਅਧਿਕਾਰੀਆਂ ਨੇ ਆਪਣੇ ਉਤਪਾਦਾਂ ਸਬੰਧੀ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ। ਵਫਦ ਨੇ ਤਾਜ਼ਾ ਫਲਾਂ ਦੇ ਨਮੂਨੇ ਮੰਗੇ ਸਨ, ਜਿਸ ਪਿੱਛੋਂ ਇਹ ਆਰਡਰ ਹਾਸਲ ਹੋਇਆ ਹੈ।

ਪੰਜਾਬ ਐਗਰੋ ਜੂਸ ਲਿਮਟਿਡ (ਪੀ.ਏ.ਜੇ.ਐੱਲ.) ਵੱਲੋਂ ਚਾਲੂ ਸੀਜ਼ਨ ਦੌਰਾਨ 200 ਮੀਟਰਕ ਟਨ ਕਿੰਨੂ ਪ੍ਰੋਸੈੱਸ ਕਰਨ ਦਾ ਟੀਚਾ ਵੀ ਮਿਥਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੀ.ਏ.ਜੇ.ਐੱਲ. ਵੱਲੋਂ ਸਾਊਦੀ ਅਰਬ ਅਤੇ ਦੁਬਈ ਨੂੰ 2.52 ਕਰੋੜ ਰੁਪਏ ਦੇ ਮਿਰਚਾਂ ਦੀ ਪੇਸਟ ਦੇ 26 ਤੋਂ ਵੱਧ ਕੰਟੇਨਰ ਬਰਾਮਦ ਕੀਤੇ ਗਏ ਹਨ। ਇਰਾਨ, ਮੌਰੀਸ਼ੀਅਸ, ਦੁਬਈ ਆਦਿ ਮੁਲਕਾਂ ਤੋਂ ਵੀ ਮਿਰਚਾਂ ਦੀ ਪੇਸਟ ਬਾਰੇ ਕਾਰੋਬਾਰੀ ਪੁੱਛਗਿੱਛ ਚੱਲ ਰਹੀ ਹੈ। ਪੇਸਟ ਬਰਾਮਦ ਕਰਨ ਲਈ ਕੱਚਾ ਮਾਲ ਪੰਜਾਬ ਤੋਂ ਖਰੀਦਿਆ ਜਾਵੇਗਾ।

ਪੰਜਾਬ ਐਗਰੋ ਵੱਲੋਂ ਅਬੋਹਰ ਤੇ ਹੁਸ਼ਿਆਰਪੁਰ ਸਥਿਤ ਫਲ ਤੇ ਸਬਜ਼ੀਆਂ ਦੇ ਪ੍ਰੋਸੈਸਿੰਗ ਯੂਨਿਟਾਂ ਵਿਚ ਫਲ-ਸਬਜ਼ੀਆਂ ਦੀ ਪ੍ਰੋਸੈਸਿੰਗ ਕੀਤੀ ਜਾਂਦੀ ਹੈ। ਪ੍ਰੋਸੈੱਸ ਕੀਤਾ ਮਾਲ ਸਾਰੀਆਂ ਵੱਡੀਆਂ ਕੰਪਨੀਆਂ/ਬਹੁ-ਕੌਮੀ ਕੰਪਨੀਆਂ ਨੂੰ ਵੇਚਣ ਤੋਂ ਇਲਾਵਾ ਪ੍ਰਚੂਨ ਮਾਰਕੀਟ ਵਿਚ ਤਾਜ਼ਾ ਫਲ/ਖਾਧ ਪਦਾਰਥ ਵੀ ਸਪਲਾਈ ਕੀਤੇ ਜਾਂਦੇ ਹਨ। ਇਨ੍ਹਾਂ ਪਲਾਂਟਾਂ ਵਿਚ ਕਿੰਨੂ ਤੋਂ ਇਲਾਵਾ ਟਮਾਟਰ, ਗਾਜਰ, ਅਨਾਰ, ਪਪੀਤਾ, ਅਮਰੂਦ, ਨਾਸ਼ਪਾਤੀ, ਪੇਠਾ, ਖਰਬੂਜਾ, ਮਿਰਚ, ਜਾਮਣ, ਅੰਬ, ਆਂਵਲਾ ਤੇ ਕੁਆਰਗੰਦਲ ਆਦਿ ਨੂੰ ਪ੍ਰੋਸੈੱਸ ਕਰਨ ਦੀ ਵੀ ਸਮਰੱਥਾ ਹੈ। ਪੰਜਾਬ ਐਗਰੋ ਵੱਲੋਂ ਜੈਵਿਕ ਕਣਕ, ਝੋਨਾ ਆਦਿ ਦੇ ਮੰਡੀਕਰਨ ਤੋਂ ਬਿਨਾ ਇਸ ਨੂੰ ਪ੍ਰਚੂਨ ਮਾਰਕੀਟ 'ਚ ਵੇਚਣ ਸਮੇਂ ਵੀ ਢੁਕਵੀਂ ਸਹੂਲਤ ਦਿੱਤੀ ਜਾਂਦੀ ਹੈ।

# ਭਾਈ ਤਾਰੂ ਸਿੰਘ ਦੇ ਚਿੱਤਰ ਦੀਆਂ ਰਮਜ਼ਾਂ

*ਚਿੱਤਰਕਾਰ ਕਿਰਪਾਲ ਸਿੰਘ ਨੇ ਸਿੱਖ ਇਤਿਹਾਸ ਨੂੰ ਆਪਣੇ ਚਿੱਤਰਾਂ ਵਿਚ ਸਾਕਾਰ ਕੀਤਾ ਹੈ। ਉਨ੍ਹਾਂ ਦਾ ਬਣਾਇਆ ਭਾਈ ਤਾਰੂ ਸਿੰਘ ਦਾ ਚਿੱਤਰ ਮਾਰਮਿਕ ਪਲਾਂ ਨੂੰ ਬਿਆਨ ਕਰਦਾ ਹੈ। ਦਿੱਲੀ ਵੱਸਦੇ ਸ਼ਾਇਰ ਤੇ ਕਲਾ ਆਲੋਚਕ ਜਗਤਾਰਜੀਤ ਸਿੰਘ ਨੇ ਇਸ ਲੇਖ ਵਿਚ ਭਾਈ ਤਾਰੂ ਸਿੰਘ ਦੇ ਜੀਵਨ ਅਤੇ ਕਿਰਪਾਲ ਸਿੰਘ ਦੇ ਬਣਾਏ ਚਿੱਤਰ ਬਾਰੇ ਭਰਪੂਰ ਚਰਚਾ ਕੀਤੀ ਹੈ। -ਸੰਪਾਦਕ*

ਮੈਨੂੰ ਤੇਰੀ ਭਰੀ ਜਵਾਨੀ 'ਤੇ
ਰਹਿਮ ਆਉਂਦਾ ਹੈ
ਜਾਹ ਮੈਂ ਬਖਸ਼ਦਾ ਹਾਂ ਤੇਰੀ ਜਾਨ
ਬੱਸ ਇਸ ਦੇ ਇਵਜ਼ ਵਿਚ
ਮੈਨੂੰ ਇਕ ਤੋਹਫਾ ਦੇ ਜਾ
ਜਾਣ ਲੱਗਿਆਂ ਤੋਹਫਾ ਦੇ ਜਾ
ਆਪਣੇ ਖੂਬਸੂਰਤ ਲੰਮੇ ਵਾਲ।
ਮਨਜ਼ੂਰ ਹੈ ਬਾਦਸ਼ਾਹ,
ਭਾਈ ਤਾਰੂ ਸਿੰਘ ਨੇ ਕਿਹਾ
ਤੂੰ ਵੀ ਕੀ ਕਰੇਂਗਾ ਯਾਦ
ਕਿਸੇ ਸਿੱਖ ਕੋਲੋਂ ਕੁਝ ਮੰਗਿਆ ਸੀ
ਦੇ ਜਾਵਾਂਗਾ ਤੈਨੂੰ ਆਪਣੇ ਸੁਹਣੇ ਵਾਲ
ਪਰ ਇਕੱਲੇ ਵਾਲ ਨਹੀਂ
ਆਪਣਾ ਸਿਰ ਵੀ ਦੇ ਕੇ ਜਾਵਾਂਗਾ ਨਾਲ।
-ਰਾਬਿੰਦਰਨਾਥ ਟੈਗੋਰ

ਇਹ ਰਚਨਾ ਕਿਸੇ ਸਿੱਖ ਰਚਨਾਕਾਰ ਦੀ ਨਹੀਂ, ਤਾਂ ਵੀ ਇਹ ਦਰਦ ਭਰੀ ਹੈ। ਇਹ ਪੜ੍ਹਨ ਪਿਛੋਂ ਪਤਾ ਲਗਦਾ ਹੈ ਕਿ ਤਾਰੂ ਸਿੰਘ ਦੇ ਬਿਰਤਾਂਤ ਨੇ ਕਵੀ ਨੂੰ ਛੁਇਆ ਤੇ ਚਿਰ ਤਕ ਪ੍ਰੇਸ਼ਾਨ ਰੱਖਿਆ ਹੋਵੇਗਾ। ਕਿਸੇ ਘਟਨਾ ਨੂੰ ਮਹਿਸੂਸ ਕਰਨਾ, ਉਸੇ ਲਹਿਜੇ ਵਿਚ ਬਿਆਨ ਕਰਨਾ ਸਹਿਜ ਤੇ ਸਰਲ ਨਹੀਂ। ਇਹ ਅਤੇ ਅਜਿਹੀਆਂ ਹੋਰ ਲਿਖਤਾਂ ਸਾਡੀ ਪਰੰਪਰਾ ਨੂੰ ਅਮੀਰੀ ਬਖਸ਼ਦੀਆਂ ਹਨ।



**ਜਗਤਾਰਜੀਤ ਸਿੰਘ**

ਭਾਈ ਤਾਰੂ ਸਿੰਘ ਦਾ ਨਾਮ ਸਿੱਖ ਸ਼ਹੀਦਾਂ ਵਿਚ ਸਤਿਕਾਰ ਨਾਲ ਲਿਆ ਜਾਂਦਾ ਹੈ। ਸਿੱਖ ਗੁਰੂਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ ਦੇ ਨਾਲ ਨਾਲ ਬੰਦ ਬੰਦ ਕਟਵਾਇਆ (ਭਾਈ ਮਨੀ ਸਿੰਘ), ਖੋਪੜੀਆਂ ਲੁਹਾਈਆਂ (ਭਾਈ ਤਾਰੂ ਸਿੰਘ), ਚਰਖੜੀਆਂ 'ਤੇ ਚੜ੍ਹੇ (ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ) ਸਿੱਖ ਅਰਦਾਸ ਦਾ ਅਟੁੱਟ ਅੰਗ ਹੈ।

ਚਿਤਰਕਾਰ ਕਿਰਪਾਲ ਸਿੰਘ ਨੇ ਭਾਈ ਤਾਰੂ ਸਿੰਘ ਦੇ ਜੀਵਨ ਦੇ ਅੰਤਿਮ, ਪਰ ਸਿਖਰਲੇ ਘਟਨਾਕ੍ਰਮ ਨੂੰ ਆਪਣੇ ਚੁਣੇ ਮਾਧਿਅਮ ਰਾਹੀਂ ਦਰਦੀਲੇ ਰੂਪ ਵਿਚ ਬਿਆਨਿਆ ਹੈ। ਪੇਂਟਿੰਗ ਦਾ ਫਰੇਮ ਵਸੀਹ ਨਹੀਂ, ਪਰ ਵਿਸ਼ੇ ਦਾ ਨਿਭਾਅ ਅਤੇ ਉਸ ਪ੍ਰਤੀ ਵਫਾਦਾਰੀ ਅਟੁੱਟ ਹੈ। ਕਿਰਪਾਲ ਸਿੰਘ ਨੇ ਭਾਈ ਤਾਰੂ ਸਿੰਘ ਦੀ ਪੇਂਟਿੰਗ 1956 ਵਿਚ ਬਣਾਈ ਜਿਸ ਦਾ ਆਕਾਰ 43 ਇੰਚ ਗੁਣਾ 33 ਇੰਚ ਹੈ। ਇਹ ਉਹ ਦ੍ਰਿਸ਼ ਹੈ ਜਦੋਂ ਜੱਲਾਦ ਤਾਰੂ ਸਿੰਘ ਦੀ ਖੋਪੜੀ ਕੇਸਾਂ ਸਣੇ ਉਤਾਰ ਲੈਂਦਾ ਹੈ। ਦਰਸ਼ਕ ਦਾ ਜਿਸ ਦ੍ਰਿਸ਼ ਨਾਲ ਸਾਹਮਣਾ ਹੁੰਦਾ ਹੈ, ਉਹ ਹੌਲਨਾਕ ਹੈ।

ਭਾਈ ਤਾਰੂ ਸਿੰਘ ਦਾ ਜਨਮ 1720 ਨੂੰ ਪਿੰਡ ਪੂਹਲੇ (ਅੰਮ੍ਰਿਤਸਰ) 'ਚ ਹੋਇਆ। ਬਚਪਨ ਵਿਚ ਹੀ ਉਨ੍ਹਾਂ ਦੇ ਪਿਤਾ ਹਮਲਾਵਰਾਂ ਨਾਲ ਜੂਝਦੇ ਸ਼ਹੀਦ ਹੋ ਚੁਕੇ ਸਨ। ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੀ ਮਾਤਾ ਨੇ ਕੀਤਾ। ਘਰ ਵੱਡੀ ਭੈਣ ਵੀ ਸੀ। ਜੀਵਨ ਅਤੇ ਸਿੱਖ ਵਿਹਾਰ ਦੀ ਸਿੱਖਿਆ ਮਾਤਾ ਕੋਲੋਂ ਮਿਲੀ।

ਉਸ ਵੇਲੇ ਪੰਜਾਬ ਦਾ ਗਵਰਨਰ ਜ਼ਕਰੀਆ ਖਾਨ ਸੀ। ਚੌਤਰਫਾ ਮਾਹੌਲ ਸਿੱਖਾਂ ਦੇ ਮਾਕੂਲ ਨਹੀਂ ਸੀ। ਸਿੱਖ ਦਿਨੇ ਲੁਕ-ਛੁਪ ਕੇ ਰਹਿੰਦੇ। ਰਾਤ ਵੇਲੇ ਸ਼ਾਹੀ ਫੌਜ 'ਤੇ ਹਮਲੇ ਕਰਦੇ। ਬਿਪਤਾ ਵੇਲੇ ਸਿੱਖ ਜਾਂ ਹੋਰ ਲੋਕ ਲੰਗਰ-ਪਾਣੀ ਲਈ ਇਨ੍ਹਾਂ ਦੇ ਘਰ ਆ ਜਾਂਦੇ। ਮਾਤਾ, ਭੈਣ ਅਤੇ ਭਰਾ ਰਲ ਕੇ ਸੇਵਾ ਕਰਦੇ। ਕਦੇ-ਕਦਾਈਂ ਆਉਣ ਵਾਲੇ ਸਿੱਖ ਇਨ੍ਹਾਂ ਦੇ ਘਰ ਟਿਕਾਣਾ ਵੀ ਕਰ ਲੈਂਦੇ।

ਪਿੰਡ ਦੇ ਹਰਭਗਤ ਨਿਰੰਜਨੀਏ ਨੇ ਇਸ ਗਤੀਵਿਧੀ ਬਾਰੇ, ਹੋਰਾਂ ਨਾਲ ਮਿਲ ਜ਼ਕਰੀਆ ਖਾਨ ਕੋਲ ਮੁਖਬਰੀ ਕਰ ਦਿੱਤੀ। ਫਲਸਰੂਪ ਸਿਪਾਹੀਆਂ ਨੇ ਭੈਣ-ਭਰਾ ਨੂੰ ਕੈਦ ਕਰ ਲਿਆ। ਪਿੰਡ ਦੇ ਲੋਕਾਂ ਨੇ ਹਰਜਾਨਾ ਭਰ ਕੇ ਤਾਰੂ ਸਿੰਘ ਦੀ ਭੈਣ ਨੂੰ ਛੁਡਾ ਲਿਆ। ਭਾਈ ਤਾਰੂ ਸਿੰਘ 'ਤੇ ਜਮੀਨ ਦਾ ਮਾਲੀਆ ਨਾ ਭਰਨ ਦਾ ਦੋਸ਼ ਲਾ ਤਸੀਹੇ ਦਿੱਤੇ। ਸਿੱਖ ਤੋਂ ਮੁਸਲਮਾਨ ਹੋ ਜਾਣ ਲਈ ਦਬਾਅ ਪਾਇਆ। ਜਦੋਂ ਪੇਸ਼ ਨਾ ਗਈ ਤਾਂ ਕੇਸ ਕਤਲ ਕਰ ਕੇ ਮਾਰ ਦੇਣ ਦੀ ਸਜ਼ਾ ਸੁਣਾਈ ਗਈ।

ਕਿਰਪਾਲ ਸਿੰਘ ਦੀ ਪੇਂਟਿੰਗ ਫਾਲਤੂ ਰਲੇਵੇਂ ਨੂੰ ਅਸਵੀਕਾਰ ਕਰਦੀ ਹੋਈ ਸਿੱਧਾ ਮੂਲ ਨੁਕਤੇ ਨੂੰ ਹੀ ਧੁਰਾ ਬਣਾਉਂਦੀ ਹੈ। ਇਹ ਚਿਤਰਕਾਰ ਦੇ ਆਤਮ-ਵਿਸ਼ਵਾਸ ਨੂੰ ਦਰਸਾਉਂਦਾ ਹੈ। ਚਿੱਤਰ ਵਿਚ ਪੇਸ਼ ਹੋਇਆ ਕਾਰਜ ਹੀ ਕਾਜ ਦੀ 'ਪ੍ਰਕਾਸ਼ਠਾ' (ਸਿਖਰ) ਹੈ। 'ਪ੍ਰਕਾਸ਼ਠਾ' ਨੂੰ ਸਹਾਰੇ ਦੀ ਲੋੜ ਨਹੀਂ ਹੁੰਦੀ। ਜੋ ਹੋ ਰਿਹਾ ਹੈ, ਉਹ ਅਦੁੱਤੀ ਹੈ। ਕੈਨਵਸ ਸਪੇਸ 'ਚ ਤਿੰਨ ਆਕਾਰ ਹੁੰਦਿਆਂ ਵੀ ਆਪਸ ਵਿਚ ਕਿਸੇ ਨਾ ਕਿਸੇ ਤਰ੍ਹਾਂ ਜੁੜੇ ਹੋਏ ਹਨ। ਲੱਗਦਾ ਹੈ, ਜਿਵੇਂ ਇਨ੍ਹਾਂ ਨੂੰ ਫਸਵੀਂ ਤਰ੍ਹਾਂ ਫਰੇਮ ਵਿਚ ਸਾਂਭਿਆ ਗਿਆ ਹੈ।

ਭਾਈ ਤਾਰੂ ਸਿੰਘ ਜਮੀਨ 'ਤੇ ਬੈਠੇ ਹਨ। ਸੱਜੀ ਲੱਤ ਪੂਰੀ ਤਰ੍ਹਾਂ ਪਸਰੀ ਹੋਈ। ਖੱਬੀ ਲੱਤ ਗੋਡਿਓਂ ਮੁੜ ਕੇ ਪਸਰੀ ਲੱਤ ਦੇ ਥੱਲੇ ਆਈ ਹੋਈ ਹੈ। ਪਸਰੀ ਲੱਤ ਦਾ ਗਿੱਟਾ ਅਤੇ ਉਪਰਲਾ ਹਿੱਸਾ ਜ਼ਖਮੀ ਹੈ। ਇਸ ਥਾਂ 'ਤੇ ਲਿਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਬੇੜੀਆਂ ਨਾਲ ਨੂੜਿਆ ਗਿਆ ਸੀ। ਜ਼ਖਮਾਂ ਤੋਂ ਇਲਾਵਾ ਪੈਰ ਕੋਲ ਪਈਆਂ ਬੇੜੀਆਂ, ਹੁਣ ਤੋਂ ਪਹਿਲਾਂ ਦੀ ਸਥਿਤੀ ਬਿਆਨ ਕਰ ਰਹੀਆਂ ਹਨ। ਸੱਜੀ ਬਾਂਹ ਦਾ ਹੱਥ ਸੱਜੀ ਲੱਤ 'ਤੇ ਟਿਕਿਆ ਹੋਇਆ ਹੈ, ਜਦੋਂਕਿ ਖੱਬੀ ਬਾਂਹ ਦਾ ਫੈਲਿਆ ਹੱਥ ਜਮੀਨ ਉਪਰ ਮਜ਼ਬੂਤੀ ਨਾਲ ਟਿਕਿਆ ਹੋਇਆ। ਅਸਲ ਵਿਚ ਇਹੋ ਬਾਂਹ ਪੂਰੇ ਸਰੀਰ ਦੀ ਸਹਾਰਾ ਬਣੀ ਹੋਈ ਹੈ। ਲੱਗਦਾ ਹੈ, ਚਿੱਤਰਕਾਰ ਚਿੱਤਰ ਬਣਾਉਣ ਤੋਂ ਪਹਿਲਾਂ ਆਤਮ ਮੰਥਨ ਥਾਣੀਂ ਗੁਜ਼ਰਿਆ ਹੋਵੇਗਾ, ਤਾਹੀਓਂ ਇਸ 'ਪੋਜ਼ੀਸ਼ਨ' ਉਪਰ ਸਹੀ ਪਾਈ ਗਈ ਹੋਵੇਗੀ।


ਸਿਰ ਤੋਂ ਖੋਪੜੀ ਵੱਖ ਹੋਣ ਸਮੇਂ ਹਥੌੜੇ ਦੀਆਂ ਸੱਟਾਂ ਨੂੰ ਜਰਦਿਆਂ ਖੁਦ ਨੂੰ ਟਿਕਾਈ ਰੱਖਣ ਵਾਸਤੇ ਸਰੀਰ ਆਪਣੇ ਆਪ ਇਹ 'ਪੋਜ਼ੀਸ਼ਨ' ਅਖਤਿਆਰ ਕਰ ਲਵੇਗਾ। ਨਹੀਂ ਤਾਂ ਦੇਹੀ ਲੜਖੜਾ ਸਕਦੀ ਹੈ। ਕੀ ਸਥਿਤੀ ਖੋਪੜੀ ਅਲੱਗ ਕੀਤੇ ਜਾਣ ਦੀ ਹੈ? ਜਵਾਬ ਹਾਂ ਅਤੇ ਨਾਂਹ ਦੋਹਾਂ ਵਿਚ ਹੈ। ਇਹ ਜੰਗ ਵਾਲੀ ਸਥਿਤੀ ਹੈ ਜਿਥੇ ਯੋਧਾ ਹਾਰਨ ਵਾਸਤੇ ਨਹੀਂ, ਜਿੱਤ ਪ੍ਰਾਪਤ ਕਰਨ ਹਿਤ ਪ੍ਰਵੇਸ਼ ਕਰਦਾ ਹੈ। ਛੇਕੜ ਉਹੀ ਜੇਤੂ ਹੁੰਦਾ ਹੈ ਜੋ ਈਨ ਨਹੀਂ ਮੰਨਦਾ।

ਕੀ ਚਿਤਰਕਾਰ ਚਿੱਤਰ ਨੂੰ ਡਰਾਉਣਾ ਰੂਪ ਦੇ ਰਿਹਾ ਹੈ? ਇਸ ਰਚਨਾ ਦਾ ਉਦੇਸ਼ ਡਰ ਪੈਦਾ ਕਰਨਾ ਉਕਾ ਨਹੀਂ। ਮਕਸਦ ਆਪਣੇ ਅਕੀਦੇ 'ਤੇ ਕਾਇਮ ਰਹਿਣ ਨੂੰ ਦਰਸਾਉਣਾ ਹੈ ਜਿਸ ਲਈ ਜੀਵਨ ਤਕ ਦਾ ਤਿਆਗ ਕੀਤਾ ਜਾ ਸਕਦਾ ਹੈ।



ਆਰਟਿਸਟ ਕਿਰਪਾਲ ਸਿੰਘ

ਪੈਰੋਂ ਅਤੇ ਪਿੰਡਿਓਂ ਨੰਗੇ ਤਗੜੇ ਜੁੱਸੇ ਵਾਲੇ ਜੱਲਾਦ ਨੇ ਸਿਰਫ ਗਿੱਟਿਆਂ ਤੋਂ ਜ਼ਰਾ ਕੁ ਉਚੀ ਤਹਿਮਤ ਬੰਨ੍ਹੀ ਹੋਈ ਹੈ। ਸੱਜੀ ਬਾਂਹ ਦੇ ਡੌਲੇ ਦੁਆਲੇ ਤਾਵੀਜ਼ ਦਿਖਾਈ ਦਿੰਦਾ ਹੈ। ਉਸ ਦੇ ਖੱਬੇ ਹੱਥ ਭਾਈ ਤਾਰੂ ਸਿੰਘ ਦੇ ਕੇਸਾਂ ਸਮੇਤ ਖੋਪੜੀ ਹੈ ਅਤੇ ਸੱਜੇ ਹੱਥ ਘੁੱਟ ਕੇ ਪਕੜਿਆ ਲਹੂ ਲਿਬੜਿਆ ਰੰਬਾ ਹੈ। ਸਿਰ ਤੋਂ ਖੋਪੜੀ ਵੱਖ ਕਰਨਾ ਜੱਲਾਦ ਲਈ ਮੁਸ਼ਕਿਲ ਵਾਲਾ ਕੰਮ ਰਿਹਾ ਹੋਵੇਗਾ। ਰੰਬੇ ਨੂੰ ਹਥੌੜੇ ਨਾਲ ਠੋਕ ਕੇ ਸਿਰ ਦੁਆਲੇ ਡੂੰਘੇ ਟਕ ਦੇਣ ਪਿਛੋਂ ਜੱਲਾਦ ਨੇ ਕੇਸਾਂ ਨੂੰ ਹੱਥ ਦੁਆਲੇ ਲਪੇਟ ਆਪਣੇ ਪੂਰੇ ਤਾਣ ਨਾਲ ਖਿੱਚ ਕੇ ਖੋਪੜੀ ਵੱਖ ਕਰ ਲਈ। ਕਿਰਪਾਲ ਸਿੰਘ ਨੇ ਉਸੇ ਖਿਣ ਨੂੰ ਆਪਣੇ ਪ੍ਰਗਟਾਵੇ ਦਾ ਵਿਸ਼ਾ ਬਣਾਇਆ ਹੈ। ਸਾਰੇ ਘਟਨਾਕ੍ਰਮ ਦਾ ਇਹੋ ਸਿਖਰ ਹੈ। ਬਿਰਤਾਂਤਕ ਚਿੱਤਰ ਬਣਾਉਣ ਵਾਲੇ ਚਿੱਤਰਕਾਰ ਬਿਰਤਾਂਤ ਦਾ ਸਿਖਰ ਭਾਲ ਆਪਣੀ ਰਚਨਾ ਨੇਪਰੇ ਚਾੜ੍ਹਦੇ ਹਨ।



ਇਸ ਸਿਖਰ 'ਤੇ ਅਟਕ ਕੇ ਅਸੀਂ ਜੇ ਤਿੰਨ ਕਿਰਦਾਰਾਂ ਦੇ ਚਿਹਰਿਆਂ ਵਲ ਗੌਰ ਕਰੀਏ ਤਾਂ ਤਿੰਨ ਵੱਖ ਵੱਖ ਹਾਵ-ਭਾਵ ਦੇਖਣ ਨੂੰ ਮਿਲਦੇ ਹਨ। ਭਾਈ ਤਾਰੂ ਸਿੰਘ ਦੀ ਉਮਰ ਬਹੁਤੀ ਨਹੀਂ, ਦਰਮਿਆਨੀ ਸੰਘਣੀ ਕਾਲੀ ਦਾਹੜੀ ਅਤੇ ਕੇਸ ਇਹੋ ਦੱਸਦੇ ਹਨ। ਤਸ਼ੱਦਦ ਨਾਲ ਸਰੀਰ ਦਾ ਅੰਗ ਵੱਖ ਹੋ ਜਾਣ ਦੇ ਬਾਵਜੂਦ ਚਿਹਰਾ ਅਤੇ ਸਰੀਰ ਸ਼ਾਂਤ ਹਨ। ਸਰੀਰ ਜਾਂ ਚਿਹਰੇ ਦੀ ਕਿਸੇ ਵੀ ਮਾਸਪੇਸ਼ੀ ਵਿਚ ਖਿੱਚ, ਝੋਲ ਨਹੀਂ। ਇਹ ਉਸ ਅਵਸਥਾ ਦਾ ਚਿਤਰਨ ਹੈ ਜਿਥੇ ਦੁਖ-ਸੁਖ ਸਮ ਹੋ ਜਾਂਦੇ ਹਨ। ਸ਼ਹੀਦ ਹੋਣ ਵਾਲੇ ਨੂੰ ਸ਼ਹੀਦ ਹੋ ਚੁੱਕੇ ਦੀ ਮਾਨਸਿਕਤਾ ਵਿਰਸੇ ਵਿਚ ਮਿਲਦੀ ਰਹੀ।

ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਸੀ ਜੋ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਸਿੰਘ ਸਜੇ ਸਨ। ਏਦਾਂ ਤਾਰੂ ਸਿੰਘ ਸ਼ਹੀਦਾਂ ਦੀ ਪਰੰਪਰਾ ਦਾ ਅੰਗ ਹਨ। ਖੁਦ ਸ਼ਹੀਦ ਹੋ ਕੇ ਉਹ ਇਸ ਪਰੰਪਰਾ ਦੇ ਰਾਖੇ ਅਤੇ ਵਾਹਕ ਹਨ। ਸਿਮਰਨ ਅਤੇ ਸੇਵਾ ਵੀ ਬੰਦੇ ਦੇ ਮਨ-ਤਨ ਨੂੰ ਸੁਦ੍ਰਿੜ ਕਰਦੇ ਹਨ। ਲਿਖਤ ਸਾਹਿਤ ਇਸ ਪੱਖ ਦੀ ਪੁਸ਼ਟੀ ਕਰਦਾ ਹੈ। ਤਾਹੀਓਂ ਉਹ ਹਕੂਮਤੀ ਤਸ਼ੱਦਦ ਅਡੋਲ ਹੋ ਸਹਿ ਰਹੇ ਹਨ। ਐਨ ਭਾਈ ਤਾਰੂ ਸਿੰਘ ਦੇ ਉਲਟ ਦਿਓ ਕੱਦ ਦਾ ਜੱਲਾਦ ਹੈ। ਜਮੀਨ 'ਤੇ ਟਿਕੇ ਪੈਰਾਂ ਦੀ 'ਪੋਜ਼ੀਸ਼ਨ' ਅਤੇ ਬਾਹਾਂ-ਹੱਥਾਂ ਦਾ ਅੰਦਾਜ਼ ਦੱਸਦਾ ਹੈ ਕਿ ਉਹ ਖਿਣ ਪਹਿਲਾਂ ਹੀ ਸੌਂਪੇ ਕੰਮ ਨੂੰ ਪੂਰੀ ਨਿਰਦੈਤਾ-ਨਿਸ਼ਠਾ ਨਾਲ ਮੁਕਾ ਕੇ ਹਟਿਆ ਹੈ। ਤੱਤਾ ਲਹੂ ਉਤਾਰੀ ਖੋਪੜੀ ਤੋਂ ਤਿਪ-ਤਿਪ ਅਤੇ ਦੇਹੀ ਨਾਲ ਜੁੜੇ ਸਿਰ ਤੋਂ ਤਤੀਰੀ ਬਣ ਪਿੰਡੇ ਤੇ ਧਰਤ ਨੂੰ ਰੰਗ ਰਿਹਾ ਹੈ।

ਭਾਈ ਤਾਰੂ ਸਿੰਘ ਦੇ ਚਿਹਰੇ ਦੇ ਮੁਕਾਬਲੇ ਜੱਲਾਦ ਦਾ ਚਿਹਰਾ ਤਣਾਅ, ਗੁੱਸੇ ਵਾਲਾ ਅਤੇ ਖਿਝਿਆ ਲੱਗ ਰਿਹਾ ਹੈ। ਖਿਝ ਦਾ ਕਾਰਨ ਧਰਮ ਬਦਲੀ ਕਰਵਾਉਣ ਵਿਚ ਅਸਫਲ ਰਹਿਣਾ ਹੋ ਸਕਦਾ ਹੈ। ਖੋਪੜੀ ਵੱਖ ਕਰਨ ਵਿਚ ਲੱਗਾ ਜ਼ੋਰ ਵੀ ਖਿਝ ਪੈਦਾ ਕਰ ਸਕਦਾ ਹੈ। ਲੋੜੋਂ ਵੱਧ ਅੱਖਾਂ ਦਾ ਖੁੱਲ੍ਹੇ ਹੋਣਾ ਉਸ ਦੀ ਹੈਰਾਨੀ ਦਰਸਾਉਂਦਾ ਹੈ। ਹੈਰਾਨ ਕਰਨ ਵਾਲੀਆਂ ਕੁਝ ਗੱਲਾਂ ਹਨ। ਇਕ: ਨਿੱਕੀ ਉਮਰ ਦਾ ਬੰਦਾ ਮਰਨ ਨੂੰ ਤਿਆਰ ਹੈ। ਦੋ: ਉਹ ਕੇਸਾਂ ਦੀ ਰਾਖੀ ਹਿੱਤ ਮਰ ਰਿਹਾ ਹੈ ਜੋ ਉਸ ਦੀ ਬੁੱਧ ਅਨੁਸਾਰ ਤੁੱਛ ਵਸਤ ਹੈ। ਤਿੰਨ: ਏਨੇ ਦਰਦ-ਤਸੀਹਿਆਂ ਦੇ ਬਾਵਜੂਦ ਮਰਨ ਵਾਲੇ ਦੇ ਚਿਹਰੇ 'ਤੇ ਕੋਈ ਉਦਾਸੀ, ਸ਼ਿਕਨ, ਪਛਤਾਵੇ ਦਾ ਚਿੰਨ੍ਹ ਨਹੀਂ ਹੈ।

ਸਿਰੋਂ ਗੰਜੇ ਅਤੇ ਲੰਮੇਰੀਆਂ-ਵਿਲਕੀਆਂ ਮੁੱਛਾਂ ਵਾਲੇ ਜੱਲਾਦ ਦੇ ਚਿਹਰੇ ਦੇ ਕਰੂਰ ਹੋਣ ਦਾ ਵੀ ਕਾਰਨ ਹੈ। ਬਿਨ ਮੁਕਾਬਲੇ ਇਕਪਾਸੜ ਕਤਲ ਕਰਨਾ ਇਹਦਾ ਰੋਜ਼ ਦਾ ਕੰਮ ਹੋ ਸਕਦਾ ਹੋਵੇਗਾ। ਆਪਣੇ ਸਰੀਰ ਦੀ ਬਣਤਰ, ਚਿਹਰੇ ਦੀ ਕਰੂਪਤਾ ਨਾਲ ਕੀ ਉਹ ਮਰਨ ਵਾਲੇ ਨੂੰ ਡਰਾ ਰਿਹਾ ਹੈ, ਭਾਵ ਉਸ ਨੂੰ ਆਪਣੇ ਅਕੀਦੇ ਤੋਂ ਹਿਲਾਉਣਾ ਚਾਹੁੰਦਾ ਹੈ?

ਭਾਈ ਤਾਰੂ ਸਿੰਘ ਕਿਸੇ ਨੂੰ ਨਹੀਂ ਦੇਖ ਰਹੇ। ਉਹ ਸਮਾਧੀ 'ਚ ਲੀਨ ਹਨ। ਪੇਂਟਿੰਗ ਵਿਚ ਤੀਜੀ ਧਿਰ ਸਿਪਾਹੀ ਰੂਪ ਵਜੋਂ ਹਾਜ਼ਰ ਹੈ। ਇਹ ਹੁਕਮਰਾਨ ਦਾ ਕਾਰਿੰਦਾ ਹੈ, ਜੋ ਮਾਰਨ ਤੇ ਬਚਾਅ ਵਾਲੇ ਸ਼ਸਤਰਾਂ ਨਾਲ ਲੈਸ ਹੈ। ਇਹੋ ਸ਼ਖਸ ਹੈ ਜਿਸ ਨੇ ਪੂਰੇ ਲੋੜੀਂਦੇ ਵਸਤਰ ਪਹਿਨੇ ਹੋਏ ਹਨ। ਖੁਦ ਕੋਈ ਕੰਮ ਨਹੀਂ ਕਰ ਰਿਹਾ ਸਗੋਂ ਹੋ ਰਹੇ ਕੰਮ ਨੂੰ ਦੇਖ ਪਰਖ ਰਿਹਾ ਹੈ ਤਾਂ ਕਿ ਕਿਤੇ ਢਿੱਲ-ਮੱਠ ਨਾ ਵਰਤੀ ਜਾਵੇ।

ਸਿਰ ਲੋਹ ਟੋਪ ਹੈ। ਗਲ ਸਫੈਦ ਲੰਮੇ ਚੋਲੇ ਨੂੰ ਕਮਰ ਕੋਲੋਂ ਚਮੜੇ ਦੀ ਪੇਟੀ ਨਾਲ ਕੱਸ ਦਿੱਤੀ ਹੋਈ ਹੈ। ਢਾਲ, ਤਲਵਾਰ ਤੋਂ ਇਲਾਵਾ ਸੱਜੇ ਹੱਥ ਬਰਛਾ ਖਾਸਾ ਲੰਮਾ ਹੈ, ਤਾਹੀਓਂ ਉਹ ਚਿੱਤਰ ਆਕਾਰ ਵਿਚ ਨਹੀਂ ਸਮਾ ਰਿਹਾ। ਸਿਰਫ ਸਿਪਾਹੀ ਦੇ ਪੈਰੀਂ ਖੋਸੇ ਹਨ। ਜਿੰਨਾ ਕੁ ਚਿਹਰਾ ਸਪਸ਼ਟ ਹੈ, ਉਹ ਕਿਸੇ ਤਰ੍ਹਾਂ ਵੀ ਤਰਸ-ਪਰੁੱਚਾ, ਨਰਮ ਦਿੱਖ ਵਾਲਾ ਨਹੀਂ। ਉਹ ਹੋ ਵੀ ਨਹੀਂ ਸਕਦਾ ਕਿਉਂਕਿ ਉਹ ਭਾਈ ਤਾਰੂ ਸਿੰਘ ਦੀ ਵਿਰੋਧੀ ਪ੍ਰਕਿਰਤੀ ਦਾ ਹੈ। ਸੁੰਗੜੇ ਮੱਥੇ ਦੀਆਂ ਤਿਊੜੀਆਂ ਅਤੇ ਕੇਂਦ੍ਰਿਤ ਅੱਖਾਂ ਉਸ ਦੇ ਕਸਬ ਅਤੇ ਵਿਹਾਰ ਦਾ ਸਪਸ਼ਟ ਸ਼ੀਸ਼ਾ ਹਨ। ਕਿਰਪਾਲ ਸਿੰਘ ਦੇ ਸਾਰੇ ਪਾਤਰ ਤਗੜੇ ਜੁੱਸੇ ਵਾਲੇ ਹਨ। ਸਰੀਰਕ ਬਲ ਸਮੇਂ ਦੀ ਲੋੜ ਮੰਨ ਸਕਦੇ ਹਾਂ। ਹਰ ਪਾਤਰ ਨੇ ਆਪਣੇ ਬਲ ਨੂੰ ਆਪਣੇ ਚੁਣੇ ਕਰਮ ਖੇਤਰ ਹਿਤ ਵਰਤਿਆ ਹੈ।

ਦਿਖ ਰਹੀ ਤ੍ਰਾਸਦੀ ਦੇ ਇਹੋ ਤਿੰਨ ਮੁੱਖ ਪਾਤਰ ਹਨ। ਕੋਈ ਵੀ ਕਿਸੇ ਨੂੰ ਸੰਕੇਤ ਜਾਂ ਬੋਲ ਕੇ ਆਦੇਸ਼ ਨਹੀਂ ਦੇ ਰਿਹਾ, ਕਿਉਂਕਿ ਜੋ ਕੀਤਾ ਜਾਣਾ ਹੈ, ਉਸ ਦੀ ਰੂਪ ਰੇਖਾ ਪਹਿਲਾਂ ਹੀ ਤੈਅ ਕੀਤੀ ਜਾ ਚੁਕੀ ਹੈ। ਇਹ ਥਾਂ ਤਾਂ ਹੁਕਮ ਨੂੰ ਵਿਹਾਰ ਵਿਚ ਬਦਲਣ ਵਾਲੀ ਥਾਂ ਹੈ। ਸੰਕੇਤ ਮਿਲਦੇ ਹਨ ਇਹ ਜਗ੍ਹਾ ਭੀੜ ਵਾਲੀ ਨਹੀਂ, ਪਰ ਬੇਆਬਾਦ ਵੀ ਨਹੀਂ। ਜੱਲਾਦ ਦੇ ਸੱਜੇ ਪਾਸੇ ਵੱਲ ਦੂਰ ਉਭਰਵੀਂ ਇਮਾਰਤ ਦਿਸਦੀ ਹੈ ਜਿਸ ਦੀ ਬਣਾਵਟ ਮਸਜਿਦ ਵਰਗੀ ਹੈ। ਉਸੇ ਕਤਾਰ ਵਿਚ ਹਲਕੇ ਆਕਾਰਾਂ ਅਤੇ ਰੰਗਾਂ ਵਾਲੀਆਂ ਹੋਰ ਇਮਾਰਤਾਂ ਹਨ। ਮੰਨ ਸਕਦੇ ਹਾਂ ਇਹ ਵਸੋਂ ਬਾਹਰੀ ਥਾਂ ਹੈ।

ਜੱਲਾਦ ਦੇ ਸੱਜੇ ਵੱਲ, ਮਸਜਿਦ ਉਰੇ, ਦੋ-ਤਿੰਨ ਮਨੁੱਖੀ ਆਕਾਰ ਹਨ। ਇਨ੍ਹਾਂ ਦੀ ਸਥਿਤੀ ਵਚਿਤਰ ਹੈ। ਉਹ ਦਰਸ਼ਕ ਹੋਣਾ ਵੀ ਚਾਹੁੰਦੇ ਹਨ ਅਤੇ ਨਹੀਂ ਵੀ। ਨੀਲੇ ਕੱਪੜਿਆਂ ਵਾਲੇ ਮੂਹਰਲੇ ਵਿਅਕਤੀ ਦੀ ਸਰੀਰਕ 'ਪੋਜ਼ੀਸ਼ਨ' ਦੇਖਦਿਆਂ-ਦੇਖਦਿਆਂ ਪਰ੍ਹਾਂ ਜਾਣ ਵਾਲੀ ਹੈ। ਉਹ ਘਟਨਾ ਸਥਲ ਵੱਲ ਵਧ ਨਹੀਂ ਰਿਹਾ ਸਗੋਂ ਓਥੋਂ ਦੂਰ ਰਹਿਣਾ ਪਸੰਦ ਕਰਦਾ ਹੈ। ਸੱਚਮੁੱਚ ਉਸ ਨੂੰ ਜੋ ਦਿਸ ਰਿਹਾ ਹੈ, ਉਹ ਦੇਖਣਯੋਗ ਨਹੀਂ। ਜਗਿਆਸਾਵਸ ਜੋ ਦੇਖਿਆ ਜਾ ਰਿਹਾ, ਸਰੀਰ ਉਸ ਦਾ ਸਾਥ ਨਹੀਂ ਦੇ ਰਿਹਾ। ਲੱਗਦਾ ਹੈ, ਦੋਵੇਂ ਪਾਸਿਓਂ ਉਹ ਮਜਬੂਰ ਹੈ। ਇਸ ਮਜਬੂਰੀ ਦਾ ਡਰ-ਸਹਿਮ ਨਾਲ ਗੂੜ੍ਹਾ ਰਿਸ਼ਤਾ ਹੈ। ਉਹਦੇ ਨਾਲ ਦਿਆਂ ਨੇ ਤਾਂ ਨਿਰਦਾਤਮਕ ਪਿੱਠ ਕਰ ਲਈ ਹੈ।

ਚਿੱਤਰ ਦਾ ਛੋਟਾ ਜਿਹਾ ਰਕਬਾ ਕੁਝ ਹੋਰ ਵੀ ਕਹਿ ਰਿਹਾ ਹੈ। ਜੇ ਵਿਅਕਤੀ ਸਮੂਹ ਦਿੱਤੇ ਜਾ ਰਹੇ ਤਸੀਹੇ ਦੇ ਰੁੱਬ ਕੇ ਦਰਸ਼ਕ ਨਹੀਂ ਬਣਦੇ ਤਾਂ ਜੱਲਾਦ ਵੀ ਮਸਜਿਦ ਪ੍ਰਤੀ ਕੋਈ ਅਦਬ ਨਹੀਂ ਦਿਖਾ ਰਿਹਾ। ਉਸ ਦੀ ਪਿੱਠ ਮਸਜਿਦ ਵੱਲ ਹੈ ਅਤੇ ਲਹੂ ਲਿਬੜਿਆ ਰੰਬਾ ਗੁੰਬਦ ਨੂੰ ਛੂੰਹਦਾ ਪ੍ਰਤੀਤ ਹੁੰਦਾ ਹੈ। ਮਸਜਿਦ ਖੁਦਾ ਦੀ ਇਬਾਦਤ ਦੀ ਜਗ੍ਹਾ ਹੈ ਜਿੱਥੇ ਸੱਚ-ਨਿਆਂ ਦੀ ਗੱਲ ਹੁੰਦੀ ਹੈ। ਕਹਿਣ ਸੁਣਨ ਨੂੰ ਤਾਂ ਸਹੀ ਹੈ, ਪਰ ਦੇਖਣ ਨੂੰ ਅਜਿਹਾ ਨਹੀਂ ਹੋ ਰਿਹਾ। ਮਸਜਿਦ ਦੇ ਸਫੈਦ ਗੁੰਬਦ ਨੂੰ ਲਹੂ ਲਿੱਬੜਿਆ ਰੰਬਾ ਢੱਕ ਰਿਹਾ ਹੈ। ਇਹ ਤਰਕਸੰਗਤ ਪਹੁੰਚ ਸੋਚੀ ਵਿਚਾਰੀ ਹੈ ਜਾਂ ਆਪਹੁਦਰੀ। ਜਿਵੇਂ ਵੀ ਹੋ ਗਿਆ ਹੋਵੇ, ਇਹਦੇ ਨਾਲ ਚਿੱਤਰ ਗਹਿਰਾਈ, ਗੰਭੀਰਤਾ ਵੱਲ ਸਫਰ ਕਰਦਾ ਹੈ।

ਪ੍ਰਸੰਗਾਂ ਨੂੰ ਜਾਣਨ ਵਾਲਾ ਦਰਸ਼ਕ ਇਸ ਨੁਕਤੇ ਨੂੰ ਖੁੰਝਾ ਨਹੀਂ ਸਕਦਾ। ਗੱਲ ਇਥੇ ਹੀ ਨਿਬੜਦੀ ਨਹੀਂ। ਲਹੂ-ਭਿੱਜੇ ਰੰਬੇ ਦੇ ਥੱਲੇ ਦਰਸ਼ਕ ਨਜ਼ਰ ਆਉਂਦੇ ਹਨ; ਭਾਵ ਵਿਸ਼ੇਸ਼ ਹੀ ਨਹੀਂ ਸਾਧਾਰਨ ਲੋਕ। ਰਿਆਇਆ ਪ੍ਰਤੀ ਰਵੱਈਆ ਪਿਆਰ ਭਰਿਆ ਨਹੀਂ ਸਗੋਂ ਦਹਿਸ਼ਤ ਵਾਲਾ ਹੈ। ਕੈਨਵਸ ਆਕਾਰ ਪੱਖੋਂ ਜ਼ਿਆਦਾ ਵੱਡਾ ਨਹੀਂ। ਉਹ ਇਕੋ ਸਾਹੇ ਨਜ਼ਰ ਦੀ ਜ਼ੱਦ ਥੱਲੇ ਆ ਜਾਂਦਾ ਹੈ ਤਾਂ ਵੀ ਇਹਦਾ ਅਰਥ ਇਹ ਨਾ ਲਿਆ ਜਾਵੇ ਕਿ ਚਿੱਤਰ ਦੀ ਥਾਹ ਪਾ ਲਈ ਗਈ ਹੈ। ਇਹ ਅਜਿਹੀ ਪ੍ਰਕਿਰਿਆ ਹੈ, ਜੋ ਨਿਰੰਤਰ ਜਾਰੀ ਰਹਿੰਦੀ ਹੈ।

ਪੇਂਟਿੰਗ ਦੇ ਐਨ ਸੱਜੇ ਵੱਲ ਚਿੱਟੇ ਲਿਬਾਸ 'ਚ ਸਿਪਾਹੀ ਖੜ੍ਹਾ ਹੈ ਤੇ ਐਨ ਖੱਬੇ ਮਸਜਿਦ ਦਾ ਸਫੈਦ ਗੁੰਬਦ ਹੈ। ਚਿੱਟੇ ਰੰਗ ਦੇ ਆਪਣੇ ਅਰਥ ਹਨ ਜਿਸ ਨੂੰ ਪਵਿੱਤਰਤਾ ਵਜੋਂ ਲਿਆ ਜਾਂਦਾ ਹੈ।

ਚਿਤਰਕਾਰ ਕੀ ਬੰਦੇ (ਧਰਮ ਨੂੰ ਮੰਨਣ ਵਾਲੇ) ਅਤੇ ਧਰਮ (ਧਰਮ ਅਸਥਾਨ) ਵਿਚਾਲੇ ਭੇਦ ਕਰ ਰਿਹਾ ਹੈ? ਧਰਮ ਜ਼ੁਲਮ ਦੇ ਪੱਖ ਵਿਚ ਘੱਟ ਹੀ ਖੜ੍ਹਦਾ ਹੈ। ਪਰ ਇਥੇ ਵਿਰੋਧਾਭਾਸ ਇਹ ਹੈ ਕਿ ਧਰਮ, ਸ਼ਾਸਨ ਅਤੇ ਜ਼ੁਲਮ ਆਪਸ ਵਿਚ ਇਕਮਿਕ ਹੋਏ ਹਨ। ਵਿਰੋਧੀ ਸੁਰ ਦੂਰ ਦੂਰ ਤਕ ਨਹੀਂ। ਇਹ ਚਿੱਤਰ ਸਾਡਾ ਧਿਆਨ ਉਸ ਚਿੱਤਰ ਵਲ ਵੀ ਲਿਜਾਂਦਾ ਹੈ ਜੋ ਇਸੇ ਚਿਤਰਕਾਰ ਨੇ ਪੇਂਟ ਕੀਤਾ ਹੈ। ਹਕੂਮਤ ਵਲੋਂ ਭਾਈ ਮਨੀ ਸਿੰਘ ਦੇ ਬੰਦ-ਬੰਦ ਕੱਟਣ ਦਾ ਹੁਕਮ ਜਾਰੀ ਹੁੰਦਾ ਹੈ। ਉਥੇ ਜੱਲਾਦ, ਭਾਈ ਸਾਹਿਬ ਦੇ ਐਨ ਕਰੀਬ ਆਪਣਾ ਕੰਮ ਸ਼ੁਰੂ ਕਰਨ ਲਈ ਬੈਠਾ ਹੈ। ਜਾਹਰ ਹੈ, ਜਿਵੇਂ-ਜਿਵੇਂ ਸਮਾਂ ਬੀਤੇਗਾ ਆਲੇ-ਦੁਆਲੇ ਲਹੂ, ਮਿੱਝ ਹੱਡ-ਮਾਸ ਦਾ ਖਿਲਾਰ ਪੈਣ ਲੱਗੇਗਾ। ਭੈਅਭੀਤ ਕਰਨ ਵਾਲਾ ਦ੍ਰਿਸ਼ ਹਾਲੇ ਉਦੈ ਹੋਣਾ ਹੈ।

ਬੋਟੀ-ਬੋਟੀ ਸਰੀਰ ਦਾ ਕੀ ਬਣੇਗਾ? ਆਉਣ-ਜਾਣ ਵਾਲੇ ਬੇਖਬਰ ਹਨ। ਦੂਜੀ ਕਲਾ ਰਚਨਾ ਵਿਚ ਹੌਲਨਾਕ ਮੰਜ਼ਰ ਪੇਸ਼ ਹੈ। ਲੋਕ ਸਮੂਹ ਭਾਈ ਤਾਰੂ ਸਿੰਘ ਦੇ ਸਿਰ ਨਾਲੋਂ ਵੱਖ ਕੀਤੀ ਖੋਪੜੀ ਨੂੰ ਦੇਖ ਕੇ ਵੀ ਉਸ ਨੂੰ ਅਣਦੇਖਿਆ ਕਰਨਾ ਚਾਹੁੰਦੇ ਹਨ।

ਦੋਵੇਂ ਸਿੱਖ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ ਸਨ। ਐਪਰ ਚਿਤਰਕਾਰ ਦੋਹਾਂ ਵਾਸਤੇ ਇਕੋ ਜਿਹੀ ਵਸਤੂ ਸਥਿਤੀ ਨੂੰ ਆਪਣੇ ਚਿੱਤਰਾਂ ਦਾ ਆਧਾਰ ਨਹੀਂ ਬਣਾ ਰਿਹਾ। ਇਕ ਜਗ੍ਹਾ ਤਸੀਹੇ ਸ਼ੁਰੂ ਕਰਨ ਤੋਂ ਪਹਿਲਾਂ ਦਾ ਦ੍ਰਿਸ਼ ਚਿੱਤਰਨ ਹੈ, ਜਦੋਂਕਿ ਦੂਸਰੀ ਥਾਏਂ ਭਾਈ ਤਾਰੂ ਸਿੰਘ ਨੂੰ ਸ਼ਹੀਦ ਕਰ ਦੇਣ ਉਪਰੰਤ ਦਾ ਹੈ। ਸੰਨ 1762 ਵਿਚ ਭੰਗੀ ਮਿਸਲ ਦੇ ਸਿੰਘ ਸਰਦਾਰ ਨੇ ਅਬਦੁਲ ਖਾਨ ਮਸਜਿਦ ਦੇ ਕੋਲ, ਜਿਥੇ ਭਾਈ ਤਾਰੂ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ, ਸ਼ਹੀਦ ਗੰਜ ਗੁਰਦੁਆਰਾ ਉਸਾਰਿਆ ਗਿਆ, ਜੋ ਹੁਣ ਵੀ ਕਾਇਮ ਹੈ।

# ਯਮਲੇ ਜੱਟ ਦੀ ਤੂੰਬੀ

## ਕਲਾ ਪਰਿਕਰਮਾ

ਉਚੇ ਤੇ ਸੁੱਚੇ ਬੋਲਾਂ ਦੇ ਲਿਖਾਰੀ, ਸੁਰਾਂ ਦੇ ਸੋਝੀਵਾਨ, ਲੋਕ ਸਾਜ਼ ਤੂੰਬੀ ਦੇ ਕਾਢੀ ਯਮਲੇ ਜੱਟ ਨੇ ਪੰਜਾਬੀ ਲੋਕ ਗਾਇਕੀ ਵਿਚ ਆਪਣੀ ਨਿਵੇਕਲੀ ਪਛਾਣ ਬਣਾ ਕੇ ਸਰੋਤਿਆਂ 'ਤੇ ਅਮਿੱਟ ਛਾਪ ਛੱਡੀ ਹੈ। ਉਸ ਨੇ ਆਪਣੀ ਗਾਇਕੀ ਦਾ ਸਫਰ ਪਰੰਪਰਿਕ ਗਾਇਕੀ ਤੋਂ ਸ਼ੁਰੂ ਕਰਕੇ ਆਧੁਨਿਕ ਗਾਇਕੀ ਤਕ ਸਫਲਤਾ ਪੂਰਵਕ ਪੂਰਾ ਕੀਤਾ ਹੈ। ਉਸ ਨੇ ਆਪਣੀ ਵੱਖਰੀ ਲੀਹ ਪਾਈ ਅਤੇ ਵੱਖਰਾ ਪੰਥ ਸਥਾਪਿਤ ਕੀਤਾ, ਜਿਸ 'ਤੇ ਉਸ ਦੇ ਅਨੁਯਾਈ ਅੱਜ ਵੀ ਚੱਲ ਰਹੇ ਹਨ। ਇਹ ਯਮਲਾ ਜੱਟ ਹੀ ਹੈ ਜਿਸ ਨੂੰ ਗਾਇਕੀ ਖੇਤਰ ਵਿਚ 'ਉਸਤਾਦ ਜੀ' ਦਾ ਦਰਜਾ ਹਾਸਲ ਹੋਇਆ ਹੈ।

**ਹਰਦਿਆਲ ਸਿੰਘ ਥੂਹੀ**

ਯਮਲਾ ਜੱਟ ਦਾ ਜਨਮ 1910 ਵਿਚ ਸਾਂਝੇ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੀ ਤਹਿਸੀਲ ਟੋਭਾ ਟੇਕ ਸਿੰਘ ਦੇ ਪਿੰਡ 284 ਈਸਪੁਰ ਵਿਖੇ ਪਿਤਾ ਖੇੜਾ ਰਾਮ ਤੇ ਮਾਤਾ ਹਰਨਾਮ ਕੌਰ ਦੇ ਘਰ ਹੋਇਆ। ਲਾਲ ਚੰਦ ਦਾ ਪਰਿਵਾਰ ਰਾਜਪੂਤਾਂ ਦੀ ਚੰਝੋਤਰਾ ਵੰਸ਼ ਵਿਚੋਂ ਸੀ। ਉਸ ਨੂੰ ਸੰਗੀਤ ਦੀ ਦਾਤ ਵਿਰਸੇ ਵਿਚ ਮਿਲੀ। ਪਿਤਾ ਖੇੜਾ ਰਾਮ ਗਾਉਂਦਾ ਸੀ ਅਤੇ ਦਾਦਾ ਝੰਡਾ ਰਾਮ ਵੰਝਲੀ ਬਹੁਤ ਵਧੀਆ ਵਜਾਉਂਦਾ ਸੀ। ਪਿਤਾ ਜਵਾਨੀ ਪਹਿਰੇ ਹੀ ਰਾਸਧਾਰੀਆਂ ਦੀ ਮੰਡਲੀ ਨਾਲ ਚਲੇ ਗਏ ਅਤੇ ਵਾਪਸ ਨਹੀਂ ਆਏ। ਪਿਤਾ ਦੇ ਜਾਣ ਤੋਂ ਬਾਅਦ ਮਾਂ ਲਾਲ ਚੰਦ ਨੂੰ ਨਾਨਕੇ ਲਾਇਲਪੁਰ ਲੈ ਆਈ। ਇਥੇ ਨਾਨਾ ਗੂੜ੍ਹਾ ਰਾਮ ਦੀ ਸਰਪ੍ਰਸਤੀ ਵਿਚ ਬਚਪਨ ਤੋਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਿਆ।



ਫਿਰ ਉਨ੍ਹਾਂ ਲਾਇਲਪੁਰ ਦੇ ਰਾਗੀ ਚੌਧਰੀ ਮਜੀਦ ਦੀ ਸੰਗਤ ਕਰਕੇ ਪੁਰਾਤਨ ਭਾਰਤੀ ਰਾਗ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਨਾਲ ਹੀ ਢੋਲਕ, ਥਾਲੀ, ਅਲਗੋਜ਼ਾ, ਚਿੰਕਾਰਾ, ਸਾਰੰਗੀ, ਢੱਡ, ਸਾਰੰਗਾ ਆਦਿ ਸਾਜ਼ਾਂ ਦੀ ਮੁਹਾਰਤ ਹਾਸਲ ਕੀਤੀ। ਸਤਾਰਾਂ ਕੁ ਸਾਲ ਦੀ ਉਮਰ ਵਿਚ ਇੰਨਾ ਕੁੱਝ ਸਿੱਖਣ ਤੋਂ ਬਾਅਦ ਵੀ ਉਸ ਨੂੰ ਆਪਣਾ ਆਪ ਅਧੂਰਾ ਲੱਗਦਾ ਸੀ। ਇਸ ਲਈ ਸੂਦਕਾਂ ਦੇ ਨੰਗਲ ਸਿਆਲਕੋਟ ਦੇ ਪੰਡਤ ਸਾਹਿਬ ਦਿਆਲ ਦੇ ਚਰਨੀਂ ਜਾ ਪਿਆ। ਗੁਰੂ ਨੇ ਚੁੱਕ ਕੇ ਹਿੱਕ ਨਾਲ ਲਾਇਆ ਅਤੇ ਥਾਪੜਾ ਦੇ ਦਿੱਤਾ। ਗੁਰੂ ਦੀ ਸਿੱਖਿਆ ਅਤੇ ਆਸ਼ੀਰਵਾਦ ਤੇ ਆਪਣੀ ਮਿਹਨਤ, ਲਗਨ ਤੇ ਸਿਰੜ ਸਦਕਾ ਲਾਲ ਚੰਦ ਜਲਦੀ ਹੀ ਚੰਗਾ ਗਵੱਈਆ ਬਣ ਗਿਆ। ਪੂਰਨ ਭਗਤ, ਜੈਮਲ ਫੱਤਾ, ਰਾਜਾ ਰਸਾਲੂ, ਸੱਸੀ ਆਦਿ ਬਹੁਤ ਸਾਰੀਆਂ ਪਰੰਪਰਿਕ ਗਾਥਾਵਾਂ ਕੰਠ ਕੀਤੀਆਂ। ਲੰਬਾ ਸਮਾਂ ਓਧਰਲੇ ਪੰਜਾਬ ਵਿਚ ਇਹ ਸਭ ਕੁਝ ਗਾਇਆ ਅਤੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ।

ਸੰਤਾਲੀ ਦੀ ਦੇਸ਼ ਵੰਡ ਨੇ ਲਾਲ ਚੰਦ ਨੂੰ ਆਪਣੀ ਜਨਮ ਭੂਮੀ ਛੱਡਣ ਲਈ ਮਜਬੂਰ ਕਰ ਦਿੱਤਾ। ਉਹ ਪਰਿਵਾਰ ਸਮੇਤ ਲੁਧਿਆਣੇ ਆ ਗਿਆ। ਇਥੇ ਰੇਲਵੇ ਸ਼ੈਡ ਦੇ ਨੇੜੇ ਚਾਂਦੀ ਵੱਢਾਂ ਦੇ ਖੂਹ 'ਤੇ ਖੇਤੀਬਾੜੀ ਦਾ ਕੰਮ ਸ਼ੁਰੂ ਕੀਤਾ। ਫਿਰ ਕਲਗੀਧਰ ਸਕੂਲ ਦੇ ਨੇੜੇ ਬਗ਼ੀਚੀ ਵਿਚ ਮਾਲੀ ਵਜੋਂ ਕੰਮ ਆਰੰਭ ਕੀਤਾ। 1948 ਦੀ ਇਕ ਸ਼ਾਮ ਦਿਨ ਦੇ ਕੰਮ ਤੋਂ ਵਿਹਲੇ ਹੋ ਕੇ ਦਰਦ ਭਰੀ ਆਵਾਜ਼ ਵਿਚ ਸੱਸੀ ਗਾ ਰਿਹਾ ਸੀ ਕਿ ਨੇੜਲੇ ਚੁਬਾਰੇ ਵਿਚ ਬੈਠੇ ਕਵੀ ਸੁੰਦਰ ਦਾਸ 'ਆਸੀ' ਦੇ ਕੰਨੀਂ ਇਹ ਬੋਲ ਜਾ ਪਏ। ਉਹ ਚੁਬਾਰਿਓਂ ਉਤਰ ਕੇ ਬਗ਼ੀਚੀ ਵਿਚ ਆ ਗਏ। ਕਵੀ ਤੇ ਗਾਇਕ ਦਾ ਮੇਲ ਹੋ ਗਿਆ। ਲਾਲ ਚੰਦ ਭਾਵੇਂ ਪਹਿਲਾਂ ਤੁਕਬੰਦੀ ਕਰ ਲੈਂਦਾ ਸੀ, ਪਰ ਹੁਣ ਉਸ ਨੇ ਬਕਾਇਦਾ ਆਸੀ ਨੂੰ ਗੁਰੂ ਧਾਰ ਕੇ ਗੀਤਕਾਰੀ ਦੇ ਗੁਰ ਸਿੱਖਣੇ ਸ਼ੁਰੂ ਕਰ ਦਿੱਤੇ। ਆਸੀ ਨੇ ਉਸ ਦੀ ਫੱਕਰ ਤਬੀਅਤ ਨੂੰ ਦੇਖ ਕੇ ਉਸਨੂੰ 'ਯਮਲਾ ਜੱਟ' ਉਪਨਾਮ ਦੇ ਦਿੱਤਾ। 1949 ਵਿਚ ਯਮਲਾ ਜੱਟ ਨੇ ਪਹਿਲਾ ਗੀਤ ਲਿਖਿਆ।

ਬਾਅਦ ਵਿਚ ਇਸ ਪਰਿਵਾਰ ਨੂੰ ਜਵਾਹਰ ਨਗਰ ਵਿਖੇ ਪੱਕੇ ਤੌਰ 'ਤੇ ਜਗ੍ਹਾ ਅਲਾਟ ਹੋ ਗਈ। ਇਥੇ ਹੀ ਲਾਲ ਚੰਦ ਨੇ ਆਪਣਾ ਆਲ੍ਹਣਾ ਬਣਾਇਆ। ਨਾਂ ਪੈ ਗਿਆ ਯਮਲੇ ਜੱਟ ਦਾ ਡੇਰਾ। ਆਕਾਸ਼ਬਾਣੀ 'ਤੇ ਲਾਲ ਚੰਦ ਦੀ ਗਾਇਕੀ ਦਾ ਅਰੰਭ 1950 ਤੋਂ ਹੋਇਆ। 1953-54 ਵਿਚ ਨਾਮੀ ਰਿਕਾਰਡਿੰਗ ਕੰਪਨੀ ਹਿਜ਼ ਮਾਸਟਰਜ਼ ਵਾਇਸ (ਐਚ.ਐਮ.ਵੀ.) ਨੇ ਉਸ ਦੀ ਆਵਾਜ਼ ਨੂੰ ਕਾਲੇ ਤਵਿਆਂ ਵਿਚ ਭਰਿਆ ਜੋ ਲਾਊਡ ਸਪੀਕਰਾਂ ਰਾਹੀਂ ਪਿੰਡਾਂ ਦੇ ਬਨੇਰਿਆਂ 'ਤੇ ਵੱਜ ਕੇ ਘਰ ਘਰ ਪਹੁੰਚੀ। ਪਹਿਲੇ ਤਵੇ ਦੇ ਬੋਲ ਸਨ:

ਪਹਿਲਾ ਝੂਟਾ ਪੀਂਘ ਦਾ ਜਾ ਹੀਰ ਝੁਟਾਇਆ।
ਯਾਰੋ ਤੱਕਿਆ ਆਪਣੀ ਸੇਜ ਤੇ ਕੋਈ ਮਰਦ ਪਰਾਇਆ।

ਇਸ ਕੰਪਨੀ ਵਲੋਂ ਸੈਂਕੜਿਆਂ ਦੀ ਗਿਣਤੀ ਵਿਚ ਯਮਲਾ ਜੱਟ ਦੀ ਆਵਾਜ਼ ਵਿਚ ਤਵੇ ਰਿਕਾਰਡ ਕੀਤੇ ਗਏ। ਦੂਰਦਰਸ਼ਨ ਕੇਂਦਰ ਦਿੱਲੀ ਅਤੇ ਬਾਅਦ ਵਿਚ ਜਲੰਧਰ ਲਗਾਤਾਰ ਯਮਲਾ ਜੱਟ ਦੀ ਗਾਇਕੀ ਨੂੰ ਲੋਕਾਂ ਤਕ ਪਹੁੰਚਾਉਂਦਾ ਰਿਹਾ ਹੈ। ਉਸ ਦੀ ਗਾਇਕੀ ਨੂੰ ਵਿਸ਼ੇ ਪੱਖੋਂ ਅਸੀਂ ਚਾਰ ਭਾਗਾਂ ਵਿਚ ਵੰਡ ਸਕਦੇ ਹਾਂ ਜਿਸ ਵਿਚ ਧਾਰਮਿਕ ਗੀਤ, ਲੋਕ ਗਾਥਾਵਾਂ, ਸਮਾਜਿਕ ਗੀਤ ਤੇ ਦੋਗਾਣੇ ਹਨ। ਉਸ ਦੀ ਆਵਾਜ਼ ਵਿਚ ਅਣਗਿਣਤ ਧਾਰਮਿਕ ਗੀਤ ਰਿਕਾਰਡ ਹੋਏ ਮਿਲਦੇ ਹਨ ਜੋ ਜ਼ਿਆਦਾਤਰ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਿਤ ਹਨ, ਖਾਸ ਕਰਕੇ ਗੁਰੂ ਨਾਨਕ ਦੇਵ ਜੀ ਨਾਲ। ਪਿੰਡਾਂ ਵਿਚ ਕਿਸੇ ਦੇ ਮੰਗਣੇ ਜਾਂ ਵਿਆਹ ਦੀ ਖੁਸ਼ੀ 'ਤੇ ਲਾਏ ਸਪੀਕਰ ਤੋਂ ਸਭ ਤੋਂ ਪਹਿਲਾਂ ਯਮਲਾ ਜੱਟ ਦਾ 'ਸਤਗੁਰ ਨਾਨਕ ਤੇਰੀ ਲੀਲਾ ਨਿਆਰੀ ਐ' ਤਵਾ ਹੀ ਵੱਜਦਾ। ਇਸ ਤੋਂ ਇਲਾਵਾ 'ਸਤਗੁਰ ਨਾਨਕ ਆ ਜਾ', 'ਚਾਂਦੀ ਦੀਆਂ ਛਿੱਲੜਾਂ ਕੀ ਵੀਹ ਨਕਾਰੀਆਂ', 'ਅਹੁ ਆ ਗਿਆ ਜੇ ਕਾਲੂ ਦਾ ਦੁਲਾਰਾ', 'ਨਾਨਕੀ ਦਾ ਵੀਰ ਸਈਓ ਹੋ ਗਿਆ ਫਕੀਰ' ਆਦਿ ਪ੍ਰਸਿਧ ਗੀਤ ਹਨ।

ਲਾਲ ਚੰਦ ਨੌਂ ਸਾਲ ਦੀ ਉਮਰ ਵਿਚ ਕੋਠੇ ਵਾਲੀ ਖੁਰਸ਼ੈਦਾ ਬਾਈ ਦੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਉਸ ਦੀ ਭਾਲ ਵਿਚ ਤੁਰ ਪਿਆ। ਗਲੀਆਂ ਬਾਜ਼ਾਰਾਂ ਵਿਚ ਗਾਉਂਦਾ ਹੋਇਆ ਭੌਂਦਾ ਫਿਰਦਾ ਸੀ। ਕਿਸੇ ਗਲੀ ਵਿਚ ਇਕ ਬੁੱਢੀ ਮਾਈ ਨੇ ਵਰਚਾ ਕੇ ਆਪਣੇ ਕੋਲ ਬਿਠਾ ਲਿਆ। ਨਿੱਕੇ ਜਿਹੇ ਬਾਲ ਮੂੰਹੋਂ ਮਾਹੀਆ, ਟੱਪੇ ਆਦਿ ਸੁਣੇ। ਕੁਝ ਪੈਸੇ ਦੇ ਕੇ ਇਸ ਕਿਸਮ ਦੇ ਮੁਹੱਲਿਆਂ ਵਿਚ ਆਉਣ ਤੋਂ ਵਰਜ ਕੇ ਘਰ ਨੂੰ ਤੋਰਿਆ। ਫਿਰ ਉਸ ਨੇ ਜਾਂਗਲੀ ਲੋਕਾਂ ਨਾਲ ਵਿਚਰਦਿਆਂ ਤੇ ਕੰਮ ਕਾਰ ਕਰਦਿਆਂ ਦੋਹੜੇ, ਢੋਲੇ, ਮਾਹੀਏ ਸੁਣੇ, ਸਿੱਖੇ ਅਤੇ ਗੁਣਗੁਣਾਉਣੇ ਸ਼ੁਰੂ ਕਰ ਦਿੱਤੇ। ਪਿੱਤਲ ਦੀ ਕੌਲੀ ਵਿਚ ਛੋਟਾ ਡੰਡਾ ਫਸਾ ਕੇ ਇਕ ਤਾਰੇ ਦਾ ਛੋਟਾ ਰੂਪ ਤੂੰਬੀ ਬਣਾਈ।

ਯਮਲਾ ਜੱਟ ਦੀ ਗਾਇਕੀ ਦਾ ਆਰੰਭ ਲੋਕ ਗਾਥਾਵਾਂ ਤੋਂ ਹੀ ਹੋਇਆ। ਪਹਿਲਾਂ ਪਹਿਲ ਉਸ ਨੇ ਪਰੰਪਰਿਕ ਲੋਕ ਗਾਥਾਵਾਂ ਗਾਵੀਆਂ ਅਤੇ ਆਪਣੀ ਪਛਾਣ ਬਣਾਈ। ਲੋਕ ਗਾਥਾਵਾਂ ਨਾਲ ਸਬੰਧਿਤ ਉਸ ਦੇ ਅਨੇਕਾਂ ਰਿਕਾਰਡ ਗੀਤ ਹਨ। ਇਨ੍ਹਾਂ ਵਿਚ ਪੂਰਨ ਭਗਤ, ਢੋਲ ਸੰਮੀ, ਜੈਮਲ ਫੱਤਾ, ਹੀਰ, ਸੋਹਣੀ, ਸੱਸੀ ਆਦਿ ਸ਼ਾਮਲ ਹਨ। 'ਪੂਰਨ ਭਗਤ' ਦੀ ਗਾਥਾ ਕਰੁਣਾ ਰਸ ਦੀ ਉਤਮ ਉਦਾਹਰਨ ਹੈ। ਇੰਜ ਯਮਲੇ ਨੇ ਆਧੁਨਿਕ ਗੀਤਾਂ ਦੇ ਨਾਲ ਪਰੰਪਰਿਕ ਗਾਥਾਵਾਂ ਨੂੰ ਵੀ ਰਿਕਾਰਡ ਕਰਵਾ ਕੇ ਬਰਾਬਰ ਦਾ ਮਾਣ ਦਿੱਤਾ ਹੈ।

ਉਸ ਦੇ ਸਮਾਜਿਕ ਗੀਤਾਂ ਵਿਚ ਸਦਾਚਾਰਕ, ਦੇਸ਼ ਪਿਆਰ ਅਤੇ ਇਸ਼ਕ ਮਿਜ਼ਾਜੀ ਨਾਲ ਸਬੰਧਿਤ ਗੀਤ ਸ਼ਾਮਲ ਹਨ। ਸਦਾਚਾਰਕ ਗੀਤਾਂ ਵਿਚ ਉਸ ਨੇ ਉਪਦੇਸ਼ਾਤਮਕ ਸ਼ੈਲੀ ਵਿਚ ਲੋਕ ਤੱਥਾਂ ਰਾਹੀਂ ਆਪਣੀ ਗੱਲ ਕਹੀ ਹੈ। 'ਕਹਿੰਦੇ ਨੇ ਸਿਆਣੇ ਗੱਲਾਂ ਸੱਚੀਆਂ ਜ਼ੁਬਾਨੀ', 'ਜੰਗਲ ਦੇ ਵਿਚ ਖੂਹਾ ਲੁਆ ਦੇ', 'ਚਿੱਟਾ ਹੋ ਗਿਆ ਲਹੂ ਭਰਾਵੋ' ਆਦਿ ਇਸ ਵੰਨਗੀ ਦੇ ਗੀਤ ਹਨ।

ਦੇਸ਼ ਪਿਆਰ ਦੇ ਗੀਤਾਂ ਵਿਚ ਦੇਸ਼ ਵਾਸੀਆਂ ਨੂੰ ਹਲੂਣਾ ਦਿੱਤਾ ਗਿਆ ਹੈ। ਅਜਿਹੇ ਗੀਤਾਂ ਵਿਚ 'ਭਾਰਤ ਮਾਂ ਦੇ ਸ਼ੇਰ ਜਵਾਨੋ', 'ਜਵਾਨੋ ਜ਼ਿੰਦਗੀ ਵਾਰੋ', 'ਆਜ਼ਾਦੀ ਮੁੱਲ ਮੰਗਦੀ ਏ', 'ਦੇਸ ਵਾਸੀਓ ਬਚਾ ਲਓ ਨਾਵਾਂ', 'ਰਹੋ ਸਲਾਮਤ ਅਮਰ ਸ਼ਹੀਦੋ' ਆਦਿ ਸ਼ਾਮਲ ਹਨ। ਇਸ਼ਕ ਮਿਜ਼ਾਜੀ ਵਾਲੇ ਗੀਤਾਂ ਵਿਚ ਸੱਜਣ ਦੀ ਚਾਹਤ, ਗਿਲੇ ਸ਼ਿਕਵੇ, ਵਿਛੋੜੇ ਦੀ ਹੂਕ, ਵਸਲ ਦੀ ਤਾਂਘ ਆਦਿ ਸਮਾਏ ਹੋਏ ਹਨ। ਇਨ੍ਹਾਂ ਵਿਚ 'ਜਵਾਨੀ ਮੇਰੀ ਰਾਂਗਲੀ 'ਚੋਂ ਉਡੀਂ ਜਾਵੇ ਨੂਰ ਵੇ', 'ਕੁਝ ਬੋਲ ਤੂੰ ਬਨੇਰੇ ਉਤੋਂ ਕਾਵਾਂ', 'ਸਾਡੇ ਪਿਆਰ ਦਾ ਤੂੰ ਕੀ ਏ ਮੁੱਲ ਪਾਇਆ', 'ਮੈਂ ਤੇਰੀ ਤੂੰ ਮੇਰਾ ਛੱਡ ਨਾ ਜਾਵੀਂ ਵੇ', 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਆਦਿ ਸ਼ਾਮਲ ਹਨ। ਉਸ ਦੀ ਆਵਾਜ਼ ਵਿਚ ਦੋਗਾਣੇ ਵੀ ਰਿਕਾਰਡ ਹੋਏ ਮਿਲਦੇ ਹਨ। ਭਾਵੇਂ ਇਨ੍ਹਾਂ ਗੀਤਾਂ ਦੀ ਗਿਣਤੀ ਥੋੜ੍ਹੀ ਹੈ। ਇਨ੍ਹਾਂ ਵਿਚ ਉਸ ਦਾ ਸਾਥ ਗਾਇਕਾ ਮਹਿੰਦਰਜੀਤ ਸੇਖੋਂ ਨੇ ਨਿਭਾਇਆ ਹੈ। ਇਨ੍ਹਾਂ ਵਿਚ ਪਤੀ ਪਤਨੀ ਦੀ ਨੋਕਝੋਕ ਤੋਂ ਇਲਾਵਾ ਜੱਗ ਤੇ ਰੱਬ ਦੀ ਗੱਲ ਕੀਤੀ ਗਈ ਹੈ। ਇਹ ਸਭ ਗੱਲਾਂ ਲੋਕ ਚਿੰਨ੍ਹਾਂ ਰਾਹੀਂ ਕੀਤੀਆਂ ਗਈਆਂ ਹਨ।

1930 ਵਿਚ ਪਿੰਡ 42 ਚੱਕ ਜ਼ਿਲ੍ਹਾ ਮੁਲਤਾਨ ਦੇ ਕਰਮ ਚੰਦ ਦੀ ਪੁੱਤਰੀ ਰਾਮ ਰੱਖੀ ਯਮਲੇ ਜੱਟ ਦੀ ਜੀਵਨ ਸਾਥਣ ਬਣੀ। 1947 ਤਕ ਕੋਈ ਔਲਾਦ ਨਾ ਬਚੀ। ਬਾਅਦ ਵਿਚ ਪੰਜ ਪੁੱਤਰ ਅਤੇ ਦੋ ਧੀਆਂ ਜਨਮੀਆਂ। ਪੁੱਤਰਾਂ ਵਿਚ ਕਰਤਾਰ ਚੰਦ ਸਭ ਤੋਂ ਵੱਡਾ ਹੈ। ਉਸ ਤੋਂ ਛੋਟੇ ਜਸਵਿੰਦਰ, ਜਗਵਿੰਦਰ, ਜਸਦੇਵ ਤੇ ਜਗਦੀਸ਼ ਹੋਏ। ਸਾਰੇ ਕਿਸੇ ਨਾ ਕਿਸੇ ਰੂਪ ਵਿਚ ਕਲਾ ਨਾਲ ਜੁੜੇ ਰਹੇ। ਇਨ੍ਹਾਂ ਵਿਚੋਂ ਹੁਣ ਵੱਡਾ ਕਰਤਾਰ ਚੰਦ ਹੀ ਜੀਵਤ ਹੈ। ਉਸ ਦੇ ਪੋਤਰੇ ਸੁਰੇਸ਼ ਯਮਲਾ ਅਤੇ ਵਿਜੈ ਯਮਲਾ ਵੀ ਸੰਗੀਤ ਨਾਲ ਜੁੜੇ ਹੋਏ ਹਨ।


ਯਮਲੇ ਨੇ ਆਪਣੇ ਡੇਰੇ ਜਵਾਹਰ ਨਗਰ ਵਿਖੇ 15 ਹਾੜ੍ਹ 1954 ਨੂੰ ਪੀਰ ਕਟੋਰੇ ਸ਼ਾਹ ਦੀ ਯਾਦ ਵਿਚ ਮੇਲਾ ਲਾਉਣਾ ਸ਼ੁਰੂ ਕੀਤਾ ਸੀ ਜੋ ਹਰ ਸਾਲ ਲਾਇਆ ਜਾਂਦਾ ਸੀ। ਇਥੇ ਉਸ ਦੀ ਗਾਇਕੀ ਨਾਲ ਮੋਹ ਰੱਖਣ ਵਾਲੇ ਹਾਜ਼ਰੀ ਭਰਦੇ ਸਨ। ਇਸੇ ਮੇਲੇ 'ਤੇ 1957 ਤੋਂ ਸ਼ਾਗਿਰਦੀ ਪ੍ਰਥਾ ਦਾ ਆਰੰਭ ਹੋਇਆ। ਸੈਂਕੜਿਆਂ ਦੀ ਗਿਣਤੀ ਵਿਚ ਸ਼ਾਗਿਰਦਾਂ ਨੇ ਯਮਲਾ ਜੱਟ ਤੋਂ ਗਾਇਕੀ ਦੀ ਦੀਖਿਆ ਲਈ।

ਯਮਲੇ ਜੱਟ ਨੇ ਗਾਇਕੀ ਦੇ ਨਾਲ ਨਾਲ ਪੰਜਾਬੀ ਗੀਤਕਾਰੀ ਦੇ ਖੇਤਰ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ। ਉਸ ਨੇ ਸੈਂਕੜੇ ਗੀਤ ਲਿਖੇ ਅਤੇ ਰਿਕਾਰਡ ਕਰਵਾਏ। 1966 ਵਿਚ ਪ੍ਰੋ. ਕ੍ਰਿਪਾਲ ਸਿੰਘ ਕਸੇਲ ਨੇ ਇਨ੍ਹਾਂ ਗੀਤਾਂ ਨੂੰ ਸੰਪਾਦਤ ਕਰਕੇ 'ਤੂੰਬੀ ਦੀ ਤਾਰ' ਨਾਂ ਦੀ ਕਿਤਾਬ ਛਪਵਾਈ। ਇਸੇ ਤਰ੍ਹਾਂ 1980 ਵਿਚ ਉਨ੍ਹਾਂ ਨੇ 'ਤੂੰਬੀ ਦੀ ਪੁਕਾਰ' ਨਾਂ ਦੀ ਕਿਤਾਬ ਦਾ ਸੰਪਾਦਨ ਕੀਤਾ। ਇਨ੍ਹਾਂ ਤੋਂ ਇਲਾਵਾ ਸੈਂਕੜੇ ਗੀਤ ਅਣਛਪੇ ਹਨ। 1990 ਦੀ ਰਾਤ ਨੂੰ ਘਰ ਵਿਚ ਹੀ ਡਿੱਗਣ ਕਾਰਨ ਉਸ ਦਾ ਚੂਲਾ ਉਤਰ ਗਿਆ। ਕਈ ਮਹੀਨੇ ਹਸਪਤਾਲ 'ਚ ਲੱਤ ਨੂੰ ਖਿੱਚ ਪਾਈ ਰੱਖੀ। ਅਕਤੂਬਰ 1991 ਨੂੰ ਪੰਜਾਬੀ ਭਵਨ ਵਿਖੇ ਲੱਗੇ ਮੇਲੇ ਵਿਚ ਬੰਨ੍ਹੀ ਲੱਤ ਨਾਲ ਕੁਰਸੀ 'ਤੇ ਬੈਠ ਕੇ ਹਾਜ਼ਰੀ ਭਰੀ ਤੇ ਲੋਕਾਂ ਦੀ ਫਰਮਾਇਸ਼ 'ਤੇ ਦੋ ਗੀਤ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਤੇ 'ਵਿਸਕੀ ਦੀ ਬੋਤਲ ਵਰਗੀ' ਸੁਣਾਏ, ਜਿਥੇ ਹਜ਼ਾਰਾਂ ਲੋਕਾਂ ਨੇ ਆਖਰੀ ਵਾਰ ਉਸ ਨੂੰ ਸੁਣਿਆ। 20 ਦਸੰਬਰ 1991 ਨੂੰ ਕਲਾ ਦੇ ਇਸ ਮੁਜੱਸਮੇ ਨੇ ਆਖਰੀ ਸਾਹ ਲਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਜਨਵਰੀ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-360



**ਸਾਧ ਕੇ ਸਰੀਰ ਕੈਸੀ ਕਲਾ ਦਿਖਲਾਈ ਏ।
ਜਾਪੇ ਮੋਰਾਂ ਵਾਂਗ ਮੁੰਡਿਆਂ ਨੇ ਪੈਲ ਪਾਈ ਏ।**

## ਕੈਪਸ਼ਨ ਮੁਕਾਬਲਾ-358



ਹਾਲ ਪੰਜਾਬ ਦਾ ਤੱਕ ਕੇ ਹੈ ਰੋਣਾ ਆਵੇ।
ਥੋੜ੍ਹਾ ਮੀਂਹ ਵੀ ਪਵੇ ਤਾਂ ਚੜ੍ਹ ਹੜ੍ਹ ਜਾਵੇ।
ਢੰਗ ਨਾਲ ਨਾ ਬਣੀਆਂ ਗਲੀਆਂ ਸੜਕਾਂ।
ਪਾਣੀ 'ਕੱਠਾ ਹੋ ਕੇ ਫਿਰ ਕੱਢਦਾ ਰੜਕਾਂ।

**-ਸੇਵਾ ਸਿੰਘ ਨੂਰਪੁਰੀ
ਸੈਨ ਹੋਜ਼ੇ, ਕੈਲੀਫੋਰਨੀਆ।**

---

ਸੜਕਾਂ ਦੇ ਦਰਿਆ ਬਣ ਗਏ
ਸਣੇ ਸਕੂਟਰ ਤਰਨੇ ਪੈ ਗਏ।
ਕਿੰਨੀ ਮਾੜੀ ਹਾਲਤ ਹੋ ਗਈ
ਕੱਪੜੇ ਮੋਢੇ ਧਰਨੇ ਪੈ ਗਏ।
ਬੁੱਲੇ ਲੁੱਟਦੀ ਪੰਜਾਬ ਪੁਲਿਸ ਨੂੰ
ਆਹ ਕੰਮ ਵੀ ਕਰਨੇ ਪੈ ਗਏ।

**-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-98783-37222**

---

ਵੋਟਾਂ ਲੈ ਕੇ ਮਹਿਲੀਂ ਵੜ'ਗੇ
ਘੂਕ ਸੌਂ ਗਈ ਸਰਕਾਰ।
ਮੋਢੇ ਪੈਂਟ, ਸਕੂਟਰ ਧੱਕਦੇ
ਕਰਦੇ ਮੁਲਾਜ਼ਮ ਸੜਕ ਨੂੰ ਪਾਰ।
ਨਿਕਾਸ, ਵਿਕਾਸ ਦਾ ਫਿਕਰ ਨਾ ਭੋਰਾ
ਜਨਤਾ ਹੋਈ ਆਵਾਜਾਰ।

**-ਦਵਿੰਦਰ ਕੌਰ**

---

ਮੌਨਸੂਨ ਦੂਜਾ ਨਾਂ ਬਰਸਾਤ
ਮੋਹਲੇਧਾਰ ਮੀਂਹ ਵੀ ਓਹੀ
ਨਿਆਣੇ ਕੁੱਟ ਮੀਂਹ ਵੀ ਆਖ ਦਿੰਦੇ
ਚੜ੍ਹ ਜਾਂਦਾ ਪਾਣੀ ਨੱਕੋ ਨੱਕ
ਸੜਕਾਂ ਗਲੀਆਂ ਵਗਦੀਆਂ ਵਾਂਗ ਨਦੀਆਂ
ਟੋਏ ਮਘੋਰਿਆਂ 'ਚ ਫਸ ਗੱਡੀਆਂ
ਧਸ ਧਸ ਜਾਨਾਂ ਅਜਾਈਂ ਜਾਂਦੀਆਂ
ਲਾ ਧੱਕੇ ਛੋਟੇ ਵਾਹਨਾਂ ਨੂੰ
ਕੱਢਣਾ ਪੈਂਦਾ ਡੁੱਬਣ ਤੋਂ।
ਦੋਸ਼ ਕਿਸ ਨੂੰ ਦੇਈਏ
ਬਰਸਾਤ ਤਾਂ ਹੈ ਹੀ
ਲੋਟੂ ਨਜ਼ਾਮ ਦੋਸ਼ੀ ਸਾਬਤ ਹੈ ਹੀ
ਭਰ ਜੇਬਾਂ ਜਿਨ੍ਹੀਂ ਧਰਾਤਲ ਉਚਾ ਨਾ ਕੀਤਾ
ਜਨਤਾ ਦੇ ਦੁਸ਼ਮਣ ਵੀ ਓਹੀ।

**-ਦਰਸ਼ਨਪਾਲ ਦੋਸਾਂਝ**

# ਫਰਜ਼

ਵਿਆਹ ਤੋਂ ਪਹਿਲਾਂ ਵਿਚੋਲੇ ਨੇ ਮੁੰਡੇ ਦੇ ਘਰ ਵਾਲਿਆਂ ਨੂੰ ਪੁੱਛਿਆ ਕਿ ਕੁੜੀ ਵਾਲੇ ਦਾਜ ਬਾਰੇ ਪੁੱਛ ਰਹੇ ਸਨ।

ਮੁੰਡੇ ਦੀ ਮਾਂ ਕਹਿਣ ਲੱਗੀ, "ਨਾ ਭਾਈ! ਸਾਡੇ ਕੋਲ ਤਾਂ ਰੱਬ ਦਾ ਦਿੱਤਾ ਬਹੁਤ ਕੁਝ ਹੈ। ਸਾਨੂੰ ਕੁਝ ਨਹੀਂ ਚਾਹੀਦਾ।...ਹਾਂ ਜੇ ਉਹ ਕੁਝ ਆਪਣੀ ਧੀ ਨੂੰ ਦੇਣਾ ਚਾਹੁੰਦੇ ਨੇ ਤਾਂ ਦੇ ਸਕਦੇ ਨੇ। ਭਾਈ ਅਸੀਂ ਥੋੜ੍ਹੀ ਵਰਤਣਾ, ਉਨ੍ਹਾਂ ਦੀ ਕੁੜੀ ਨੇ ਹੀ ਵਰਤਣਾ ਜੋ ਮਰਜ਼ੀ ਦੇ ਦੇਣ। ਨਾਲੇ ਏਨਾ ਕੁ ਫਰਜ਼ ਤਾਂ ਭਾਈ ਉਨ੍ਹਾਂ ਦਾ ਬਣਦਾ ਈ ਏ।"

**-ਰਵਿੰਦਰ ਸਿੰਘ ਲਾਲਪੁਰੀ
ਫੋਨ: 91-94634-52261**

# ਆਮ ਆਦਮੀ ਪਾਰਟੀ ਨਹੀਂ, ਗਰੀਬ ਆਦਮੀ ਪਾਰਟੀ ਦੀ ਲੋੜ

ਆਮ ਆਦਮੀ ਪਾਰਟੀ ਦਾ ਉਭਾਰ ਇਸ ਕਰਕੇ ਹੋਇਆ ਕਿ ਲੋਕ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਸਨ, ਉਨ੍ਹਾਂ ਸਾਰੀਆਂ ਰਵਾਇਤੀ ਪਾਰਟੀਆਂ ਦੀ ਕਾਰਗੁਜ਼ਾਰੀ ਵੇਖ ਲਈ ਸੀ। ਆਜ਼ਾਦੀ ਤੱਕ ਪੁਜਣ ਤੋਂ ਪਹਿਲਾਂ ਕਾਂਗਰਸ ਦੇ ਆਗੂ ਸਨ ਮਹਾਤਮਾਂ ਗਾਂਧੀ, ਜੋ ਖੁਦ ਅਮੀਰ ਘਰਾਣੇ ਤੋਂ ਸਨ ਅਤੇ ਵਲੈਤ ਵਿਚ ਕਾਨੂੰਨ ਦੀ ਪੜ੍ਹਾਈ ਕਰਕੇ ਉਥੇ ਹੀ ਪ੍ਰੈਕਟਿਸ ਕਰਨ ਲੱਗ ਗਏ ਸਨ। ਉਥੇ ਹੀ ਗਾਂਧੀ ਜੀ ਨੇ ਗੋਰੀ ਚਮੜੀ ਵਾਲਿਆਂ ਵਲੋਂ ਆਪਣੇ ਅਤੇ ਹੋਰ ਅਧੀਨ ਕੌਮਾਂ ਦੇ ਲੋਕਾਂ ਨਾਲ ਹੁੰਦਾ ਵਿਤਕਰਾ ਵੇਖਿਆ, ਅਤੇ ਦੇਸ਼ ਵਾਪਿਸ ਆ ਕੇ ਆਜ਼ਾਦੀ ਲਈ ਲੋਕਾਂ ਨੂੰ ਜਗਾਉਣ ਦਾ ਕੰਮ ਸ਼ੁਰੂ ਕੀਤਾ। ਗਾਂਧੀ ਜੀ ਨੇ

**ਕਾਮਰੇਡ ਗੁਰਮੇਲ ਬਰਗਾੜੀ**
ਬਰੈਂਪਟਨ, ਕੈਨੇਡਾ।
ਫੋਨ: 416-845-7534

ਅੰਗਰੇਜ਼ੀ ਸੂਟ-ਬੂਟ ਲਾਹ ਕੇ ਦੇਸੀ ਚੱਪਲ ਤੇ ਲੰਗੋਟੀ ਪਹਿਨ ਕੇ ਗਰੀਬ ਜਨਤਾ ਨੂੰ ਆਜ਼ਾਦੀ ਲਈ ਜਾਗ੍ਰਿਤ ਕਰਨ ਦਾ ਰਾਹ ਚੁਣਿਆ। ਜਨਤਾ ਨੂੰ ਉਮੀਦ ਹੋ ਗਈ ਕਿ ਗਾਂਧੀ ਜੀ ਗਰੀਬ ਜਨਤਾ ਦੇ ਆਗੂ ਹਨ। ਗਾਂਧੀ ਜੀ ਨੇ ਵਿਦੇਸ਼ੀ ਚੀਜ਼ਾਂ ਅਤੇ ਵਿਦੇਸ਼ੀ ਕੱਪੜੇ ਦੇ ਬਾਈਕਾਟ ਦਾ ਨਾਹਰਾ ਦਿੱਤਾ, ਜਿਸ ਕਰਕੇ ਗਰੀਬ ਜਨਤਾ ਉਨ੍ਹਾਂ ਨੂੰ ਆਪਣਾ ਆਗੂ ਮੰਨਣ ਲਗ ਪਈ।

ਅੰਗਰੇਜ਼ ਗਾਂਧੀ ਜੀ ਦੀਆਂ ਨੀਤੀਆਂ ਨੂੰ ਵਿਦੇਸ਼ੀ ਸਮਾਨ ਦਾ ਬਾਈਕਾਟ ਕਰਵਾਉਣ ਕਰਕੇ ਠੀਕ ਨਹੀਂ ਸਨ ਮੰਨਦੇ। ਉਨ੍ਹਾਂ ਵਲੈਤ ਪੜ੍ਹੇ ਅਮੀਰ ਘਰਾਣਿਆਂ ਦੇ ਦੋ ਨੌਜਵਾਨਾਂ-ਇਕ ਹਿੰਦੂ ਅਤੇ ਇਕ ਮੁਸਲਮਾਨ ਨੂੰ ਕਾਂਗਰਸ ਦੀ ਅਗਵਾਈ ਕਰਨ ਲਈ ਭਾਰਤ ਲਿਆਂਦਾ। ਉਹ ਸਨ, ਜਵਾਹਰ ਲਾਲ ਨਹਿਰੂ ਅਤੇ ਲਿਆਕਤ ਅਲੀ ਜਿਨਾਹ, ਜਿਨ੍ਹਾਂ ਨੇ ਆਜ਼ਾਦੀ ਮਿਲਣ ਵੇਲੇ ਤੱਕ ਅੰਗਰੇਜ਼ਾਂ ਦਾ ਸਾਥ ਦਿਤਾ। ਉਨ੍ਹਾਂ ਆਗੂਆਂ ਨੇ ਅੰਗਰੇਜ਼ਾਂ ਦੀ ਨੀਤੀ ਮੁਤਾਬਕ ਧਰਮ ਦੇ ਆਧਾਰ ਤੇ ਦੋ ਕੌਮਾਂ ਦੀ ਨੀਤੀ ਮੰਨ ਕੇ ਖੂਨੀ ਆਜ਼ਾਦੀ ਹਾਸਲ ਕੀਤੀ, ਜਿਸ ਵਿਚ 10 ਲੱਖ ਲੋਕਾਂ ਦੀਆਂ ਜਾਨਾਂ ਗਈਆਂ। ਆਜ਼ਾਦੀ ਮਿਲਣ ਪਿਛੋਂ ਗਾਂਧੀ ਜੀ ਆਬਾਦੀਆਂ ਦੇ ਤਬਾਦਲੇ ਦਾ ਵਿਰੋਧ ਕਰਨ ਲਗ ਪਏ, ਨਹਿਰੂ ਅਤੇ ਪਟੇਲ ਨੂੰ ਇਹ ਗੱਲ ਠੀਕ ਨਾ ਲੱਗੀ। ਆਜ਼ਾਦੀ ਤੋਂ ਸਿਰਫ ਸਾਢੇ ਪੰਜ ਮਹੀਨੇ ਬਾਅਦ ਹੀ ਕਿਸੇ ਸਿਰ ਫਿਰੇ ਨੇ ਗਾਂਧੀ ਜੀ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਗਰੀਬਾਂ ਦੇ ਮਸੀਹੇ ਨੂੰ ਕਿਸ ਨੇ ਮਰਵਾਇਆ, ਇਹ ਅਜੇ ਵੀ ਇਕ

*ਉਦੋਂ ਤੱਕ ਭ੍ਰਿਸ਼ਟ ਪਾਰਟੀਆਂ ਆਪਣੇ ਏਜੰਟ ਕੇਜਰੀਵਾਲ ਨਾਲ ਫਿੱਟ ਕਰ ਚੁਕੀਆਂ ਸਨ। ਉਨ੍ਹਾਂ ਏਜੰਟਾਂ ਨੇ ਪਾਰਟੀ ਦੇ ਮੋਢੀ ਪ੍ਰਸ਼ਾਂਤ ਭੂਸ਼ਨ ਅਤੇ ਜੋਗਿੰਦਰ ਯਾਦਵ 'ਤੇ ਦੋਸ਼ ਲਾ ਦਿਤੇ ਕਿ ਇਨ੍ਹਾਂ ਨੇ ਪਾਰਟੀ ਪ੍ਰਧਾਨ ਕੇਜਰੀਵਾਲ ਨੂੰ ਹਰਾਉਣ ਦੀ ਸਾਜਿਸ਼ ਰਚੀ ਸੀ। ਇਨ੍ਹਾਂ ਵਿਚ ਮੁੱਖ ਸਨ, ਸੰਜੇ ਸਿੰਘ ਤੇ ਦੁਰਗੇਸ਼ ਪਾਠਕ, ਜਿਨ੍ਹਾਂ ਦੀ ਗੱਲ ਮੰਨ ਕੇ ਕੇਜਰੀਵਾਲ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਉਨ੍ਹਾਂ ਦੀ ਹਮਾਇਤ ਕਰਨ ਵਾਲੇ ਪੰਜਾਬ ਤੋਂ ਦੋ ਐਮ. ਪੀ. ਵੀ ਸਸਪੈਂਡ ਕਰ ਦਿਤੇ। ਪਾਰਟੀ ਵਿਚ ਆਮ ਆਦਮੀ ਦੀ ਥਾਂ ਖਾਸ ਆਦਮੀਆਂ ਦਾ ਠੱਗ ਟੋਲਾ ਭਾਰੂ ਹੋ ਗਿਆ, ਜਿਨ੍ਹਾਂ ਨੇ ਪੰਜਾਬ ਵਿਚ 2017 ਦੀਆਂ ਚੋਣਾਂ ਵਿਚ ਪਾਰਟੀ ਦੀਆਂ ਟਿਕਟਾਂ ਬੋਲੀ ਲਾ ਕੇ ਵੇਚੀਆਂ।*

ਭੇਦ ਹੈ।

ਆਜ਼ਾਦੀ ਅੰਗਰੇਜ਼ਾਂ ਦੇ ਪਿੱਠੂਆਂ ਅਤੇ ਅਮੀਰਾਂ ਦੇ ਹੱਥ ਆ ਗਈ, ਨਹਿਰੂ ਦੀ ਅਗਵਾਈ ਵਿਚ ਸਰਮਾਏਦਾਰੀ ਜੁਗ ਸ਼ੁਰੂ ਹੋਇਆ, ਜਿਸ ਵਿਚ ਅਮੀਰ ਹੋਰ ਅਮੀਰ ਹੁੰਦੇ ਗਏ ਅਤੇ ਗਰੀਬ ਹੋਰ ਗਰੀਬ। ਦੇਸ਼ ਅੰਦਰ ਸਰਮਾਏਦਾਰੀ ਢੰਗ ਦਾ ਵਿਕਾਸ ਸ਼ੁਰੂ ਹੋਇਆ, ਪਰ ਇਸ ਦਾ ਗਰੀਬ ਜਨਤਾ ਨੂੰ ਬਹੁਤਾ ਫਾਇਦਾ ਨਾ ਹੋਇਆ। ਉਸ ਵੇਲੇ ਗਰੀਬ ਜਨਤਾ ਦੀਆਂ ਮੰਗਾਂ ਨੂੰ ਕਮਿਊਨਿਸਟ ਪਾਰਟੀ ਨੇ ਚੁੱਕਣਾ ਸ਼ੁਰੂ ਕੀਤਾ ਤੇ ਜਨਤਾ ਕਮਿਊਨਿਸਟ ਪਾਰਟੀ ਵੱਲ ਹੋ ਤੁਰੀ। ਗਰੀਬ ਪੇਂਡੂ ਤੇ ਸ਼ਹਿਰੀ ਵਰਗ ਵਿਚ ਕਮਿਊਨਿਸਟਾਂ ਦਾ ਅਸਰ ਵਧਣ ਲੱਗਾ। 1957 ਦੀਆਂ ਦੇਸ਼ ਵਿਆਪੀ ਚੋਣਾਂ ਵਿਚ ਕਾਮਰੇਡਾਂ ਨੇ ਬੰਗਾਲ ਅਤੇ ਕੇਰਲਾ ਵਿਧਾਨ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ, ਤੇ ਪਾਰਲੀਮੈਂਟ ਵਿਚ ਮੁੱਖ ਵਿਰੋਧੀ ਧਿਰ ਬਣ ਗਏ। ਨਹਿਰੂ ਸਰਕਾਰ ਇਸ ਤੋਂ ਫਿਕਰਮੰਦ ਹੋ ਗਈ। ਉਸ ਨੇ ਵਿਧਾਨ ਦੀ ਧਾਰਾ 365 ਲਾ ਕੇ ਦੋਵੇਂ ਸਰਕਾਰਾਂ ਤੋੜ ਦਿਤੀਆਂ ਤੇ ਗਵਰਨਰੀ ਰਾਜ ਲਾਗੂ ਕਰ ਦਿੱਤਾ। ਦੇਸ਼ ਦੀ ਗਰੀਬ ਜਨਤਾ ਨੇ ਇਸ ਦਾ ਬੁਰਾ ਮਨਾਇਆ, ਜਲਸੇ ਜਲੂਸ ਤੇ ਹੜਤਾਲਾਂ ਹੋਈਆਂ। ਕਾਂਗਰਸ ਸਰਕਾਰ ਨੂੰ 1962 ਦੀਆਂ ਚੋਣਾਂ ਵਿਚ ਹਾਰ ਦਾ ਡਰ ਸਤਾਉਣ ਲੱਗਾ, ਰਾਜ ਸੱਤਾ ਕਮਿਊਨਿਸਟਾਂ ਪਾਸ ਜਾਂਦੀ ਦਿਸਣ ਲੱਗੀ।

ਕਾਂਗਰਸ ਪਾਰਟੀ ਨੇ ਕਮਿਊਨਿਸਟਾਂ ਦੇ ਦੇਸ਼ ਵਿਆਪੀ ਅਸਰ ਨੂੰ ਘੱਟ ਕਰਨ ਲਈ ਗਿਣੀ ਮਿਣੀ ਸਾਜਿਸ਼ ਅਧੀਨ ਚੀਨ ਨਾਲ ਸਰਹੱਦੀ ਝਗੜਾ ਖੜਾ ਕਰ ਲਿਆ। ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀਆਂ ਝਗੜੇ ਨੂੰ ਨਜਿਠਣ ਲਈ ਪੀਕਿੰਗ ਅਤੇ ਦਿੱਲੀ ਵਿਚ ਉਚ ਪੱਧਰੀ ਮੀਟਿੰਗਾਂ ਹੋਈਆਂ, ਪਰ ਗੱਲ ਕਿਸੇ ਸਿਰੇ ਨਾ ਲੱਗੀ। ਭਾਰਤ ਸਰਕਾਰ ਆਪਣੇ ਦਾਅਵੇ ਵਾਲੇ ਇਲਾਕੇ ਤੋਂ ਇਕ ਇੰਚ ਵੀ ਪਿਛੇ ਹਟਣ ਲਈ ਤਿਆਰ ਨਾ ਹੋਈ, ਤੇ ਚੀਨੀ ਵਫਦ ਖਾਲੀ ਹੱਥ ਵਾਪਸ ਪਰਤ ਗਿਆ। ਭਾਰਤ ਨੇ ਆਪਣੀ ਫੌਜ ਦਾਅਵੇ ਵਾਲੇ ਇਲਾਕੇ ਵਿਚ ਭੇਜ ਦਿੱਤੀ, ਚੀਨ ਨੇ ਵੀ ਆਪਣੀ ਫੌਜ ਸਰਹੱਦ 'ਤੇ ਲੈ ਆਂਦੀ, ਦੋਹਾਂ ਧਿਰਾਂ ਵਿਚ ਲੜਾਈ ਸ਼ੁਰੂ ਹੋ ਗਈ। ਸਾਡੀ ਫੌਜ ਚੀਨੀ ਫੌਜ ਦਾ ਟਾਕਰਾ ਨਾ ਕਰ ਸਕੀ ਅਤੇ ਪਿਛੇ ਹੱਟ ਆਈ, ਚੀਨੀ ਫੌਜ ਆਪਣੇ ਦਾਅਵੇ ਵਾਲੇ ਇਲਾਕੇ ਤੱਕ ਆ ਕੇ ਰੁਕ ਗਈ, ਜਦ ਕਿ ਉਸ ਦਾ ਅਗੋਂ ਕੋਈ ਵਿਰੋਧ ਨਹੀਂ ਸੀ ਹੋ ਰਿਹਾ। ਚੀਨ ਵਿਚ ਕਮਿਊਨਿਸਟ ਪਾਰਟੀ ਦਾ ਰਾਜ ਹੈ, ਕਮਿਊਨਿਸਟ ਸਰਕਾਰ ਨਾਲ ਲੜਾਈ ਦਾ ਬਹਾਨਾ ਬਣਾ ਕੇ ਸਾਰੇ ਦੇਸ਼ ਵਿਚੋਂ ਕਮਿਊਨਿਸਟ ਆਗੂਆਂ ਅਤੇ ਵਰਕਰਾਂ ਨੂੰ ਫੜ ਕੇ ਜੇਲ੍ਹਾਂ ਵਿਚ ਡੱਕ ਦਿੱਤਾ। ਉਨ੍ਹਾਂ 'ਤੇ ਚੀਨ ਦੇ ਏਜੰਟ ਅਤੇ ਦੇਸ਼ ਦੇ ਗੱਦਾਰ ਹੋਣ ਦੇ ਇਲਜ਼ਾਮ ਲਾ ਕੇ ਖੂਬ ਭੰਡੀ ਪ੍ਰਚਾਰ ਕੀਤਾ ਗਿਆ, ਅਤੇ ਕਾਂਗਰਸ ਨੇ 1962 ਦੀਆਂ ਚੋਣਾਂ ਅਰਾਮ ਨਾਲ ਜਿੱਤ ਲਈਆਂ। ਕਾਂਗਰਸ ਨੇ ਇਹ ਚੋਣਾਂ ਦੇਸ਼ ਦੇ ਹਜ਼ਾਰਾਂ ਫੌਜੀ ਜਵਾਨਾਂ ਦੀ ਕੁਰਬਾਨੀ ਅਤੇ ਬਿਨਾ ਵਜ੍ਹਾ ਕਮਿਊਨਿਸਟ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਕੇ ਜਿੱਤੀਆਂ।

ਜੇ ਚੀਨ ਨੇ ਸਾਡੇ ਇਲਾਕੇ 'ਤੇ ਕਬਜ਼ਾ ਕੀਤਾ ਸੀ ਤਾਂ ਉਸ ਵਿਚ ਦੇਸ਼ ਦੇ ਕਮਿਊਨਿਸਟ ਲੀਡਰਾਂ ਤੇ ਵਰਕਰਾਂ ਦਾ ਕੀ ਕਸੂਰ ਸੀ? ਜੇ ਉਹ ਇਲਾਕਾ ਸਾਡਾ ਸੀ ਤਾਂ ਫਿਰ ਉਸ ਨੂੰ ਖਾਲੀ ਕਰਵਾਉਣ ਲਈ ਸਰਕਾਰ ਨੇ ਅੱਜ ਤੱਕ ਕੋਈ ਉਜਰ ਕਿਉਂ ਨਾ ਕੀਤਾ? ਚੋਣਾਂ ਜਿੱਤਣ ਪਿਛੋਂ ਕਮਿਊਨਿਸਟ ਆਗੂਆਂ ਅਤੇ ਵਰਕਰਾਂ ਨੂੰ ਜੇਲ੍ਹਾਂ ਵਿਚੋਂ ਇਸ ਸ਼ਰਤ 'ਤੇ ਛੱਡਣਾ ਸ਼ੁਰੂ ਦਿਤਾ ਗਿਆ ਕਿ ਜਿਹੜਾ ਆਗੂ ਅਤੇ ਵਰਕਰ ਇਹ ਲਿਖ ਕੇ ਦੇਵੇਗਾ ਕਿ ਚੀਨ ਹਮਲਾਵਰ ਹੈ, ਉਸ ਨੂੰ ਛਡਿਆ ਜਾਵੇਗਾ। ਹਜ਼ਾਰਾਂ ਦੀ ਗਿਣਤੀ ਵਿਚ ਵਰਕਰ ਤੇ ਆਗੂ ਚੀਨ ਨੂੰ ਹਮਲਾਵਰ ਮੰਨ ਕੇ ਜੇਲ੍ਹਾਂ ਵਿਚੋਂ ਬਾਹਰ ਆ ਗਏ, ਅਤੇ ਜਾਗਦੀ ਜ਼ਮੀਰ ਵਾਲੇ ਹਜ਼ਾਰਾਂ ਜੇਲ੍ਹਾਂ ਵਿਚ ਹੀ ਰਹੇ। ਥੋੜ੍ਹੇ ਸਮੇਂ ਬਾਅਦ ਉਨ੍ਹਾਂ ਨੂੰ ਵੀ ਬਿਨਾ ਸ਼ਰਤ ਰਿਹਾ ਕਰ ਦਿੱਤਾ ਗਿਆ। ਇਸ ਨਾਲ ਪਾਰਟੀ ਵਿਚ ਦੁਫੇੜ ਪੈ ਗਈ। ਮੁਆਫੀ ਮੰਗ ਕੇ ਆਉਣ ਵਾਲਿਆਂ ਆਪਣਾ ਨਾ ਰੱਖ ਲਿਆ ਕਮਿਊਨਿਸਟ ਪਾਰਟੀ ਆਫ ਇੰਡੀਆ (ਸੀ. ਪੀ. ਆਈ.) ਅਤੇ ਬਿਨਾ ਸ਼ਰਤ ਰਿਹਾ ਹੋਣ ਵਾਲਿਆਂ ਆਪਣਾ ਨਾਂ ਰੱਖ ਲਿਆ, ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀ. ਪੀ. ਐਮ.)। ਸੀ. ਪੀ. ਆਈ. ਕਾਂਗਰਸ ਦੀ ਹਮਾਇਤੀ ਬਣ ਗਈ, ਤੇ ਸੀ. ਪੀ. ਐਮ. ਕਾਂਗਰਸ ਦੀਆਂ ਵਿਰੋਧੀ ਪਾਰਟੀਆਂ ਦੀ ਹਮਾਇਤੀ। ਦੋਵੇਂ ਪਾਰਟੀਆਂ ਹੁਣ ਸਰਕਾਰ ਨਾਲ ਲੜਨ ਦੀ ਥਾਂ ਆਪਸ ਵਿਚ ਲੜਨ ਲੱਗ ਪਈਆਂ। ਉਦੋਂ ਦੀ ਪਈ ਦੁਫੇੜ ਕਰਕੇ ਕਮਿਊਨਿਸਟ ਹਾਸ਼ੀਏ 'ਤੇ ਚਲੇ ਗਏ। ਗਰੀਬ ਲੋਕਾਂ ਦਾ ਕੋਈ ਮਸੀਹਾ ਨਾ ਰਿਹਾ, ਸਰਮਾਏਦਾਰੀ ਪੱਖੀ ਪਾਰਟੀਆਂ ਗਰੀਬ ਲੋਕਾਂ ਨੂੰ ਸਿਰਫ ਲਾਰੇ ਤੇ ਨਾਅਰੇ ਦੇ ਕੇ ਜਿੱਤਣ ਬਾਅਦ ਮੁਕਰਦੀਆਂ ਆ ਰਹੀਆਂ ਹਨ।

2009 ਵਿਚ ਜਦੋਂ ਕਾਂਗਰਸ ਲਗਾਤਾਰ ਦੂਜੀ ਮਿਆਦ ਜਿੱਤ ਗਈ ਤਾਂ ਉਸ ਦੇ ਆਗੂਆਂ ਅਤੇ ਲੀਡਰਾਂ ਨੇ ਦੇਸ਼ ਦੇ ਖਣਿਜ ਖਜ਼ਾਨੇ ਨੂੰ ਲੁੱਟਣੇ ਸ਼ੁਰੂ ਕਰ ਦਿਤੇ। ਰਿਸ਼ਵਤਖੋਰੀ, ਚੋਰ-ਬਾਜ਼ਾਰੀ, ਸੀਨਾ-ਜੋਰੀ, ਗੁੰਡਾਗਰਦੀ, ਧੀਆਂ-ਭੈਣਾਂ ਦੀ ਇੱਜ਼ਤ 'ਤੇ ਸ਼ਰੇ-ਬਾਜ਼ਾਰ ਗੁੰਡਿਆਂ ਵਲੋਂ ਹਮਲੇ ਹੋਣ ਲੱਗੇ। ਪੁਲਿਸ ਉਨ੍ਹਾਂ ਅੱਗੇ ਬੇਵਸ ਨਜ਼ਰ ਆਉਣ ਲੱਗੀ। ਆਮ ਜਨਤਾ, ਗਰੀਬ-ਅਮੀਰ ਸਭ ਦਾ ਜਿਉਣਾ ਦੁੱਭਰ ਹੋ ਗਿਆ। ਦੇਸ਼ ਦੀ ਅਜਿਹੀ ਹਾਲਤ ਵੇਖ ਕੇ ਦੇਸ਼ ਭਗਤ ਅਤੇ ਜਾਗਦੀ ਜ਼ਮੀਰ ਵਾਲੇ ਕੁਝ ਸਿਆਣੇ ਲੋਕਾਂ ਨੇ ਬਾਬਾ ਅੰਨਾ ਹਜ਼ਾਰੇ, ਜੋ ਗਾਂਧੀਵਾਦੀ ਨੇਤਾ ਕਰਕੇ ਜਾਣਿਆ ਜਾਂਦਾ ਸੀ, ਦੀ ਅਗਵਾਈ ਵਿਚ ਸ਼ਾਂਤਮਈ ਘੋਲ ਲੜਨ ਦਾ ਫੈਸਲਾ ਕੀਤਾ। ਬਾਬਾ ਜੀ ਮਹਾਂਰਾਸ਼ਟਰ ਵਿਚ ਅਜਿਹੇ ਘੋਲ ਲੜ ਚੁਕੇ ਸਨ, ਉਨ੍ਹਾਂ ਨੂੰ ਘੋਲ ਦੀ ਅਗਵਾਈ ਕਰਨ ਲਈ ਬੇਨਤੀ ਕਰਕੇ ਦਿੱਲੀ ਲਿਆਂਦਾ ਗਿਆ। ਉਸ ਤੋਂ ਅਗਲੇ ਦਿਨ ਦਿੱਲੀ ਵਿਚ ਜੰਤਰ ਮੰਤਰ 'ਤੇ ਧਰਨਾ ਲਾ ਦਿਤਾ ਗਿਆ। ਸਰਕਾਰ ਨੇ ਬਾਬਾ ਜੀ ਨੂੰ ਫੜ ਕੇ ਜੇਲ੍ਹ ਵਿਚ ਬੰਦ ਕਰ ਦਿਤਾ। ਅਗਲੇ ਦਿਨ ਲੱਖਾਂ ਲੋਕਾਂ ਨੇ ਧਰਨੇ 'ਚ ਸ਼ਮੂਲੀਅਤ ਕੀਤੀ, ਤੇ ਸਾਰੇ ਦੇਸ਼ ਵਿਚ ਲੋਕ ਸੜਕਾਂ 'ਤੇ ਆ ਗਏ।

ਸਰਕਾਰ ਨੇ ਲੋਕ ਰੋਹ ਤੋਂ ਡਰਦਿਆਂ ਧਰਨਾਕਾਰੀ ਲੀਡਰਾਂ ਨਾਲ ਗੱਲਬਾਤ ਸ਼ੁਰੂ ਕੀਤੀ। ਉਸ ਘੋਲ ਦੀ ਮੁਖ ਸ਼ਰਤ ਸੀ, ਸਰਬ ਉਚ ਸ਼ਕਤੀ ਵਾਲਾ ਲੋਕਪਾਲ ਬਣਾਉਣਾ ਜਿਸ ਕੋਲ ਵੱਡੇ ਅਫਸਰਾਂ ਅਤੇ ਪ੍ਰਧਾਨ ਮੰਤਰੀ ਤੱਕ ਦੇ ਖਿਲਾਫ ਸ਼ਿਕਾਇਤ ਸੁਣਨ ਤੇ ਫੈਸਲਾ ਕਰਨ ਦਾ ਅਧਿਕਾਰ ਹੋਵੇ। ਸਰਕਾਰ ਨੇ ਮੰਗ ਮੰਨ ਲਈ ਅਤੇ ਘੋਲ ਸਮਾਪਤ ਹੋ ਗਿਆ। ਕੁਝ ਮਹੀਨੇ ਟਾਲ ਮਟੋਲ ਕਰਨ ਤੋਂ ਬਾਅਦ ਸਰਕਾਰ ਨੇ ਲੋਕ ਸਭਾ ਵਿਚ ਬਿਲ ਪੇਸ਼ ਕੀਤਾ। ਕਿਸੇ ਵੀ ਪਾਰਟੀ ਨੇ ਬਿੱਲ ਦੀ ਹਮਾਇਤ ਨਾ ਕੀਤੀ, ਕਿਉਂਕਿ ਸੱਭੇ ਪਾਰਟੀਆਂ ਭ੍ਰਿਸ਼ਟਾਚਾਰ ਵਿਚ ਡੁਬੀਆਂ ਹੋਈਆਂ ਸਨ। ਲਾਰੇ ਲੱਪੇ ਲਾਉਣ ਪਿਛੋਂ ਸਰਕਾਰ ਸਾਫ ਮੁਕਰ ਗਈ ਕਿ ਅਸੀਂ ਆਪਣੇ ਗਲ ਵਿਚ ਰੱਸਾ ਆਪੇ ਕਿਵੇਂ ਪਵਾ ਲਈਏ? ਉਸ ਪਿਛੋਂ ਘੋਲ ਦੇ ਆਗੂਆਂ ਨੇ ਫੈਸਲਾ ਕੀਤਾ ਕਿ ਸਾਨੂੰ ਸਿਆਸੀ ਪਾਰਟੀ ਬਣਾ ਕੇ ਚੋਣਾਂ ਲੜਨੀਆਂ ਚਾਹੀਦੀਆਂ ਹਨ। ਇਸ ਘੋਲ ਵਿਚੋਂ ਨਿਕਲੀ ਆਮ ਆਦਮੀ ਪਾਰਟੀ, ਜਿਸ ਨੇ ਕੇਜਰੀਵਾਲ ਨੂੰ ਆਪਣਾ ਲੀਡਰ ਮੰਨ ਕੇ ਰਾਜਨੀਤਕ ਕੰਮ ਦਿੱਲੀ ਵਿਚ ਸ਼ੁਰੂ ਕੀਤਾ। ਦਿੱਲੀ ਵਿਚ ਆਮ ਲੋਕਾਂ ਦੀ ਸਾਰ ਲੈਣੀ ਸ਼ੁਰੂ ਕੀਤੀ, ਸਰਕਾਰੀ ਚੌਧਰੀਆਂ ਦੀਆਂ ਵਧੀਕੀਆਂ ਖਿਲਾਫ ਲੋਕਾਂ ਨੂੰ ਜਥੇਬੰਦ ਕੀਤਾ।

2014 ਵਿਚ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੇ ਉਮੀਦਵਾਰਾਂ ਦੀ ਚੋਣ ਹਲਕੇ ਦੇ ਲੋਕਾਂ ਤੋਂ ਕਰਵਾਈ ਅਤੇ ਚੋਣ ਲੜੀ, ਜਿਸ ਦਾ ਨਤੀਜਾ ਹੈਰਾਨਕੁਨ ਆਇਆ। ਕਾਂਗਰਸ ਸਿਰਫ 8 ਸੀਟਾਂ ਜਿੱਤ ਸਕੀ, ਭਾਜਪਾ 34 ਅਤੇ ਨਵੀਂ ਬਣੀ ਆਮ ਆਦਮੀ ਪਾਰਟੀ (ਆਪ) 28 ਸੀਟਾਂ ਲੈ ਗਈ। ਕਾਂਗਰਸ ਨੇ ਬਿਨਾ ਸ਼ਰਤ ਆਮ ਆਦਮੀ ਪਾਰਟੀ ਨੂੰ ਹਮਾਇਤ ਦੇ ਦਿਤੀ। ਕੇਜਰੀਵਾਲ, ਜੋ ਪਾਰਟੀ ਦਾ ਕਨਵੀਨਰ ਸੀ, ਨੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਕੇ ਮੰਤਰੀ ਮੰਡਲ ਬਣਾਇਆ ਤੇ ਲੋਕ-ਪੱਖੀ ਕੰਮ ਕਰਨੇ ਸ਼ੁਰੂ ਕਰ ਦਿਤੇ। ਕਾਂਗਰਸ ਨੂੰ ਉਸ ਦੇ ਲੋਕ-ਪੱਖੀ ਕੰਮ ਠੀਕ ਨਾ ਲੱਗੇ। ਦੋ ਮਹੀਨੇ ਬਾਅਦ ਹੀ ਕਾਂਗਰਸ ਨੇ ਹਮਾਇਤ ਵਾਪਸ ਲੈ ਲਈ ਤੇ ਕੇਜਰੀਵਾਲ ਨੇ ਅਸਤੀਫਾ ਦੇ ਦਿਤਾ। ਦਿੱਲੀ ਵਿਚ ਗਵਰਨਰੀ ਰਾਜ ਲਾਗੂ ਕਰ ਦਿੱਤਾ ਗਿਆ।

ਆਮ ਆਦਮੀ ਪਾਰਟੀ ਵਾਲੇ ਫਿਰ ਤੋਂ ਲੋਕ ਕਚਹਿਰੀ ਵਿਚ ਜਾ ਹਾਜ਼ਰ ਹੋਏ। ਅੱਗੇ ਆਈਆਂ 2014 ਦੀਆਂ ਲੋਕ ਸਭਾ ਚੋਣਾਂ, ਆਮ ਆਦਮੀ ਪਾਰਟੀ ਦੀ ਦਿੱਲੀ ਵਿਚ ਹੋਈ ਜਿੱਤ ਨੇ ਸਾਰੇ ਦੇਸ਼ ਦੀ ਜਨਤਾ ਨੂੰ ਹੈਰਾਨ ਕਰ ਦਿਤਾ। ਸਾਰੇ ਦੇਸ਼ ਵਿਚੋਂ ਕੇਜਰੀਵਾਲ ਨੂੰ ਪਾਰਟੀ ਯੂਨਿਟ ਬਣਾਉਣ ਦੇ ਸੱਦੇ ਆਉਣ ਲੱਗੇ, ਤੇ ਆਪ ਮੁਹਾਰੇ ਯੂਨਿਟ ਬਣਨ ਲੱਗੇ। ਸ਼ਰੀਫ ਤੇ ਧਨੀ ਲੋਕ ਦਿਲ ਖੋਲ੍ਹ ਕੇ ਫੰਡ ਦੇਣ ਲੱਗੇ। ਪਾਰਟੀ ਨੇ ਸਾਰੇ ਦੇਸ਼ ਵਿਚ 334 ਸੀਟਾਂ 'ਤੇ ਚੋਣ ਲੜੀ, ਜਿੱਤ ਤਾਂ ਸਿਰਫ ਪੰਜਾਬ ਵਿਚ ਚਾਰ ਸੀਟਾਂ 'ਤੇ ਹੀ ਹੋਈ, ਪਰ ਪਾਰਟੀ ਸਾਰੇ ਦੇਸ਼ ਵਿਚੋਂ ਪੋਲ ਹੋਈਆਂ ਵੋਟਾਂ ਦਾ 4% ਤੋਂ ਉਪਰ ਲੈ ਜਾਣ ਕਰਕੇ ਨੈਸ਼ਨਲ ਪਾਰਟੀ ਦਾ ਦਰਜਾ ਹਾਸਲ ਕਰ ਗਈ। ਇਸ ਪਿਛੋਂ ਆਈਆਂ ਦੁਬਾਰਾ ਦਿੱਲੀ ਦੀਆਂ ਚੋਣਾਂ, ਉਨ੍ਹਾਂ ਚੋਣਾਂ ਵਿਚ ਫਿਰ 'ਆਪ' ਨੇ ਉਮੀਦਵਾਰਾਂ ਦੀ ਚੋਣ ਦੇ ਪਹਿਲਾਂ ਵਾਲੇ ਢੰਗ ਨਾਲ ਉਮੀਦਵਾਰ ਦੀ ਚੋਣ ਹਲਕੇ ਦੇ ਯੂਨਿਟਾਂ ਤੋਂ ਕਰਵਾ ਕੇ ਚੋਣ ਲੜੀ। ਜਿਸ ਦਾ ਨਤੀਜਾ ਪਹਿਲਾਂ ਤੋਂ ਵੀ ਹੈਰਾਨਕੁਨ ਆਇਆ। ਦਿੱਲੀ ਦੀਆਂ 70 ਸੀਟਾਂ ਵਿਚੋਂ 67 ਸੀਟਾਂ 'ਤੇ ਜਿੱਤ ਹਾਸਲ ਕਰਕੇ ਸੱਭੇ ਸਿਆਸੀ ਪਾਰਟੀਆਂ ਨੂੰ ਕਾਂਬਾ ਛੇੜ ਦਿੱਤਾ।

ਉਦੋਂ ਤੱਕ ਭ੍ਰਿਸ਼ਟ ਪਾਰਟੀਆਂ ਆਪਣੇ ਏਜੰਟ ਕੇਜਰੀਵਾਲ ਨਾਲ ਫਿੱਟ ਕਰ ਚੁਕੀਆਂ ਸਨ। ਉਨ੍ਹਾਂ ਏਜੰਟਾਂ ਨੇ ਪਾਰਟੀ ਦੇ ਮੋਢੀ ਪ੍ਰਸ਼ਾਂਤ ਭੂਸ਼ਨ ਅਤੇ ਜੋਗਿੰਦਰ ਯਾਦਵ 'ਤੇ ਦੋਸ਼ ਲਾ ਦਿਤੇ ਕਿ ਇਨ੍ਹਾਂ ਨੇ ਪਾਰਟੀ ਪ੍ਰਧਾਨ ਕੇਜਰੀਵਾਲ ਨੂੰ ਹਰਾਉਣ ਦੀ ਸਾਜਿਸ਼ ਰਚੀ ਸੀ। ਇਨ੍ਹਾਂ ਵਿਚ ਮੁੱਖ ਸਨ, ਸੰਜੇ ਸਿੰਘ ਤੇ ਦੁਰਗੇਸ਼ ਪਾਠਕ, ਜਿਨ੍ਹਾਂ ਦੀ ਗੱਲ ਮੰਨ ਕੇ ਕੇਜਰੀਵਾਲ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਉਨ੍ਹਾਂ ਦੀ ਹਮਾਇਤ ਕਰਨ ਵਾਲੇ ਪੰਜਾਬ ਤੋਂ ਦੋ ਐਮ. ਪੀ. ਵੀ ਸਸਪੈਂਡ ਕਰ ਦਿਤੇ। ਪਾਰਟੀ ਵਿਚ ਆਮ ਆਦਮੀ ਦੀ ਥਾਂ ਖਾਸ ਆਦਮੀਆਂ ਦਾ ਠੱਗ ਟੋਲਾ ਭਾਰੂ ਹੋ ਗਿਆ, ਜਿਨ੍ਹਾਂ ਨੇ ਪੰਜਾਬ ਵਿਚ 2017 ਦੀਆਂ ਚੋਣਾਂ ਵਿਚ ਪਾਰਟੀ ਦੀਆਂ ਟਿਕਟਾਂ ਬੋਲੀ ਲਾ ਕੇ ਵੇਚੀਆਂ।

ਨਤੀਜਾ ਇਹ ਨਿਕਲਿਆ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ 34 ਅਸੈਂਬਲੀ ਹਲਕੇ ਜਿਤਣ ਵਾਲੀ ਪਾਰਟੀ ਸਿਰਫ 20 ਸੀਟਾਂ 'ਤੇ ਸਿਮਟ ਕੇ ਰਹਿ ਗਈ। ਭ੍ਰਿਸ਼ਟ ਪਾਰਟੀ ਵਿਚੋਂ ਆਏ ਇਕ ਆਗੂ ਨੇ, ਜੋ ਵਿਰੋਧੀ ਪਾਰਟੀ ਦਾ ਆਗੂ ਬਣ ਕੇ ਪਾਰਟੀ ਵਿਚ ਟਿਕਿਆ ਰਿਹਾ, ਪਰ ਜਦ ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਬਦਲ ਦਿਤਾ ਗਿਆ, ਤਾਂ ਉਸ ਨੇ ਪਾਰਟੀ ਵਿਚ ਖਲਾਰੇ ਪਾਉਣ ਦਾ ਕੰਮ ਸ਼ੁਰੂ ਕਰ ਦਿਤਾ। ਇਹ ਸਾਰਾ ਕੁਝ ਆਮ ਆਦਮੀ ਪਾਰਟੀ ਵਿਚ ਖਾਸ ਆਦਮੀ ਆ ਜਾਣ ਕਰਕੇ ਵਾਪਰ ਰਿਹਾ ਹੈ। ਪੰਜਾਬ ਵਿਧਾਨ ਸਭਾ ਦੀਆਂ 42 ਸੀਟਾਂ ਦਿੱਲੀ ਵਾਲੀ ਸੰਜੇ-ਦੁਰਗੇਸ਼ ਜੋੜੀ ਨੇ ਭ੍ਰਿਸ਼ਟ ਪਾਰਟੀਆਂ ਵਿਚੋਂ ਆਏ ਲੋਕਾਂ ਨੂੰ ਬੋਲੀ ਲਾ ਕੇ ਵੇਚੀਆਂ, ਜਿਸ ਕਰਕੇ ਪਾਰਟੀ ਹਾਰ ਗਈ।

ਹੁਣ ਗੱਲ ਕਰਦੇ ਹਾਂ ਗਰੀਬ ਆਦਮੀ ਪਾਰਟੀ ਬਣਾਉਣ ਦੀ, ਉਸ ਦੀ ਮੈਂਬਰਸ਼ਿਪ ਦਾ ਕੋਈ ਪੈਮਾਨਾ ਹੋਣਾ ਚਾਹੀਦਾ ਹੈ। ਪਾਰਟੀ ਦੀ ਮੈਂਬਰਸ਼ਿਪ ਕਿਨ੍ਹਾਂ ਲੋਕਾਂ ਨੂੰ ਦਿੱਤੀ ਜਾਵੇ? ਇਸ ਲਈ ਕੁਝ ਸੁਝਾਅ ਹਨ, ਜਿਨ੍ਹਾਂ ਨੂੰ ਵਧਾਇਆ-ਘਟਾਇਆ ਵੀ ਜਾ ਸਕਦਾ ਹੈ। ਸੁਝਾਅ ਹਨ: (1) ਪੰਜ ਏਕੜ ਤੋਂ ਘੱਟ ਵਾਲਾ ਕਿਸਾਨ ਅਤੇ ਉਸ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਜਿਸ ਕੋਲ ਕਾਰ, ਕੋਠੀ ਜਾਂ ਹੋਰ ਆਧੁਨਿਕ ਸਹੂਲਤਾਂ ਨਾ ਹੋਣ। (2) ਛੋਟਾ ਦੁਕਾਨਦਾਰ ਅਤੇ ਉਸ ਦਾ ਪਰਿਵਾਰ, ਜਿਸ ਕੋਲ ਕਾਰ ਕੋਠੀ ਜਾਂ ਹੋਰ ਆਧੁਨਿਕ ਸਹੂਲਤਾਂ ਨਾ ਹੋਣ। (3) ਮੁਲਾਜ਼ਮ ਜਿਸ ਦੀ ਤਨਖਾਹ 20 ਹਜ਼ਾਰ ਮਹੀਨੇ ਤੋਂ ਵੱਧ ਨਾ ਹੋਵੇ ਅਤੇ ਉਸ ਦੇ ਪਰਿਵਾਰਕ ਮੈਂਬਰ (4) ਸਾਰੀ ਮਜ਼ਦੂਰ ਜਮਾਤ ਜਿਸ ਦੇ ਪਰਿਵਾਰ ਕੋਲ ਆਧੁਨਿਕ ਸਹੂਲਤਾਂ ਦੀ ਘਾਟ ਹੋਵੇ, ਸ਼ਹਿਰ ਵਿਚ 1000 ਵਰਗ ਫੁੱਟ ਤੋਂ ਵੱਡਾ ਮਕਾਨ ਨਾ ਹੋਵੇ। (5) ਇਨ੍ਹਾਂ ਸਾਰੇ ਵਰਗਾਂ ਵਿਚੋਂ ਆਏ ਵਿਦਿਆਰਥੀ ਜਿਨ੍ਹਾਂ ਕੋਲ ਸਕੂਲ ਜਾਣ ਲਈ ਵੱਡੇ ਮੋਟਰ ਸਾਈਕਲ ਜਾਂ ਕਾਰਾਂ ਨਾ ਹੋਣ।

ਹਮਦਰਦ ਮੈਂਬਰਸ਼ਿਪ: ਸਾਰੇ ਉਹ ਲੋਕ ਜੋ ਇਮਾਨਦਾਰੀ ਦੀ ਕਮਾਈ ਕਰਦੇ ਹਨ ਅਤੇ ਕਾਨੂੰਨ ਦਾ ਰਾਜ ਚਾਹੁੰਦੇ ਹਨ, ਪਾਰਟੀ ਦੀ ਹਮਦਰਦ ਮੈਂਬਰਸ਼ਿਪ ਲੈ ਸਕਣ। ਕਮਿਊਨਿਸਟ ਪਾਰਟੀਆਂ ਵਿਚੋਂ ਨਿਰਾਸ਼ ਹੋ ਕੇ ਘਰ ਬੈਠੇ ਵਰਕਰ, (ਅਹੁਦੇਦਾਰ ਨਹੀਂ) ਵੀ ਮੈਂਬਰ ਬਣ ਸਕਣ। ਜਿੰਨਾ ਚਿਰ ਅਮੀਰ ਤੇ ਗਰੀਬ, ਠੱਗਾਂ-ਚੋਰਾਂ ਤੇ ਭਲੇਮਾਨਸਾਂ, ਮਿਹਨਤਕਸ਼ਾਂ ਤੇ ਵਿਹਲੜਾਂ, ਬੇਈਮਾਨਾਂ ਅਤੇ ਇਮਾਨਦਾਰਾਂ ਵਿਚ ਜਮਾਤੀ ਲਕੀਰ ਨਹੀਂ ਖਿਚੀ ਜਾਂਦੀ, ਉਨ੍ਹਾਂ ਚਿਰ ਗਰੀਬ ਜਨਤਾ ਦਾ ਕਲਿਆਣ ਨਹੀਂ ਹੋ ਸਕਦਾ। ਗਰੀਬ ਜਨਤਾ ਦੇ ਕਲਿਆਣ ਲਈ ਗਰੀਬ ਜਨਤਾ ਦੇ ਧੀਆਂ ਪੁੱਤਰਾਂ ਨੂੰ ਹੀ ਇਕ ਮਜ਼ਬੂਤ ਪਾਰਟੀ ਬਣਾਉਣ ਲਈ ਅੱਗੇ ਆਉਣਾ ਪਵੇਗਾ।

ਗਰੀਬ ਲੋਕ ਆਪਣੇ ਜਮਾਤੀ ਖਾਸੇ ਨੂੰ ਕਦੇ ਵੀ ਨਹੀਂ ਭੁਲਦੇ। ਬੀਤੇ ਸਮੇਂ ਦੀਆਂ ਕੁਝ ਮਿਸਾਲਾਂ ਪੇਸ਼ ਹਨ। ਹਲਕਾ ਲੋਕ ਸਭਾ ਫਰੀਦਕੋਟ ਅਕਾਲੀ ਦਲ ਵਲੋਂ ਸੁਖਬੀਰ ਸਿੰਘ ਬਾਦਲ, ਬਾਪ ਮੁੱਖ ਮੰਤਰੀ, ਜਗੀਰਦਾਰ ਘਰਾਣਾ। ਕਾਂਗਰਸ ਵਲੋਂ ਹਰਚਰਨ ਬਰਾੜ ਦੀ ਬੇਟੀ ਬਬਲੀ ਬਰਾੜ, ਧਨ ਦੀ ਕਮੀ ਨਹੀਂ ਇਕ ਅਮੀਰ ਘਰਾਣਾ ਅਤੇ ਵੱਡਾ ਜਗੀਰਦਾਰ। ਤੀਜਾ ਇਕ ਆਜ਼ਾਦ ਉਮੀਦਵਾਰ ਜਗਮੀਤ ਬਰਾੜ, ਜੋ ਸਧਾਰਨ ਲੋਕਾਂ ਵਿਚੋਂ ਸੀ, ਖੜ੍ਹ ਗਿਆ।

ਆਮ ਲੋਕ ਆਖਣ ਵੱਡੇ ਧਨੀਆਂ ਵਿਚ ਜਗਮੀਤ ਦਾ ਕੀ ਬਣਨਾ ਹੈ, ਪਰ ਆਮ ਲੋਕਾਂ ਨੇ ਧਨੀਆਂ ਨੂੰ ਰੱਦ ਕਰ ਕੇ ਜਗਮੀਤ ਦੀ ਚੋਣ ਕੀਤੀ। ਇਕ ਹੋਰ ਮਿਸਾਲ ਵਿਧਾਨ ਸਭਾ ਹਲਕਾ ਮੁਕਤਸਰ ਤੋਂ ਕਾਂਗਰਸ ਵਲੋਂ ਹਰਚਰਨ ਬਰਾੜ, ਅਕਾਲੀ ਦਲ ਵਲੋਂ ਭਾਈ ਕੂਕ (ਪੱਕੇ ਨਾਂ ਦਾ ਪਤਾ ਨਹੀਂ)-ਦੋਵੇਂ ਜਗੀਰਦਾਰ ਖੜ੍ਹੇ ਹੋਏ। ਤੀਜਾ ਇਕ ਆਜ਼ਾਦ ਉਮੀਦਵਾਰ ਮਰਾੜਾਂ ਦਾ ਸਰਪੰਚ ਸਧਾਰਨ ਕਿਸਾਨ ਵੀ ਖੜ੍ਹਾ ਹੋ ਗਿਆ, ਜਦ ਨਤੀਜਾ ਆਇਆ ਤਾਂ ਦੋਵੇਂ ਸਰਦਾਰ ਹੋ ਗਏ ਚਿੱਤ ਤੇ ਮਰਾੜ ਗਿਆ ਜਿੱਤ। ਇਕ ਹੋਰ ਮਿਸਾਲ ਬਲਾਕ ਸੰਮਤੀ ਚੋਣਾਂ ਦੀ, ਹਲਕਾ ਬਰਗਾੜੀ ਅੱਠ ਪਿੰਡਾਂ ਦਾ ਹਲਕਾ, ਤਿੰਨ ਉਮੀਦਵਾਰ। ਕਾਂਗਰਸ ਅਤੇ ਅਕਾਲੀ ਦਲ ਵਲੋਂ ਦੋ ਧਨੀ ਉਮੀਦਵਾਰ। ਵਿਚ ਤੀਜਾ ਇਕ ਗਰੀਬ ਘਰ ਦਾ ਨੌਜਵਾਨ ਪੰਡਿਤ ਕੁੱਕ ਖੜ੍ਹਾ ਹੋ ਗਿਆ। ਲੋਕ ਆਖਣ ਪੰਡਿਤ ਐਵੇਂ ਪੰਗੇ ਲੈਂਦਾ ਹੈ, ਇਹਨੂੰ ਕੀਹਨੇ ਵੋਟ ਪਾਉਣੀ ਐ? ਇਹਦੀ ਜਮਾਨਤ ਜ਼ਬਤ ਹੋਊ। ਜਦ ਨਤੀਜਾ ਆਇਆ ਤਾਂ ਦੋਵੇਂ ਧਨੀ ਹਾਰ ਗਏ ਤੇ ਪੰਡਿਤ ਕੁੱਕ ਜਿੱਤ ਗਿਆ। ਦੋਹਾਂ ਧਨੀਆਂ ਨੂੰ 1210 ਵੋਟਾਂ ਪਈਆਂ ਤੇ ਗਰੀਬ ਪੰਡਿਤ ਨੂੰ 1370 ਵੋਟਾਂ ਪਈਆਂ। ਲੋਕ ਆਪਣੇ ਜਮਾਤੀ ਖਾਸੇ ਨੂੰ ਨਹੀਂ ਭੁਲਦੇ, ਇਹ ਤਾਂ ਸਾਡੀਆਂ ਖੱਬੀਆਂ ਧਿਰਾਂ ਹੀ ਹਨ, ਜੋ ਆਪਣੀ ਜਮਾਤੀ ਲੜਾਈ ਨੂੰ ਭੁੱਲੀ ਬੈਠੀਆਂ ਹਨ। ਸਾਨੂੰ ਜਗੀਰਦਾਰਾਂ ਅਤੇ ਰਜਵਾੜਿਆਂ ਤੋਂ ਦਾਲ ਰੋਟੀ ਦੀ ਭੀਖ ਨਹੀਂ ਮੰਗਣੀ ਚਾਹੀਦੀ। ਅਸੀਂ 70% ਗਰੀਬ ਜਨਤਾ ਦੀ ਤਾਕਤ ਨਾਲ ਰਾਜਸੀ ਤਾਕਤ 'ਤੇ ਕਬਜ਼ਾ ਕਰਨਾ ਹੈ। ਪਾਰਲੀਮੈਂਟਰੀ ਸਿਸਟਮ ਜਮਾਤੀ ਸਫਬੰਦੀ ਦੇ ਆਧਾਰ 'ਤੇ ਲੜਨ ਦੀ ਅਣਸਰਦੀ ਲੋੜ ਹੈ, ਤਾਂ ਕਿ ਭ੍ਰਿਸ਼ਟ ਹੋ ਚੁਕੇ ਸਿਆਸੀ ਆਗੂਆਂ, ਬੇਈਮਾਨ ਅਫਸਰਾਂ, ਟੈਕਸ ਚੋਰਾਂ ਤੇ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਸਿਆਸੀ ਸਮਗਲਰਾਂ, ਮਿਲਾਵਟਖੋਰ ਕਾਰੋਬਾਰੀਆਂ ਤੋਂ ਜਨਤਾ ਨੂੰ ਨਿਜਾਤ ਦਿਵਾਈ ਜਾ ਸਕੇ।

# ਮੋਦੀ ਦਾ ਵਿਕਾਸ ਬਨਾਮ ਮੰਦਿਰ ਦੀ ਸਿਆਸਤ?

ਅਯੁੱਧਿਆ ਵਿਚ ਵਿਵਾਦਤ ਜ਼ਮੀਨ ਦੀ ਮਲਕੀਅਤ ਦਾ ਮਾਮਲਾ ਦੇਖਣ ਨੂੰ ਆਮ ਕਾਨੂੰਨੀ ਮਾਮਲਾ ਲੱਗਦਾ ਹੈ ਪਰ ਹੁਣ ਇਹ 2019 ਲਈ ਹੋਣ ਵਾਲੀ ਸਿਆਸਤ ਦਾ ਮੁੱਖ ਮੁੱਦਾ ਬਣ ਗਿਆ ਹੈ। ਇਸ ਦੀ ਪੇਚੀਦਗੀ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਨਰੇਂਦਰ ਮੋਦੀ, ਭਾਜਪਾ ਅਤੇ ਸੰਘ ਪਰਿਵਾਰ ਦਾ ਅੰਦਰੂਨੀ ਸ਼ਕਤੀ ਸੰਤੁਲਨ ਇਸੇ ਗੱਲ 'ਤੇ ਨਿਰਭਰ ਕਰਦਾ ਹੈ। ਜੇ ਅਦਾਲਤ ਨੇ ਕਿਸੇ ਵੀ ਆਮ ਮਾਮਲੇ ਦੀ ਤਰ੍ਹਾਂ ਇਸ ਨੂੰ ਸੁਣਨਾ ਪਸੰਦ ਕੀਤਾ ਤਾਂ ਇਸ ਦਾ ਫੈਸਲਾ ਆਉਣ ਵਿਚ ਕਿੰਨਾ ਵੀ ਸਮਾਂ ਲੱਗ ਸਕਦਾ ਹੈ ਪਰ ਜੇ ਉਸ ਨੇ ਕਿਹਾ ਕਿ ਇਸ ਦੀ ਸੁਣਵਾਈ ਰੋਜ਼ਾਨਾ ਹੋਵੇਗੀ ਤਾਂ ਇਸ ਅਮਲ ਦੇ ਦੋ ਸੰਭਾਵੀ ਨਤੀਜੇ ਹੋ ਸਕਦੇ ਹਨ। ਰੋਜ਼ਾਨਾ ਸੁਣਵਾਈ ਦਾ

ਅਭੈ ਕੁਮਾਰ ਦੂਬੇ

ਤਕਨੀਕੀ ਮਤਲਬ ਹਫਤੇ ਵਿਚ 5 ਦਿਨ ਸੁਣਵਾਈ ਨਹੀਂ ਹੁੰਦਾ।

ਜਾਣਕਾਰ ਲੋਕ ਜਾਣਦੇ ਹਨ ਕਿ ਇਸ ਦਾ ਮਤਲਬ ਹੁੰਦਾ ਹੈ, ਹਫਤੇ ਵਿਚ 3 ਦਿਨ ਸੁਣਵਾਈ। ਚੁਣਾਵੀ ਐਲਾਨ ਹੋਣ ਵਿਚ ਡੇਢ ਮਹੀਨਾ ਹੈ, ਭਾਵ ਸਿਰਫ 6 ਹਫਤੇ ਅਤੇ ਇਸ ਤਰ੍ਹਾਂ 18 ਸੁਣਵਾਈਆਂ ਹੋ ਸਕਦੀਆਂ ਹਨ। ਕੀ ਅਦਾਲਤ ਏਨੀਆਂ ਸੁਣਵਾਈਆਂ ਵਿਚ ਇਸ ਨਾਜ਼ੁਕ ਮਾਮਲੇ ਦਾ ਨਿਬੇੜਾ ਕਰ ਸਕਦੀ ਹੈ? ਕੀ ਅਦਾਲਤ ਸਿਰਫ ਹਾਈ ਕੋਰਟ ਦੇ ਫੈਸਲੇ ਦੀ ਸਮੀਖਿਆ ਕਰ ਕੇ ਆਪਣਾ ਫੈਸਲਾ ਦੇ ਦੇਵੇਗੀ ਜਾਂ ਉਹ ਹਾਈ ਕੋਰਟ ਦੇ ਸਾਹਮਣੇ ਰੱਖੇ ਹਰ ਪੱਖ ਅਤੇ ਪ੍ਰਮਾਣ ਦੀ ਵਾਰ-ਵਾਰ ਘੋਖ ਕਰ ਕੇ ਇਸ ਇਤਿਹਾਸਕ ਫੈਸਲੇ 'ਤੇ ਪਹੁੰਚਣਾ ਚਾਹੇਗੀ? ਜੇ ਉਸ ਨੇ ਦੂਸਰਾ ਤਰੀਕਾ ਅਪਣਾਇਆ, ਜਿਸ ਦੀ ਸੰਭਾਵਨਾ ਲੱਗ ਰਹੀ ਹੈ ਤਾਂ 18 ਸੁਣਵਾਈਆਂ ਨਾਲ ਉਸ ਦਾ ਕੰਮ ਨਹੀਂ ਬਣਨਾ। ਜੇ ਚੋਣਾਂ ਦੇ ਐਲਾਨ ਹੋਣ ਤੱਕ ਅਦਾਲਤ ਤੇਜ਼ੀ ਨਾਲ ਇਸ ਮਸਲੇ ਨੂੰ ਨਿਬੇੜਦੀ ਨਾ ਦਿਸੀ ਤਾਂ ਹਿੰਦੂਤਵ ਦੀ ਰਾਜਨੀਤੀ ਦੇ ਅੰਦਰੂਨੀ ਘੇਰਿਆਂ ਵਿਚ ਬਣੇ ਕਟਹਿਰੇ ਵਿਚ ਸਿਰਫ ਇਕ ਹੀ ਵਿਅਕਤੀ ਖੜ੍ਹਾ ਹੋਵੇਗਾ, ਉਸ ਦਾ ਨਾਂ ਹੈ ਨਰੇਂਦਰ ਮੋਦੀ। ਭਾਜਪਾ ਅਤੇ ਸੰਘ ਪਰਿਵਾਰ ਦੇ ਉਹ ਕਾਰਕੁਨ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਉਹ ਸੰਤ ਸਮਾਜ ਦੋਸ਼ ਭਰੀਆਂ ਨਜ਼ਰਾਂ ਨਾਲ ਦੇਖ ਰਿਹਾ ਹੋਵੇਗਾ, ਜੋ 90 ਦੇ ਦਹਾਕੇ ਤੋਂ ਹੀ ਇਕ ਖ਼ਾਸ ਤਰ੍ਹਾਂ ਦੀ ਫਿਰਕੂ ਰਾਜਨੀਤੀ ਦੀ ਖ਼ੁਰਾਕ 'ਤੇ ਪਲਿਆ ਹੋਇਆ ਹੈ।

ਦਰਅਸਲ, ਅੱਜ ਦੀ ਤਾਰੀਕ ਦਾ ਸਭ ਤੋਂ ਦਿਲਚਸਪ ਸਵਾਲ ਇਹ ਹੈ ਕਿ ਰਾਮ ਮੰਦਿਰ 'ਤੇ ਸਿਆਸਤ ਦੇ ਦਾਅ-ਪੇਚ ਵਿਚ ਕੌਣ ਫਸਿਆ ਅਤੇ ਕਿਸ ਨੇ ਫਸਾਇਆ ਹੈ? ਇਹ ਇਕ ਮੰਨਿਆ-ਪ੍ਰਮੰਨਿਆ ਤੱਥ ਹੈ ਕਿ ਮੰਦਿਰ ਬਣਾਉਣ ਲਈ ਸੰਸਦ ਵਿਚ ਕਾਨੂੰਨ ਬਣਾਉਣ ਦੀ ਪਹਿਲੀ ਜਨਤਕ ਬੇਨਤੀ ਖ਼ੁਦ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਪ੍ਰਧਾਨ ਮੋਹਨ ਭਾਗਵਤ ਨੇ ਕੀਤੀ ਸੀ। ਇਸ ਦੇ ਬਾਅਦ ਸੰਘ ਦੇ ਮੁਖੀ ਨੇ ਇਹੀ ਗੱਲ ਆਪਣੇ ਭਾਸ਼ਣ ਵਿਚ ਕਹੀ। ਰਾਮ ਲੀਲ੍ਹਾ ਮੈਦਾਨ ਵਿਚ ਸੰਤ ਸਭਾ ਕੀਤੀ ਗਈ, ਜਿਸ ਵਿਚ ਭਾਜਪਾ ਦੇ ਕਈ ਸੰਸਦ ਮੈਂਬਰ ਵੀ ਹਿੱਸਾ ਲੈਂਦੇ ਦੇਖੇ ਗਏ। ਪੂਰੇ ਦੇਸ਼ ਵਿਚ ਸੰਘ ਪਰਿਵਾਰ ਨੇ ਵੱਖ-ਵੱਖ ਮੰਚਾਂ ਤੋਂ ਇਹ ਮੰਗ ਕਰਨੀ ਸ਼ੁਰੂ ਕੀਤੀ ਅਤੇ ਇਕ ਵਾਰ ਅਜਿਹਾ ਲੱਗਿਆ ਕਿ ਹੁਣ ਮੋਦੀ ਸਰਕਾਰ ਸਰਦ ਰੁੱਤ ਦੇ ਇਜਲਾਸ ਵਿਚ ਜਾਂ ਤਾਂ ਬਿੱਲ ਰੱਖੇਗੀ ਜਾਂ ਸਰਕਾਰ ਆਰਡੀਨੈਂਸ ਲਿਆਏਗੀ।

ਭਾਗਵਤ ਦੇ ਨਜ਼ਦੀਕ ਸਮਝੇ ਜਾਣ ਵਾਲੇ ਇਕ ਰਾਜ ਸਭਾ ਦੇ ਸੰਸਦ ਮੈਂਬਰ ਨੇ ਚਿਤਾਵਨੀ ਦਿੰਦੇ ਹੋਏ ਦਾਅਵਾ ਕੀਤਾ ਕਿ ਉਹ ਰਾਮ ਮੰਦਿਰ 'ਤੇ ਸੰਸਦ ਮੈਂਬਰ ਦੀ ਨਿੱਜੀ ਹੈਸੀਅਤ ਨਾਲ ਬਿੱਲ ਪੇਸ਼ ਕਰ ਦੇਣਗੇ। ਮੀਡੀਆ ਵਿਚ ਅੰਦਾਜ਼ਾ ਲਗਾਇਆ ਜਾਣ ਲੱਗਾ ਹੈ ਕਿ ਸੰਘ ਵਾਲੇ ਕਿਸੇ ਕੋਨੇ ਵਿਚ ਕਾਨੂੰਨੀ ਮਾਹਿਰਾਂ ਤੋਂ ਇਹ ਬਿੱਲ ਲਿਖਵਾ ਰਹੇ ਹੋਣਗੇ। ਦੇਖਣ ਦੀ ਗੱਲ ਇਹ ਹੈ ਕਿ ਸੰਘ ਵਲੋਂ ਕੀਤੀ ਜਾ ਰਹੀ ਇਹ ਮੰਗ ਉਸ ਦੀ ਆਪਣੀ ਸਰਕਾਰ ਤੋਂ ਸੀ, ਨਾ ਕਿ ਕਿਸੇ ਗ਼ੈਰ-ਭਾਜਪਾ ਸਰਕਾਰ ਤੋਂ। ਏ.ਐਨ.ਆਈ. ਦੀ ਸਿਮਤਾ ਪ੍ਰਕਾਸ਼ ਨਾਲ ਗੱਲਬਾਤ ਕਰਦੇ ਹੋਏ ਜਦੋਂ ਮੋਦੀ ਨੇ ਕਾਨੂੰਨੀ ਅਮਲ ਪੂਰਾ ਕੀਤੇ ਬਗੈਰ ਬਿੱਲ ਲਿਆਉਣ ਤੋਂ ਇਨਕਾਰ ਕੀਤਾ ਤਾਂ ਸਪਸ਼ਟ ਹੋ ਗਿਆ ਕਿ ਸੰਘ ਪਰਿਵਾਰ ਆਪਣੀ ਹੀ ਸਰਕਾਰ ਤੋਂ ਆਪਣੀ ਮੰਗ ਮੰਨਵਾਉਣ ਵਿਚ ਅਸਫਲ ਰਿਹਾ ਹੈ। ਦੇਖਦੇ ਹੀ ਦੇਖਦੇ ਸਾਧੂ ਅਤੇ ਕੱਟੜਪੰਥੀ ਹਿੰਦੂਤਵਵਾਦੀ ਕਾਰਕੁਨ ਤਿੱਖੇ ਸ਼ਬਦ ਬੋਲਣ ਲੱਗੇ। ਇਥੋਂ ਤੱਕ ਕਿਹਾ ਜਾਣ ਲੱਗਾ ਕਿ ਭਾਜਪਾ ਨੂੰ 2019 ਵਿਚ ਹੁਣ ਬਹੁਤ ਪ੍ਰੇਸ਼ਾਨੀ ਹੋਣ ਵਾਲੀ ਹੈ। ਅਜਿਹਾ ਪਿਛਲੇ ਸਾਢੇ ਚਾਰ ਸਾਲਾਂ ਵਿਚ ਪਹਿਲੀ ਵਾਰ ਹੋਇਆ।

ਸਰਕਾਰ ਅਤੇ ਸੰਘ ਪਰਿਵਾਰ ਦੀ ਅੰਦਰੂਨੀ ਜਾਣਕਾਰੀ ਰੱਖਣ ਵਾਲੇ ਮੰਨਦੇ ਹਨ ਕਿ ਮੋਦੀ ਕਦੇ ਵੀ ਰਾਮ ਮੰਦਿਰ 'ਤੇ ਕਾਨੂੰਨੀ ਰਸਤਾ ਅਪਣਾਉਣ ਦੇ ਪੱਖ ਵਿਚ ਨਹੀਂ ਸਨ। ਸੰਘ ਪਰਿਵਾਰ ਨੇ ਜੇ ਇਹ ਮੰਗ ਡੇਢ ਸਾਲ ਪਹਿਲਾਂ ਕੀਤੀ ਹੁੰਦੀ ਤਾਂ ਸ਼ਾਇਦ ਇਸ ਨੂੰ ਮੰਨਣ ਬਾਰੇ ਸਰਕਾਰ ਕੁਝ ਸੋਚ-ਵਿਚਾਰ ਕਰ ਸਕਦੀ ਸੀ ਪਰ ਸਰਕਾਰ ਦਾ ਕਾਰਜਕਾਲ ਖ਼ਤਮ ਹੋਣ ਤੋਂ ਕੁਝ ਸਮਾਂ ਪਹਿਲਾਂ ਇਸ ਤਰ੍ਹਾਂ ਦੀ ਮੰਗ ਨੇ ਮੋਦੀ ਨੂੰ ਦੁਚਿਤੀ ਵਿਚ ਪਾ ਦਿੱਤਾ ਹੈ। ਜੇ ਮੋਦੀ ਅਤੇ ਭਾਜਪਾ ਇਸ ਪ੍ਰਤੀ ਗੰਭੀਰ ਹੁੰਦੇ ਤਾਂ 3 ਹਿੰਦੀ ਸੂਬਿਆਂ ਦੀਆਂ ਚੋਣਾਂ ਵਿਚ ਇਸ ਮੰਗ ਨੂੰ ਚੋਣਾਵੀ ਗੋਲਬੰਦੀ ਲਈ ਵਰਤੋਂ ਕਰ ਕੇ ਅੰਦਾਜ਼ਾ ਲਗਾਇਆ ਜਾ



ਅਜਿਹਾ ਲਗਦਾ ਹੈ ਕਿ ਭਾਜਪਾ ਅਤੇ ਮੋਦੀ ਦੀ ਪੂਰੀ ਸਿਆਸੀ ਊਰਜਾ ਵਿਰੋਧੀ ਧਿਰ ਦੇ ਹਮਲਿਆਂ ਨਾਲ ਨਜਿੱਠਣ ਦੀ ਬਜਾਏ ਸੰਘ ਪਰਿਵਾਰ ਦੀ ਇਸ ਮੰਗ ਅਤੇ ਬਣਾਏ ਜਾ ਰਹੇ ਦਬਾਅ ਨਾਲ ਨਜਿੱਠਣ ਵਿਚ ਖਰਚ ਹੁੰਦੀ ਰਹੀ। ਹੁਣ ਦੇਖਣਾ ਇਹ ਹੈ ਕਿ, ਕੀ ਸੰਘ ਪਰਿਵਾਰ ਇਸ ਮੰਗ ਨੂੰ ਕਿਸੇ ਨਾ ਕਿਸੇ ਰੂਪ ਵਿਚ ਉਠਾਉਂਦਾ ਰਹੇਗਾ ਜਾਂ ਕੁਸ਼ਲਤਾਪੂਰਵਕ ਥੋੜ੍ਹੇ-ਬਹੁਤ ਇਤਰਾਜ਼ਾਂ ਤੋਂ ਬਾਅਦ ਇਸ ਨੂੰ ਠੰਢੇ ਬਸਤੇ ਵਿਚ ਪਾਉਣ ਦਾ ਸਿਲਸਿਲਾ ਸ਼ੁਰੂ ਕਰ ਦੇਵੇਗਾ।

ਸਕਦਾ ਸੀ ਕਿ ਇਸ ਦੇ ਸਿਆਸੀ ਨਤੀਜੇ ਕੀ ਹੋ ਸਕਦੇ ਹਨ ਪਰ ਅਜਿਹਾ ਨਹੀਂ ਕੀਤਾ ਗਿਆ। ਤਿੰਨ ਵਿਧਾਨ ਸਭਾਵਾਂ ਦੀਆਂ ਚੋਣਾਂ ਪੂਰੀ ਤਰ੍ਹਾਂ ਨਾਲ ਸਰਕਾਰ ਦੀਆਂ ਉਪਲਬਧੀਆਂ ਦੇ ਆਧਾਰ 'ਤੇ ਲੜੀਆਂ ਗਈਆਂ।

ਅਜਿਹਾ ਲਗਦਾ ਹੈ ਕਿ ਭਾਜਪਾ ਅਤੇ ਮੋਦੀ ਦੀ ਪੂਰੀ ਸਿਆਸੀ ਊਰਜਾ ਵਿਰੋਧੀ ਧਿਰ ਦੇ ਹਮਲਿਆਂ ਨਾਲ ਨਜਿੱਠਣ ਦੀ ਬਜਾਏ ਸੰਘ ਪਰਿਵਾਰ ਦੀ ਇਸ ਮੰਗ ਅਤੇ ਬਣਾਏ ਜਾ ਰਹੇ ਦਬਾਅ ਨਾਲ ਨਜਿੱਠਣ ਵਿਚ ਖਰਚ ਹੁੰਦੀ ਰਹੀ। ਹੁਣ ਦੇਖਣਾ ਇਹ ਹੈ ਕਿ, ਕੀ ਸੰਘ ਪਰਿਵਾਰ ਇਸ ਮੰਗ ਨੂੰ ਕਿਸੇ ਨਾ ਕਿਸੇ ਰੂਪ ਵਿਚ ਉਠਾਉਂਦਾ ਰਹੇਗਾ ਜਾਂ ਕੁਸ਼ਲਤਾਪੂਰਵਕ ਥੋੜ੍ਹੇ-ਬਹੁਤ ਇਤਰਾਜ਼ਾਂ ਤੋਂ ਬਾਅਦ ਇਸ ਨੂੰ ਠੰਢੇ ਬਸਤੇ ਵਿਚ ਪਾਉਣ ਦਾ ਸਿਲਸਿਲਾ ਸ਼ੁਰੂ ਕਰ ਦੇਵੇਗਾ।

ਪਹਿਲੀ ਨਜ਼ਰ ਵਿਚ ਮੋਦੀ ਦੀ ਸੋਚ ਤੋਂ ਅਜਿਹਾ ਲਗਦਾ ਹੈ ਕਿ 2019 ਦੀ ਲੜਾਈ ਪੰਜ ਸਾਲ ਦੇ ਦੌਰਾਨ ਕੀਤੇ ਗਏ ਕੰਮਾਂ ਦੇ ਆਧਾਰ 'ਤੇ ਹੀ ਲੜਨੀ ਚਾਹੀਦੀ ਹੈ, ਨਾ ਕਿ ਰਾਮ ਮੰਦਿਰ ਦੀ ਮੰਗ 'ਤੇ। ਜਿਵੇਂ ਹੀ ਰਾਮ ਮੰਦਿਰ ਦੀ ਮੰਗ ਕੇਂਦਰ ਵਿਚ ਆਏਗੀ, ਉਵੇਂ ਹੀ ਪਿਛਲੇ ਪੰਜ ਸਾਲ ਦੀ ਮੋਦੀ ਦੀ ਸਿਆਸਤ ਸਿਫਰ ਹੋ ਜਾਵੇਗੀ। ਮੋਦੀ ਲਈ ਇਸ ਦਾ ਪਹਿਲਾ ਬੁਰਾ ਨਤੀਜਾ ਇਹ ਹੋਵੇਗਾ ਕਿ ਕੌਮੀ ਜਮਹੂਰੀ ਗੱਠਜੋੜ ਬਿਖਰ ਜਾਵੇਗਾ। ਨਿਤਿਸ਼ ਕੁਮਾਰ, ਰਾਮ ਵਿਲਾਸ ਪਾਸਵਾਨ, ਓਮ ਪ੍ਰਕਾਸ਼ ਰਾਜਭਰ ਅਤੇ ਅਨੁਪ੍ਰਿਆ ਪਟੇਲ ਵਰਗੇ ਫਿਰਕਾਪ੍ਰਸਤੀ ਵਿਰੋਧੀ ਨੇਤਾ ਮੋਦੀ ਦਾ ਸਾਥ ਛੱਡ ਦੇਣਗੇ। ਉਸ ਹਾਲਤ ਵਿਚ ਮੋਦੀ ਨੂੰ ਸਿਰਫ ਸ਼ਿਵ ਸੈਨਾ ਅਤੇ ਅਕਾਲੀ ਦਲ ਦੇ ਨਾਲ ਹੀ ਚੋਣ ਲੜਨੀ ਪਵੇਗੀ।

ਜ਼ਾਹਰ ਹੈ, ਜਿਵੇਂ ਇਹ ਨੇਤਾ ਮੋਦੀ ਦਾ ਸਾਥ ਛੱਡਣਗੇ, ਉਵੇਂ ਹੀ ਹੋਰ ਪਛੜੀ ਜਾਤੀ ਅਤੇ ਦਲਿਤ ਵਰਗਾਂ ਦੀ ਜਿਹੜੀ ਲਾਭਕਾਰੀ ਖਿਚੜੀ 2014 ਅਤੇ 2017 ਵਿਚ ਭਾਜਪਾ ਨੇ ਪਕਾਈ ਸੀ, ਉਹ ਆਪਣਾ ਸਵਾਦ ਗੁਆ ਦੇਵੇਗੀ। ਹੋ ਸਕਦਾ ਹੈ ਕਿ ਇਹ ਸ਼ਕਤੀਆਂ ਗ਼ੈਰ-ਭਾਜਪਾ ਵਿਰੋਧੀ ਧਿਰ ਦੇ ਨਾਲ ਖੜ੍ਹੀਆਂ ਹੋ ਜਾਣ। ਦੂਜਾ ਬੁਰਾ ਨਤੀਜਾ ਇਹ ਹੋ ਸਕਦਾ ਹੈ ਕਿ ਮੋਦੀ ਵਲੋਂ ਐਲਾਨੀਆਂ ਗਈਆਂ ਅਤੇ ਚੱਲ ਰਹੀਆਂ ਯੋਜਨਾਵਾਂ ਰਾਜਨੀਤੀ ਦੀ ਪਿੱਠ ਭੂਮੀ ਵਿਚ ਚਲੀਆਂ ਜਾਣਗੀਆਂ। ਵਿਰੋਧੀ ਧਿਰ ਉਸ ਸਥਿਤੀ ਵਿਚ ਦੋਸ਼ ਲਗਾਏਗੀ ਕਿ ਮੋਦੀ ਨੂੰ ਆਪਣੇ ਵਿਕਾਸ ਕਾਰਜਾਂ ਦੇ ਆਧਾਰ 'ਤੇ ਜੇਕਰ ਚੋਣ ਜਿੱਤਣ ਦਾ ਭਰੋਸਾ ਹੁੰਦਾ ਤਾਂ ਉਹ ਰਾਮ ਮੰਦਿਰ ਦੇ ਆਧਾਰ 'ਤੇ ਚੁਣਾਵੀ ਗੋਲਬੰਦੀ ਲਈ ਰਾਜ਼ੀ ਨਾ ਹੁੰਦੇ। ਇਕ ਤਰ੍ਹਾਂ ਨਾਲ ਉਦੋਂ ਮੋਦੀ ਦੀ ਸ਼ਖ਼ਸੀਅਤ ਪੂਰੀ ਤਰ੍ਹਾਂ ਨਾਲ ਸੰਘ ਪਰਿਵਾਰ ਵਲੋਂ ਲਿਆਂਦੇ ਗਏ ਹਿੰਦੂਤਵਵਾਦੀ ਤੂਫਾਨ ਵਿਚ ਡੁੱਬ ਜਾਵੇਗੀ; ਭਾਵ 2019 ਵਿਚ ਭਾਜਪਾ ਨੂੰ ਮਿਲਣ ਵਾਲੀਆਂ ਵੋਟਾਂ ਦੇ ਵਾਹਕ ਮੋਦੀ ਨਾ ਹੋ ਕੇ ਸੰਘ ਪਰਿਵਾਰ ਹੋਵੇਗਾ। ਇਸ ਤਰ੍ਹਾਂ ਹਿੰਦੂਤਵ ਦੀ ਸਿਆਸਤ ਦੇ ਕੇਂਦਰ ਵਿਚ ਪਾਉਣ ਨਾਲ ਮੋਦੀ ਦੀ ਹਸਤੀ ਖ਼ਤਮ ਹੋ ਜਾਵੇਗੀ। 2014 ਦੀਆਂ ਚੋਣਾਂ ਜਿੱਤਣ ਦੇ ਬਾਅਦ ਮੋਦੀ ਆਪਣੀ ਵੋਟ ਖਿੱਚਣ ਵਾਲੀ ਸਮਰੱਥਾ ਦੇ ਕਾਰਨ ਸੰਘ ਪਰਿਵਾਰ 'ਤੇ ਹਾਵੀ ਹੁੰਦੇ ਦਿਖਾਈ ਦੇ ਰਹੇ ਸਨ। ਰਾਮ ਮੰਦਿਰ ਲਈ ਕਾਨੂੰਨੀ ਰਸਤਾ ਅਪਣਾਉਣ ਦਾ ਦਬਾਅ ਪਾ ਕੇ ਸੰਘ ਪਰਿਵਾਰ ਇਹ ਬਾਜ਼ੀ ਆਪਣੇ ਵੱਲ ਝੁਕਾਉਣ ਦੀ ਕੋਸ਼ਿਸ਼ ਵਿਚ ਲੱਗਾ ਦਿਖਾਈ ਦੇ ਰਿਹਾ ਹੈ।

ਮੀਡੀਆ ਮੰਚਾਂ 'ਤੇ ਬੈਠੇ ਹੋਏ ਸੰਘ ਪਰਿਵਾਰ ਦੇ ਪੈਰੋਕਾਰ ਪੂਰੀ ਕੋਸ਼ਿਸ਼ ਕਰ ਰਹੇ ਹਨ ਕਿ ਰਾਮ ਮੰਦਿਰ 'ਤੇ ਸੰਘ ਪਰਿਵਾਰ ਦਾ ਇਹ ਸੰਘਰਸ਼ ਸਾਹਮਣੇ ਆ ਸਕੇ। ਇਸ ਲਈ ਤਰ੍ਹਾਂ-ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਇਹ ਮੁੱਦਾ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ਾਇਦ ਸਰਕਾਰ ਨੂੰ ਅੰਦਰੋ-ਅੰਦਰੀ ਯਕੀਨ ਹੈ ਕਿ ਸੁਪਰੀਮ ਕੋਰਟ ਦਾ ਫੈਸਲਾ ਸਮੇਂ 'ਤੇ ਆ ਜਾਵੇਗਾ ਅਤੇ ਉਹ ਆਪਣੇ ਕੱਟੜਪੰਥੀ ਕਾਰਕੁਨਾਂ ਦੀ ਨਜ਼ਰ ਵਿਚ ਇਕ ਵਾਰ ਫਿਰ ਹੀਰੋ ਬਣ ਜਾਵੇਗੀ। ਜੋ ਵੀ ਹੋਵੇ, ਦੇਖਣਾ ਇਹ ਹੈ ਕਿ ਮੋਦੀ ਅਤੇ ਭਾਗਵਤ ਦੀ ਇਹ ਰਣਨੀਤਕ ਟੱਕਰ ਕੀ ਤਸਵੀਰ ਪੇਸ਼ ਕਰੇਗੀ?

# ਲੋਕ ਭਲਾਈ ਦਾ ਸੌਦਾ-ਪੱਤਾ ਖਤਮ?

ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਹੁਣ ਸਰਕਾਰਾਂ ਨਾਂ ਦੀਆਂ ਹੀ ਲੋਕਤੰਤਰੀ ਹਨ। ਇਹ ਗੱਲ ਵੱਖਰੀ ਹੈ ਕਿ ਕੇਂਦਰ ਸਰਕਾਰ ਸਮੇਤ ਹਰ ਰਾਜ ਸਰਕਾਰ ਆਪਣੇ ਲੋਕਤੰਤਰੀ ਹੋਣ ਦਾ ਢੰਡੋਰਾ ਪਿੱਟ ਕੇ ਆਪਣੀ ਪਿੱਠ ਆਪੇ ਹੀ ਥਾਪੜ ਲੈਂਦੀਆਂ ਹਨ। ਚੋਣਾਂ ਸਮੇਂ ਵੱਡੇ ਵੱਡੇ ਵਾਅਦੇ ਅਤੇ ਦਾਅਵੇ ਕਰਨੇ ਕੇਵਲ ਚੋਣਾਂ ਜਿੱਤਣ ਤੱਕ ਹੀ ਸੀਮਤ ਹਨ। ਪਿਛਲੇ ਸੱਤਰ ਸਾਲਾਂ ਤੋਂ ਲੋਕ ਇਹ ਝੂਠ ਜਾਣਦੇ ਹੋਏ ਵੀ ਰਾਜਨੀਤੀ ਦੇ ਮਾਹਰ 'ਸ਼ਿਕਾਰੀਆਂ' ਦੇ ਜਾਲ ਵਿਚ ਫਸ ਰਹੇ ਹਨ। ਲੋਕਤੰਤਰੀ ਸਰਕਾਰ ਬਾਰੇ ਜਿਹੜਾ ਕਥਨ ਅਕਸਰ ਬੋਲਿਆ ਜਾਂਦਾ ਹੈ ਕਿ ਉਹ

ਗੁਰਬਿੰਦਰ ਸਿੰਘ ਮਾਣਕ

ਸਰਕਾਰ ਜਿਹੜੀ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਹੋਵੇ, ਉਹ ਲੋਕਤੰਤਰ ਦੇ ਤਕਾਜ਼ਿਆਂ 'ਤੇ ਪੂਰੀ ਉਤਰਦੀ ਹੈ। ਹੋ ਸਕਦਾ ਹੈ, ਇਹ ਪਰਿਭਾਸ਼ਾ ਕਿਸੇ ਹੋਰ ਦੇਸ਼ ਦੇ ਲੋਕਤੰਤਰੀ ਪ੍ਰਬੰਧ 'ਤੇ ਪੂਰੀ ਢੁੱਕਦੀ ਹੋਵੇ ਪਰ ਜਿਸ ਤਰ੍ਹਾਂ ਦੀ ਨਿੱਘਰੀ ਅਤੇ ਲਗਾਤਾਰ ਬਦਤਰ ਹੋ ਰਹੀ ਸਾਡੇ ਦੇਸ਼ ਦੀ ਲੋਕਤੰਤਰੀ ਵਿਵਸਥਾ ਹੈ, ਉਸ 'ਤੇ ਇਹ ਬਿਲਕੁਲ ਹੀ ਨਹੀਂ ਢੁਕਦੀ।

ਆਮ ਲੋਕਾਂ ਨੂੰ ਤਾਂ ਕੇਵਲ ਵੋਟ ਪਾਉਣ ਦਾ ਹੀ ਅਧਿਕਾਰ ਹੈ। ਇਹ ਠੀਕ ਹੈ ਕਿ ਵੋਟ ਦਾ ਹੱਕ ਬਹੁਤ ਵੱਡੀ ਸ਼ਕਤੀ ਹੈ। ਜੇ ਲੋਕ ਚਾਹੁਣ ਤਾਂ ਆਪਣੀ ਵੋਟ ਪਰਚੀ ਨਾਲ ਆਪਣੇ ਆਪ ਨੂੰ ਅਜਿੱਤ ਦੱਸਣ ਵਾਲਿਆਂ ਨੂੰ ਵੀ ਅਰਸ਼ ਤੋਂ ਫਰਸ਼ 'ਤੇ ਪਟਕਾ ਮਾਰਦੇ ਹਨ ਪਰ ਜਿਸ ਤਰ੍ਹਾਂ ਦਾ ਚੋਣ ਪ੍ਰਬੰਧ ਹੁਣ ਬਣ ਚੁੱਕਾ ਹੈ, ਉਸ ਦੇ ਸਿੱਟੇ ਵਜੋਂ ਕੋਈ ਆਮ ਆਦਮੀ ਤਾਂ ਦੂਰ ਦੀ ਗੱਲ ਹੈ, ਕੋਈ ਚੰਗਾ ਖਾਂਦਾ-ਪੀਂਦਾ ਬੰਦਾ ਵੀ ਕਿਸੇ ਚੋਣ ਵਿਚ ਖੜ੍ਹੇ ਹੋਣ ਦੀ ਜੁਅਰਤ ਨਹੀਂ ਕਰ ਸਕਦਾ।

ਇਹ ਸਾਰਾ ਪ੍ਰਬੰਧ ਸਿਆਸੀ ਪਾਰਟੀਆਂ ਦੀ ਮਿਲੀਭੁਗਤ ਨਾਲ ਵੱਡੇ ਧਨਾਢਾਂ, ਉਦਯੋਗਪਤੀਆਂ, ਅੰਬਾਨੀਆਂ, ਅਡਾਨੀਆਂ ਅਤੇ ਇਹੋ ਜਿਹੇ ਹੋਰ ਮੁੱਠੀ ਭਰ ਪੂੰਜੀਪਤੀਆਂ ਨੇ ਅਗਵਾ ਕਰ ਲਿਆ ਹੈ। ਇਹੋ ਜਿਹੇ ਹਾਲਾਤ ਵਿਚ ਜੀਵਨ ਦੀਆਂ ਦੁਸ਼ਵਾਰੀਆਂ ਨਾਲ ਜੂਝਦਾ ਆਮ ਆਦਮੀ ਕਦੇ ਇਸ ਰਾਹ ਪੈਣ ਬਾਰੇ ਸੋਚ ਵੀ ਨਹੀਂ ਸਕਦਾ। ਜਿੱਥੋਂ ਤੱਕ ਸਰਕਾਰਾਂ ਦੀਆਂ ਲੋਕ ਭਲਾਈ ਨੀਤੀਆਂ ਦਾ ਸਵਾਲ ਹੈ, ਉਹ ਵੀ ਅਮਲੀ ਰੂਪ ਵਿਚ ਕਿਤੇ ਨਜ਼ਰ ਨਹੀਂ ਆਉਂਦੀਆਂ ਸਗੋਂ ਭਰਮ ਹੀ ਸਿਰਜਦੀਆਂ ਹਨ।

ਸਿਆਸੀ ਪਾਰਟੀਆਂ ਦੀ ਦੌੜ ਹੁਣ ਹਰ ਜਾਇਜ਼-ਨਜਾਇਜ਼ ਹਰਬਾ ਵਰਤ ਕੇ ਸੱਤਾ ਹਾਸਲ ਕਰਨ ਤੱਕ ਸੀਮਤ ਹੋ ਗਈ ਹੈ। ਇਹ ਗੱਲ ਹੁਣ ਕੋਈ ਲੁਕੀ ਛਿਪੀ ਨਹੀਂ ਕਿ ਅੱਜ ਵੀ ਦੇਸ਼ ਦੇ ਕਰੋੜਾਂ ਨਾਗਰਿਕ ਸਰਕਾਰਾਂ ਦੀਆਂ ਗਲਤ ਨੀਤੀਆਂ ਦੀ ਬਦੌਲਤ ਜੀਵਨ ਦੀਆਂ ਬੁਨਿਆਦੀ ਲੋੜਾਂ ਤੋਂ ਵੀ ਵਿਰਵੇ ਹਨ। ਅਸਲ ਵਿਚ ਸਿਆਸੀ ਪਾਰਟੀਆਂ ਦੇ ਕਈ ਕਈ ਚਿਹਰੇ ਹਨ। ਚੋਣਾਂ ਸਮੇਂ ਚਿਹਰੇ ਉਤੇ ਲੋਕ ਭਲਾਈ ਦਾ ਨਕਾਬ ਪਾ ਕੇ ਜਨਤਾ ਨੂੰ ਇਸ ਤਰ੍ਹਾਂ ਵਰਗਲਾਇਆ ਜਾਂਦਾ ਹੈ ਕਿ ਲੋਕ ਇਸ ਭਰਮ ਜਾਲ ਵਿਚ ਫਸ ਕੇ ਆਪਣੀ ਵੋਟ-ਸ਼ਕਤੀ ਅਜਿਹੇ ਹੱਥਾਂ ਵਿਚ ਸੌਂਪ ਦਿੰਦੇ ਹਨ ਜੋ ਸੱਤਾ ਹਾਸਲ ਹੋਣ ਉਪਰੰਤ ਕਦੇ ਬਾਤ ਨਹੀਂ ਪੁੱਛਦੇ।

ਅਸਲ ਵਿਚ ਭ੍ਰਿਸ਼ਟਾਚਾਰ ਵਿਚ ਗਲਤਾਨ ਸਿਆਸੀ ਪਾਰਟੀਆਂ ਨੇ ਸਿਆਸੀ ਸੱਤਾ ਨੂੰ ਵਪਾਰ ਬਣਾ ਲਿਆ ਹੈ। ਚੋਣਾਂ ਦੀ ਜੰਗ ਜਿੱਤਣ ਲਈ ਕਾਲੇ ਧੰਦਿਆਂ ਨਾਲ ਕੀਤੀ ਕਮਾਈ ਲਈ ਕਰੋੜਾਂ ਰੁਪਏ ਪਾਣੀ ਵਾਂਗ ਵਹਾਏ ਜਾਂਦੇ ਹਨ। ਸੱਤਾ ਦੀ ਕੁਰਸੀ ਹਾਸਲ ਹੋਣ ਉਪਰੰਤ ਲੋਕਾਂ ਦੀ ਭਲਾਈ ਦੇ ਮੁੱਦੇ ਵਿਸਰ ਜਾਂਦੇ ਹਨ। ਨੇਤਾਵਾਂ ਅਤੇ ਅਫਸਰਸ਼ਾਹੀ ਦੀ ਮਿਲੀਭੁਗਤ ਦੀ ਬਦੌਲਤ ਸਾਰਾ ਜ਼ੋਰ ਆਪੋ-ਆਪਣੀਆਂ ਨਿੱਜੀ ਤਜੌਰੀਆਂ ਭਰਨ 'ਤੇ ਹੀ ਲਾ ਦਿੱਤਾ ਜਾਂਦਾ ਹੈ। ਦੇਸ਼ ਦੇ ਲੋਕਾਂ ਨੂੰ ਇਹ ਜਾਪੇ ਕਿ ਸਰਕਾਰ ਬਹੁਤ ਕੰਮ ਕਰ ਰਹੀ ਹੈ, ਕਰੋੜਾਂ ਰੁਪਏ ਦੀ ਲਾਗਤ ਵਾਲੇ ਵੱਡੇ ਵੱਡੇ ਪ੍ਰੋਜੈਕਟਾਂ ਦਾ ਬਹੁਤ ਜ਼ੋਰ-ਸ਼ੋਰ ਨਾਲ ਐਲਾਨ ਕੀਤਾ ਜਾਂਦਾ ਹੈ। ਇਸ ਦਾ ਸਿਆਸੀ ਲਾਹਾ ਲੈਣ ਲਈ ਅਖਬਾਰਾਂ ਅਤੇ ਟੀਵੀ ਚੈਨਲਾਂ ਉਤੇ ਕਰੋੜਾਂ ਰੁਪਏ ਦੀ ਇਸ਼ਤਿਹਾਰ ਦਿੱਤੇ ਜਾਂਦੇ ਹਨ।

ਲੋਕਾਂ ਦੇ ਧਨ ਦੀ ਇਸ ਤੋਂ ਵੱਡੀ ਦੁਰਵਰਤੋਂ ਹੋਰ ਕੀ ਹੋ ਸਕਦੀ ਹੈ ਕਿ ਸਰਕਾਰਾਂ ਲੋਕਾਂ ਨਾਲ ਜੁੜੇ ਜ਼ਰੂਰੀ ਮੁੱਦਿਆਂ ਨੂੰ ਦਰਕਿਨਾਰ ਕਰਕੇ ਅਜਿਹੀਆਂ ਗੱਲਾਂ 'ਤੇ ਪੈਸਾ ਖਰਚ ਕਰੀ ਜਾਂਦੀਆਂ ਹਨ ਜਿਸ ਦਾ ਦੇਸ਼ ਨੂੰ ਕੋਈ ਲਾਭ ਨਹੀਂ ਹੁੰਦਾ। ਕਿਸੇ ਯੋਜਨਾ ਜਾਂ ਪ੍ਰੋਜੈਕਟ ਨੂੰ ਸ਼ੁਰੂ ਕਰਨ ਦਾ ਅਰਥ ਹੀ ਇਹ ਹੈ ਕਿ ਇਸ ਦੇ ਬਹਾਨੇ ਧਨ ਹੜੱਪਿਆ ਜਾ ਸਕੇ। ਅਕਸਰ ਹੀ ਯੋਜਨਾਵਾਂ ਸਾਲਾਂ ਬੱਧੀ ਲਟਕੀਆਂ ਰਹਿੰਦੀਆਂ ਹਨ, ਫਿਰ ਲਾਗਤ ਵਧਣ ਦੇ ਬਹਾਨੇ ਹੋਰ ਧਨ ਜੁਟਾਇਆ ਜਾਂਦਾ ਹੈ। ਇਸੇ ਦੌਰਾਨ ਹੀ ਜੇ ਕਿਤੇ ਸਰਕਾਰ ਬਦਲ ਜਾਵੇ ਤਾਂ ਪਹਿਲੀ ਸਰਕਾਰ ਵਲੋਂ ਸ਼ੁਰੂ ਕੀਤੇ ਪ੍ਰੋਜੈਕਟ ਅਧੂਰੇ ਹੀ ਛੱਡ ਦਿੱਤੇ ਜਾਂਦੇ ਹਨ। ਇੰਜ ਦੇਸ਼ ਦਾ ਅਰਬਾਂ ਰੁਪਿਆ ਬਰਬਾਦ ਕਰ ਦਿੱਤਾ ਜਾਂਦਾ ਹੈ।

ਜਿਸ ਦੇਸ਼ ਵਿਚ ਭੁੱਖਮਰੀ ਨਾਲ ਲੋਕ ਮਰ ਰਹੇ ਹੋਣ, ਜਿੱਥੇ ਲੋਕ ਗਰੀਬੀ ਦੀ ਦਲਦਲ ਵਿਚ ਖੁੱਭੇ ਨਿੱਤ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਨੂੰ ਵੀ ਤਰਸ ਰਹੇ ਹੋਣ, ਜਿੱਥੇ ਕਰੋੜਾਂ ਲੋਕਾਂ ਨੂੰ ਪੀਣ ਦਾ ਸ਼ੁੱਧ ਪਾਣੀ ਵੀ ਨਸੀਬ ਨਾ ਹੁੰਦਾ ਹੋਵੇ, ਜਿਥੇ ਭਿਆਨਕ ਬਿਮਾਰੀਆਂ ਵਿਚ ਗ੍ਰਸੇ ਲੋਕ ਇਲਾਜ ਦੁੱਖੋਂ ਮਰ ਰਹੇ ਹੋਣ, ਜਿਥੇ ਕਰੋੜਾਂ ਲੋਕ ਸਿਰ 'ਤੇ ਕਿਸੇ ਛੱਤ ਦੀ ਅਣਹੋਂਦ ਵਿਚ ਸਾਰਾ ਜੀਵਨ ਨੀਲੀ ਛੱਤ ਹੇਠ ਕੱਟ ਕੇ ਤੁਰ ਜਾਂਦੇ ਹੋਣ, ਉਸ ਦੇਸ਼ ਦੇ ਹਾਕਮਾਂ ਵਲੋਂ ਦੇਸ਼ ਦੇ ਵਿਕਾਸ ਲਈ ਅਜਿਹੀਆਂ ਯੋਜਨਾਵਾਂ ਤੇ ਦੇਸ਼ ਦਾ ਸਰਮਾਇਆ ਰੋੜ੍ਹੀ ਜਾਣਾ (ਜਿਸ ਦਾ ਆਮ ਲੋਕਾਂ ਨੂੰ ਕੋਈ ਲਾਭ ਹੀ ਨਾ ਹੋਵੇ), ਨੇਤਾਵਾਂ ਦੀ ਲੋਕਾਂ ਪ੍ਰਤੀ ਬਦਨੀਤੀ ਨੂੰ ਦਰਸਾਉਂਦਾ ਹੈ। ਹਾਕਮਾਂ ਦੀਆਂ ਤਰਜੀਹਾਂ ਦੇਖ ਕੇ ਉਸ ਦੀ ਸੰਵੇਦਨਹੀਣਤਾ ਅਤੇ ਲੋਕ ਵਿਰੋਧੀ ਚਿਹਰਾ ਸਾਹਮਣੇ ਆ ਜਾਂਦਾ ਹੈ। ਦੇਸ਼ ਦਾ ਅੰਨ ਭੰਡਾਰ ਭਰਨ ਵਾਲਾ ਕਿਸਾਨ ਕਰਜ਼ੇ ਦੇ ਜਾਲ ਵਿਚ ਫਸਿਆ ਤੇ ਮਿੱਟੀ ਨਾਲ ਮਿੱਟੀ ਹੋਣ ਦੇ ਬਾਵਜੂਦ ਖਰਚੇ ਪੂਰੇ ਨਾ ਹੋਣ ਦੇ ਦਰਦ ਵਿਚੋਂ ਗੁਜ਼ਰਦਿਆਂ ਨਿੱਤ ਖੁਦਕੁਸ਼ੀਆਂ ਕਰ ਰਿਹਾ ਹੈ ਪਰ ਸਰਕਾਰ, ਸਰਦਾਰ ਪਟੇਲ ਦੇ ਬੁੱਤ 'ਤੇ 3000 ਕਰੋੜ ਰੁਪਿਆ ਖਰਚ ਕੇ ਸਿਆਸੀ ਲਾਹਾ ਲੈਣ ਦੀ ਤਾਕ ਵਿਚ ਲੋਕਾਂ ਦੇ ਸਰਮਾਏ ਨੂੰ ਬਰਬਾਦ ਕਰ ਦਿੱਤਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਹੱਕ ਹੈ ਕਿ ਉਹ ਸੰਸਾਰ ਦੇ ਹੋਰ ਦੇਸ਼ਾਂ ਨਾਲ ਦੁਵੱਲੇ ਮੁੱਦਿਆਂ ਸਬੰਧੀ ਚੰਗੀ ਸਮਝ ਪੈਦਾ ਕਰਨ ਲਈ ਵਿਦੇਸ਼ੀ ਦੌਰੇ ਕਰੇ ਪਰ ਸਾਡੇ ਪ੍ਰਧਾਨ ਮੰਤਰੀ ਤਾਂ ਰਹੇ ਹੀ ਵਿਦੇਸ਼ੀ ਦੌਰਿਆਂ ਉਤੇ ਹਨ। ਜੂਨ 2014 ਤੋਂ ਜੂਨ 2018 ਤੱਕ ਪ੍ਰਧਾਨ ਮੰਤਰੀ ਦੇ ਵਿਦੇਸ਼ੀ ਟੂਰਾਂ ਦਾ ਖਰਚਾ ਦੋ ਹਜ਼ਾਰ ਕਰੋੜ ਤੋਂ ਉਪਰ ਹੈ। ਇਸ ਤੋਂ ਅਗਲੇ ਸਮੇਂ ਵਿਚ ਵੀ ਕਈ ਦੇਸ਼ਾਂ ਦੀ ਸੈਰ ਕੀਤੀ ਗਈ ਹੈ ਜਿਸ ਦੇ ਖਰਚੇ ਦੇ ਅੰਕੜੇ ਅਜੇ ਤੱਕ ਉਪਲਬਧ ਨਹੀਂ ਹਨ। ਲੋਕ ਹੁਣ ਇਹ ਜਾਣਨਾ ਚਾਹੁੰਦੇ ਹਨ ਕਿ ਇਨ੍ਹਾਂ ਵਿਦੇਸ਼ੀ ਦੌਰਿਆਂ ਨਾਲ ਦੇਸ਼ ਨੂੰ ਕੀ ਲਾਭ ਹੋਇਆ। ਦੇਸ਼ ਦਾ ਕਰੋੜਾਂ ਰੁਪਿਆ ਫਜ਼ੂਲ ਹੀ ਵਹਾ ਦੇਣਾ, ਉਨ੍ਹਾਂ ਕਰੋੜਾਂ ਲੋਕਾਂ ਨਾਲ ਧ੍ਰੋਹ ਹੈ ਜਿਹੜੇ ਅਣਹੋਇਆਂ ਵਾਲਾ ਜੀਵਨ ਜੀਣ ਲਈ ਮਜਬੂਰ ਹਨ। ਕਿਸੇ ਸਰਕਾਰੀ ਯੋਜਨਾ ਦੇ ਪ੍ਰਚਾਰ ਲਈ ਹੀ ਕਰੋੜਾਂ ਰੁਪਿਆ ਖਰਚਣ ਵੇਲੇ ਸਰਕਾਰਾਂ ਇਹ ਕਿਉਂ ਨਹੀਂ ਸੋਚਦੀਆਂ ਕਿ ਇਹ ਧਨ ਲੋਕਾਂ ਦੀ ਕੋਈ ਲੋੜ ਪੂਰੀ ਕਰਨ ਲਈ ਖਰਚ ਦਿੱਤਾ ਜਾਵੇ।

ਪੰਜਾਬ ਸਰਕਾਰ ਅਧਿਆਪਕਾਂ ਦੀਆਂ ਤਨਖਾਹਾਂ ਤੇ ਵੱਡੀ ਕੱਟ ਲਾ ਕੇ ਆਪਣੇ ਮੁਲਾਜ਼ਮ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਚਾਲੀ ਹਜ਼ਾਰ ਤੋਂ ਉਤੇ ਤਨਖਾਹ ਲੈਣ ਵਾਲਿਆ ਨੂੰ ਪੰਦਰਾਂ ਹਜ਼ਾਰ ਦੇਣ ਦੇ ਤੁਗਲਕੀ ਫਰਮਾਨ ਇਨ੍ਹਾਂ ਮੁਲਾਜ਼ਮਾਂ ਨਾਲ ਕਿੱਥੋਂ ਦਾ ਇਨਸਾਫ਼ ਹੈ। ਖਜ਼ਾਨਾ ਖਾਲੀ ਹੋਣ ਦਾ ਬਹਾਨਾ ਲਾ ਕੇ ਸਮੁੱਚੇ ਮੁਲਾਜ਼ਮ ਵਰਗ ਨੂੰ ਕਾਫੀ ਸਮੇਂ ਤੋਂ ਮਹਿੰਗਾਈ ਭੱਤੇ ਤੋਂ ਵਾਂਝਾ ਰੱਖਿਆ ਹੋਇਆ ਹੈ। ਆਪਣੀਆਂ ਤਨਖਾਹਾਂ ਵਧਾਉਣ ਸਮੇਂ ਖਜ਼ਾਨਾ ਵੀ ਭਰ ਜਾਂਦਾ ਹੈ। ਪੰਜਾਬ ਸਰਕਾਰ ਆਪਣੇ 'ਗਰੀਬ' ਵਿਧਾਇਕਾਂ ਦਾ ਆਮਦਨ ਟੈਕਸ ਵੀ ਇਸ ਖਜ਼ਾਨੇ ਵਿਚੋਂ ਹੀ ਭਰ ਰਹੀ ਹੈ ਜਦੋਂ ਕਿ 117 ਵਿਧਾਇਕਾਂ ਵਿਚੋਂ 95 ਵਿਧਾਇਕ ਕਰੋੜਪਤੀ ਹਨ। ਬੁਢਾਪਾ ਪੈਨਸ਼ਨ ਲੈਣ ਲਈ ਲੋੜਵੰਦਾਂ ਨੂੰ ਸਾਲ ਸਾਲ ਤਰਲੇ ਕਰਨੇ ਪੈਂਦੇ ਹਨ। ਹੁਣ ਲੋਕ ਭਲਾਈ ਸਰਕਾਰਾਂ ਦੇ ਏਜੰਡੇ ਵਿਚ ਸ਼ਾਮਲ ਨਹੀਂ ਹੈ ਪਰ ਫਜ਼ੂਲ ਦੇ ਖਰਚੇ ਕਰਨ ਲਈ ਉਹ ਆਜ਼ਾਦ ਹਨ।

# ਨਸਲਕੁਸ਼ੀ ਦੀ ਪੈੜਚਾਲ

***ਨਸਲਕੁਸ਼ੀ ਮਨੁੱਖਤਾ ਦੇ ਇਤਿਹਾਸ ਦਾ ਸਭ ਤੋਂ ਘਿਨੌਣਾ ਵਰਤਾਰਾ ਹੈ, ਜੋ ਵਾਰ-ਵਾਰ ਵਾਪਰਿਆ ਹੈ। ਇਸ ਲੇਖ ਵਿਚ ਆਕਸਫੋਰਡ ਬਰੁਕਸ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਪ੍ਰੀਤਮ ਸਿੰਘ ਨੇ 20ਵੀਂ ਸਦੀ ਦੌਰਾਨ ਹੋਈ ਨਸਲਕੁਸ਼ੀ ਬਾਰੇ ਕੁਝ ਟਿੱਪਣੀਆਂ ਕਰਦਿਆਂ ਪਹਿਲੀ ਅਤੇ ਦੂਜੀ ਸੰਸਾਰ ਜੰਗ ਦੌਰਾਨ ਮਨੁੱਖੀ ਸਭਿਅਤਾ ਦੇ ਮੱਥੇ 'ਤੇ ਲੱਗੇ ਦਾਗਾਂ ਦਾ ਜ਼ਿਕਰ ਕੀਤਾ ਗਿਆ ਹੈ। -ਸੰਪਾਦਕ***

**ਪ੍ਰੋ. ਪ੍ਰੀਤਮ ਸਿੰਘ**

ਸੰਯੁਕਤ ਰਾਸ਼ਟਰ ਨੇ 9 ਦਸੰਬਰ 1948 ਨੂੰ ਨਸਲਕੁਸ਼ੀ ਅਪਰਾਧ ਦੀ ਰੋਕਥਾਮ ਤੇ ਸਜ਼ਾ ਕਨਵੈਨਸ਼ਨ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਅਤੇ 10 ਦਸੰਬਰ ਨੂੰ ਮਨੁੱਖੀ ਅਧਿਕਾਰ ਸਰਬ ਸਾਂਝਾ ਐਲਾਨਨਾਮਾ ਅਪਨਾਇਆ। ਸੰਯੁਕਤ ਰਾਸ਼ਟਰ ਆਪਣੇ ਆਪ ਵਿਚ ਦੂਜੀ ਆਲਮੀ ਜੰਗ (1939-45) ਦੇ ਖੌਫ ਦੀ ਪੈਦਾਵਾਰ ਸੀ, ਜੋ ਅਕਤੂਬਰ 1945 ਵਿਚ ਇਹ ਪ੍ਰਵਾਨ ਕੀਤੇ ਜਾਣ ਨਾਲ ਹੋਂਦ ਵਿਚ ਆਇਆ ਕਿ ਇਕ ਹੀ ਸਭਿਆਚਾਰ, ਭਾਸ਼ਾ, ਇਤਿਹਾਸ ਆਦਿ ਦੇ ਆਧਾਰ 'ਤੇ ਬਣੇ ਆਜ਼ਾਦ ਮੁਲਕਾਂ ਦਰਮਿਆਨ ਮਤਭੇਦਾਂ ਤੇ ਵਿਵਾਦਾਂ ਨੂੰ ਗੱਲਬਾਤ ਰਾਹੀਂ ਨਿਪਟਾਉਣ ਅਤੇ ਅਜਿਹਾ ਕਰਦਿਆਂ ਮਤਭੇਦਾਂ ਤੇ ਵਿਵਾਦਾਂ ਨੂੰ ਨਜ਼ਰਅੰਦਾਜ਼ ਕਰਨ ਦੀ ਨਹੀਂ, ਘਟਾਉਣ ਦੀ ਲੋੜ ਹੈ। ਇਨ੍ਹਾਂ ਮਤਭੇਦਾਂ ਅਤੇ ਵਿਵਾਦਾਂ ਨੂੰ (ਜੇ ਜ਼ਰੂਰਤ ਮਹਿਸੂਸ ਹੋਵੇ) ਸਾਂਝੇ ਮਨੁੱਖੀ ਸਰੋਕਾਰਾਂ ਅਧੀਨ ਘਟਾਇਆ ਜਾਣਾ ਚਾਹੀਦਾ ਹੈ। ਤੱਥ ਇਹ ਹੈ ਕਿ 1939 ਦੇ ਬਾਅਦ ਹੋਰ ਵਿਸ਼ਵ ਜੰਗ ਨਹੀਂ ਛਿੜੀ, ਜੋ ਸੰਯੁਕਤ ਰਾਸ਼ਟਰ ਦੇ ਮਜ਼ਬੂਤ ਹੋਣ ਦੀ ਗਵਾਹੀ ਭਰਦੀ ਹੈ। ਫਿਰ ਵੀ 1948 ਵਿਚ ਲੱਭਿਆ ਗਿਆ ਹੱਲ ਸੀਮਿਤ ਸੀ, ਖਾਸ ਤੌਰ 'ਤੇ ਜੇ ਇਸ ਗੱਲ ਦੇ ਮੱਦੇਨਜ਼ਰ ਕਿ ਦੂਜੀ ਆਲਮੀ ਜੰਗ, ਪਹਿਲੀ ਆਲਮੀ ਜੰਗ (1914-18) ਦੇ ਮਹਿਜ਼ ਵਰ੍ਹਿਆਂ ਬਾਅਦ ਹੋ ਗਈ ਸੀ ਜਦੋਂਕਿ ਉਸ ਸਮੇਂ ਕੋਈ ਕੌਮਾਂਤਰੀ ਤਾਲਮੇਲ ਸੰਗਠਨ ਨਹੀਂ ਸੀ। ਉਦੋਂ ਸੰਯੁਕਤ ਰਾਸ਼ਟਰ ਹੋਂਦ ਵਿਚ ਨਹੀਂ ਆਇਆ ਸੀ।

ਦੂਜੀ ਆਲਮੀ ਜੰਗ ਪਿਛੋਂ ਦਾ ਸਮਾਂ ਸਮੁੱਚੀ ਤੀਜੀ ਦੁਨੀਆਂ ਵਿਚ ਬਸਤੀਵਾਦ ਦੇ ਖਾਤਮੇ ਦਾ ਵੀ ਸੀ। ਬਸਤੀਵਾਦ ਦੇ ਖਾਤਮੇ ਨਾਲ 1947 ਵਿਚ ਭਾਰਤ ਅਤੇ ਪਾਕਿਸਤਾਨ ਸਮੇਤ ਕੁਝ ਨਵੇਂ ਦੇਸ਼ਾਂ ਦਾ ਜਨਮ ਵੀ ਹੋਇਆ। ਇਨ੍ਹਾਂ ਵਿਚੋਂ ਕਈ ਨਵੇਂ ਮੁਲਕਾਂ ਦੀਆਂ ਭੂਗੋਲਿਕ ਸਰਹੱਦਾਂ ਬਹੁਤ ਜਲਦਬਾਜ਼ੀ ਵਿਚ ਉਲੀਕੀਆਂ ਗਈਆਂ, ਜਿਵੇਂ 1947 ਵਿਚ ਭਾਰਤ ਤੇ ਪਾਕਿਸਤਾਨ ਦੀਆਂ। ਇਸ ਦੇ ਨਾਲ ਹੀ ਨਵੇਂ ਦੇਸ਼ਾਂ ਦਾ ਵਿਚਾਰ ਅਮਲੀ ਤੌਰ 'ਤੇ ਸਮੱਸਿਆ ਮੁਕਤ ਨਹੀਂ ਸੀ। ਸਮੁੱਚੀ ਬਸਤੀਵਾਦੀ ਦੁਨੀਆਂ, ਖਾਸ ਕਰਕੇ ਏਸ਼ੀਆ ਅਤੇ ਅਫਰੀਕਾ ਵਿਚ ਬਹੁਤੀਆਂ ਖਾਹਿਸ਼ਮੰਦ ਕੌਮਾਂ, ਭਾਸ਼ਾਈ ਗਰੁਪਾਂ ਅਤੇ ਨਸਲੀ ਭਾਈਚਾਰਿਆਂ ਨੂੰ ਬਸਤੀਵਾਦ ਦੇ ਬਾਅਦ ਵਾਲੇ ਦੇਸ਼ਾਂ ਦੀਆਂ ਸਰਹੱਦਾਂ ਉਲੀਕਣ ਸਮੇਂ ਇਕ-ਦੂਜੇ ਨਾਲ ਬੰਨ ਦਿੱਤਾ ਗਿਆ। ਸਿੱਟਾ ਇਹ ਨਿਕਲਿਆ ਕਿ ਭਵਿਖੀ ਕੌਮਪ੍ਰਸਤ ਅਤੇ ਨਸਲੀ ਵਿਵਾਦਾਂ ਦੀਆਂ ਸੰਭਾਵਨਾਵਾਂ ਇਨ੍ਹਾਂ ਦੇਸ਼ਾਂ ਦੇ ਹੋਂਦ ਵਿਚ ਆਉਣ ਸਾਰ ਹੀ ਪੈਦਾ ਹੋ ਗਈਆਂ। ਇਹ ਮਹਿਜ ਇਤਫਾਕ ਨਹੀਂ ਕਿ ਦੇਸ਼ਾਂ ਦਰਮਿਆਨ ਜੰਗਾਂ ਦਾ ਸਥਾਨ ਤੇਜ਼ੀ ਨਾਲ ਦੇਸ਼ਾਂ ਦੀਆਂ ਅੰਦਰੂਨੀ ਜੰਗਾਂ ਨੇ ਲੈ ਲਿਆ, ਜੋ ਅੰਦਰੂਨੀ ਕੌਮਪ੍ਰਸਤ ਤੇ ਨਸਲੀ ਵਿਵਾਦਾਂ ਕਾਰਨ ਛਿੜੀਆਂ। ਫੌਜਾਂ ਦੀ ਸਭ ਤੋਂ ਵੱਡੀ ਤਾਇਨਾਤੀ ਹੁਣ ਦੇਸ਼ਾਂ ਦਰਮਿਆਨ ਜੰਗਾਂ ਕਾਰਨ ਨਹੀਂ, ਸਗੋਂ ਅੰਦਰੂਨੀ ਹਥਿਆਰਬੰਦ ਅੰਦੋਲਨਾਂ ਨਾਲ ਨਿਪਟਣ ਲਈ ਕੀਤੀ ਜਾਂਦੀ ਹੈ। ਅੰਦਰੂਨੀ ਅੰਦੋਲਨ ਜਦੋਂ ਹਥਿਆਰਬੰਦ ਟਕਰਾਅ ਦਾ ਰੂਪ ਧਾਰਨ ਕਰ ਜਾਂਦੇ ਹਨ ਤਾਂ ਮਨੁੱਖੀ ਅਧਿਕਾਰਾਂ ਦੀ ਵੱਡੇ ਪੱਧਰ 'ਤੇ ਉਲੰਘਣਾ ਤੀਜੀ ਦੁਨੀਆਂ ਦੇ ਬਸਤੀਵਾਦ ਦੇ ਖਾਤਮੇ ਬਾਅਦ ਹੋਂਦ ਵਿਚ ਆਏ ਮੁਲਕਾਂ ਵਿਚ ਹੀ ਨਹੀਂ ਹੁੰਦੀ, ਸਗੋਂ ਇਹ ਯੂਰਪ ਦੇ ਕਈ ਹਿੱਸਿਆਂ ਵਿਚ ਵੀ ਨਜ਼ਰ ਆਈ ਹੈ, ਖਾਸ ਕਰਕੇ ਸਾਬਕਾ ਯੂਗੋਸਲਾਵੀਆ ਦੇ ਟੁੱਟਣ ਪਿਛੋਂ।

1948 ਵਿਚ ਪ੍ਰਵਾਨ ਕੀਤੀ ਗਈ ਨਸਲਕੁਸ਼ੀ ਅਪਰਾਧ ਦੀ ਰੋਕਥਾਮ ਅਤੇ ਸਜ਼ਾ ਕਨਵੈਨਸ਼ਨ ਆਪਣੇ ਆਪ ਵਿਚ ਆਜ਼ਾਦ ਮੁਲਕਾਂ ਵਲੋਂ ਆਪਣੇ ਹੀ ਨਾਗਰਿਕਾਂ ਉਪਰ ਕੀਤੀ ਜਾਂਦੀ ਹਿੰਸਾ ਦਾ ਜਵਾਬ ਸੀ। ਅਡੌਲਫ ਹਿਟਲਰ ਦੀ ਨਾਜ਼ੀ ਪਾਰਟੀ ਦੀ ਅਗਵਾਈ ਵਾਲੀ ਜਰਮਨ ਸਰਕਾਰ ਨੇ 1941-44 ਦਰਮਿਆਨ ਯੂਰਪ ਵਿਚ ਕਰੀਬ ਸੱਠ ਲੱਖ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਮਾਰੇ ਗਏ ਬਹੁਤੇ ਯਹੂਦੀ ਜਰਮਨੀ ਦੇ ਨਾਗਰਿਕ ਸਨ। ਪੌਲਿਸ਼ ਯਹੂਦੀ ਵਕੀਲ ਰਾਫੇਲ ਲੈਮਕਿਨ ਨੇ 1943 ਵਿਚ ਸਮੂਹਿਕ ਹੱਤਿਆਵਾਂ ਨੂੰ ਪਛਾਣ ਦੇਣ ਲਈ 'ਨਸਲਕੁਸ਼ੀ' ਸ਼ਬਦ ਘੜਿਆ ਸੀ। ਉਸ ਨੇ ਹੀ ਸੰਯੁਕਤ ਰਾਸ਼ਟਰ ਵਲੋਂ ਪਾਸ ਕੀਤੀ ਨਸਲਕੁਸ਼ੀ ਕਨਵੈਨਸ਼ਨ ਦਾ ਖਰੜਾ ਤਿਆਰ ਕੀਤਾ ਸੀ। ਸਾਲ 1959 ਵਿਚ 59 ਸਾਲ ਦੀ ਉਮਰੇ ਲੈਮਕਿਨ ਦੀ ਮੌਤ ਹੋ ਗਈ। ਉਸ ਦੀ ਮੌਤ ਤੋਂ ਕਈ ਸਾਲਾਂ ਪਿਛੋਂ 2013 ਵਿਚ ਉਸ ਦੀ ਸਵੈ-ਜੀਵਨੀ ਛਾਪੀ ਗਈ। ਲੈਮਕਿਨ ਨੇ ਇਸ ਵਿਚ ਲਿਖਿਆ ਹੈ ਕਿ ਅਸਲ ਵਿਚ ਉਸ ਦਾ ਖੋਜ ਕਾਰਜ ਅਤੇ ਜ਼ਿੰਦਗੀ ਭਰ ਦੀ ਮੁਹਿੰਮ ਦਾ ਆਗਾਜ਼ 1915-17 ਦਰਮਿਆਨ ਹੋਈ ਅਰਮੀਨੀਅਨ ਨਸਲਕੁਸ਼ੀ 'ਤੇ ਆਧਾਰਤ ਹੈ। ਇਸ ਵਿਚ ਅੰਦਾਜ਼ਨ ਦਸ ਤੋਂ ਪੰਦਰਾਂ ਲੱਖ ਦਰਮਿਆਨ ਅਰਮੀਨੀਅਨ ਮਾਰੇ ਗਏ ਸਨ। ਅਰਮੀਨੀਅਨ ਨਸਲਕੁਸ਼ੀ ਨੂੰ ਪਹਿਲੀ ਆਧੁਨਿਕ ਨਸਲਕੁਸ਼ੀ ਮੰਨਿਆ ਜਾਂਦਾ ਹੈ। ਤੁਰਕੀ ਦੇ ਓਟੋਮਨ ਸਾਮਰਾਜ ਨੇ ਅਰਮੀਨੀਅਨਾਂ ਦੀਆਂ ਹੱਤਿਆਵਾਂ ਅਗਾਊਂ ਸੋਚ ਸਮਝ ਕੇ ਕੀਤੀਆਂ ਸਨ। ਇਨ੍ਹਾਂ ਵਿਚੋਂ ਬਹੁਤੇ ਓਟੋਮਨ ਸਾਮਰਾਜ ਦੇ ਨਾਗਰਿਕ ਸਨ।



*ਓਟੋਮਨ ਫੌਜੀ ਅਰਮੀਨੀਅਨਾਂ ਨੂੰ ਕਤਲਗਾਹ ਵੱਲ ਲਿਜਾਂਦੇ ਹੋਏ।*

1948 ਦੀ ਕਨਵੈਨਸ਼ਨ ਵਿਚ ਨਸਲਕੁਸ਼ੀ ਦੀ ਪਰਿਭਾਸ਼ਾ ਵਿਚ ਇਹ ਹਵਾਲਾ ਸ਼ਾਮਲ ਕੀਤਾ ਗਿਆ: 'ਨਾਗਰਿਕ, ਨਸਲ, ਨਸਲੀ ਜਾਂ ਧਾਰਮਕ ਗਰੁਪ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿਚ ਤਬਾਹ ਕਰਨ ਦੀ ਇੱਛਾ ਨਾਲ ਕੀਤਾ ਗਿਆ ਕਾਰਜ।' ਇਹ ਪਰਿਭਾਸ਼ਾ ਭਾਵੇਂ ਬਹੁਤ ਦਰੁਸਤ ਜਾਪਦੀ ਹੈ ਪਰ ਇਹ ਸਮੂਹਿਕ ਹੱਤਿਆਵਾਂ ਦੇ ਸਾਰੇ ਪੱਖਾਂ ਨੂੰ ਫੜ ਰਹੀ ਹੈ, ਸੰਤੁਸ਼ਟ ਨਹੀਂ ਕਰਦੀ। ਵੀਹਵੀਂ ਸਦੀ ਵਿਚ ਸਮੂਹਿਕ ਹੱਤਿਆਵਾਂ ਦੇ ਦੋ ਅਜਿਹੇ ਮੌਕੇ ਹਨ, ਜੋ ਇਸ ਪਰਿਭਾਸ਼ਾ ਨਾਲ ਸੁਮੇਲ ਬਿਠਾਉਣ ਵਿਚ ਮੁਸ਼ਕਲ ਖੜ੍ਹੀ ਕਰਦੇ ਹਨ। ਪਹਿਲਾ, ਸਟਾਲਿਨ ਵਲੋਂ 1930ਵਿਆਂ ਵਿਚ ਸਿਆਸੀ ਵਿਰੋਧੀਆਂ ਨੂੰ ਸੋਧਣ ਲਈ ਕੀਤਾ ਗਿਆ ਦਮਨ। ਅਜਿਹੀਆਂ ਦਮਨਕਾਰੀ ਨੀਤੀਆਂ ਕਾਰਨ ਕਰੀਬ ਦਸ ਲੱਖ ਲੋਕ ਮਾਰੇ ਗਏ। ਇਹ ਹੱਤਿਆਵਾਂ ਉਪਰੋਕਤ ਪਰਿਭਾਸ਼ਾ ਦੇ ਦਾਇਰੇ ਵਿਚ ਨਹੀਂ ਆਉਂਦੀਆਂ, ਕਿਉਂਕਿ ਅਜਿਹਾ ਖੱਬੇ ਤੇ ਸੱਜੇ ਪੱਖੀਆਂ ਦੇ ਸਟਾਲਿਨ ਦੀਆਂ ਸ਼ਕਤੀਆਂ ਦੇ ਸਿਆਸੀ ਵਿਰੋਧ ਵਜੋਂ ਵਾਪਰਿਆ ਜਾਂ ਗੁਮਰਾਹਕੁਨ ਸਨਅਤੀ ਰਣਨੀਤੀ ਕਾਰਨ, ਜੋ ਕਿਸਾਨਾਂ ਨੂੰ ਦਬਾਉਣ ਲਈ ਲੋੜੀਂਦੀ ਸੀ। ਦੂਜਾ ਮੌਕਾ ਸਟਾਲਿਨਵਾਦੀ ਖਮੇਰ ਰੂਜ਼ ਦੇ ਰਾਜਭਾਗ ਵਿਚ 1975-79 ਦੌਰਾਨ ਕੰਬੋਡੀਅਨਾਂ ਦੀਆਂ 15 ਲੱਖ ਤੋਂ ਵੱਧ ਹੱਤਿਆਵਾਂ ਦਾ ਸੀ, ਜੋ ਉਥੋਂ ਦੀ ਕੁੱਲ ਆਬਾਦੀ ਦਾ ਕਰੀਬ 25 ਫੀਸਦੀ ਬਣਦੀਆਂ ਹਨ। ਅਜਿਹਾ ਸਮਾਜਕ ਤਬਦੀਲੀ ਲਈ ਚਲਾਈ ਮੁਹਿੰਮ ਤਹਿਤ ਕੀਤਾ ਗਿਆ, ਕਿਉਂਕਿ ਖਮੇਰ ਰੂਜ਼ ਦੀ ਕੌਮਪ੍ਰਸਤੀ ਵਿਚ ਨਸਲੀ ਉਤਮਤਾ ਦਾ ਪਰਛਾਵਾਂ ਝਲਕਦਾ ਸੀ ਅਤੇ ਦੂਜੀਆਂ ਘੱਟ ਗਿਣਤੀਆਂ ਜਿਵੇਂ ਵੀਅਤਨਾਮੀਆਂ ਤੇ ਦੂਜੇ ਧਰਮਾਂ ਜਿਵੇਂ ਇਸਾਈਆਂ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ, ਇਸ ਲਈ ਇਸ ਨੂੰ ਨਸਲਘਾਤ ਦਾ ਨਾਂ ਦਿੱਤਾ ਗਿਆ।

ਨਸਲਕੁਸ਼ੀ ਅਪਰਾਧ ਰੋਕਣ ਅਤੇ ਅਜਿਹਾ ਕਰਨ ਵਾਲਿਆਂ ਲਈ ਸਜ਼ਾ ਵਾਸਤੇ ਕਨਵੈਨਸ਼ਨ 'ਤੇ ਬਹੁਤ ਸਾਰੇ (149) ਮੁਲਕਾਂ ਨੇ ਦਸਤਖਤ ਕੀਤੇ ਅਤੇ ਇਸ ਸੰਧੀ ਦੀ ਪੁਸ਼ਟੀ ਵੀ ਕੀਤੀ ਪਰ ਨਸਲਕੁਸ਼ੀ ਰੋਕਣ ਵਿਚ ਵੱਡੇ ਪੱਧਰ 'ਤੇ ਅਸਫਲਤਾ ਮਿਲੀ, ਹਾਲਾਂਕਿ ਸਜ਼ਾ ਦਿਵਾਉਣ ਵਿਚ ਕੁਝ ਸੀਮਿਤ ਹੱਦ ਤਕ ਪ੍ਰਗਤੀ ਹੋਈ ਹੈ। ਖ਼ੁਮੇਰ ਰੂਜ਼ ਦੇ ਦੋ ਆਗੂਆਂ ਨੂੰ ਨਵੰਬਰ 2018 ਵਿਚ ਨਸਲਕੁਸ਼ੀ ਦੇ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਸਰਬੀਆ ਦੇ ਰਾਸ਼ਟਰਪਤੀ ਸਲੋਬੋਦਨ ਮਿਲੋਸੇਵਿਚ 'ਤੇ 1999 ਵਿਚ ਨਸਲਕੁਸ਼ੀ ਕਰਨ ਦਾ ਦੋਸ਼ ਲੱਗਾ ਸੀ। ਦੋਸ਼ੀ ਠਹਿਰਾਏ ਜਾਣ ਤੋਂ ਪਹਿਲਾਂ ਹੀ ਉਹ ਪੁਲਿਸ ਹਿਰਾਸਤ ਵਿਚ ਦਮ ਤੋੜ ਗਿਆ। ਰਵਾਂਡਾ ਦਾ ਹੁਤੂ ਨੇਤਾ ਜੀਨ ਪਾਲ ਅਕਾਯੇਸੂ, ਜਿਸ 'ਤੇ ਘੱਟ ਗਿਣਤੀ ਟੁਟਸੀ ਲੋਕਾਂ ਦੀਆਂ 1994 ਵਿਚ ਕਰੀਬ ਪੰਜ ਲੱਖ ਹੱਤਿਆਵਾਂ ਕਰਨ ਦਾ ਦੋਸ਼ ਸੀ, ਅਜਿਹਾ ਪਹਿਲਾ ਬੰਦਾ ਬਣ ਗਿਆ, ਜਿਸ ਨੂੰ 1998 ਵਿਚ ਨਸਲਕੁਸ਼ੀ ਲਈ ਦੋਸ਼ੀ ਐਲਾਨਿਆ ਗਿਆ।

ਸੰਸਥਾਗਤ ਜਵਾਬਦੇਹੀ, ਸਜ਼ਾ ਤੋਂ ਛੋਟ ਦੇ ਖਾਤਮੇ, ਮਾੜੇ ਕੰਮਾਂ ਤੋਂ ਰੋਕਣ ਦੇ ਨੁਕਤੇ ਨਾਲ ਵਿਚਾਰਿਆ ਜਾਵੇ ਤਾਂ ਇਹ ਗੱਲ ਅਹਿਮ ਹੈ ਕਿ ਜਿਨ੍ਹਾਂ 'ਤੇ ਨਸਲਘਾਤ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਹਨ, ਉਨ੍ਹਾਂ ਨੂੰ ਸਜ਼ਾਵਾਂ ਮਿਲਣ। ਫਿਰ ਵੀ, ਦੁਨੀਆਂ ਦੇ ਜਿਨ੍ਹਾਂ ਹਿੱਸਿਆਂ ਵਿਚ ਲੋਕਾਂ ਦੀ ਹਾਲਤ ਬਹੁਤ ਤਰਸਯੋਗ ਹੈ, ਉਥੇ ਨਸਲਕੁਸ਼ੀ ਰੋਕਣਾ ਬਹੁਤ ਮਹੱਤਵਪੂਰਨ ਹਨ। ਅੰਕੜੇ ਇਕੱਤਰ ਕਰਨ ਲਈ ਨਵੇਂ ਢੰਗ ਤਰੀਕਿਆਂ ਦੀ ਲੋੜ ਹੈ, ਜਿਨ੍ਹਾਂ ਰਾਹੀਂ ਸਮੂਹਿਕ ਹੱਤਿਆਵਾਂ ਹੋਣ ਦੀ ਸੰਭਾਵਨਾ ਦਾ ਪਹਿਲਾਂ ਪਤਾ ਲਾਇਆ ਜਾ ਸਕੇ ਅਤੇ ਅਜਿਹੀਆਂ ਹੱਤਿਆਵਾਂ ਰੋਕਣ ਲਈ ਰਣਨੀਤੀਆਂ ਅਮਲ ਵਿਚ ਲਿਆਂਦੀਆਂ ਜਾ ਸਕਣ। ਨਵੀਂ ਆਧੁਨਿਕ ਸੂਚਨਾ ਤਕਨਾਲੋਜੀ ਅੰਕੜੇ ਇਕੱਠੇ ਕਰਨ ਵਿਚ ਲਾਭਕਾਰੀ ਹੋ ਸਕਦੀ ਹੈ ਪਰ ਅਹਿਮ ਗੱਲ ਇਹ ਹੈ ਕਿ ਕਿਸੇ ਭਾਈਚਾਰੇ ਵਿਰੁਧ ਵਰਤੀ ਜਾ ਰਹੀ ਨਫਰਤ ਭਰੀ ਸਿਆਸੀ ਭਾਸ਼ਾ 'ਤੇ ਨਿਗਰਾਨੀ ਰੱਖੀ ਜਾਵੇ। ਇਤਿਹਾਸ ਤੋਂ ਇਕ ਸਬਕ ਇਹ ਸਿੱਖਿਆ ਜਾ ਸਕਦਾ ਹੈ ਕਿ ਸਾਰੀਆਂ ਨਸਲਕੁਸ਼ੀ ਹੱਤਿਆਵਾਂ ਦਾ ਕਾਰਨ ਉਥੇ ਨਿਸ਼ਾਨੇ 'ਤੇ ਰਹੇ ਭਾਈਚਾਰੇ ਵਿਰੁਧ ਪਹਿਲਾਂ ਨਫਰਤ ਭਰਿਆ ਪ੍ਰਚਾਰ ਕੀਤਾ ਜਾਣਾ ਸੀ। ਇਸ ਦਾ ਅਰਥ ਹੈ ਕਿ ਮਨੁੱਖੀ ਅਧਿਕਾਰ ਉਲੰਘਣਾਵਾਂ ਸਰਕਵੇਂ ਪੱਧਰ 'ਤੇ ਵਾਪਰਦੀਆਂ ਹਨ। ਇਨ੍ਹਾਂ ਘੱਟ ਪੱਧਰ ਦੀਆਂ ਉਲੰਘਣਾਵਾਂ ਨੂੰ ਨਜ਼ਰਅੰਦਾਜ਼ ਕਰਨ ਦਾ ਭਾਵ ਹੈ ਕਿ ਵੱਡੇ ਪੱਧਰ 'ਤੇ ਉਲੰਘਣਾਵਾਂ ਵਾਪਰਨਗੀਆਂ। ਸੰਯੁਕਤ ਰਾਸ਼ਟਰ ਨੂੰ ਹੁਣ 70 ਸਾਲ ਪਹਿਲਾਂ ਨਾਲੋਂ ਵੱਧ ਸਰਗਰਮ ਅਤੇ ਪ੍ਰਭਾਵੀ ਹੋਣ ਦੀ ਲੋੜ ਹੈ।

ਪਹਿਲੀ ਆਲਮੀ ਜੰਗ ਦੌਰਾਨ ਹੋਈ ਨਸਲਕੁਸ਼ੀ ਵਿਚ 15 ਲੱਖ ਅਰਮੀਨੀਅਨ, 2.5 ਲੱਖ ਅਸੀਰੀਅਨ (ਇਰਾਕ, ਤੁਰਕੀ ਆਦਿ ਵਿਚ ਰਹਿਣ ਵਾਲੇ) ਇਸਾਈ ਅਤੇ 3.5 ਲੱਖ ਤੋਂ ਵੱਧ ਅਨਤੋਲੀਅਨ ਤੇ ਪੋਂਟਿਕ ਗਰੀਕ ਮਾਰੇ ਗਏ।

---

ਪਹਿਲੇ ਸੰਸਾਰ ਯੁੱਧ ਦੌਰਾਨ ਹੋ ਰਹੀ ਕਤਲੋਗਾਰਤ ਤੇ ਨਸਲਕੁਸ਼ੀਆਂ ਦਾ ਨਕਸ਼ਾ ਖਿੱਚਦਿਆਂ ਪ੍ਰਸਿਧ ਜਰਮਨ ਚਿੰਤਕ ਰੋਜ਼ਾ ਲਕਸਮਬਰਗ ਨੇ ਲਿਖਿਆ, "ਰੋਜ਼ਾਨਾ ਭਾਰੀ ਪੈਮਾਨੇ 'ਤੇ ਹੋ ਰਹੀ ਕਤਲੋਗਾਰਤ ਰੋਜ਼ਮੱਰਾ ਦੇ ਜੀਵਨ ਦਾ ਨੀਰਸ ਤੇ ਅਕਾਊ ਪਹਿਲੂ ਬਣ ਕੇ ਉਭਰੀ ਹੈ ਅਤੇ ਇਸ ਦਾ ਕੋਈ ਅੰਤ ਦਿਖਾਈ ਨਹੀਂ ਦਿੰਦਾ। ਇਸ ਤਬਾਹੀ ਵਿਚ ਵਪਾਰ ਤਰੱਕੀ ਕਰ ਰਿਹਾ ਹੈ...ਸ਼ਹਿਰ ਖੰਡਰਾਤ ਬਣ ਗਏ ਹਨ, ਪਿੰਡ ਕਬਰਿਸਤਾਨ ਤੇ ਦੇਸ਼ ਮਾਰੂਥਲ...।"

**ਪਹਿਲੀ ਸੰਸਾਰ ਜੰਗ ਦੌਰਾਨ ਅਰਮੀਨੀਅਨ ਲੋਕਾਂ ਦੀ ਨਸਲਕੁਸ਼ੀ:** ਪਹਿਲੀ ਸੰਸਾਰ ਜੰਗ ਦੌਰਾਨ ਓਟੋਮਨ ਬਾਦਸ਼ਾਹਤ ਦੀਆਂ ਸਿੱਧੀਆਂ ਹਦਾਇਤਾਂ ਅਨੁਸਾਰ 15 ਲੱਖ ਅਰਮੀਨੀਅਨ ਕਤਲ ਕੀਤੇ ਗਏ। ਇਨ੍ਹਾਂ ਵਿਚੋਂ ਬਹੁਤੇ ਅਰਮੀਨੀਅਨ ਓਟੋਮਨ ਸਾਮਰਾਜ ਦੇ ਹੀ ਨਾਗਰਿਕ ਸਨ। ਇਸ ਨਸਲਕੁਸ਼ੀ ਦੀ ਸ਼ੁਰੂਆਤ 24 ਅਪਰੈਲ 1915 ਤੋਂ ਹੋਈ ਮੰਨੀ ਜਾਂਦੀ ਹੈ, ਜਦੋਂ ਬਾਦਸ਼ਾਹਤ ਦੇ ਅਧਿਕਾਰੀਆਂ ਨੇ ਇਸਤੰਬੁਲ ਤੋਂ ਕਰੀਬ 235-270 ਅਰਮੀਨੀਅਨ ਆਗੂਆਂ ਤੇ ਬੁੱਧੀਜੀਵੀਆਂ ਨੂੰ ਗ੍ਰਿਫਤਾਰ ਕਰਕੇ ਅੰਕਾਰਾ ਦੇ ਇਲਾਕੇ ਵਿਚ ਭੇਜ ਦਿੱਤਾ ਅਤੇ ਬਾਅਦ ਵਿਚ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਕਤਲ ਕਰ ਦਿੱਤਾ ਗਿਆ। ਇਸ ਨਸਲਕੁਸ਼ੀ ਦੇ ਦੋ ਪੜਾਅ ਸਨ। ਪਹਿਲੇ ਪੜਾਅ ਵਿਚ ਮਰਦਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਕਤਲ ਕੀਤਾ ਗਿਆ ਤੇ ਉਨ੍ਹਾਂ ਤੋਂ ਜਬਰੀ ਵਗਾਰ ਕਰਾਈ ਗਈ। ਦੂਜੇ ਪੜਾਅ ਵਿਚ ਔਰਤਾਂ, ਬੱਚਿਆਂ, ਬਜ਼ੁਰਗਾਂ ਤੇ ਅਪਾਹਜ ਲੋਕਾਂ ਨੂੰ ਭੁੱਖੇ ਤਿਹਾਏ ਸੀਰੀਆ ਦੇ ਮਾਰੂਥਲ ਵੱਲ ਜਲੂਸਾਂ ਦੀ ਸ਼ਕਲ ਵਿਚ ਲਿਜਾਂਦਿਆਂ ਤਸੀਹੇ ਦੇ ਕੇ ਮਾਰਿਆ ਗਿਆ। ਸਾਰੀ ਦੁਨੀਆਂ ਵਿਚ ਮਨੁੱਖਤਾ ਵਿਰੁਧ ਭਾਵੇਂ ਏਨੇ ਵੱਡੇ ਪੱਧਰ ਦੇ ਅਪਰਾਧ ਨੂੰ ਵੀਹਵੀਂ ਸਦੀ ਦੀ ਪਹਿਲੀ ਨਸਲਕੁਸ਼ੀ ਕਿਹਾ ਜਾਂਦਾ ਹੈ ਪਰ ਤੁਰਕੀ ਹੁਣ ਵੀ ਇਸ ਕਤਲੇਆਮ ਨੂੰ ਨਸਲਕੁਸ਼ੀ ਨਹੀਂ ਮੰਨਦਾ।


**ਅਰਮੀਨੀਅਨ ਲੋਕ ਕੌਣ ਹਨ:** ਇਹ ਲੋਕ ਅਰਮੀਨੀਅਨ ਪਹਾੜੀਆਂ 'ਤੇ ਵਸਣ ਵਾਲੇ ਲੋਕ ਹਨ, ਜੋ ਆਮ ਕਰਕੇ ਅਰਮੀਨੀਅਨ ਐਪੋਸਟੇਲਿਕ ਚਰਚ ਦੇ ਅਨੁਯਾਈ ਹਨ। ਇਹ ਲੋਕ ਯੂਰਪ ਤੇ ਏਸ਼ੀਆ ਦੀ ਸਰਹੱਦ ਦੇ ਨਾਲ-ਨਾਲ ਤੁਰਕੀ, ਇਰਾਕ, ਇਰਾਨ, ਤੁਰਕੀ, ਸੀਰੀਆ ਅਤੇ ਅਰਮੀਨੀਆ ਵਿਚ ਵਸਦੇ ਹਨ।



*ਔਸ਼ਵਿਚ ਕੈਂਪ ਵਿਚ ਬਣਾਏ ਗੈਸ ਚੈਂਬਰ ਦੀ ਝਲਕ।*

## ਸ਼ਬਦ ਨਸਲਕੁਸ਼ੀ

ਇਹ ਸ਼ਬਦ ਰਾਫੇਲ ਲੈਮਕਿਨ ਨੇ 1943-44 ਦੇ ਲਾਗੇ ਵੱਡੇ ਕਤਲੇਆਮ ਵਾਸਤੇ ਵਰਤਿਆ। ਰਾਫੇਲ ਲੈਮਕਿਨ ਯਹੂਦੀ ਸੀ ਅਤੇ ਪੋਲੈਂਡ ਦਾ ਵਸਨੀਕ ਸੀ। ਪਹਿਲੀ ਵੱਡੀ ਜੰਗ ਦੌਰਾਨ ਉਸ ਦੇ ਪਰਿਵਾਰ ਨੂੰ ਆਪਣਾ ਘਰ-ਬਾਰ ਛੱਡ ਕੇ ਜੰਗਲ ਵਿਚ ਜਾ ਕੇ ਰਹਿਣਾ ਪਿਆ ਸੀ ਤੇ ਉਹਦਾ ਭਰਾ ਜੰਗਲ ਵਿਚ ਰਹਿੰਦਿਆਂ ਨਮੂਨੀਏ ਤੇ ਭੁੱਖਮਰੀ ਕਾਰਨ ਮਰ ਗਿਆ। ਲੈਮਕਿਨ ਨੇ ਨਾਜ਼ੀ ਸਮਿਆਂ ਵਿਚ ਯਹੂਦੀਆਂ ਵਿਰੁਧ ਵਧ ਰਹੇ ਅੱਤਿਆਚਾਰਾਂ, ਜੋ ਬਾਅਦ ਵਿਚ ਨਸਲਕੁਸ਼ੀ ਦੀ ਸ਼ਕਲ ਅਖਤਿਆਰ ਕਰ ਗਏ, ਨੂੰ ਤੱਕਿਆ। 1933 ਵਿਚ ਉਸ ਨੇ 'ਲੀਗ ਆਫ ਨੇਸ਼ਨਜ਼' ਸਾਹਮਣੇ ਇਹ ਤਜਵੀਜ਼ ਰੱਖੀ ਕਿ ਬੱਜਰ ਅਪਰਾਧਾਂ ('ਕ੍ਰਾਈਮ ਆਫ ਬਾਰਬੈਰਿਟੀ' ਭਾਵ ਜਿਸ ਵਿਚ ਹਜ਼ਾਰਾਂ ਲੋਕ ਮਾਰੇ ਜਾਣ) ਨੂੰ ਕੌਮਾਂਤਰੀ ਕਾਨੂੰਨ ਤਹਿਤ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ। ਉਸ ਦਾ ਇਹ ਪ੍ਰਸਤਾਵ 1933 ਵਿਚ ਇਰਾਕ ਵਿਚ ਹੋਏ ਅਸੀਰੀਅਨ ਲੋਕਾਂ ਦੇ ਕਤਲੇਆਮ ਤੋਂ ਪ੍ਰਭਾਵਿਤ ਸੀ। ਸ਼ਬਦ 'ਜੈਨੋਸਾਈਡ' ਗਰੀਕ ਸ਼ਬਦ 'ਜੈਨੋਸ' (ਜਿਸ ਦਾ ਮਤਲਬ ਕਬੀਲਾ ਜਾਂ ਨਸਲ ਹੈ) ਅਤੇ ਲਾਤੀਨੀ ਸ਼ਬਦ 'ਸਾਈਡ' (ਜਿਸ ਦਾ ਮਤਲਬ ਕਤਲ ਹੈ) ਨੂੰ ਮਿਲਾ ਕੇ ਬਣਿਆ ਹੈ।



*ਰਾਫੇਲ ਲੈਮਕਿਨ*

ਦੂਜੀ ਸੰਸਾਰ ਜੰਗ ਦੌਰਾਨ ਹੋਈ ਯਹੂਦੀਆਂ ਦੀ ਨਸਲਕੁਸ਼ੀ: ਇਹ ਨਸਲਕੁਸ਼ੀ ਜਿਸ ਨੂੰ 'ਹੋਲੋਕਾਸਟ' ਜਾਂ 'ਛੋਆਹ' ਵੀ ਕਿਹਾ ਜਾਂਦਾ ਹੈ, ਨਾਜ਼ੀ ਜਰਮਨੀ ਦੇ ਦੌਰ ਵਿਚ 60 ਲੱਖ ਯੂਰਪੀ ਯਹੂਦੀਆਂ ਦਾ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਕਤਲੇਆਮ ਸੀ। ਯਹੂਦੀਆਂ ਦੇ ਨਾਲ-ਨਾਲ ਇਸ ਕਤਲੇਆਮ ਦੀਆਂ ਪੀੜਿਤ ਧਿਰਾਂ ਵਿਚ ਜਿਪਸੀ (ਰੋਮਾਂ ਕਬੀਲੇ ਦੇ ਲੋਕ), ਅਪਾਹਜ, ਨਾਜ਼ੀਆਂ ਦੇ ਸਿਆਸੀ ਵਿਰੋਧੀ, ਕਮਿਊਨਿਸਟ ਤੇ ਸਮਾਜਵਾਦੀ ਵਿਚਾਰਾਂ ਵਾਲੇ ਲੋਕ, ਪੋਲੈਂਡ, ਰੂਸੀ ਤੇ ਸਮਲਿੰਗੀ ਵੀ ਸ਼ਾਮਿਲ ਸਨ। ਕਈ ਅੰਦਾਜ਼ਿਆਂ ਮੁਤਾਬਕ ਇਸ ਭਿਆਨਕ ਨਸਲਕੁਸ਼ੀ ਵਿਚ 1 ਕਰੋੜ 70 ਲੱਖ ਲੋਕ ਮਾਰੇ ਗਏ। ਇਸ ਨਸਲਕੁਸ਼ੀ ਪਿੱਛੇ ਯਹੂਦੀ ਵਿਰੋਧੀ ਵਿਚਾਰਧਾਰਾ ਸੀ। ਇਹ ਵਿਚਾਰਧਾਰਾ ਮੱਧਕਾਲੀ ਦੌਰ ਵਿਚ ਯੂਰਪ ਵਿਚ ਪਨਪੀ, ਜਿਸ ਵਿਚ ਯਹੂਦੀਆਂ ਨੂੰ ਈਸਾ ਮਸੀਹ ਦੇ ਕਤਲ ਅਤੇ ਸੰਸਾਰ ਦੀਆਂ ਸਾਰੀਆਂ ਬੁਰਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਬਾਅਦ ਵਿਚ 'ਕੁਝ ਵਿਦਵਾਨਾਂ' ਨੇ ਇਸ ਸਿਧਾਂਤ ਦਾ ਪ੍ਰਚਾਰ ਕੀਤਾ ਕਿ ਦੁਨੀਆਂ 'ਤੇ ਰਾਜ ਕਰਨ ਦੀ ਲੜਾਈ ਯਹੂਦੀਆਂ ਤੇ ਆਰੀਅਨ ਨਸਲਾਂ ਵਿਚਕਾਰਲੀ ਲੜਾਈ ਸੀ।

ਹਿਟਲਰ ਅਤੇ ਹੋਰ ਨਾਜ਼ੀਆਂ ਨੇ ਇਸ ਗੱਲ ਨੂੰ ਵਧ-ਚੜ੍ਹ ਕੇ ਪ੍ਰਚਾਰਿਆ ਕਿ ਯਹੂਦੀਆਂ ਨੇ ਪਹਿਲੀ ਸੰਸਾਰ ਜੰਗ ਦੌਰਾਨ ਜਰਮਨੀ ਨਾਲ ਧੋਖਾ ਕੀਤਾ ਸੀ। ਨਸਲਕੁਸ਼ੀ ਬੜੇ ਯੋਜਨਾਬੱਧ ਤਰੀਕੇ ਨਾਲ ਕੀਤੀ ਗਈ। ਪਹਿਲਾਂ ਯਹੂਦੀਆਂ ਨੂੰ ਆਮ ਨਾਗਰਿਕ ਜ਼ਿੰਦਗੀ ਤੋਂ ਅਲੱਗ-ਥਲੱਗ ਕੀਤਾ ਗਿਆ ਤੇ ਉਨ੍ਹਾਂ 'ਤੇ ਹਮਲੇ ਕੀਤੇ ਗਏ, ਫਿਰ ਹੌਲੀ-ਹੌਲੀ 42,000 ਤਸੀਹਾ ਕੇਂਦਰ ਬਣਾਏ ਗਏ ਅਤੇ ਇਸ ਪਿਛੋਂ ਸ਼ੁਰੂ ਹੋਇਆ ਯਹੂਦੀਆਂ ਨੂੰ ਮਾਰਨ ਦਾ ਸਿਲਸਿਲਾ। ਗੋਲੀਬਾਰੀ ਦਸਤਿਆਂ ਨੇ ਲੱਖਾਂ ਲੋਕ ਮਾਰੇ; ਫਿਰ ਗੈਸ ਚੈਂਬਰ ਬਣਾਏ ਗਏ। 1942 ਸਭ ਤੋਂ ਭਿਆਨਕ ਸਾਲ ਸੀ, ਜਿਸ ਵਿਚ 30 ਲੱਖ ਯਹੂਦੀ ਮਾਰੇ ਗਏ। ਔਸ਼ਵਿਚਜ਼ ਦੇ ਤਸੀਹਾ ਕੇਂਦਰ ਵਿਚ 11 ਲੱਖ ਯਹੂਦੀ ਮਾਰੇ ਗਏ। ਔਸ਼ਵਿਚਜ਼ ਵਿਚ ਬੈਲਜੈਕ, ਚੱਲਮਨੋ ਆਦਿ ਹੋਰ ਥਾਂਵਾਂ 'ਤੇ ਬਣਾਏ ਗਏ ਕੈਂਪਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਕੈਂਪ (ਐਕਸਟਰਮੀਨੇਸ਼ਨ ਕੈਂਪ) ਕਿਹਾ ਜਾਂਦਾ ਹੈ।

ਬੁਚਨਵਾਲਡ ਦੇ ਤਸੀਹਾ ਕੇਂਦਰ ਵਿਚ ਹੋਇਆ ਕਤਲੇਆਮ ਇਸ ਦੀ ਇਕ ਹੋਰ ਸਿਖਰ ਸੀ। ਨਵੰਬਰ 1943 ਵਿਚ ਅਪਰੇਸ਼ਨ ਹਾਰਵੈਸਟ ਫੈਸਟੀਵਲ ਦੌਰਾਨ 42 ਹਜ਼ਾਰ ਯਹੂਦੀ ਮਾਰੇ ਗਏ। ਮਈ 1945 ਵਿਚ ਦੂਜੀ ਆਲਮੀ ਜੰਗ ਦੇ ਅੰਤ ਤਕ ਯਹੂਦੀਆਂ ਦਾ ਕਤਲੇਆਮ ਜਾਰੀ ਰਿਹਾ।

# ਦੀਵਾਰ, ਗੜ੍ਹੀ ਅਤੇ ਮੌਣ ਦੀ ਮੂਕ-ਵੇਦਨਾ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਦੱਸਿਆ ਸੀ ਕਿ ਦਸੰਬਰ ਤੋਂ ਜਨਵਰੀ ਵਿਚ ਪੈਰ ਧਰਨ ਵਿਚਾਲੇ ਫਾਸਲਾ ਇਕ ਪਲ ਦਾ ਹੀ ਹੈ, ਪਰ ਸਾਲ 2018 ਤੋਂ ਬਦਲ ਕੇ 2019 ਹੋ ਜਾਵੇਗਾ, ਹੋਈ ਨਾ ਫਿਰ ਦਸੰਵਰੀ! ਉਸ ਲੇਖ ਵਿਚ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਅਤੇ ਸਿੰਘਾਂ ਦੀ ਸ਼ਹੀਦੀ ਦੇ 'ਸ਼ਹੀਦੀ ਹਫਤੇ' ਦਾ ਜ਼ਿਕਰ ਕੀਤਾ ਸੀ। ਇਸ ਨਵੀਂ ਲੇਖ ਲੜੀ ਵਿਚ ਉਨ੍ਹਾਂ ਉਸੇ ਗੱਲ ਨੂੰ ਅੱਗੇ ਤੋਰਦਿਆਂ ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਕਾਰ ਸੇਵਾ ਵਾਲੇ ਬਾਬਿਆਂ ਵਲੋਂ ਸੰਗਮਰਮਰ ਹੇਠ ਲੁਕਾ ਦੇਣ ਉਤੇ ਰੁਦਨ ਕੀਤਾ ਹੈ, "ਕੱਚੀ ਗੜ੍ਹੀ ਦੇ ਦੁੱਖ ਨੂੰ ਫਰੋਲਣ ਲੱਗਿਆਂ ਤਾਂ ਕਲਮ ਵੀ ਹੁੱਬਕੀਂ ਰੋਂਦੀ ਏ। ਪਤਾ ਨਹੀਂ ਕੌਣ ਸਨ ਪੱਥਰ-ਦਿਲ ਲੋਕ ਜਿਨ੍ਹਾਂ ਨੇ ਕੱਚੀ ਗੜ੍ਹੀ ਦੇ ਨੈਣੀਂ ਝਾਕਣ ਦੀ ਥਾਂ ਇਸ ਨੂੰ ਸੰਗਮਰਮਰੀ ਕਬਰ ਬਣਾ ਦਿੱਤਾ। ਕਬਰਾਂ ਕਦੇ ਨਹੀਂ ਬੋਲਦੀਆਂ, ਨਿਸ਼ਾਨੀਆਂ ਬੋਲਦੀਆਂ ਨੇ।" -ਸੰਪਾਦਕ***

ਦੀਵਾਰ, ਗੜ੍ਹੀ ਅਤੇ ਮੌਣ ਮੌਨ ਨੇ। ਉਨ੍ਹਾਂ ਦੇ ਚਿਹਰਿਆਂ 'ਤੇ ਜੰਮ ਚੁਕੀਆਂ ਨੇ ਅੱਥਰੂਆਂ ਦੀਆਂ ਘਰਾਲਾਂ। ਦੀਦਿਆਂ 'ਚ ਉਤਰ ਚੁਕੀ ਏ ਮਰਨ-ਰੁੱਤ। ਉਨ੍ਹਾਂ ਦੀ ਮੂਕ ਵੇਦਨਾ ਨੂੰ ਸੁਣਨ ਵਾਲਾ ਕੋਈ ਨਹੀਂ। ਜਦ ਕਿਸੇ ਦੀ ਹੋਂਦ ਹੀ ਖਤਮ ਕਰ ਦਿੱਤੀ ਜਾਵੇ ਤਾਂ ਉਹ ਆਪਣਾ ਦਰਦ ਕਿਸ ਨੂੰ ਸੁਣਾਵੇ? ਕਿੰਜ ਆਪਣੇ 'ਤੇ ਬੀਤੀ ਦੇ ਕੀਰਨੇ ਪਾਵੇ? ਪਿੰਡਿਆਂ 'ਤੇ ਉਕਰੀਆਂ ਕਹਾਣੀਆਂ ਕਿਹੜੇ ਹਰਫਾਂ ਦੀ ਝੋਲੀ ਪਾਵੇ ਕਿ ਵਰਕਿਆਂ 'ਤੇ ਸੋਗ ਉਗ ਆਵੇ ਅਤੇ ਤਹਿਰੀਕ ਵਿਚ ਰੋਹ ਦੀ ਜਵਾਲਾ ਪ੍ਰਚੰਡ ਹੋ ਜਾਵੇ। ਇਨ੍ਹਾਂ ਦੀ ਕਹਾਣੀ ਪੜ੍ਹ ਜਾਂ ਸੁਣ ਰਿਹਾ ਹਰ ਸ਼ਖਸ ਕਦੋਂ ਬੀਤੇ ਵਕਤ ਦੀ ਕਰੁਣਾ ਆਪਣੀ ਸੋਚ 'ਚ ਸਮਾਵੇ?

ਦੀਵਾਰ, ਗੜ੍ਹੀ ਅਤੇ ਮੌਣ-ਆਪਣਿਆਂ ਹੱਥੋਂ ਹੋਈ ਬੇਕਦਰੀ ਦਾ ਰੋਣਾ ਕਿਸ ਕੋਲ ਰੋਣ? ਕਿਸ ਸਾਹਵੇਂ ਹਾਵਿਆਂ ਦੇ ਤੰਦ ਪਰੋਣ? ਪਾਟੇ ਹੋਏ ਸੀਨਿਆਂ 'ਤੇ ਕਿਸ ਧਰਵਾਸ ਦੇ ਤਰੋਪੇ ਲਾਉਣ ਤਾਂ ਕਿ ਤੜਫਦੇ ਹਿਰਦਿਆਂ ਨੂੰ ਸਕੂਨ ਆਵੇ? ਸੰਗਮਰਮਰ ਹੇਠ ਦਫਨ ਹੋ ਚੁਕੀ ਸਰਹਿੰਦ ਦੀ ਦੀਵਾਰ, ਚਮਕੌਰ ਦੀ ਕੱਚੀ ਗੜ੍ਹੀ ਅਤੇ ਮਾਛੀਵਾੜੇ ਵਿਚ ਖੂਹ ਦੀ ਮੌਣ-ਵਿਥਿਆ ਦਾ ਬਿਰਤਾਂਤ ਕਿਵੇਂ ਬਣਨਗੀਆਂ? ਕਿੰਜ ਆਉਣ ਵਾਲੀਆਂ ਨਸਲਾਂ ਨੂੰ ਯਕੀਨ ਆਵੇਗਾ ਕਿ ਦੀਵਾਰ, ਗੜ੍ਹੀ ਅਤੇ ਮੌਣ ਨੂੰ ਇਤਿਹਾਸ ਦਾ ਚਸ਼ਮਦੀਦ ਗਵਾਹ ਹੋਣ ਦਾ ਮਾਣ ਪ੍ਰਾਪਤ ਸੀ? ਉਸ ਮਾਣ ਨੇ ਹੀ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਸੀ ਅਤੇ ਰੋਹੀਲੀ ਵਿਰਾਸਤ ਨੂੰ ਉਨ੍ਹਾਂ ਦੇ ਦੀਦਿਆਂ ਵਿਚ ਧਰਨਾ ਸੀ। ਨਵੀਂ ਪੀੜ੍ਹੀ ਨੇ ਜ਼ੁਲਮ ਤੇ ਸਿਤਮ ਦੀਆਂ ਤਹਿਆਂ ਫਰੋਲਦਿਆਂ ਨਵੀਂ ਸੋਚ ਤੇ ਨਵੀਂ ਤਰਕੀਬ ਨੂੰ ਸਮਿਆਂ ਦੇ ਨਾਮ ਕਰਨਾ ਸੀ ਤਾਂ ਕਿ ਅਜਿਹੀ ਅਣਹੋਣੀ ਫਿਰ ਕਦੇ ਨਾ ਵਾਪਰੇ।

> ***ਦੀਵਾਰ ਨੂੰ ਦੁੱਖ ਹੈ ਕਿ ਸੋਗ-ਸਮਾਗਮ ਜਸ਼ਨ ਬਣ ਗਏ ਨੇ। ਸ਼ਹਾਦਤ ਦੇ ਨਾਂ 'ਤੇ ਰਾਜਸੀ ਰੋਟੀਆਂ ਸੇਕਣਾ ਅਤੇ ਨਿੱਜੀ ਮੁਫਾਦ ਤੀਕ ਸਿਮਟਣਾ, ਧਾਰਮਕ ਲੀਡਰਾਂ ਦਾ ਅਕੀਦਾ ਬਣ ਗਿਆ ਏ। ਦੀਵਾਰ ਪੁੱਛਦੀ ਏ ਕਿ ਦੱਸੋ ਵੇ ਵਾਰਸੋ! ਅੱਜ ਮੈਂ ਕਿਥੇ ਹਾਂ? ਕਿਸ ਨੂੰ ਆਪਣੀ ਵੇਦਨਾ ਸੁਣਾਵਾਂ? ਕਿਸ ਅੱਗੇ ਝੋਲੀ ਫੈਲਾਵਾਂ ਕਿ ਮੇਰੀ ਵਿਥਿਆ ਇਤਿਹਾਸ ਦਾ ਸਦੀਵੀ ਸ਼ਰਫ ਬਣ ਜਾਵੇ?***

ਜਦ ਅਚੇਤ ਜਾਂ ਸੁਚੇਤ ਰੂਪ ਵਿਚ ਮਾਣਮੱਤੀਆਂ ਨਿਸ਼ਾਨੀਆਂ ਨੂੰ ਮਲੀਆਮੇਟ ਕਰਨ ਦਾ ਅਹਿਦ ਆਪਣੇ ਹੀ ਕਰ ਲੈਣ ਅਤੇ ਇਨ੍ਹਾਂ ਨੂੰ ਸੰਗਮਰਮਰੀ ਲਿਬਾਸ ਵਿਚ ਸਾਹ ਲੈਣ ਤੋਂ ਵੀ ਆਤੁਰ ਕਰ ਦੇਣ ਤਾਂ ਸੰਵੇਦਨਸ਼ੀਲ ਮਨ 'ਚੋਂ ਬੜਾ ਕੁਝ ਲਾਵਾ ਬਣ ਕੇ ਬਾਹਰ ਨਿਕਲਦਾ। ਕੀ ਇਹ ਸੋਚੀ ਸਮਝੀ ਸਾਜਿਸ਼ ਸੀ? ਜਾਣ-ਬੁੱਝ ਕੇ ਵਿਰਸੇ ਤੋਂ ਵਿਰਵਾ ਕਰਨਾ ਸੀ? ਜਾਂ ਕਿਸੇ ਦੂਰ-ਰਸੀ ਭਵਿੱਖੀ ਯੋਜਨਾ ਦਾ ਹਿੱਸਾ ਸੀ ਕਿ ਕਾਰ ਸੇਵਾ ਦੇ ਨਾਂ 'ਤੇ ਸਿੱਖੀ ਦੀਆਂ ਫਖਰਯੋਗ ਨਿਸ਼ਾਨੀਆਂ ਸਦਾ ਲਈ ਮੇਟੀਆਂ ਜਾਣ ਅਤੇ ਲੋਕ-ਚੇਤਿਆਂ ਵਿਚੋਂ ਸਦਾ ਲਈ ਮਿਟਾਈਆਂ ਜਾਣ।

ਹੁਣ ਸਰਹਿੰਦ ਦੀ ਦੀਵਾਰ ਦੇ ਹਟਕੋਰਿਆਂ ਨੂੰ ਕੌਣ ਸੁਣੇਗਾ, ਜਿਸ ਨੇ ਨਿੱਕੇ ਨਿੱਕੇ ਲਾਲਾਂ ਨੂੰ ਵਜ਼ੀਰ ਖਾਨ ਦੇ ਸਾਹਮਣੇ ਲਲਕਾਰਦੇ ਸੁਣਿਆ ਸੀ? ਉਨ੍ਹਾਂ ਦੀਆਂ ਰੋਹ ਭਰੀਆਂ ਗੱਲਾਂ, ਇੱਟਾਂ ਦੇ ਹਰ ਰੱਦੇ ਨਾਲ ਸਾਹਿਬਜ਼ਾਦਿਆਂ ਦੀ ਸੋਚ ਅਤੇ ਮਾਨਸਿਕ ਅਵਸਥਾ ਦੀ ਉਚਿਆਈ, ਦਾਦੇ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਪਕਿਆਈ ਅਤੇ ਦਾਦੀ ਵਲੋਂ ਦਿੱਤੀਆਂ ਮੌਤ ਦੀਆਂ ਲੋਰੀਆਂ ਨੂੰ, ਦਰਬਾਰ ਦੇ ਹਰ ਸ਼ਖਸ ਨੂੰ ਠਿੱਠ ਹੋਣ ਲਈ ਮਜਬੂਰ ਹੁੰਦਿਆਂ ਦੇਖਿਆ ਸੀ ਦੀਵਾਰ ਨੇ।

ਦੀਵਾਰ ਨੂੰ ਤਾਂ ਇਹ ਵੀ ਯਾਦ ਆ ਕਿ ਕਿਵੇਂ ਫੁੱਲਾਂ ਨੇ ਦੀਵਾਰ ਦਾ ਭਾਰ ਸਹਿੰਦਿਆਂ ਜੱਲਾਦ ਨੂੰ ਵੰਗਾਰਿਆ ਸੀ। ਮਿਸਤਰੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਪਣੇ ਸੀਨਿਆਂ ਨਾਲ ਦੀਵਾਰ ਦੀ ਪਕਿਆਈ ਤੇ ਉਚਾਈ ਪਰਖੀ ਸੀ। ਮਾਸੂਮੀਅਤ ਵਿਚ ਭਿੱਜੇ ਰੋਹ ਨੇ ਦੀਵਾਰੀ-ਅੱਖੜਪੁਣੇ ਨੂੰ ਮੋਮ ਕਰ ਦਿੱਤਾ ਸੀ। ਇੱਟਾਂ ਵੀ ਮਾਸੂਮਾਂ ਨੂੰ ਆਪਣੀ ਜ਼ਦ ਵਿਚ ਲੈਂਦਿਆਂ ਹੰਝੂਆਂ 'ਚ ਖੁਰ ਗਈਆਂ ਸਨ। ਦੀਵਾਰ ਨੂੰ ਤਾਂ ਚੰਗੀ ਤਰ੍ਹਾਂ ਯਾਦ ਹੋਵੇਗਾ ਜਦ ਫਤਿਹ ਸਿੰਘ ਨੇ ਵੱਡੇ ਵੀਰ ਜੋਰਾਵਰ ਸਿੰਘ ਤੋਂ ਪਹਿਲਾਂ ਮੌਤ ਨੂੰ ਗਲ ਨਾਲ ਲਾਇਆ ਹੋਵੇਗਾ। ਨਿੱਕੇ ਵੀਰੇ ਦੀ ਕਾਹਲ ਅਤੇ ਆਪਣੀ ਵਾਰੀ ਨੂੰ ਉਡੀਕਣ ਦੀ ਜ਼ੋਰਾਵਰ ਸਿੰਘ ਦੀ ਤੀਬਰਤਾ ਵੀ ਦੀਵਾਰ ਦੇ ਨੈਣਾਂ ਵਿਚ ਅੱਥਰੂ ਧਰ ਗਈ ਹੋਵੇਗੀ। ਦੀਵਾਰ ਦੇ ਸਾਹਮਣੇ ਹੀ ਕਾਜ਼ੀ ਦਾ ਫਤਵਾ ਆਪਣੀ ਕਠੋਰਤਾ 'ਤੇ ਝੂਰਦਾ, ਬਹਾਦਰੀ ਦੇ ਨਵੇਂ ਕੀਰਤੀਮਾਨਾਂ ਸਾਹਵੇਂ ਛਿੱਥਾ ਪੈ ਗਿਆ ਹੋਵੇਗਾ।

ਦੀਵਾਰ ਨੇ ਤਾਂ ਮਲੇਰਕੋਟਲੇ ਦੇ ਨਵਾਬ ਦਾ ਹਾਅ ਦਾ ਨਾਹਰਾ ਵੀ ਆਪਣੇ ਸੀਨੇ ਵਿਚ ਜ਼ਜ਼ਬ ਕੀਤਾ ਹੋਵੇਗਾ ਅਤੇ ਸੋਚਦੀ ਹੋਵੇਗੀ ਕਿ ਹੁਕਮਰਾਨ ਵੀ ਰਹਿਮਦਿਲ ਹੋ ਸਕਦੇ ਨੇ? ਚੌਗਿਰਦੇ ਵਿਚ ਨਿੱਕੇ ਸਾਹਿਬਜ਼ਾਦਿਆਂ ਦੀ ਜਾਂਬਾਜ਼ੀ, ਉਨ੍ਹਾਂ ਦੀ ਗੱਲਬਾਤ ਵਿਚਲੀ ਰੂਹਾਨੀਅਤ, ਉਨ੍ਹਾਂ ਦੇ ਮੁਖੜਿਆਂ ਦਾ ਜਲਾਲ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਨੂੰ ਆਪਣੇ ਅੰਤਰੀਵ ਵਿਚ ਉਤਾਰਦੀ ਹੋਈ ਦੀਵਾਰ ਜਰੂਰ ਕਿਆਸਦੀ ਹੋਵੇਗੀ ਕਿ ਇਹ ਕਿਹੜੀ ਮਾਂ ਦੇ ਜਾਏ ਨੇ? ਕਿਸ ਨੇ ਇਨ੍ਹਾਂ ਨੂੰ ਅਸੂਲ-ਪ੍ਰਸਤੀ ਅਤੇ ਮਰਨ ਦੇ ਗੁਰ ਸਿਖਾਏ ਨੇ, ਜੋ ਮੌਤ ਨੂੰ ਸ਼ੁਗਲ ਤੋਂ ਵੱਧ ਕੁਝ ਨਹੀਂ ਸਮਝਦੇ? ਉਨ੍ਹਾਂ ਨੇ ਮੌਤ ਦੀ ਕਰੂਰਤਾ ਨੂੰ ਵੀ ਹਰਾ ਦਿੱਤਾ ਸੀ। ਦੀਵਾਰ ਤਾਂ ਹੁੱਬਕੀਂ ਰੋਂਦੀ ਹੋਵੇਗੀ, ਜਦ ਸ਼ਹੀਦ ਹੋਏ ਸਾਹਿਬਜ਼ਾਦਿਆਂ ਦਾ ਅੰਤਿਮ ਸਸਕਾਰ ਕਰਨ ਲਈ ਦੀਵਾਨ ਟੋਡਰ ਮੱਲ ਨੇ ਇਨ੍ਹਾਂ ਮਾਸੂਮਾਂ ਨੂੰ ਦੀਵਾਰ ਤੋਂ ਵੱਖ ਕੀਤਾ ਹੋਵੇਗਾ। ਭਲਾ! ਉਹ ਦੀਵਾਰ ਆਪਣੇ ਸਾਹਾਂ ਤੋਂ ਬਗੈਰ ਕਿਵੇਂ ਜਿਉਂਦੀ ਰਹੀ ਹੋਵੇਗੀ?

ਬਹੁਤ ਚਿਰ ਤੀਕ ਤਾਂ ਦੀਵਾਰ ਨਤਮਸਤਕ ਹੋਣ ਵਾਲੇ ਹਰ ਸ਼ਰਧਾਲੂ ਦੇ ਮਨ ਵਿਚ ਕਹਿਰਾਂ ਭਰੇ ਵਕਤਾਂ ਦੀ ਕਹਾਣੀ ਧਰਦੀ ਰਹੀ। ਤੁਹਾਥੋਂ ਹੁੰਗਾਰਾ ਲੋੜਦੀ ਏ ਕਿ ਪੁੱਤਾਂ ਵਾਲਿਓ! ਕਦੇ ਉਸ ਮਾਂ ਦੀ ਦਲੇਰੀ, ਸਬਰ-ਸਬੂਰੀ ਤੇ ਮਾਨਸਿਕ ਉਚਾਣ ਨੂੰ ਆਪਣੇ ਹਿਰਦੇ ਵਿਚ ਵਸਾਉਣਾ, ਜਿਸ ਦੇ ਮਾਸੂਮ ਬੱਚਿਆਂ ਨੇ ਅਦੁੱਤੀ ਸ਼ਹਾਦਤ ਨਾਲ ਤਵਾਰੀਖ ਨੂੰ ਨਵੇਂ ਅਰਥ ਦਿੱਤੇ ਸਨ। ਬੱਚਿਆਂ ਦੀਆਂ ਕੁਰਬਾਨੀਆਂ ਦੀਆਂ ਕਹਾਣੀਆਂ ਆਪਣੀ ਔਲਾਦ ਨੂੰ ਜਰੂਰ ਸੁਣਾਉਣਾ ਤਾਂ ਕਿ ਉਨ੍ਹਾਂ ਨੂੰ ਆਪਣੇ ਇਤਿਹਾਸ 'ਤੇ ਮਾਣ ਹੋਵੇ। ਪਰ ਅੱਜ ਕੱਲ ਹੋਂਦ-ਵਿਹੂਣੀ ਦੀਵਾਰ ਬਹੁਤ ਉਦਾਸ ਅਤੇ ਹਤਾਸ਼ ਹੈ। ਉਸ ਦੀ ਉਦਾਸੀ 'ਚ ਹੈ, ਆਪਣਿਆਂ ਦੀ ਅਕ੍ਰਿਤਘਣਤਾ ਤੇ ਵਿਰਸੇ ਪ੍ਰਤੀ ਅਣਡਿੱਠਤਾ। ਬੌਣੀ ਮਾਨਸਿਕਤਾ ਹੋ ਰਹੀ ਏ ਜੱਗ-ਜਾਹਰ।

ਦੀਵਾਰ ਨੂੰ ਦੁੱਖ ਹੈ ਕਿ ਸੋਗ-ਸਮਾਗਮ ਜਸ਼ਨ ਬਣ ਗਏ ਨੇ। ਸ਼ਹਾਦਤ ਦੇ ਨਾਂ 'ਤੇ ਰਾਜਸੀ ਰੋਟੀਆਂ ਸੇਕਣਾ ਅਤੇ ਨਿੱਜੀ ਮੁਫਾਦ ਤੀਕ ਸਿਮਟਣਾ, ਧਾਰਮਕ ਲੀਡਰਾਂ ਦਾ ਅਕੀਦਾ ਬਣ ਗਿਆ ਏ। ਦੀਵਾਰ ਪੁੱਛਦੀ ਏ ਕਿ ਦੱਸੋ ਵੇ ਵਾਰਸੋ! ਅੱਜ ਮੈਂ ਕਿਥੇ ਹਾਂ? ਕਿਸ ਨੂੰ ਆਪਣੀ ਵੇਦਨਾ ਸੁਣਾਵਾਂ? ਕਿਸ ਅੱਗੇ ਝੋਲੀ ਫੈਲਾਵਾਂ ਕਿ ਮੇਰੀ ਵਿਥਿਆ ਇਤਿਹਾਸ ਦਾ ਸਦੀਵੀ ਸ਼ਰਫ ਬਣ ਜਾਵੇ? ਯਾਦ ਰੱਖਣਾ! ਇਤਿਹਾਸ ਤੋਂ ਬੇਮੁੱਖ ਹੋਣ ਵਾਲੀਆਂ ਕੌਮਾਂ ਦਾ ਕੋਈ ਇਤਿਹਾਸ ਨਹੀਂ ਰਹਿੰਦਾ। ਜੜ੍ਹ-ਹੀਣ ਹੋ ਕੇ ਜਿਉਣ ਨਾਲੋਂ ਤਾਂ ਮਰਨਾ ਹੀ ਬਿਹਤਰ। ਸ਼ਾਇਦ ਇਸ ਕਰਕੇ ਸਰਹਿੰਦ ਦੀ ਦੀਵਾਰ ਸੰਗਮਰਮਰ ਦੇ ਭਾਰ ਹੇਠ ਸਿੱਸਕਦੀ ਏ। ਇਹ ਸਿਸਕੀਆਂ ਉਸ ਸ਼ਰਧਾਵਾਨ ਨੂੰ ਸੁਣਦੀਆਂ ਨੇ, ਜੋ ਅਨੂਠੀ ਸ਼ਹਾਦਤ ਦੀ ਅਕੀਦਤ ਕਰਨ ਆਉਂਦਾ ਏ। ਅਜਿਹੇ ਸ਼ਰਧਾਲੂਆਂ ਦੀ ਉਡੀਕ ਵਿਚ ਤਾਂ ਦੀਵਾਰ ਦੀਆਂ ਸਿਸਕੀਆਂ ਜਾਰੀ ਨੇ। ਸੋਚ-ਸ਼ੋਰ ਬਣਨ ਦੀ ਉਡੀਕ ਵਿਚ ਇਹ ਸਿਸਕੀਆਂ ਆਪਣੀ ਅਉਧ ਨੂੰ ਲੰਮੇਰਾ ਕਰ ਰਹੀਆਂ ਨੇ।

ਦੀਵਾਰ ਦੇ ਗਲ ਲੱਗ ਕੇ ਰੋਂਦੀ ਕੱਚੀ ਗੜ੍ਹੀ ਬਹੁਤ ਦੁਖਿਆਰੀ। ਉਸ ਦੀ ਦੁਖਦੀ ਰਗ 'ਤੇ ਹੱਥ ਧਰਨ ਲੱਗਿਆਂ ਮਨ ਵੀ ਸਹਿਮ ਜਾਂਦਾ ਏ। ਗੜ੍ਹੀ ਪ੍ਰਸ਼ਨ ਕਰਦੀ ਹੈ ਕਿ ਕਿਥੇ ਹਾਂ ਮੈਂ? ਕਿਹੜੇ ਨੇ ਉਹ ਹੱਥ, ਜਿਨ੍ਹਾਂ ਨੇ ਮੇਰੀ ਹੋਂਦ ਮਿਟਾਈ? ਮੈਂ ਤਾਂ ਸ਼ਰਧਾਲੂਆਂ ਦੇ ਨਾਮ ਅੱਖੀਂ ਡਿੱਠਾ ਵਰਣਨ ਕਰਨਾ ਸੀ ਤਾਂ ਕਿ ਉਨ੍ਹਾਂ ਦੇ ਦੀਦਿਆਂ ਵਿਚ ਰੱਤ ਉਤਰ ਆਵੇ। ਪਰ ਇਸ ਤੋਂ ਪਹਿਲਾਂ ਹੀ ਮੇਰੀ ਕੱਚੀ ਹੋਂਦ ਨੂੰ ਬਾਬਿਆਂ ਨੇ ਸੰਗਮਰਮਰ ਹੇਠ ਦਫਨ ਕਰ ਦਿੱਤਾ। ਦੱਸੋ ਤਾਂ ਸਹੀ ਕਿ ਮੈਨੂੰ ਕਿਉਂ ਅਲੋਪ ਕੀਤਾ? ਕੀ ਮੇਰੀ ਹੋਂਦ ਰੜ੍ਹਕਦੀ ਸੀ? ਇਹ ਕਿਹੋ ਜਿਹੀ ਹੈ ਅੰਨ੍ਹੀ ਸ਼ਰਧਾ, ਜੋ ਜਿਉਂਦੇ-ਜਾਗਦੇ ਇਤਿਹਾਸ ਨੂੰ ਮਿੱਟੀ 'ਚ ਮਿਟਾਉਣ ਲਈ ਉਤਾਵਲੀ ਏ। ਮੈਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਵਿਚ ਬਿਤਾਏ ਹਰ ਪਲ ਯਾਦ ਸਨ। ਕਿਵੇਂ ਉਨ੍ਹਾਂ ਨੇ ਚਾਲੀ ਕੁ ਸਿੰਘਾਂ ਨਾਲ ਮੇਰੀ ਕਿਲਾਬੰਦੀ ਕੀਤੀ? ਕਿਵੇਂ ਉਨ੍ਹਾਂ ਦਾ ਜਾਹੋ-ਜਲਾਲ ਅਤੇ ਦਹਾੜ ਮੇਰੇ ਚੌਗਿਰਦੇ ਵਿਚ ਫੈਲੀ? ਕਿਵੇਂ ਉਨ੍ਹਾਂ ਦੀ ਲਲਕਾਰ ਨੇ ਵੈਰੀਆਂ 'ਚ ਕੰਬਣੀ ਛੇੜੀ? ਕਿਵੇਂ ਉਹ ਮਚਾਣ 'ਤੇ ਬਹਿ ਕੇ ਸਿੰਘਾਂ ਨੂੰ ਸ਼ਹੀਦ ਹੁੰਦਿਆਂ ਨਿਹਾਰਦੇ ਸਨ? ਕਿਵੇਂ ਉਨ੍ਹਾਂ ਨੇ ਆਪਣੇ ਜੇਠੇ ਪੁੱਤ ਸਾਹਿਬਜ਼ਾਦੇ ਅਜੀਤ ਸਿੰਘ ਨੂੰ ਮੌਤ ਵਿਹਾਜਣ ਲਈ ਮੈਦਾਨੇ-ਜੰਗ ਵਿਚ ਭੇਜਿਆ ਸੀ? ਕਿਵੇਂ ਉਨ੍ਹਾਂ ਦੁਨੀਆਂ ਨੂੰ ਦਰਸਾ ਦਿੱਤਾ ਕਿ ਹੱਕ, ਸੱਚ ਤੇ ਇਨਸਾਫ ਲਈ ਆਪਣੇ ਪੁੱਤਰਾਂ ਨੂੰ ਵਾਰਨ ਲੱਗਿਆਂ ਬਾਪ ਪਲ ਵੀ ਨਹੀਂ ਲਾਉਂਦਾ?

ਮੈਨੂੰ ਤਾਂ ਹੁਣ ਤੀਕ ਯਾਦ ਸੀ, ਉਨ੍ਹਾਂ ਦਾ ਸਾਹਿਬਜ਼ਾਦੇ ਜੁਝਾਰ ਸਿੰਘ ਨੂੰ ਅਲੂਈਂ ਉਮਰੇ ਦੁਸ਼ਮਣਾਂ ਨੂੰ ਵੰਗਾਰਦੇ ਅਤੇ ਫਿਰ ਵੀਰਗਤੀ ਨੂੰ ਪ੍ਰਾਪਤ ਕਰਦਿਆਂ, ਅੱਖੀਂ ਦੇਖਣਾ। ਕਿੰਨਾ ਮਹਾਨ ਅਤੇ ਵੱਡਾ ਸੀ ਉਸ ਬਾਪ ਦਾ ਜਿਗਰਾ। ਉਹ ਕੇਹਾ ਵਕਤ ਸੀ, ਜਦ ਬਾਪ ਆਪਣੇ ਸਿੰਘਾਂ ਤੇ ਪੁੱਤਰਾਂ ਨੂੰ ਸ਼ਹੀਦ ਕਰਵਾ ਵਾਹਿਗੁਰੂ ਦਾ ਸ਼ੁਕਰਾਨਾ ਕਰ ਰਿਹਾ ਸੀ। ਅਜਿਹੇ ਮਰਦ-ਅਗੰਮੜੇ ਸੰਗ ਬਿਤਾਏ ਪਲ ਤਾਂ ਮੈਂ ਹਰ ਸ਼ਖਸ ਨੂੰ ਸੁਣਾਉਣੇ ਸਨ ਕਿ ਮੈਨੂੰ ਹੀ ਮਿਟਾ ਦਿੱਤਾ ਗਿਆ। ਮੇਰਾ ਕੀ ਸੀ ਕਸੂਰ? ਮੈਨੂੰ ਕਿਉਂ ਇੰਨੀ ਵੱਡੀ ਸਜ਼ਾ ਦਿੱਤੀ ਗਈ? ਮੇਰੀ ਹਿੱਕ ਵਿਚ ਦਫਨ ਹੋ ਚੁਕੀ ਜੰਗ ਦੀ ਦਾਸਤਾਨ ਹੁਣ ਕੌਣ ਸੁਣਾਵੇਗਾ? ਜਦ ਗਭਰੇਟ ਇਸ ਅਸਥਾਨ 'ਤੇ ਆਉਣਗੇ ਤਾਂ ਉਹ ਕਿਥੋਂ ਭਾਲਣਗੇ ਕੱਚੀ ਗੜ੍ਹੀ? ਕਿਵੇਂ ਕਿਆਸਣਗੇ ਗੁਰੂ ਜੀ ਦਾ ਜੰਗ ਦੇਖਣਾ? ਸਿੰਘਾਂ ਨੂੰ ਵਾਰੀ-ਵਾਰੀ ਸ਼ਹਾਦਤ ਲਈ ਤੋਰਨਾ? ਕਿਵੇਂ ਉਸ ਵਕਤ ਦਾ ਅੰਦਾਜ਼ਾ ਲਾਉਣਗੇ ਜਦ ਪੰਜ ਸਿੱਖਾਂ ਨੇ ਗੁਰੂ ਜੀ ਨੂੰ ਗੜ੍ਹੀ ਛੱਡਣ ਲਈ ਹੁਕਮਨਾਮਾ-ਰੂਪੀ ਜੋਦੜੀ ਕੀਤੀ ਸੀ? ਉਨ੍ਹਾਂ ਦੇ ਹਿਰਦੇ 'ਤੇ ਕੀ ਬੀਤਦੀ ਹੋਵੇਗੀ ਅਤੇ ਉਹ ਕੀ ਸੋਚਦੇ ਹੋਣਗੇ ਜਦ ਉਨ੍ਹਾਂ ਨੇ ਸਾਹਿਬਜ਼ਾਦਿਆਂ ਤੇ ਸਿੰਘਾਂ ਨੂੰ ਸ਼ਹੀਦ ਕਰਵਾ ਮਾਛੀਵਾੜੇ ਨੂੰ ਚਾਲੇ ਪਾਏ ਹੋਣਗੇ? ਕਿਵੇਂ ਸ਼ੁਕਰਗੁਜ਼ਾਰੀ 'ਚ ਉਤਾਂਹ ਨੂੰ ਹੱਥ ਉਠਾਏ ਹੋਣਗੇ? ਉਨ੍ਹਾਂ ਦੇ ਮਨ ਵਿਚ ਪੁੱਤਰਾਂ ਦੇ ਤੋਤਲੇ ਬੋਲ, ਲਡਾਏ ਲਾਡ ਅਤੇ ਦਿੱਤੀਆਂ ਲੋਰੀਆਂ ਤੋਂ ਸ਼ਹੀਦ ਹੋਣ ਤੀਕ ਦਾ ਜੀਵਨ ਸਫਰ ਤੈਰਦਾ ਤਾਂ ਹੋਵੇਗਾ ਹੀ! ਪਰਿਵਾਰ ਤੇ ਸਿੰਘਾਂ ਤੋਂ ਸੱਖਣੇ, ਰਾਤ ਦੇ ਹਨੇਰੇ ਵਿਚ ਜਾਂਦੇ ਮਾਹੀ ਦੀ ਪੈੜ ਨੂੰ ਨਿਹਾਰਦੀ, ਮੈਂ ਜ਼ਾਰੋ-ਜ਼ਾਰ ਰੋਈ ਸਾਂ। ਤੁਰੇ ਜਾਂਦੇ ਗੁਰ-ਤੇਜ ਸਾਹਵੇਂ ਰਾਤ ਦਾ ਹਨੇਰਾ ਵੀ ਤ੍ਰਭਕ ਗਿਆ ਹੋਵੇਗਾ। ਤਾਰਿਆਂ ਦੀ ਰੌਸ਼ਨੀ ਉਨ੍ਹਾਂ ਦੇ ਪੈਰਾਂ ਨੂੰ ਚੁੰਮਦੀ ਹੋਵੇਗੀ। ਤ੍ਰੇਲ ਉਨ੍ਹਾਂ ਦੇ ਲਹੂ-ਲੁਹਾਣ ਪੈਰਾਂ ਨੂੰ ਧੋਂਦੀ, ਉਸ ਮਿੱਟੀ ਨੂੰ ਨਮਸਕਾਰਦੀ ਹੋਵੇਗੀ ਜਿਨ੍ਹਾਂ ਨੇ ਨੰਗੇ ਪੈਰਾਂ ਦੀ ਛੋਹ ਮਾਣੀ।




*ਠੰਡੇ ਬੁਰਜ ਦੀ ਥਾਂ ਬਣਾਇਆ ਗਿਆ ਗੁਰਦੁਆਰਾ*

ਬਹੁਤ ਕੁਝ ਆਉਂਦਾ ਏ ਕੱਚੀ ਗੜ੍ਹੀ ਦੇ ਮਨ ਵਿਚ, ਜੋ ਆਉਣ ਵਾਲੀਆਂ ਨਸਲਾਂ ਨੂੰ ਦੱਸਣਾ ਚਾਹੁੰਦੀ ਏ। ਪਰ ਉਹ ਕੀ ਕਰੇ? ਕਿਸ ਦੇ ਸਾਹਵੇਂ ਫਰਿਆਦ ਕਰੇ? ਕੋਈ ਵੀ ਉਸ ਦੇ ਦਰਦ ਦੀ ਹਾਥ ਨਹੀਂ ਪਾ ਸਕਦਾ। ਜਦ ਚਸ਼ਮਦੀਦ ਖਤਮ ਹੋ ਜਾਂਦਾ ਤਾਂ ਇਸ ਨਾਲ ਜੁੜਿਆ ਇਤਿਹਾਸ ਅਤੇ ਦੁਰਲੱਭ ਰਾਜ਼ ਆਪਣੇ-ਆਪ ਹੀ ਖਤਮ ਹੋ ਜਾਂਦੇ। ਫਿਰ ਬਹੁਤ ਸੌਖਾ ਹੁੰਦਾ ਏ ਲੋਕ-ਚੇਤਿਆਂ ਨੂੰ ਲੁਭਾਊ, ਤਰਕਹੀਣ ਤੇ ਤੱਥ-ਗਤ ਕਹਾਣੀਆਂ ਵਿਚ ਉਲਝਾ ਅਤੇ ਪ੍ਰਚਾ ਕੇ ਅਮੀਰ ਵਿਰਸੇ ਦੀ ਵਿਲੱਖਣਤਾ ਤੇ ਸਦੀਵਤਾ ਨੂੰ ਸਦਾ ਲਈ ਮਲੀਆਮੇਟ ਕਰ ਦੇਣਾ। ਕੱਚੀ ਗੜ੍ਹੀ ਦੇ ਦੁੱਖ ਨੂੰ ਫਰੋਲਣ ਲੱਗਿਆਂ ਤਾਂ ਕਲਮ ਵੀ ਹੁੱਬਕੀਂ ਰੋਂਦੀ ਏ। ਪਤਾ ਨਹੀਂ ਕੌਣ ਸਨ ਪੱਥਰ-ਦਿਲ ਲੋਕ ਜਿਨ੍ਹਾਂ ਨੇ ਕੱਚੀ ਗੜ੍ਹੀ ਦੇ ਨੈਣੀਂ ਝਾਕਣ ਦੀ ਥਾਂ ਇਸ ਨੂੰ ਸੰਗਮਰਮਰੀ ਕਬਰ ਬਣਾ ਦਿੱਤਾ। ਕਬਰਾਂ ਕਦੇ ਨਹੀਂ ਬੋਲਦੀਆਂ, ਨਿਸ਼ਾਨੀਆਂ ਬੋਲਦੀਆਂ ਨੇ।

ਦੀਵਾਰ ਤੇ ਗੜ੍ਹੀ ਦੇ ਦਰਦ ਦਰਮਿਆਨ ਜਦ ਮਾਛੀਵਾੜੇ ਦੇ ਖੂਹ ਦੀ ਮੌਣ ਨੂੰ ਆਪਣਾ ਦੁੱਖੜਾ ਫਰੋਲਣ ਦਾ ਵਕਤ ਮਿਲਿਆ ਤਾਂ ਹਿੱਚਕੀਆਂ 'ਚ ਹਾਰੀ, ਉਹ ਬੋਲਣ ਤੋਂ ਵੀ ਅਸਮਰਥ ਸੀ। ਕੀ ਬੋਲੇ ਅਤੇ ਕੀ ਨਾ ਬੋਲੇ? ਅਬੋਲ ਰਹਿ ਕੇ ਵੀ ਬਹੁਤ ਕੁਝ ਸਮਿਆਂ ਦੇ ਨਾਮ ਕਰਨ ਵਾਲੀ ਮੌਣ, ਬਹੁਤ ਖਾਮੋਸ਼ ਏ। ਇਸ ਦੀ ਖਾਮੋਸ਼ੀ ਵਿਚ ਸੁਲਘਦੇ ਨੇ ਦਿਲ ਵਿੰਨਵੇਂ ਵੈਣ, ਨਹੋਰੇ ਅਤੇ ਉਲਾਹਮੇ। ਨਤਮਸਤਕ ਹੋਣ ਵਾਲੇ ਹਰ ਸ਼ਖਸ ਨੂੰ ਆਪਣੀ ਆਤਮਾ ਵੰਨੀਂ ਝਾਕਣ ਲਈ ਜੋਦੜੀ ਕਰਦੀ ਏ ਮੌਣ। ਮਰਨ-ਹਾਰੀ ਮੌਣ ਮੌਤ ਵਰਗੀ ਸੰਘਣੀ ਚੁੱਪ ਅਤੇ ਕਠੋਰਤਾ ਹੰਢਾਉਂਦੀ ਸੰਗਮਰਮਰ ਹੇਠ ਦੱਬੀ ਆਪਣੀ ਹੋਣੀ ਨੂੰ ਚਿਤਵਦੀ ਰੂਹ ਨੂੰ ਪੱਛ ਜਾਂਦੀ ਏ। ਮੌਣ ਦੀ ਹੂਕ ਸੁਣਨ ਦਾ ਹੀਆ ਕਰੋ ਜੋ ਕੂਕਦੀ ਆ, "ਸਿੰਘ ਅਤੇ ਪੁੱਤਰ ਸ਼ਹੀਦ ਕਰਵਾ, ਰਾਤ ਦੇ ਪੈਂਡੇ ਦਾ ਭੰਨਿਆ ਬਾਦਸ਼ਾਹ-ਦਰਵੇਸ਼ ਮੇਰੀ ਹਦੂਦ ਵਿਚ ਆਇਆ ਸੀ ਤਾਂ ਮੈਂ ਭਾਗਾਂ ਵਾਲੀ ਬਣ ਗਈ। ਉਸ ਨੇ ਮੈਨੂੰ ਆਪਣੀ ਆਗੋਸ਼ ਵਿਚ ਲੈ, ਘੜੀ ਪਲ ਅੱਖ ਲਾਉਣ ਦਾ ਮਨ ਬਣਾਇਆ। ਉਸ ਵੇਲੇ ਅੰਬਰੀ ਚੁੱਪ ਅਤੇ ਤਾਰਿਆਂ ਦੀਆਂ ਹੰਝੂਆਂ ਸੰਗ ਤਾਰੀ ਅੱਖਾਂ ਗੁਰੂ ਜੀ ਦੀ ਕੁਰਬਾਨੀ ਨੂੰ ਸਿਜਦਾ ਕਰਦੀਆਂ, ਉਸ ਦੇ ਦਰਦ 'ਚ ਪਸੀਜ, ਉਸ ਦੇ ਰੱਤ-ਰੱਤੜੇ ਕਦਮਾਂ ਨੂੰ ਚੁੰਮ ਰਹੀਆਂ ਸਨ। ਮੇਰੇ ਉਪਰ ਬੈਠ ਕੇ ਹੀ ਗੁਰੂ ਜੀ ਨੇ ਰੱਬ ਦੀ ਸ਼ੁਕਰਗੁਜਾਰੀ ਵਿਚ ਉਚਾਰਿਆ ਸੀ, "ਮਿਤਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ।"

ਕਿੰਨੀ ਉਚੀ ਸੀ ਸ਼ਹਿਨਸਾਹ ਦੀ ਮਾਨਸਿਕ ਅਵਸਥਾ ਤੇ ਰਹਿਬਰੀ। ਉਸ ਸਮੇਂ ਗੁਰੂ ਜੀ ਦੇ ਮਨ 'ਚ ਆਏ ਵਿਚਾਰਾਂ ਤੇ ਰੂਹਾਨੀਅਤ ਨਾਲ ਭਿੱਜੀਆਂ ਸੰਵੇਦਨਾਵਾਂ ਮੇਰੇ ਵਿਚ ਰਮ ਗਈਆਂ ਸਨ। ਖੂਹ ਦਾ ਪਾਣੀ ਅੰਮ੍ਰਿਤ ਹੋ ਗਿਆ ਸੀ। ਮੈਂ ਉਸ ਦ੍ਰਿਸ਼ ਨੂੰ ਆਪਣੇ ਅੰਤਰੀਵ ਵਿਚ ਖੁਣ ਲਿਆ ਸੀ। ਮੇਰਾ ਤਾਂ ਮਨ ਕਰਦਾ ਸੀ ਕਿ ਯੁੱਗਾਂ ਤੀਕ ਉਹ ਵਿਥਿਆ ਰਹੇਕ ਨੂੰ ਸੁਣਾਵਾਂਗੀ। ਸ਼ਰਧਾਲੂਆਂ ਦੀ ਸੋਚ ਵਿਚ ਗੁਰੂ ਜੀ ਦੀ ਵਡਿਆਈ ਅਤੇ ਮਹਾਨਤਾ ਦੇ ਨਗਮਿਆਂ ਦਾ ਜਾਗ ਲਾਵਾਂਗੀ ਤਾਂ ਕਿ ਉਹ ਆਪਣੇ ਵਿਰਸੇ ਪ੍ਰਤੀ ਅਵੇਸਲੇ ਨਾ ਹੋਣ। ਪਰ ਪਤਾ ਨਹੀਂ ਕਿਹੜਾ ਕੁਲਹਿਣਾ ਸਮਾਂ ਆਇਆ ਕਿ ਮੇਰੀ ਮੁਢਲੀ ਹੋਂਦ ਨੂੰ ਮਿਟਾ ਅਧੁਨਿਕਤਾ ਦੀ ਆੜ 'ਚ ਮੇਰੀ ਪਛਾਣ ਹੀ ਮਿਟਾ ਦਿੱਤੀ।

ਸਦਾ ਜਿਉਂਦੀਆਂ ਰਹਿਣ ਵਾਲੀਆਂ ਕੌਮਾਂ ਆਪਣੇ ਪੁਰਖਿਆਂ ਦਾ ਇਤਿਹਾਸ, ਸ਼ਹੀਦੀ ਸਮਾਰਕ, ਨਿਸ਼ਾਨੀਆਂ ਅਤੇ ਉਨ੍ਹਾਂ ਦੇ ਯਾਦਗਾਰੀ ਅਸਥਾਨਾਂ ਨੂੰ ਮੁਢਲੇ ਰੂਪ ਵਿਚ ਰੱਖਦੀਆਂ ਨੇ ਤਾਂ ਕਿ ਅਗਲੀਆਂ ਪੀੜ੍ਹੀਆਂ ਬੀਤੇ ਸਮੇਂ ਨੂੰ ਹੂ-ਬ-ਹੂ ਚਿੱਤਵ ਸਕਣ। ਉਨ੍ਹਾਂ ਦੇ ਹਿਰਦਿਆਂ 'ਚ ਬੀਤੇ ਦਾ ਹਰ ਵਰਕਾ ਤੇ ਹਰ ਹਰਫ ਉਕਰਿਆ ਜਾਵੇ। ਸ਼ਹਾਦਤਾਂ ਨਾਲ ਲਬਰੇਜ਼ ਤਹਿਜ਼ੀਬੀ ਵਰਕਾ ਉਨ੍ਹਾਂ ਦੀ ਸੋਚ-ਧੂਣੀ ਨੂੰ ਧੁਖਾਵੇ ਤਾਂ ਕਿ ਆਉਣ ਵਾਲੀਆਂ ਨਸਲਾਂ, ਇਤਿਹਾਸਕ ਰਹਿਬਰੀ ਵਿਚੋਂ ਆਪਣੀ ਪਛਾਣ, ਪਰੰਪਰਾਵਾਂ, ਮਾਨਤਾਵਾਂ ਅਤੇ ਮਰਿਆਦਾਵਾਂ ਨੂੰ ਸਦੀਵੀ ਜਿਉਂਦਾ ਰੱਖ ਸਕਣ। ਪਰ ਕੇਹੀ ਤ੍ਰਾਸਦੀ ਹੈ ਕਿ ਸਿੱਖ ਕੌਮ ਆਪਣਾ 300 ਸਾਲ ਦਾ ਇਤਿਹਾਸ ਹੀ ਨਹੀਂ ਸੰਭਾਲ ਸਕੀ। ਹੋਰ ਕੀ ਆਸ ਰੱਖੀ ਜਾ ਸਕਦੀ ਏ?

ਦੀਵਾਰ ਤੇ ਗੜ੍ਹੀ ਨੂੰ ਇਹ ਧਰਵਾਸ ਹੈ ਕਿ ਮੁਸਲਮਾਨ ਸ਼ਾਇਰ ਯਾਰ ਅੱਲ੍ਹਾ ਖਾਂ ਯੋਗੀ ਨੇ ਦੀਵਾਰ ਅਤੇ ਗੜ੍ਹੀ ਦੇ ਹੰਝੂਆਂ ਤੇ ਅਸਹਿ ਪੀੜਾ ਨੂੰ ਹਰਫਾਂ 'ਚ ਪਰੋ ਕੇ ਅਜਿਹੇ ਕਾਵਿਕ ਦਸਤਾਵੇਜ਼ ਦਾ ਰੂਪ ਦਿੱਤਾ, ਜਿਸ ਨੂੰ ਪੜ੍ਹਦਿਆਂ ਪਾਠਕ ਦੀਆਂ ਅੱਖਾਂ ਵਿਚ ਸਿੱਲ ਤੇ ਰੋਹ ਦਾ ਅਜਿਹਾ ਦਰਿਆ ਫੁਟਦਾ ਜੋ ਵਕਤ ਦੀ ਕੁੱਖ ਨੂੰ ਵੀ ਅੱਥਰੂ ਬਣਾ ਜਾਂਦਾ।

ਦੀਵਾਰ, ਗੜ੍ਹੀ ਤੇ ਮੌਣ ਦੀ ਦੱਬ ਦਿੱਤੀ ਗਈ ਦਰਦੀਲੀ ਦਾਸਤਾਨ ਬਹਿਰੇ ਅਤੇ ਗੁੰਗਿਆਂ ਨੇ ਤਾਂ ਸੁਣਨੀ ਨਹੀਂ। ਹਾਂ! ਜੇ ਵਰਕੇ 'ਤੇ ਉਗੇ ਕਲਮ ਦੇ ਹਾਵੇ, ਹਾੜੇ, ਹੇਰਵੇ ਤੇ ਹੌਕੇ, ਪਾਠਕਾਂ ਦੇ ਦੀਦਿਆਂ ਨੂੰ ਸਿੱਲੇ ਕਰ ਗਏ ਤਾਂ ਉਨ੍ਹਾਂ ਦੇ ਅੰਤਰੀਵ ਵਿਚ ਉਗੀ ਸੰਵੇਦਨਾ ਹੀ ਕਿਸੇ ਦਿਨ ਦੀਵਾਰ, ਗੜ੍ਹੀ ਅਤੇ ਮੌਣ ਦਾ ਹੁੰਗਾਰਾ ਜਰੂਰ ਬਣੇਗੀ।

ਅਜਿਹੀ ਆਸ ਕਲਮ ਨੂੰ ਤਾਂ ਹੈ।

# ਗੁਰੂ ਗੋਬਿੰਦ ਸਿੰਘ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ

**ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਹਨ। ਆਪਣੇ ਇਸ ਸੰਖੇਪ ਜਿਹੇ ਲੇਖ ਵਿਚ ਉਨ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਮਤਿ ਸੰਗੀਤ ਵਿਚ ਯੋਗਦਾਨ ਬਾਰੇ ਚਰਚਾ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਖੇਤਰ ਵਿਚ ਹੋਰ ਖੋਜ ਨਾਲ ਗੁਰਮਤਿ ਸੰਗੀਤ ਨੂੰ ਕ੍ਰਾਂਤੀਕਾਰੀ ਵਿਸਥਾਰ ਮਿਲ ਸਕਦਾ ਹੈ। -ਸੰਪਾਦਕ**

ਸਰਬੰਸਦਾਨੀ ਦਸਵੇਂ ਪਾਤਸ਼ਾਹ ਦਾ ਮਾਨਵੀ ਸੰਸਕ੍ਰਿਤੀ ਨੂੰ ਯੋਗਦਾਨ ਬਹੁਪੱਖੀ ਤੇ ਬਹੁਦਿਸ਼ਾਵੀ ਹੈ। ਸੰਗੀਤ ਦੇ ਪ੍ਰਸੰਗ ਵਿਚ ਉਨ੍ਹਾਂ ਦੇ ਯੋਗਦਾਨ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਦੀਆਂ ਅਨੇਕ ਸੰਭਾਵਨਾਵਾਂ ਮੌਜੂਦ ਹਨ। ਗੁਰੂ ਗ੍ਰੰਥ ਸਾਹਿਬ ਦਾ ਪੁਨਰ ਸੰਕਲਨ, ਦਸਮ ਗ੍ਰੰਥ ਵਿਚ ਸੰਗੀਤ ਦਾ ਬਹੁਪੱਖੀ ਪ੍ਰਯੋਗ, ਸਰਬ ਲੋਹ ਗ੍ਰੰਥ ਦਾ ਵਿਲੱਖਣ ਸੰਗੀਤ ਵਿਧਾਨ ਇਸ ਖੇਤਰ ਵਿਚ ਸਾਡੀ ਜਿਗਿਆਸਾ ਨੂੰ ਦੂਣ ਸਵਾਇਆ ਕਰਦਾ ਹੈ।

ਗੁਰਮਤਿ ਸੰਗੀਤ ਦੇ ਪ੍ਰਸੰਗ ਵਿਚ ਵਾਚੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਤੋਂ ਪੂਰਵਲੇ ਗੁਰੂ ਸਿੱਖ ਸਾਹਿਬਾਨ ਵਲੋਂ ਸਥਾਪਤ

ਗੁਰਨਾਮ ਸਿੰਘ (ਡਾ.)

ਗੁਰਮਤਿ ਸੰਗੀਤ ਪਰੰਪਰਾ ਨੂੰ ਵਿਹਾਰਕ ਰੂਪ ਵਿਚ ਦ੍ਰਿੜਾਉਣ ਦੇ ਅਨੇਕ ਇਤਿਹਾਸਕ ਹਵਾਲੇ ਮਿਲਦੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਮਰਿਆਦਤ ਰੂਪ ਵਿਚ ਦ੍ਰਿੜਾਇਆ। ਭਾਈ ਸੱਦੂ ਤੇ ਭਾਈ ਮੱਦੂ ਆਪ ਦੇ ਦਰਬਾਰ ਦੇ ਮੁੱਖ ਕੀਰਤਨੀਏ ਸਨ। ਇਕ ਇਤਿਹਾਸਕ ਹਵਾਲੇ ਅਨੁਸਾਰ, ਆਨੰਦਪੁਰੀ ਛੱਡਣ ਸਮੇਂ ਸਿਰਸਾ ਦੇ ਕੰਢੇ ਮੁਗ਼ਲ ਫੌਜਾਂ ਵਿਚ ਘਿਰੇ ਹੋਣ ਦੇ ਬਾਵਜੂਦ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਆਸਾ ਦੀ ਵਾਰ ਦੀ ਕੀਰਤਨ ਚੌਕੀ ਲਗਾਉਣ ਦਾ ਆਦੇਸ਼ ਦਿੱਤਾ ਜੋ ਗੁਰਮਤਿ ਸੰਗੀਤ ਦੀ ਮਰਿਆਦਤ ਰੀਤ ਸਥਾਪਤ ਕਰਨ ਪ੍ਰਤੀ ਆਪ ਦੀ ਪ੍ਰਤੀਬੱਧਤਾ ਦਾ ਲਖਾਇਕ ਹੈ। ਆਪ ਦੁਆਰਾ ਕੀਰਤਨ ਹਿਤ ਤਾਨਪੁਰੇ (ਤੰਬੂਰੇ) ਦਾ ਪ੍ਰਯੋਗ ਅਤੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਨੂੰ ਉਤਸ਼ਾਹਿਤ ਕਰਨਾ, ਵਿਸ਼ੇਸ਼ ਕਰਕੇ ਦਿਲਰੁਬਾ ਸਾਜ਼ ਆਪ ਦੇ ਕਾਲ ਤੋਂ ਹੀ ਪ੍ਰਚਲਿਤ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਲਈ ਰਾਗਾਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਵਿਚ ਰਾਗ ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਧਨਾਸਰੀ, ਸੂਹੀ, ਤਿਲੰਗ, ਮਾਝ ਆਦਿ ਰਾਗ ਵਿਸ਼ੇਸ਼ ਹਨ। ਪ੍ਰਕਿਰਤੀ ਕਰਕੇ ਸਾਂਝੇ ਰਾਗ ਅਤੇ ਬਾਣੀ ਦੀ ਨਿਵੇਕਲੀ ਮਿਸਾਲ ਹੈ। ਜੋਗੀਆਂ ਦੇ ਪ੍ਰਿਯ ਰਾਗ ਰਾਮਕਲੀ ਵਿਚ ਰਚਿਤ ਜੋਗ ਤੇ ਸੰਨਿਆਸ ਸਬੰਧੀ ਬਾਣੀ ਵਿਸ਼ੇਸ਼ ਰੂਪ ਵਿਚ ਵਿਚਰਦੀ ਹੈ, ਜਿਵੇਂ:

ਰੇ ਮਨ ਐਸੋ ਕਰਿ ਸੰਨਿਆਸਾ॥
ਬਨ ਸੇ ਸਦਨ ਸਭੈ ਕਰਿ ਸਮਝਹੁ
ਮਨ ਹੀ ਮਾਹਿ ਉਦਾਸਾ॥੧॥ ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨੁ
ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ
ਨਾਮ ਬਿਭੂਤ ਲਗਾਓ॥੧॥
(ਰਾਮਕਲੀ ਪਾਤਿਸ਼ਾਹੀ ੧੦)

ਰੇ ਮਨ ਇਹ ਬਿਧਿ ਜੋਗ ਕਮਾਓ॥
ਸਿੰਙੀ ਸਾਚ ਅਕਪਟ ਕੰਠਲਾ
ਧਿਆਨ ਬਿਭੂਤ ਚੜਾਓ॥੧॥ ਰਹਾਉ॥
ਤਾਤੀ ਗਹੁ ਆਤਮ ਬਸਿ ਕਰ ਕੀ
ਭਿੱਛਾ ਨਾਮ ਅਧਾਰੰ॥
ਬਾਜੇ ਧਰਮ ਤਾਰ ਤਤੁ ਹਰਿ ਕੋ
ਉਪਜੈ ਰਾਗ ਰਸਾਰੰ॥੧॥
(ਰਾਮਕਲੀ ਪਾਤਿਸ਼ਾਹੀ ੧੦)

ਰਾਗ ਸੋਰਠਿ ਅਧੀਨ ਪ੍ਰਭੂ ਦੇ ਦਇਆਮਈ ਗੁਣਾਂ ਦਾ ਵਰਨਨ ਕਾਵਿਕ ਅਤੇ ਸੰਗੀਤ ਪੱਖੋਂ ਸਰਵੋਤਮ ਹੈ। ਦਸਮ ਗ੍ਰੰਥ ਦੀ ਬਾਣੀ ਵਿਚ ਪ੍ਰਯੁਕਤ ਸੰਗੀਤ ਛੰਦ ਗੁਰੂ ਗੋਬਿੰਦ ਸਿੰਘ ਜੀ ਦੇ ਨਾਦਾਤਮਕ ਸੰਸਾਰ ਦਾ ਸਰਵੋਤਮ ਨਮੂਨਾ ਹੈ। ਜਿਵੇਂ ਸੰਗੀਤ ਛਪੈ ਛੰਦ, ਸੰਗੀਤ ਪਧਿਸਟਕਾ ਛੰਦ, ਸੰਗੀਤ ਬਹੜਾ ਛੰਦ, ਸੰਗੀਤ ਭੁਜੰਗ ਪ੍ਰਯਾਤ, ਸੰਗੀਤ ਨਰਾਜ ਛੰਦ, ਸੰਗੀਤ ਮਧੁਭਾਰ ਛੰਦ ਆਦਿ। ਇਨ੍ਹਾਂ ਪਦਾਂ ਦੀ ਛੰਦਾਤਮਕ ਲੈਅ ਵਿਚ ਮਿਰਦੰਗ ਦੇ ਬੋਲਾਂ ਦੀ ਗੂੰਜ ਅਤੇ ਰਵਾਨੀ ਹੈ। ਮਿਰਦੰਗ ਦੀ ਪੜੰਤ ਵਾਂਗੂ ਇਨ੍ਹਾਂ ਬੋਲਾਂ ਦੀ ਸ਼ਬਦ ਧੁਨੀ ਤਾਲਾਤਮਕ ਨਾਦ ਉਤਪੰਨ ਕਰਦੀ ਹੈ। ਇਨ੍ਹਾਂ ਛੰਦਾਂ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

ਕਾਗੜਦੀ ਕੁੱਪਯੋ ਕਪਿ ਕਟਕ,
ਬਾਗੜਦੀ ਬਾਜਨ ਰਣ ਬੱਜੀਯ॥
ਤਾਗੜਦੀ ਤੇਗ ਝਲਹਲੀ,
ਗਾਗੜਦੀ ਜੋਧਾ ਗਲ ਗੱਜੀਯ॥
(ਰਾਮਾਵਤਾਰ)

ਕਾਗੜਦੰ ਕੋਪ ਕੈ ਦਈਤ ਰਾਜਾ
ਜਾਗੜਦੰ ਜੁਧ ਕੋ ਸਜਯੋ ਸਾਜ॥
ਬਾਗੜਦੰ, ਬੀਰ ਬੁਲੇ ਅਨੰਤ।
ਰਾਗੜਦੰ ਰੋਸ ਰੋਹੇ ਦੁਰੰਤ॥੪੯੩॥
(ਰਾਮਾਵਤਾਰ)

ਕਾਗੜਦੰ ਕਾਤੀ, ਕਟਾਰੀ ਕੜਾਕੰ।
ਤਾਗੜਦੰ ਤੀਰੰ, ਤੁਪੱਕੇ ਤੜਾਕੰ।
ਝਾਗੜਦੰ ਨਾਗੜਦੰ, ਬਾਗੜਦੰ ਬਾਜੇ,
ਗਾਗੜਦੰ ਗਾਜੀ ਮਹਾਰਾਜ ਗਾਜੇ॥੯੨॥
(ਚੰਡੀ ਚਰਿੱਤਰ)

ਕਾਗੜਦੰ ਕੜਾਕ। ਤਾਗੜਦੰ ਤੜਾਕ।
ਸਾਗੜਦੰ ਸੁ ਬੀਰ। ਗਾਗੜਦੰ ਗਹੀਰ।
ਨਾਗੜਦੰ ਨਿਸਾਣ। ਜਾਗੜਦੰ ਜੁਆਣ।
ਨਾਗੜਦੰ ਨਿਹੰਗ। ਪਾਗੜਦੀ ਪਲੰਗ॥੧੯੭॥
(ਚੰਡੀ ਚਰਿੱਤਰ)

ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿਧ ਰਚਨਾ ਖਿਆਲ ਪਾਤਿਸ਼ਾਹੀ ੧੦ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ' ਪੰਜਾਬੀ ਸਾਹਿਤ ਲਈ ਉਚਤਮ ਕਾਵਿ ਨਮੂਨਾ ਹੈ। ਖਿਆਲ ਭਾਰਤੀ ਸੰਗੀਤ ਦੀ ਪ੍ਰਸਿਧ ਗਾਇਨ ਸ਼ੈਲੀ ਹੈ ਜਿਸ ਦਾ ਆਰੰਭਿਕ ਸਰੂਪ 15ਵੀਂ ਸਦੀ ਦੇ ਕਰੀਬ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ ਪਰ ਇਸ ਦੇ ਸਪਸ਼ਟ ਪ੍ਰਮਾਣ ਨਹੀਂ ਮਿਲਦੇ। ਖਿਆਲ ਸ਼ੈਲੀ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਦਾਰੰਗ (ਸੰਗੀਤਕਾਰ ਨਿਆਮਤ ਖਾਂ) ਨੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੇ ਕਾਲ ਵਿਚ ਅਪਣਾਇਆ। ਗੁਰੂ ਗੋਬਿੰਦ ਜੀ ਦੁਆਰਾ ਰਚਿਤ ਖਿਆਲ ਪਾਤਸ਼ਾਹੀ ੧੦ ਸਿਰਲੇਖ ਅਧੀਨ ਰਚਿਤ ਇਹ ਰਚਨਾ ਪ੍ਰੌਢ ਸ਼ੈਲੀ ਤੋਂ ਇਹ ਪ੍ਰਤੱਖ ਹੈ ਕਿ ਇਸ ਗਾਇਨ ਰੂਪ ਦਾ ਸ਼ਾਹ ਸਦਾਰੰਗ ਤੋਂ ਪੂਰਵ ਰਚੇ ਜਾਣਾ ਅਤੇ ਲੋਕਪ੍ਰਿਯ ਹੋ ਜਾਣਾ ਖਿਆਲ ਸ਼ੈਲੀ ਦੇ ਵਰਤਮਾਨ ਸਰੂਪ ਦਾ ਆਗਾਜ਼ ਸੀ, ਕਿਉਂਕਿ ਗੁਰੂ ਗੋਬਿੰਦ ਜੀ ਅਤੇ ਪੂਰਵ ਕਾਲੀਨ ਖਿਆਲ ਸ਼ੈਲੀ ਵਿਚ ਕੋਈ ਪ੍ਰਮਾਣਿਕ ਰਚਨਾ ਅਜੇ ਸਾਨੂੰ ਪ੍ਰਾਪਤ ਨਹੀਂ ਹੋ ਸਕੀ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਭਾਰਤੀ ਸੰਗੀਤ ਦੀ ਸ਼ਬਦਾਵਲੀ ਦੇ ਅਨੇਕ ਰੂਪਾਂ ਦਾ ਵਿਵਿਧਅਕਾਰੀ ਪ੍ਰਯੋਗ ਵੀ ਮਿਲਦਾ ਹੈ। ਜਿਵੇਂ ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ ਰਾਗ, ਗੰਧਰਵ, ਸਿੰਙੀ, ਡੰਡੀ, ਰਾਗ ਰਸਾਲੁ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜ੍ਹ ਸੰਗੀਤ ਕਸਮ ਦੀ ਉਪਜ ਹਨ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿਧ ਗਾਇਨ ਸ਼ੈਲੀ ਧਮਾਰ ਸਬੰਧੀ ਜਾਣਕਾਰੀ ਹੀ ਨਹੀਂ ਦਰਸਾਉਂਦੀ ਸਗੋਂ ਇਸ ਸ਼ੈਲੀ ਦੀ ਵਿਹਾਰਕਤਾ ਨੂੰ ਸੰਗੀਤਕ ਦ੍ਰਿਸ਼ਟੀ ਤੋਂ ਪ੍ਰਗਟਾਇਆ ਹੈ।

ਸ੍ਰੀ ਸਰਬ ਲੋਹ ਗ੍ਰੰਥ ਨੂੰ ਗੁਰੂ ਗੋਬਿੰਦ ਜੀ ਦੀ ਰਚਨਾ ਮੰਨਣ ਬਾਰੇ ਤਾਂ ਵਿਦਵਾਨ ਕਿੰਤੂ-ਪਰੰਤੂ ਕਰਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਨਾਲ ਜੁੜੀ ਇਸ ਰਚਨਾ ਵਿਚ ਸੰਗੀਤ ਦਾ ਵਿਸ਼ਾਲ ਸਰਮਾਇਆ ਮੌਜੂਦ ਹੈ ਜਿਸ ਵਿਚ ਅਨੇਕ ਰਾਗਾਂ, ਰਾਗ ਪ੍ਰਕਾਰਾਂ ਦਾ ਜ਼ਿਕਰ ਹੈ, ਜਿਵੇਂ: ਰਾਗ ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਜੈਤਸਰੀ, ਬੈਰਾੜੀ, ਬਿਲਾਵੀ, ਬੰਗਾਲਮ, ਖਉਖਟ ਤਯਲੰਗੀ ਮੰਗਲਨ, ਕੁਸਮ, ਸਯਾਮ ਆਦਿ।

ਇਸੇ ਤਰ੍ਹਾਂ ਕੁਝ ਰਾਗ ਪ੍ਰਕਾਰ ਧਨਾਸਰੀ ਅੰਬਿਕਾ, ਬਿਲਾਵਲ ਮੰਗਲ, ਤੇਲੰਗ ਕਾਫੀ, ਗਾਉੜੀ ਪੂਰਬੀ, ਗਉੜੀ ਬੈਰਾਗਣਿ, ਗਉੜੀ ਚੇਤੀ, ਆਸਾ ਕਾਫੀ, ਨਟ ਨਾਰਾਇਣ, ਕਾਫੀ ਨਟ, ਬਿਹਾਗੜਾ ਅੜਾਨਾ, ਮਾਲਵਾ, ਗੋਂਡ ਬਿਲਾਵਲ, ਸਾਰੰਗ ਕਾਫੀ ਆਦਿ ਹਨ। ਗੁਰੂ ਗੋਬਿੰਦ ਸਿੰਘ ਦੇ ਸੰਗੀਤਕ ਯੋਗਦਾਨ ਨੂੰ ਗੁਰਮਤਿ ਸੰਗੀਤ ਦੇ ਵਿਕਾਸ ਲਈ ਵਿਸ਼ੇਸ਼ ਰੂਪ ਵਿਚ ਅਧਿਐਨ ਕਰਨ ਦੀ ਲੋੜ ਹੈ ਜਿਸ ਨਾਲ ਅਸੀਂ ਗੁਰਮਤਿ ਸੰਗੀਤ ਬਾਰੇ ਕ੍ਰਾਂਤੀਕਾਰੀ ਵਿਸਥਾਰ ਕਰ ਸਕਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਵਲੋਂ ਵਰਤੇ ਗਏ ਰਾਗ, ਗਾਇਨ ਰੂਪ, ਸੰਗੀਤ ਛੰਦ ਤੇ ਹੋਰ ਸੰਗੀਤ ਜੁਗਤਾਂ ਦੇ ਗਹਿਰੇ ਅਧਿਐਨ ਰਾਹੀਂ ਹੀ ਸੰਭਵ ਹੈ।

# ਮਾਛੀਵਾੜਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਾਛੀਵਾੜਾ ਦੀ ਸਭ ਤੋਂ ਮਹੱਤਵਪੂਰਨ ਇਤਿਹਾਸਕ ਘਟਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਛੀਵਾੜਾ ਆਉਣਾ ਹੈ। ਇਹ ਗੱਲ ਦਸੰਬਰ 1704 ਈਸਵੀ ਦੀ ਹੈ, ਜਦੋਂ ਛੇ-ਸੱਤ ਪੋਹ ਦੀ ਕਕਰਾਲੀ ਰਾਤ ਨੂੰ ਚਮਕੌਰ ਸਾਹਿਬ ਵਿਖੇ ਮੁਗ਼ਲਾਂ ਦੀ ਫੌਜ ਨਾਲ ਬਹਾਦਰੀ ਨਾਲ ਟਾਕਰਾ ਕਰਦੇ ਆਪਣੇ ਜਿਗਰ ਦੇ ਟੋਟਿਆਂ ਨੂੰ ਹੱਥੀਂ ਸ਼ਹਾਦਤ ਦਾ ਜਾਮ ਪਿਆ ਕੇ ਆਪਣੇ ਸਿੰਘਾਂ ਦੇ ਕਹਿਣ 'ਤੇ ਅੱਠ ਪੋਹ ਨੂੰ ਇਥੇ ਪੁੱਜੇ ਸਨ। ਚਮਕੌਰ ਦੀ ਗੜ੍ਹੀ ਛੱਡਣ ਸਮੇਂ ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਤੇ ਭਾਈ ਧਰਮ ਸਿੰਘ ਨਾਲ ਸਨ, ਜੋ ਗੁਰੂ ਸਾਹਿਬ ਤੋਂ ਵਿਛੜ ਗਏ ਸਨ ਪਰ ਮਗਰੋਂ

ਰਘਬੀਰ ਸਿੰਘ ਭਰਤ

ਮਾਛੀਵਾੜਾ ਆ ਕੇ ਗੁਰੂ ਸਾਹਿਬ ਨਾਲ ਮਿਲ ਗਏ ਸਨ।

ਗੁਰੂ ਜੀ ਨੇ ਜਿਸ ਬਾਗ ਵਿਚ ਖੂਹ ਤੋਂ ਪਾਣੀ ਪੀਤਾ ਤੇ ਟਿੰਡ ਦਾ ਸਰਾਹਣਾ ਲਾ ਕੇ ਜੰਡ ਹੇਠ ਆਰਾਮ ਕੀਤਾ ਸੀ, ਉਥੇ ਅੱਜਕੱਲ੍ਹ ਸ਼ਾਨਦਾਰ ਗੁਰਦੁਆਰਾ ਚਰਨ ਕੰਵਲ ਸਾਹਿਬ ਹੈ। ਗੁਰਦੁਆਰੇ ਦੇ ਬਾਗਲੇ ਵਿਚ ਹੁਣ ਸਰੋਵਰ, ਲੈਕਚਰ ਹਾਲ, ਲੰਗਰ ਹਾਲ, ਰਿਹਾਇਸ਼ੀ ਕਮਰੇ, ਪ੍ਰਬੰਧਕੀ ਬਲਾਕ ਅਤੇ ਯਾਤਰੀਆਂ ਲਈ ਸਰਾਏ ਬਣਾਈ ਗਈ ਹੈ। ਡਿਉਢੀ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਮਾਰਗ ਵਾਲਾ ਸਤੰਬ ਬਣਾਇਆ ਗਿਆ ਹੈ ਜਿਸ 'ਤੇ ਵਿਸ਼ੇਸ਼ ਸ਼ਸਤਰ ਸਜਾਏ ਗਏ ਹਨ। ਗੁਰਦੁਆਰੇ ਦੇ ਨਾਲ ਹੀ ਕੌਮਾਂਤਰੀ ਸਿੱਖ ਅਜਾਇਬਘਰ ਬਣਾਇਆ ਗਿਆ ਹੈ ਜਿਸ ਦੀ ਉਸਾਰੀ ਵਿਚ ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਨੇ ਅਹਿਮ ਭੂਮਿਕਾ ਨਿਭਾਈ ਹੈ। ਅਜਾਇਬਘਰ ਵਿਚ ਬਰਾੜ ਦੇ ਬਣਾਏ ਚਿਤਰ ਸੁਸ਼ੋਭਤ ਹਨ। ਇਸ ਪਵਿਤਰ ਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸ਼ਬਦ ਉਚਾਰਿਆ ਸੀ:

ਮਿੱਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨ ਰੋਗ ਰਜ਼ਾਈਆਂ ਦਾ ਓਡਣ
ਨਾਗ ਨਿਵਾਸਾਂ ਦੇ ਰਹਿਣਾ।

ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਹਰ ਸਾਲ 22 ਤੋਂ 24 ਦਸੰਬਰ ਨੂੰ ਸਾਲਾਨਾ ਜੋੜ-ਮੇਲ ਹੁੰਦਾ ਹੈ ਜਿਸ ਨੂੰ ਸਿੰਘ ਸਭਾ ਵੀ ਕਿਹਾ ਜਾਂਦਾ ਹੈ ਜਾਂ ਸਭਾ ਵੀ ਆਖਿਆ ਜਾਂਦਾ ਹੈ।


ਗੁਰੂ ਸਾਹਿਬ ਦੇ ਪਹੁੰਚਣ ਦੀ ਖ਼ਬਰ ਉਨ੍ਹਾਂ ਦੇ ਹਿਤੈਸ਼ੀ ਤੇ ਸ਼ਰਧਾਲੂ ਮਸੰਦ ਗੁਲਾਬਾ ਤੇ ਗ਼ਨੀ ਖਾਂ, ਨਬੀ ਖਾਂ ਭਰਾਵਾਂ ਨੂੰ ਮਿਲ ਗਈ ਸੀ। ਉਹ ਗੁਰੂ ਸਾਹਿਬ ਨੂੰ ਗੁਲਾਬੇ ਦੇ ਘਰ ਲੈ ਆਏ। ਇਥੇ ਅੱਜਕੱਲ੍ਹ ਗੁਰਦੁਆਰਾ ਚੁਬਾਰਾ ਸਾਹਿਬ ਹੈ। ਗੁਲਾਬੇ ਦੇ ਘਰ ਗੁਰੂ ਜੀ ਨੇ ਇਕ ਰਾਤ ਗੁਜ਼ਾਰੀ ਸੀ। ਇਥੇ ਹੀ ਮਾਈ ਹਰਦੇਈ ਨੇ ਆਪਣੇ ਹੱਥੀਂ ਤਿਆਰ ਕੀਤਾ ਚਿੱਟਾ ਪੁਸ਼ਾਕਾ ਗੁਰੂ ਸਾਹਿਬ ਨੂੰ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਉਸ ਚੋਲੇ ਨੂੰ ਨੀਲਾ ਰੰਗਵਾ ਕੇ ਪਹਿਨ ਲਿਆ ਸੀ। ਜਿਸ ਮੱਟ ਵਿਚ ਇਹ ਚੋਲਾ ਰੰਗਿਆ ਗਿਆ ਸੀ, ਉਹ ਮੱਟ ਹੁਣ ਵੀ ਇਸੇ ਗੁਰਦੁਆਰੇ ਵਿਚ ਸੁਰੱਖਿਅਤ ਹੈ। ਮਾਤਾ ਹਰਦੇਈ ਦੀ ਯਾਦ ਵਿਚ ਹੁਣ ਮਾਤਾ ਹਰਦੇਈ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਨੈਸ਼ਨਲ ਕਾਲਜ ਫਾਰ ਵਿਮੈਨ ਦੇ ਵਿਹੜੇ ਵਿਚ ਚੱਲ ਰਿਹਾ ਹੈ।

ਅਗਲੇ ਦਿਨ ਸ਼ਾਹੀ ਫੌਜਾਂ ਗੁਰੂ ਸਾਹਿਬ ਦਾ ਪਿੱਛਾ ਕਰਦੀਆਂ ਮਾਛੀਵਾੜਾ ਆ ਪੁੱਜੀਆਂ ਸਨ। ਹਾਲਾਤ ਨੂੰ ਵੇਖਦੇ ਹੋਏ ਮਸੰਦ ਗੁਲਾਬਾ, ਗ਼ਨੀ ਖਾਂ ਤੇ ਨਬੀ ਖਾਂ ਗੁਰੂ ਸਾਹਿਬ ਨੂੰ ਗੁਲਾਬੇ ਦੇ ਘਰੋਂ ਆਪਣੇ ਘਰ ਲੈ ਆਏ। ਗ਼ਨੀ ਖਾਂ-ਨਬੀ ਖਾਂ ਦੇ ਘਰ ਵਿਚ ਹੁਣ ਗੁਰਦੁਆਰਾ ਗ਼ਨੀ ਖਾਂ-ਨਬੀ ਖਾਂ ਹੈ। ਉਨ੍ਹਾਂ ਦੇ ਮਜ਼ਾਰ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਗੁਰੂ ਸਾਹਿਬ ਦੇ ਠਹਿਰਨ ਵਾਲੇ ਕਮਰੇ ਨੂੰ ਵੀ ਨਵਾਂ ਰੂਪ ਦਿੱਤਾ ਗਿਆ ਹੈ। ਇਹ ਗੁਰਦੁਆਰਾ ਪਠਾਨ ਭਰਾਵਾਂ ਦੀ ਸਦੀਵੀ ਯਾਦਗਾਰ ਹੈ। ਨਬੀ ਖਾਂ-ਗ਼ਨੀ ਖਾਂ ਦੇ ਨਾਂ 'ਤੇ 1971 ਵਿਚ ਗੇਟ ਬਣਾਇਆ ਗਿਆ ਹੈ। ਗੁਰੂ ਜੀ ਦਾ 'ਹੁਕਮਨਾਮਾ' ਵੀ ਇਸ ਗੁਰਦੁਆਰੇ ਵਿਚ ਸਾਂਭਿਆ ਪਿਆ ਹੈ। ਇਸੇ ਥਾਂ 'ਤੇ ਮਸੰਦ ਗੁਲਾਬਾ, ਨਬੀ ਖਾਂ-ਗ਼ਨੀ ਖਾਂ, ਤਿੰਨ ਪਿਆਰੇ ਸਿੰਘਾਂ, ਸੱਯਦ ਪੀਰ ਮੁਹੰਮਦ ਨੂਰਪੁਰੀ ਤੇ ਪੀਰ ਚਿਰਾਗ ਸ਼ਾਹ ਅਜਮੇਰ ਵਾਲਿਆਂ ਨੇ ਗੁਰੂ ਸਾਹਿਬ ਨੂੰ ਉਚ ਦਾ ਪੀਰ ਬਣਾਉਣ ਦਾ ਮਤਾ ਪਕਾਇਆ ਕੀਤਾ ਸੀ। ਗੁਰੂ ਸਾਹਿਬ ਨੇ ਸਰਬਤ ਦਾ ਫੈਸਲਾ ਸਵੀਕਾਰ ਕਰਦਿਆਂ ਉਚ ਦਾ ਪੀਰ ਬਣਨਾ ਕਬੂਲ ਕਰ ਲਿਆ ਸੀ।

ਇਹ ਦੋਵੇਂ ਭਰਾ ਕੋਟਲਾ ਨਿਹੰਗ (ਭੱਠਾ ਸਾਹਿਬ) ਦੇ ਨਿਹੰਗ ਖਾਂ ਪਠਾਨ ਦੀ ਭੂਆ ਦੇ ਪੁੱਤਰ ਭਰਾ ਸਨ ਅਤੇ ਰਾਏਕੋਟ ਵਾਲਾ ਰਾਏ ਕੱਲਾ ਜਿਸ ਨੇ ਗੁਰੂ ਸਾਹਿਬ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਪਤਾ ਕਰਕੇ ਦੱਸਿਆ ਸੀ, ਨਿਹੰਗ ਖਾਂ ਦਾ ਕੁੜਮ ਸੀ। ਇਸ ਤਰ੍ਹਾਂ ਇਹ ਤਿੰਨੇ ਪਰਿਵਾਰ ਗੁਰੂ ਸਾਹਿਬ ਦੇ ਹਮਦਰਦ ਤੇ ਪ੍ਰੇਮੀ ਸਨ। ਇਨ੍ਹਾਂ ਨੇ ਆਪਣੀਆਂ ਜਾਨਾਂ ਖਤਰੇ ਵਿਚ ਪਾ ਕੇ ਗੁਰੂ ਸਾਹਿਬ ਨਾਲ ਪਿਆਰ ਨਿਭਾਉਂਦਿਆਂ, ਸਿਦਕ ਤੇ ਸਿਰਤ ਪੁਗਾਇਆ।

ਅਗਲੇ ਦਿਨ ਗੁਰੂ ਸਾਹਿਬ ਦਾ ਮਾਛੀਵਾੜਾ ਨੂੰ ਛੱਡ ਜਾਣ ਦਾ ਪ੍ਰੋਗਰਾਮ ਸੀ। ਗੁਰੂ ਜੀ ਉਚ ਦੇ ਪੀਰ ਦੇ ਰੂਪ ਵਿਚ ਸੁੰਦਰ ਪਲੰਘ 'ਤੇ ਬਿਰਾਜਮਾਨ ਹੋ ਗਏ। ਪਲੰਘ ਨੂੰ ਨਬੀ ਖਾਂ-ਗ਼ਨੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਚੁੱਕਿਆ ਹੋਇਆ ਸੀ। ਭਾਈ ਦਇਆ ਸਿੰਘ ਚੌਰ ਕਰ ਰਹੇ ਸਨ। ਜਦ ਇਹ ਨੇਕ ਤੇ ਦਲੇਰ ਇਨਸਾਨ ਫੌਜੀ ਕੈਂਪ ਕੋਲ ਪੁੱਜੇ ਤਾਂ ਉਨ੍ਹਾਂ ਨੂੰ ਰੋਕ ਲਿਆ ਗਿਆ। ਉਸ ਵੇਲੇ ਮਾਛੀਵਾੜਾ ਮੁਗ਼ਲ ਸਿਪਾਹੀਆਂ ਦੀ ਛਾਉਣੀ ਬਣਿਆ ਹੋਇਆ ਸੀ।

ਫੌਜਾਂ ਦਾ ਮੁਖੀ ਦਲਾਵਰ ਖਾਂ ਸੀ। ਉਨ੍ਹਾਂ ਦੀ ਪੇਸ਼ੀ ਹੋਈ। ਗੁਰੂ ਸਾਹਿਬ ਦਾ ਉਸ ਨੂੰ ਭੁਲੇਖਾ ਲੱਗ ਚੁੱਕਾ ਸੀ। ਕੁਝ ਪ੍ਰਸ਼ਨ ਹੋਏ। ਨਿਡਰ ਤੇ ਨਿਧੜਕ ਭਰਾਵਾਂ ਨੇ ਆਖਿਆ ਕਿ ਇਹ ਉਨ੍ਹਾਂ ਦੇ ਪੀਰ ਹੀ ਨਹੀਂ, ਸਗੋਂ ਉਚ ਦੇ ਪੀਰ ਹਨ। ਦਲਾਵਰ ਖਾਂ ਜਰਨੈਲ ਨੇ ਸ਼ਨਾਖਤ ਲਈ ਤਿੰਨ ਉਘੇ ਮੁਸਲਮਾਨ ਧਾਰਮਿਕ ਆਗੂਆਂ ਕਾਜ਼ੀ ਅਨਾਇਤ ਅਲੀ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਤੇ ਸੱਯਦ ਹਸਨ ਅਲੀ ਮੌਞ ਮਾਜਰੀਆ ਨੂੰ ਬੁਲਾਇਆ। ਉਨ੍ਹਾਂ ਜ਼ਾਲਮ ਤੇ ਮਜ਼ਲੂਮ ਦੀ ਟੱਕਰ ਵਿਚ ਹੱਕ ਤੇ ਸੱਚ ਦੀ ਪਛਾਣ ਕਰਦਿਆਂ ਜਾਣਬੁੱਝ ਕੇ ਆਖ ਦਿਤਾ ਸੀ ਕਿ ਇਹ 'ਉਚ ਦੇ ਪੀਰ' ਹੀ ਹਨ।



ਗੁਰਦੁਆਰਾ ਚਰਨ ਕੰਵਲ ਸਾਹਿਬ

ਦਲਾਵਰ ਖਾਂ ਦੀ ਤਸੱਲੀ ਨਾ ਹੋਈ। ਫਿਰ ਉਸ ਨੇ ਖਾਣਾ ਖਾਣ ਲਈ ਕਿਹਾ। ਭਾਈ ਦਇਆ ਸਿੰਘ ਨੇ ਕਿਹਾ, "ਪੀਰ ਸਾਹਿਬ, ਰੋਜ਼ੇ 'ਤੇ ਹਨ।" ਦਲਾਵਰ ਖਾਂ ਨੇ ਦੂਜੇ ਸਾਥੀਆਂ ਨੂੰ ਖਾਣੇ ਵਿਚ ਸ਼ਰੀਕ ਹੋਣ ਦਾ ਹੁਕਮ ਕੀਤਾ। ਗੁਰੂ ਸਾਹਿਬ ਨੇ ਖਾਣਾ ਖਾਣ ਦੀ ਆਗਿਆ ਦਿੰਦਿਆਂ ਉਨ੍ਹਾਂ ਨੂੰ ਕ੍ਰਿਪਾਨ ਖਾਣੇ ਵਿਚ ਫੇਰ ਕੇ ਖਾਣਾ ਛਕ ਲੈਣ ਦੀ ਸਲਾਹ ਦਿੱਤੀ। ਸਾਰੇ ਸਾਥੀਆਂ ਨੇ ਖਾਣੇ ਵਿਚ ਕ੍ਰਿਪਾਨ ਫੇਰ ਕੇ ਖਾਣਾ ਛਕ ਲਿਆ।

"ਖਾਣੇ ਵਿਚ ਕਰਦ ਕਿਉਂ ਫੇਰੀ?" ਕਿਸੇ ਅਫਸਰ ਨੇ ਪੁੱਛਿਆ।

"ਸਾਡੇ ਪੀਰ ਦਾ ਹੁਕਮ ਹੈ ਕਿ ਖਾਣਾ ਖਾਣ ਤੋਂ ਪਹਿਲਾਂ ਖਾਣੇ ਵਿਚ ਕਰਦ ਫੇਰੋ। ਇਸ ਤਰ੍ਹਾਂ ਖਾਣਾ ਪਾਕ ਹੋ ਜਾਂਦਾ ਹੈ।" ਧਰਮ ਸਿੰਘ ਨੇ ਉਤਰ ਮੋੜਿਆ।

ਇਸ ਤਰ੍ਹਾਂ ਦਲਾਵਰ ਖਾਂ ਦੀ ਤਸੱਲੀ ਹੋ ਗਈ। ਉਸ ਨੇ ਉਚ ਦੇ ਪੀਰ ਨੂੰ ਅਗਾਂਹ ਜਾਣ ਦੀ ਆਗਿਆ ਦੇ ਦਿੱਤੀ। ਇਸ ਪਰਖ ਵਾਲੀ ਥਾਂ 'ਤੇ ਗੁਰਦੁਆਰਾ ਕ੍ਰਿਪਾਨ ਭੇਟ ਬਣਿਆ ਹੋਇਆ ਹੈ। ਇਸ ਨੂੰ ਨਿਹੰਗਾ ਸਿੰਘਾਂ ਦੀ ਛਾਉਣੀ ਵੀ ਕਿਹਾ ਜਾਂਦਾ ਹੈ। ਗੁਰੂ ਜੀ ਇਥੋਂ ਘੁਲਾਲ, ਕਟਾਣਾ ਸਾਹਿਬ ਨੂੰ ਹੁੰਦੇ ਹੋਏ ਆਲਮਗੀਰ ਪੁੱਜ ਗਏ। ਨਬੀ ਖਾਂ ਤੇ ਗ਼ਨੀ ਖਾਂ ਗੁਰੂ ਜੀ ਨੂੰ ਆਲਮਗੀਰ ਤਕ ਛੱਡ ਕੇ ਮੁੜੇ ਸਨ। ਉਥੇ ਅੱਜਕੱਲ੍ਹ ਗੁਰਦੁਆਰਾ ਮੰਜੀ ਸਾਹਿਬ ਹੈ।

ਆਲਮਗੀਰ ਭਾਈ ਨਿਘਾਈਆ ਸਿੰਘ ਨੇ ਆਪ ਜੀ ਨੂੰ ਘੋੜਾ ਪੇਸ਼ ਕੀਤਾ। ਉਥੋਂ ਗੁਰੂ ਜੀ ਰਾਏਕੋਟ ਰਾਏ ਕੱਲਾ ਕੋਲ ਪੁੱਜ ਗਏ। ਉਥੋਂ ਆਪ ਮਾਲਵੇ ਦੀ ਧਰਤੀ ਮੁਕਤਸਰ ਪੁੱਜ ਗਏ ਜਿਥੇ 1705 ਈਸਵੀ ਵਿਚ ਗੁਰੂ ਜੀ ਨੂੰ ਮੁਗ਼ਲਾਂ ਨਾਲ ਫੈਸਲਾਕੁਨ ਯੁੱਧ ਕਰਨਾ ਪਿਆ।

ਮਾਛੀਵਾੜਾ ਤੋਂ ਹੀ ਗੁਰੂ ਜੀ ਨੇ ਔਰੰਗਜ਼ੇਬ ਨੂੰ ਫਤਹਿਨਾਮਾ ਪੱਤਰ ਲਿਖਿਆ ਸੀ। ਇਥੇ ਹੀ ਉਨ੍ਹਾਂ ਨੇ ਗ਼ਨੀ ਖਾਂ-ਨਬੀ ਖਾਂ ਨੂੰ ਜਿਹੜਾ ਹੁਕਮਨਾਮਾ ਲਿਖਿਆ ਸੀ, ਉਹ ਇਸ ਤਰ੍ਹਾਂ ਹੈ:

ਹੁਕਮਨਾਮਾ ਪਾਤਸ਼ਾਹੀ ੧੦, ੧ਓ ਸਤਿਗੁਰ ਪ੍ਰਸਾਦਿ ਨਿਸ਼ਾਨ ਪਾਤਸ਼ਾਹੀ ੧੦-ਸ੍ਰੀ ਵਾਹਿਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਉਪ੍ਰਿ ਮੇਰਾ ਹੁਕਮ ਹੈ ਗ਼ਨੀ ਖਾਂ-ਨਬੀ ਖਾਂ ਏਹ ਹੈ ਜੋ ਹੈ ਕਿ ਮੇਰੇ ਫਰਜੰਦਾਂ ਸੈ ਬਿਹਜ ਹੈਨਿ। ਮੇਰੇ ਕੰਮ ਆਏ ਹਨ। ਜੋ ਸਿਖਿ ਇਨਿ ਕੀ ਖਿਜਮਤਿ ਅੰਦਰਿ ਰਜੂ ਰਹੇਗਾ, ਸੋ ਨਿਹਾਲ ਹੋਗੁ। ਉਨ੍ਹਾਂ ਉਪਰਿ ਮੇਰੀ ਖੁਸ਼ੀ ਹੋਗੀ। ਉਸ ਉਪਰ ਮੇਰਾ ਹਥੁ ਹੋਗੁ। ਏਹ ਜੋ ਹੈਨਿ ਸੋ ਮੇਰੇ ਹੈਨਿ। ਜੋ ਸਿਖਿ ਇਨ ਕੀ ਸੇਵਾ ਕਰੇਗਾ ਸੋ ਮੇਰੀ ਕਰੇਗਾ।

ਗ਼ਨੀ ਖਾਂ ਤੇ ਨਬੀ ਖਾਂ ਦੀ ਔਲਾਦ ਅੱਜਕੱਲ੍ਹ ਲਾਹੌਰ ਬਾਜ਼ਾਰ ਹਕੀਮਾਂ (ਪਾਕਿਸਤਾਨ) ਵਿਚ ਰਹਿ ਰਹੀ ਹੈ। ਮਾਛੀਵਾੜਾ ਵਿਚ ਪਠਾਨ ਭਰਾਵਾਂ ਦੀ ਯਾਦ ਵਿਚ 1970 ਵਿਚ ਗੇਟ ਅਤੇ ਸਰਕਾਰੀ ਹਸਪਤਾਲ ਦਾ ਨਾਂ ਗ਼ਨੀ ਖਾਂ-ਨਬੀ ਖਾਂ ਹਸਪਤਾਲ 1982 ਵਿਚ ਰੱਖਿਆ ਗਿਆ।

# ਨਾਵਲੀ-ਕਹਾਣੀ ਬਣਨ ਦੇ ਅਭਿਆਸ 'ਚ ਰੁੱਝੀ ਪੰਜਾਬੀ ਕਹਾਣੀ

***ਪੰਜਾਬੀ ਕਹਾਣੀਕਾਰਾਂ ਦੀ ਪਹਿਲੀ ਪੀੜ੍ਹੀ-ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਦਲੀਪ ਕੌਰ ਟਿਵਾਣਾ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ ਆਦਿ ਦੀ ਕਹਾਣੀ ਛੋਟੇ ਆਕਾਰ ਦੀ ਹੋਣ ਕਰ ਕੇ ਉਸ ਨੂੰ ਨਿੱਕੀ ਕਹਾਣੀ ਕਿਹਾ ਜਾਂਦਾ ਸੀ। ਦੂਜੀ ਪੀੜ੍ਹੀ ਦੇ ਕਹਾਣੀਕਾਰਾਂ ਖਾਸ ਕਰ ਵਰਿਆਮ ਸਿੰਘ ਸੰਧੂ ਨੇ ਆਕਾਰ ਪੱਖੋਂ ਲੰਮੀ ਕਹਾਣੀ ਲਿਖਣੀ ਸ਼ੁਰੂ ਕੀਤੀ। ਇਸ ਪਿਰਤ ਨੂੰ ਲੰਮੀ ਕਹਾਣੀ ਦਾ ਨਾਂ ਦਿੱਤਾ ਗਿਆ। ਕਹਾਣੀ ਦਾ ਅਗਲਾ ਦੌਰ ਨਾਵਲੀ ਕਹਾਣੀ ਦਾ ਹੈ। ਇਸ ਵਰਗ ਵਿਚ ਜਸਵੀਰ ਰਾਣਾ, ਕੇਸਰਾ ਰਾਮ, ਜਤਿੰਦਰ ਸਿੰਘ ਹਾਂਸ, ਸਰੂਪ ਸਿਆਲਵੀ, ਗੁਰਮੀਤ ਪਨਾਗ, ਨੈਨ ਸੁਖ, ਸੁਰਿੰਦਰ ਨੀਰ, ਜਿੰਦਰ, ਦੀਪਤੀ ਬਬੂਟਾ, ਜਗਜੀਤ ਗਿੱਲ, ਗੁਰਮੀਤ ਕੜਿਆਲਵੀ, ਕੁਲਜੀਤ ਮਾਨ, ਜਗਦੀਸ਼ ਸਿੰਘ ਆਦਿ ਕਹਾਣੀਕਾਰ ਆਉਂਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾ. ਬਲਦੇਵ ਸਿੰਘ ਧਾਲੀਵਾਲ ਨੇ ਇਸ ਲੇਖ ਵਿਚ ਪੰਜਾਬੀ ਕਹਾਣੀ ਦੇ ਨਵੇਂ ਦੌਰ ਦੀ ਪੂਰੀ ਪੁਣਛਾਣ ਕੀਤੀ ਹੈ। -ਸੰਪਾਦਕ***

ਸਾਹਿਤ ਦੀ ਕਿਸੇ ਵੀ ਵਿਧਾ ਵਿਚ ਨਵੇਂ ਪ੍ਰਯੋਗ ਨਿਰੰਤਰ ਹੁੰਦੇ ਰਹਿੰਦੇ ਹਨ, ਜੋ ਉਸ ਦੇ ਜਿਉਂਦੇ ਹੋਣ ਅਤੇ ਪ੍ਰਗਤੀ ਦੇ ਰਾਹ ਪਏ ਹੋਣ ਦੀ ਗਵਾਹੀ ਭਰਦੇ ਹਨ। ਜੋ ਪ੍ਰਯੋਗ ਸਾਰਥਕ ਹੋਣ ਸਦਕਾ ਪਾਠਕਾਂ ਦੀ ਨਜ਼ਰ ਵਿਚ ਪ੍ਰਵਾਨ ਚੜ੍ਹ ਜਾਂਦੇ ਹਨ, ਉਹ ਸਿਹਤਮੰਦ ਰੁਝਾਨ ਦੇ ਰੂਪ ਵਿਚ ਆਪਣੀ ਥਾਂ ਰਾਖਵੀਂ ਕਰ ਲੈਂਦੇ ਹਨ। ਇਨ੍ਹਾਂ ਵਿਚੋਂ ਕੁਝ ਰੁਝਾਨ ਵਕਤ ਨਾਲ ਵਿਹਾ ਜਾਂਦੇ ਹਨ, ਪਰ ਕੁਝ ਉਭਰਵੇਂ ਰੂਪ 'ਚ ਰੂੜ੍ਹ ਹੋ ਕੇ, ਪ੍ਰਵਿਰਤੀ ਬਣ ਕੇ ਇਤਿਹਾਸ ਵਿਚ ਮੀਲ-ਪੱਥਰ ਵਜੋਂ ਸਥਾਪਿਤ ਹੋ ਜਾਂਦੇ ਹਨ।

ਰੂਪਾਕਾਰਕ ਰੂਪਾਂਤਰਣ ਦਾ ਇਹ ਵਰਤਾਰਾ ਨਿਰੰਤਰ ਵਾਪਰਦਾ ਰਹਿੰਦਾ ਹੈ। ਰੂਪਾਕਾਰ ਦੀ ਦ੍ਰਿਸ਼ਟੀ ਤੋਂ ਪੰਜਾਬੀ ਕਹਾਣੀ ਦੇ ਇਤਿਹਾਸ ਉਤੇ ਸਰਸਰੀ ਝਾਤ ਵੀ ਪਾਈਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਮੇਂ-ਸਮੇਂ ਪ੍ਰਤਿਮਾਨਕ ਕਹਾਣੀ, ਹੁਨਰੀ ਕਹਾਣੀ, ਅਕਹਾਣੀ, ਦਸਤਾਵੇਜ਼ੀ ਕਹਾਣੀ, ਮਿੰਨੀ ਕਹਾਣੀ, ਲੰਮੀ ਕਹਾਣੀ ਆਦਿ ਦੇ ਰੁਝਾਨ ਪ੍ਰਚਲਿਤ ਹੁੰਦੇ ਰਹੇ ਹਨ। ਉਸੇ



**ਬਲਦੇਵ ਸਿੰਘ ਧਾਲੀਵਾਲ**
**ਫੋਨ: 91-98728-35835**

ਪਰੰਪਰਾ ਦੀ ਤਰਜ਼ ਉਤੇ ਅਜੋਕੀ ਪੰਜਾਬੀ ਕਹਾਣੀ ਵਿਚ ਨਾਵਲੀ-ਕਹਾਣੀ ਦਾ ਰੁਝਾਨ ਤੇਜੀ ਨਾਲ ਜੜ੍ਹਾਂ ਫੜ ਰਿਹਾ ਹੈ। ਇਸ ਸਾਲ ਦੀ ਪੰਜਾਬੀ ਕਹਾਣੀ ਵਿਚੋਂ ਇਸ ਰੁਝਾਨ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਨਾਵਲੀ-ਕਹਾਣੀ ਹੁੰਦੀ ਕੀ ਹੈ? ਇਸ ਬਾਰੇ ਚਰਚਾ ਤਾਂ ਪੰਜ-ਸੱਤ ਵਰ੍ਹੇ ਪਹਿਲਾਂ ਉਸ ਵਕਤ ਹੀ ਛਿੜ ਪਈ ਸੀ, ਜਦੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪੰਜਾਬੀ ਸਾਹਿਤ ਦੇ ਰੂਪਾਕਾਰਾਂ ਸਬੰਧੀ ਕਰਵਾਏ ਗਏ ਇਤਿਹਾਸਕ ਮਹੱਤਤਾ ਵਾਲੇ ਇਕ ਸੈਮੀਨਾਰ ਦੌਰਾਨ ਸਿਰਮੌਰ ਗਲਪ-ਸ਼ਾਸਤਰੀ ਡਾ. ਜੋਗਿੰਦਰ ਸਿੰਘ ਰਾਹੀ ਨੇ ਇਹ ਧਾਰਨਾ ਉਭਾਰੀ ਸੀ, "ਨਾਵਲੀ-ਕਹਾਣੀ ਵਰਿਆਮ ਸੰਧੂ ਦੀ ਲੰਮੀ ਕਹਾਣੀ ਨਾਲੋਂ ਵੱਖਰੀ ਤੇ ਵੱਡੀਆਂ ਸੰਭਾਵਨਾਵਾਂ ਵਾਲੀ ਗਲਪ-ਵਿਧਾ ਹੈ, ਜੋ ਜ਼ਿੰਦਗੀ ਦਾ ਸੱਚ ਇਤਿਹਾਸ ਅਤੇ ਸਿਸਟਮ ਦੀ ਨਿਸਬਤ ਵਿਚ ਦਰਸਾਉਂਦੀ ਹੈ।"

ਨਾਵਲੀ-ਕਹਾਣੀ ਜ਼ਰੂਰੀ ਨਹੀਂ, ਲੰਮੀ ਵੀ ਹੋਵੇ। ਇਹ ਆਪਣੇ ਆਕਾਰ ਕਰਕੇ ਨਹੀਂ ਸਗੋਂ ਆਪਣੇ ਨਾਵਲੀ ਭਾਂਤ ਦੇ ਕਥਾ-ਵਸਤੂ ਅਤੇ ਆਪਣੀ ਸੰਰਚਨਾ-ਵਿਸ਼ੇਸ਼ ਕਰਕੇ ਲੰਮੀ ਕਹਾਣੀ ਦੇ ਸਮਾਨੰਤਰ ਆਪਣੀ ਨਿਵੇਕਲੀ ਹੋਂਦ ਗ੍ਰਹਿਣ ਕਰਦੀ ਹੈ। ਪੰਜਾਬੀ ਵਿਚ ਲੰਮੀ ਕਹਾਣੀ ਭਾਵੇਂ ਬਹੁਤ ਪਹਿਲਾਂ ਤੋਂ ਲਿਖੀ ਜਾ ਰਹੀ ਸੀ, ਪਰ ਇਸ ਨੂੰ ਵੰਨਗੀ-ਵਿਸ਼ੇਸ਼ ਵਜੋਂ ਵਿਲੱਖਣ ਪਛਾਣ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਨਾਲ ਮਿਲੀ। ਸੰਧੂ ਦੀਆਂ ਕਹਾਣੀਆਂ ਦਾ ਵਸਤੂ ਬਹੁ-ਪਾਸਾਰੀ ਅਤੇ ਉਨ੍ਹਾਂ ਦੀ ਸੰਰਚਨਾ-ਵਿਸ਼ੇਸ਼ ਅਜਿਹੀ ਸੀ ਕਿ ਉਹ ਛੋਟੇ-ਛੋਟੇ ਉਪ-ਬਿਰਤਾਂਤਾਂ ਰਾਹੀਂ ਕਹਾਣੀ ਦੇ ਮੂਲ ਕਥਾਨਕ ਨੂੰ ਉਸਾਰਦਾ ਅਤੇ ਵਿਸਥਾਰਦਾ ਸੀ। ਅਜਿਹਾ ਕਰਦਿਆਂ ਉਸ ਦਾ ਫੋਕਸ ਮੂਲ ਕਥਾਨਕ ਉਤੇ ਇਸ ਕਦਰ ਰਹਿੰਦਾ ਸੀ ਕਿ ਗੀਤ ਦੀ ਵਿਧਾ ਵਾਂਗ ਉਹ ਛੋਟੇ ਜਿਹੇ ਅੰਤਰਾਲ ਬਾਅਦ ਵਾਰ ਵਾਰ ਸਥਾਈ ਅੰਤਰੇ ਅਰਥਾਤ ਕੇਂਦਰੀ ਥੀਮਿਕ ਬਿੰਦੂ ਵੱਲ ਦੀ ਪਰਿਕਰਮਾ ਕਰਨ ਲਈ ਮੁੜਦਾ ਰਹਿੰਦਾ ਸੀ। ਇਸ ਨਾਲ ਵਸਤੂ-ਸਥਿਤੀ ਦੇ ਵਿਭਿੰਨ ਪਾਸਾਰ ਵੀ ਪੇਸ਼ ਹੋ ਜਾਂਦੇ ਸਨ ਅਤੇ ਲੰਮੇ ਬਿਰਤਾਂਤਕ ਆਕਾਰ ਦੇ ਬਾਵਜੂਦ ਹੁਨਰੀ ਕਹਾਣੀ ਵਾਲਾ ਸੰਜਮ ਅਤੇ ਬੱਝਵਾਂ ਪ੍ਰਭਾਵ ਵੀ ਬਰਕਰਾਰ ਰਹਿੰਦਾ ਸੀ।

ਅਜੋਕੀ ਨਾਵਲੀ-ਕਹਾਣੀ ਵੀ ਲੰਮੀ ਕਹਾਣੀ ਵਾਂਗ ਹੀ ਵਸਤੂ-ਯਥਾਰਥ ਦੇ ਵਿਭਿੰਨ ਪਾਸਾਰ ਪੇਸ਼ ਕਰਨ ਦੀ ਤਲਬਗਾਰ ਹੈ, ਪਰ ਇਹ ਸਥਾਈ ਅੰਤਰੇ ਦੀ ਵਾਰ ਵਾਰ ਪਰਿਕਰਮਾ ਕਰਨ ਦੀ ਥਾਂ ਮੁਸੱਲਸਲ ਗਜ਼ਲ ਦੇ ਸ਼ੇਅਰਾਂ ਵਾਂਗ ਸੁਤੰਤਰ ਪਰ ਅੰਤਰ-ਸਬੰਧਤ ਬਿਰਤਾਂਤ-ਖੰਡਾਂ ਨੂੰ ਇਕ-ਦੂਜੇ ਸਮਵਿੱਥ ਜੋੜਨ-ਬੀੜਨ ਵੱਲ ਵੱਧ ਰੁਚਿਤ ਹੈ। ਇਹੀ ਕਥਾ-ਜੁਗਤ ਇਸ ਦੀ ਸੰਰਚਨਾ-ਵਿਸ਼ੇਸ਼ ਨੂੰ ਨਿਵੇਕਲਾ ਬਣਾਉਂਦੀ ਹੈ। ਇਸ ਵਿਚ ਘਟਨਾਵੀ-ਕ੍ਰਮ ਕਾਰਜ-ਕਾਰਨ-ਪ੍ਰਭਾਵ ਦੇ ਸਿਲਸਿਲੇ ਵਿਚ ਬੱਝਿਆ ਨਾ ਹੋਣ ਕਰਕੇ ਥੀਮਗਤ ਸਾਂਝੀ ਤੰਦ ਤਲਾਸ਼ਣ ਦਾ ਤਰੱਦਦ ਭਰਿਆ ਉਦਮ ਪਾਠਕ ਨੂੰ ਖੁਦ ਹੀ ਕਰਨਾ ਪੈਂਦਾ ਹੈ। ਇਸ ਲਈ ਨਾਵਲੀ-ਕਹਾਣੀ ਸੰਚਾਰ ਲਈ ਕਹਾਣੀਕਾਰ ਦੀ ਜ਼ਿੰਮੇਵਾਰੀ ਘਟਾਉਂਦੀ ਹੈ ਪਰ ਨਾਲ ਹੀ ਪਾਠਕ ਤੋਂ ਵੱਧ ਬਾਲਗ-ਬੁੱਧ ਹੋਣ ਦੀ ਤਵੱਕੋ ਕਰਦੀ ਹੈ। ਆਪਣੇ ਮੁਕਾਬਲਤਨ ਘੱਟ-ਬੰਧੇਜ਼ੀ ਜਾਂ ਖੁੱਲ੍ਹੇ ਰੂਪ ਕਰਕੇ ਨਾਵਲੀ-ਕਹਾਣੀ ਵਿਚ ਨਾਵਲੀ ਭਾਂਤ ਦੀ ਵਸਤੂ-ਸਮੱਗਰੀ ਨੂੰ ਆਪਣੇ ਵਿਚ ਸਮੋਅ ਸਕਣ ਦੀ ਵੱਧ ਸਮਰੱਥਾ ਹੁੰਦੀ ਹੈ, ਪਰ ਕਹਾਣੀਪਣ ਨਿਸਚੇ ਹੀ ਘੱਟ ਹੁੰਦਾ ਹੈ। ਇਸ ਦੇ ਨਾਵਲੀ ਬਣਨ ਦੀ ਅਭਿਲਾਸ਼ਾ ਨੂੰ ਡਾ. ਰਾਹੀ ਨੇ ਇਉਂ ਸਪੱਸ਼ਟ ਕੀਤਾ ਹੈ, "ਇਸ ਦੀ ਜਾਨ ਉਪ-ਬਿਰਤਾਂਤ ਨਹੀਂ, ਬਿਰਤਾਂਤਕ ਖੰਡ ਹਨ। ਇਹ ਬਿਰਤਾਂਤਕ ਖੰਡ ਜ਼ਿੰਦਗੀ ਦੇ ਵਿਰਾਟ ਸੱਚ ਦੀ ਵਿਭਿੰਨਤਾ ਨੂੰ ਉਂਜ ਹੀ ਦਰਸਾਉਂਦੇ ਹਨ, ਜਿਵੇਂ ਨਵੀਨਤਮ ਨਾਵਲ।...ਇਹ ਵਿਧਾ ਇਕੋ ਸਮੇਂ




ਵਿਡੰਬਨਾ ਦੀ ਵੀ ਹੈ ਅਤੇ ਇੰਕਸ਼ਾਫ ਦੀ ਵੀ।"

ਭਾਵੇਂ ਇਹ ਫੈਸਲਾ ਤਾਂ ਇਤਿਹਾਸ ਨੇ ਕਰਨਾ ਹੈ ਕਿ ਨਾਵਲੀ-ਕਹਾਣੀ ਦੀ ਵੰਨਗੀ ਪੰਜਾਬੀ ਵਿਚ ਕਿੰਨੀ ਕੁ ਪ੍ਰਵਾਨ ਚੜ੍ਹਦੀ ਹੈ, ਪਰ ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਪੰਜਾਬੀ ਕਹਾਣੀਕਾਰ ਵੱਲੋਂ ਇਸ ਜ਼ੋਖਮ ਭਰੇ ਪ੍ਰਯੋਗ ਨੂੰ ਸਫਲਤਾਪੂਰਵਕ ਇਸਤੇਮਾਲ ਕਰ ਸਕਣ ਲਈ ਕਰੜੀ ਮੁਸ਼ੱਕਤ ਵਾਲਾ ਅਭਿਆਸ ਕੀਤਾ ਜਾ ਰਿਹਾ ਹੈ। ਮਿਸਾਲ ਵਜੋਂ ਇਸ ਸਾਲ ਦੀਆਂ ਕੁਝ ਅਹਿਮ ਕਹਾਣੀਆਂ ਦੀ ਸੰਰਚਨਾ-ਵਿਸ਼ੇਸ਼ ਨੂੰ ਇਸ ਦ੍ਰਿਸ਼ਟੀ ਨਾਲ ਵਾਚਿਆ ਜਾ ਸਕਦਾ ਹੈ, ਜਿਵੇਂ ਖੌਫ-84 (ਜਸਵੀਰ ਰਾਣਾ), ਜਨਾਨੀ ਪੌਦ (ਕੇਸਰਾ ਰਾਮ-ਦੋਵੇਂ, 'ਹੁਣ', ਜਨਵਰੀ-ਅਪਰੈਲ); ਬਾਕੀ ਸਭ ਝੂਠ ਆ (ਜਤਿੰਦਰ ਸਿੰਘ ਹਾਂਸ, 'ਹੁਣ', ਮਈ-ਅਗਸਤ), ਚੀਰ-ਹਰਨ (ਸਰੂਪ ਸਿਆਲਵੀ, 'ਹੁਣ', ਸਤੰਬਰ-ਦਸੰਬਰ), ਮਿੱਸ ਇੱਜ਼ੀ: ਦੂਜੀ ਸੰਸਾਰ ਜੰਗ ਵਾਰਤਾ (ਗੁਰਮੀਤ ਪਨਾਗ, 'ਸਿਰਜਣਾ', ਅਪਰੈਲ-ਜੂਨ), ਅੱਛਣਾ-ਗੱਛਣਾ (ਨੈਨ ਸੁਖ, 'ਸਿਰਜਣਾ', ਜੁਲਾਈ-ਸਤੰਬਰ), ਪੀਰਜ਼ਾਦੀ (ਸੁਰਿੰਦਰ ਨੀਰ, 'ਪ੍ਰਵਚਨ', ਜੁਲਾਈ-ਸਤੰਬਰ); ਮੱਛੀ (ਜਿੰਦਰ), ਡਾਂਸ ਫਲੋਰ (ਦੀਪਤੀ ਬਬੂਟਾ) ਤੇ ਹਦਬਸਤ ਨੰਬਰ 211 (ਜਗਜੀਤ ਗਿੱਲ-ਤਿੰਨੇ 'ਕਹਾਣੀ ਧਾਰਾ', ਅਪਰੈਲ-ਸਤੰਬਰ 2018); ਸ਼ਿਲਤਰਾਂ (ਗੁਰਮੀਤ ਕੜਿਆਲਵੀ, 'ਰਾਗ', ਮਈ-ਅਗਸਤ), ਆ ਗਲੇ ਲੱਗ ਜਾਹ (ਕੁਲਜੀਤ ਮਾਨ, 'ਰਾਗ', ਸਤੰਬਰ-ਦਸੰਬਰ), ਬਾਬਾ ਬੁੱਲ੍ਹੇ ਸ਼ਾਹ (ਜਗਦੀਸ਼ ਸਿੰਘ, 'ਰੋਜ਼ਾਨਾ ਦੇਸ਼ ਸੇਵਕ', ਜੁਲਾਈ-ਅਗਸਤ) ਆਦਿ ਕਹਾਣੀਆਂ ਪ੍ਰਤੱਖ ਤੌਰ 'ਤੇ ਨਾਵਲੀ-ਕਹਾਣੀ ਦੇ ਗੁਣਾਂ-ਲੱਛਣਾਂ ਵਾਲੀਆਂ ਹਨ। ਪਰ ਇਹ ਜ਼ਰੂਰੀ ਨਹੀਂ ਕਿ ਹਰੇਕ ਨਾਵਲੀ-ਕਹਾਣੀ ਕਲਾਤਮਕ ਅਤੇ ਬਿਹਤਰੀਨ ਵੀ ਹੋਵੇ, ਜਿਵੇਂ ਸਾਰੀਆਂ ਲੰਮੀਆਂ ਕਹਾਣੀਆਂ ਵੀ ਵਧੀਆ ਨਹੀਂ ਸੀ ਹੁੰਦੀਆਂ। ਸੋ, ਸਪੱਸ਼ਟ ਹੈ ਕਿ ਮੈਂ ਪੰਜਾਬੀ ਕਹਾਣੀ ਦੇ ਇਕ ਨਵੇਂ ਰੁਝਾਨ ਦੀ ਦੱਸ ਹੀ ਪਾਈ ਹੈ, ਪਰ ਸਾਲ 2018 ਦੀਆਂ ਬੇਹਤਰੀਨ ਪੰਜਾਬੀ ਕਹਾਣੀਆਂ ਦੀ ਚੋਣ ਸਮੇਂ ਮੇਰਾ ਮਾਪਦੰਡ ਕੋਈ ਰੂਪਾਕਾਰਕ ਵੰਨਗੀ-ਵਿਸ਼ੇਸ਼ ਨਹੀਂ ਹੁੰਦਾ ਸਗੋਂ ਕਹਾਣੀ ਦੀ ਕਲਾਤਮਕਤਾ ਅਤੇ ਉਸ ਦਾ ਕਹਾਣੀਪਣ ਮੇਰੇ ਲਈ ਅਹਿਮ ਹੁੰਦਾ ਹੈ। ਆਪਣੇ ਇਸੇ ਮਾਪਦੰਡ ਰਾਹੀਂ ਮੈਂ ਪਿਛਲੇ ਸਾਲ ਦੀਆਂ ਕੁਝ ਬੇਹਤਰੀਨ ਕਹਾਣੀਆਂ ਬਾਰੇ ਆਪਣੇ ਵਿਚਾਰ ਪੇਸ਼ ਕਰਦਾ ਹਾਂ:


ਬਲਵਿੰਦਰ ਸਿੰਘ ਗਰੇਵਾਲ ਦੀ ਕਹਾਣੀ 'ਡਬੋਲੀਆ' ('ਸਿਰਜਣਾ', ਜਨਵਰੀ-ਮਾਰਚ) ਪੰਜਾਬੀ ਸਮਾਜ ਵਿਚ ਇਕ ਗੋਤਾਖੋਰ ਦੀ ਜ਼ਿੰਦਗੀ ਵਿਚ ਆਉਣ ਵਾਲੇ ਉਤਰਾਵਾਂ-ਚੜ੍ਹਾਵਾਂ ਦੇ ਮੂਲੋਂ ਅਣਛੋਹ ਵਿਸ਼ੇ ਨੂੰ ਆਪਣਾ ਕਥਾ-ਵਸਤੂ ਬਣਾਉਂਦੀ ਹੈ। ਉਸ ਤੋਂ ਵੀ ਅਹਿਮ ਗੱਲ ਇਹ ਕਿ ਕਹਾਣੀ ਦਾ ਕੇਂਦਰੀ ਪਾਤਰ ਬਲਕਾਰ ਕੋਈ ਪੇਸ਼ਾਵਰ ਗੋਤਾਖੋਰ ਨਹੀਂ, ਸਗੋਂ ਕਿਸਾਨੀ-ਸੰਕਟ ਦਾ ਧੱਕਿਆ ਇਸ ਕਿੱਤੇ ਨੂੰ ਚੁਣਦਾ ਹੈ ਅਤੇ ਲਾਸ਼ਾਂ ਕੱਢਣ ਦੇ ਧੰਦੇ ਨੂੰ ਮਾਨਵੀ-ਸੰਵੇਦਨਾ ਤੋਂ ਅਭਿੱਜ ਰਹਿ ਕੇ ਨਹੀਂ ਕਰ ਸਕਦਾ। ਇਸ ਲਈ ਲਾਸ਼ ਦੇ ਵਾਰਸਾਂ ਨਾਲ 'ਪ੍ਰੋਫੈਸ਼ਨਲ' ਹੋ ਕੇ ਵਿਹਾਰ ਨਹੀਂ ਕਰ ਸਕਦਾ। ਦੂਜੇ ਸ਼ਬਦਾਂ ਵਿਚ, ਸਭ ਤਰ੍ਹਾਂ ਦੇ ਸੰਕਟਾਂ ਦੇ ਬਾਵਜੂਦ ਉਸ ਨੇ ਆਪਣੀ ਮਾਨਵੀਅਤਾ ਨੂੰ ਡੁੱਬਣ ਤੋਂ ਬਚਾਇਆ ਹੋਇਆ ਹੈ। ਕਹਾਣੀ ਦੀ ਸ਼ਕਤੀ ਨਿਸਚੇ ਹੀ ਅਜਿਹੀ ਨਿਵੇਕਲੀ ਵਿਸ਼ਾ-ਚੋਣ ਵਿਚ ਤਾਂ ਹੈ ਹੀ, ਪਰ ਇਸ ਤੋਂ ਵੀ ਵੱਧ ਉਸ ਦੀ ਪ੍ਰੋਢ ਕਥਾ-ਸ਼ੈਲੀ ਕਰਕੇ ਹੈ। ਗੋਤਾਖੋਰੀ ਨਾਲ ਸਬੰਧਤ ਵਿਭਿੰਨ ਕਾਰਜਾਂ ਅਤੇ ਲੋਕਧਾਰਾਈ ਵਿਸ਼ਵਾਸਾਂ ਨੂੰ ਜਿਵੇਂ ਗਰੇਵਾਲ ਨੇ ਪ੍ਰਕਾਰਜੀ ਚਿੰਨ੍ਹਾਂ ਵਿਚ ਢਾਲਿਆ ਅਤੇ ਕਹਾਣੀ ਦੀ ਸੰਰਚਨਾ ਦਾ ਸਹਿਜ ਅੰਗ ਬਣਾਇਆ ਹੈ, ਉਹ ਪੰਜਾਬੀ ਕਹਾਣੀ ਦੀ ਬਿਰਤਾਂਤਕਾਰੀ ਲਈ ਸੱਚਮੁੱਚ ਮਿਸਾਲੀ ਹੈ।

ਮੂਲੋਂ ਨਵੇਂ ਕਹਾਣੀਕਾਰ ਸੁਖਪਾਲ ਸਿੰਘ ਥਿੰਦ ਦੀ ਕਹਾਣੀ 'ਫੁੱਲਾਂ ਦੀ ਫਸਲ' ('ਹੁਣ', ਮਈ-ਅਗਸਤ) ਪੰਜਾਬ ਦੀ ਅਜੋਕੀ ਨੌਜਵਾਨ ਪੀੜ੍ਹੀ ਦੇ ਧੜਾਧੜ ਹੋ ਰਹੇ ਪਰਵਾਸ ਅਤੇ ਉਸ ਨਾਲ ਇਕਹਿਰੇ ਪਰਿਵਾਰਾਂ ਵਿਚ ਪੈਦਾ ਹੋਣ ਵਾਲੇ ਖਲਾਅ ਦੇ ਮਸਲੇ ਬਾਰੇ ਲਿਖੀ ਗਈ ਹੈ। ਕਹਾਣੀ ਦੇ ਨੌਜਵਾਨ ਪਾਤਰ ਮਹਿਕਦੀਪ ਦੇ ਨੌਕਰੀ-ਪੇਸ਼ਾ ਮਾਪਿਆਂ ਦੀ ਆਰਥਕ ਹਾਲਤ ਵੀ ਕੋਈ ਮਾੜੀ ਨਹੀਂ ਅਤੇ ਮਹਿਕਦੀਪ ਦੀ ਵੀ ਬੀ. ਟੈਕ ਤੋਂ ਬਾਅਦ ਮਲਟੀਨੈਸ਼ਨਲ ਕੰਪਨੀ ਵਿਚ 'ਪਲੇਸਮੈਂਟ' ਹੋ ਜਾਂਦੀ ਹੈ, ਪਰ ਇਸ ਦੇ ਬਾਵਜੂਦ ਉਸ ਨੂੰ ਆਪਣੇ




ਵਤਨ ਦਾ ਸਭ ਕੁਝ 'ਟੋਟਲੀ ਸਫੋਕੇਟਿੰਗ' ਜਾਪਦਾ ਹੈ, ਜਿਥੇ ਕਿਸੇ ਦਾ 'ਰੂਹ ਦਾ ਪੰਛੀ' ਚਹਿਕ ਨਹੀਂ ਸਕਦਾ। ਕਦੇ ਮਹਿਕਦੀਪ ਦੇ ਬਾਪ ਨੂੰ ਇਸੇ ਤਰ੍ਹਾਂ ਪਿੰਡ ਛੱਡ ਕੇ ਸ਼ਹਿਰ ਦਾ ਵਸੇਬਾ ਚੁਣਨਾ ਪਿਆ ਸੀ। ਇਸ ਪ੍ਰਕਾਰ ਕਹਾਣੀ ਪੰਜਾਬੀਆਂ ਦੇ ਪਰਵਾਸ ਨੂੰ ਅਟੱਲ ਹੋਣੀ ਦੇ ਰੂਪ ਵਿਚ ਵੀ ਵੇਖਦੀ ਹੈ ਅਤੇ ਨਾਲ ਦੀ ਨਾਲ ਅਜੋਕੇ ਪਰਵਾਸ ਨੂੰ ਇਕ ਚੰਗੇ ਮੌਕੇ ਵਜੋਂ ਹਾਂ-ਪੱਖੀ ਅਰਥਾਂ ਵਿਚ ਵੀ ਉਭਾਰਦੀ ਹੈ। ਕਹਾਣੀ ਦੀ ਤਾਕਤ ਇਸ ਦੀ ਨਿਵੇਕਲੀ ਤਰਕਮਈ ਰਚਨਾ-ਦ੍ਰਿਸ਼ਟੀ ਵਿਚ ਤਾਂ ਹੈ ਹੀ, ਇਸ ਦੇ ਨਾਲ ਨਾਲ ਪਰਵਾਸੀਪੁਣੇ ਰਾਹੀਂ ਪੈਦਾ ਹੋਣ ਵਾਲੇ ਵਿਯੋਗ ਦੇ ਭਾਵਪੂਰਤ ਬਿਆਨ ਅਤੇ ਪ੍ਰਤੀਕਮਈ ਬਿਰਤਾਂਤਕ ਸ਼ੈਲੀ ਵੀ ਇਸ ਦੀ ਪ੍ਰਾਪਤੀ ਬਣਦੇ ਹਨ।

ਜਤਿੰਦਰ ਸਿੰਘ ਹਾਂਸ ਦੀ ਕਹਾਣੀ 'ਬਾਕੀ ਸਭ ਝੂਠ ਹੈ' ਪੰਜਾਬ ਦੇ ਕਿਸਾਨੀ ਸੰਕਟ ਦੇ ਹਵਾਲੇ ਨਾਲ ਇਕ ਕਿਸਾਨ ਪਰਿਵਾਰ ਦੀ ਅੰਦਰੂਨੀ ਕਸ਼ਮਕਸ਼ ਦਾ ਬਿਰਤਾਂਤ ਪੇਸ਼ ਕਰਦੀ ਹੈ। ਕਿਸਾਨੀ-ਸੰਕਟ ਦੀ ਪਰੰਪਰਕ ਪੰਜਾਬੀ ਕਹਾਣੀ ਵਾਂਗ ਪਿਉ-ਪੁੱਤ ਵਿਚਲੀ ਕਸ਼ਮਕਸ਼ ਦਾ ਕਾਰਨ




ਕੋਈ ਬਹੁਤ ਗਹਿਰਾ ਆਰਥਕ ਸੰਕਟ ਨਹੀਂ, ਸਗੋਂ ਪੜ੍ਹੇ-ਲਿਖੇ ਨੌਜਵਾਨ ਪੁੱਤ ਦਾ 'ਦੁਨੀਆਂ ਮੇਰੀ ਮੁੱਠੀ 'ਚ ਹੋਵੇ' ਵਾਲਾ ਮਾਅਰਕੇਬਾਜ ਵਤੀਰਾ ਵੱਧ ਹੈ, ਜੋ ਅੰਤਿਮ ਅਰਥਾਂ ਵਿਚ ਮੌਤਮੁਖੀ ਸਿੱਧ ਹੁੰਦਾ ਹੈ। ਇਸ ਦੇ ਉਲਟ ਪਿਉ ਦੀ ਜੀਵਨ-ਦ੍ਰਿਸ਼ਟੀ ਸਭ ਸੰਕਟਾਂ ਦੇ ਬਾਵਜੂਦ ਜ਼ਿੰਦਗੀ-ਮੁਖੀ ਹੈ। ਕਹਾਣੀ ਬੜੇ ਸੂਖਮ ਢੰਗ ਨਾਲ ਪਰੰਪਰਾ ਅਤੇ ਨਵੀਨਤਾ ਦੇ ਜੀਵੰਤ ਅਤੇ ਮਾਰੂ ਤੱਤਾਂ ਦੀ ਪਛਾਣ ਮਾਨਵੀਅਤਾ ਦੀ ਕਸਵੱਟੀ ਨਾਲ ਕਰਦੀ ਹੈ।

ਹਾਂਸ ਦੀ ਨਾਟਕੀ ਬਿਰਤਾਂਤ ਦੀ ਕਥਾ-ਜੁਗਤ ਕਹਾਣੀ ਨੂੰ ਬਹੁਤ ਰੌਚਕ, ਵਿਅੰਗ-ਅਰਥੀ ਅਤੇ ਬਹੁ-ਪਰਤੀ ਬਣਾਉਂਦੀ ਹੈ। ਇਸ ਕਹਾਣੀ ਦੇ ਵਸਤੂ-ਵੇਰਵਿਆਂ ਵਿਚ ਨਾਵਲੀ ਵਿਸਥਾਰ ਦੀਆਂ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ ਅਤੇ ਇਸ ਦੀ ਸੰਰਚਨਾ ਵੀ ਬਿਰਤਾਂਤ-ਖੰਡਾਂ ਵਾਲੀ ਹੈ, ਇਸ ਲਈ ਛੋਟੇ ਆਕਾਰ ਦੇ ਬਾਵਜੂਦ ਇਹ ਸਫਲ ਨਾਵਲੀ-ਕਹਾਣੀ ਹੈ।

ਬਲਬੀਰ ਪਰਵਾਨਾ ਦੀ ਕਹਾਣੀ 'ਥੈਂਕ ਯੂ ਬਾਪੂ' ('ਪ੍ਰਵਚਨ', ਅਪਰੈਲ-ਜੂਨ) ਪਦਾਰਥਕਤਾ ਦੀ ਨੀਂਹ 'ਤੇ ਉਸਰੇ ਪਰਿਵਾਰਕ ਰਿਸ਼ਤਿਆਂ ਦਾ ਕੌੜਾ ਪਰ ਡੂੰਘਾ ਸੱਚ ਬਿਆਨਦੀ ਹੈ। ਨੌਕਰੀ ਕਾਰਨ ਆਪਣੇ ਇਕਹਿਰੇ ਪਰਿਵਾਰ ਨਾਲ ਸ਼ਹਿਰ ਰਹਿ ਰਿਹਾ ਪੁੱਤ ਆਪਣੇ ਹਸਪਤਾਲ ਦਾਖਲ ਬਾਪ ਦੀ ਸਾਂਭ-ਸੰਭਾਲ ਦਾ ਫਰਜ਼ ਵੀ ਨਿਭਾਉਣਾ ਚਾਹੁੰਦਾ ਹੈ, ਪਰ ਪਦਾਰਥਕ ਗਿਣਤੀਆਂ-ਮਿਣਤੀਆਂ 'ਚ ਉਲਝੇ ਪਰਿਵਾਰ ਦੇ ਦਬਾਵਾਂ ਨਾਲ ਪੀੜਤ ਨਿੱਜਮੁਖੀ ਵੀ ਹੈ। ਇਸ ਲਈ ਬਾਪ ਦੀ ਜਲਦੀ ਮੌਤ ਨਾਲ ਥੋੜ੍ਹਾ ਦੁਖੀ ਪਰ ਬਹੁਤਾ ਸੁਰਖ਼ਰੂ ਮਹਿਸੂਸ ਕਰਦਾ ਹੈ। ਇਸ ਕਹਾਣੀ ਦੀ ਖੂਬੀ ਇਸ ਦੇ ਯਥਾਰਥਕ ਅੰਦਾਜ਼ੇ-ਬਿਆਂ ਅਤੇ ਤਣਾਅ ਨੂੰ ਢੁਕਵੀਂ ਗਲਪੀ-ਭਾਸ਼ਾ ਰਾਹੀਂ ਪ੍ਰਗਟਾਉਣ ਵਿਚ ਹੈ।

ਸਹੀ ਅਰਥਾਂ ਵਿਚ ਕਹੀ ਜਾ ਸਕਦੀ ਜਗਜੀਤ ਗਿੱਲ ਦੀ ਨਾਵਲੀ-ਕਹਾਣੀ 'ਹਦਬਸਤ ਨੰਬਰ 211' ਪੰਜਾਬ ਸੰਕਟ ਅਤੇ ਕਿਸਾਨੀ ਸੰਕਟ ਦੇ ਹਵਾਲੇ ਨਾਲ ਮਾਝੇ ਦੇ ਇਕ ਪਰਿਵਾਰ, ਅਰਥਾਤ ਪੂਰੇ ਪਿੰਡ ਜਾਂ ਇਲਾਕੇ ਦੇ ਦੁੱਖਾਂ, ਸੁੱਖਾਂ, ਸੁਪਨਿਆਂ ਅਤੇ ਸੰਤਾਪਾਂ ਦਾ ਸੰਦਰਭ-ਯੁਕਤ ਮਹਾਂਚਿਤਰ ਉਲੀਕਦੀ ਹੈ। ਕਹਾਣੀ ਦੀ ਵਿਸ਼ੇਸ਼ਤਾ ਵਸਤੂ-ਯਥਾਰਥ ਦੀ ਜਟਿਲਤਾ ਨੂੰ ਇਕ ਪਾਸੇ ਬਾਰੀਕਬੀਨੀ ਅਤੇ ਦੂਜੇ ਪਾਸੇ ਵਿਸਥਾਰਮਈ-ਦੋਹਾਂ ਪੱਧਰਾਂ ਉਤੇ ਪੂਰੀ ਪ੍ਰਮਾਣਿਕਤਾ ਨਾਲ ਪੇਸ਼ ਕਰਨ ਵਿਚ ਹੈ।

ਸਿਮਰਨ ਧਾਲੀਵਾਲ ਦੀ ਕਹਾਣੀ 'ਆ ਆਪਾਂ ਘਰ ਬਣਾਈਏ' ('ਸ਼ਬਦ', ਜੁਲਾਈ-ਸਤੰਬਰ) ਪੰਜਾਬ ਦੀਆਂ ਮੌਜੂਦਾ ਪ੍ਰਸਥਿਤੀਆਂ ਵਿਚ ਦਲਿਤ ਚੇਤਨਾ ਦੇ ਉਭਾਰ ਨਾਲ ਬਣ ਰਹੇ ਮਾਹੌਲ ਕਾਰਨ ਜੱਟ ਵਰਗ ਦੀ ਧੌਂਸਮੁਖੀ ਦ੍ਰਿਸ਼ਟੀ ਨੂੰ ਖੋਰਾ ਲੱਗਣ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਸ ਕਹਾਣੀ ਦੀ ਸ਼ੈਲੀਗਤ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਜੱਟ ਵਰਗ ਦੇ ਪ੍ਰਤੀਨਿਧ ਪਾਤਰ ਮੇਜਾ ਸਿੰਘ ਦੇ ਤਣਾਅ ਨੂੰ ਬਹੁਤ ਢੁਕਵੇਂ ਚਿੰਨਾਂ-ਪ੍ਰਤੀਕਾਂ ਵਾਲੀ ਗਲਪੀ-ਭਾਸ਼ਾ ਰਾਹੀਂ ਪ੍ਰਗਟਾਇਆ ਗਿਆ ਹੈ। ਕਹਾਣੀ ਵਿਚ ਅਣਕਹੇ ਦੀ ਕਹੇ ਨਾਲੋਂ ਵੀ ਵੱਧ ਮਹੱਤਤਾ ਬਣ ਗਈ ਜਾਪਦੀ ਹੈ। ਬਿਰਤਾਂਤਕਾਰੀ ਦੀ ਖੂਬੀ ਇਸ ਗੱਲ ਵਿਚ ਵੀ ਹੈ ਕਿ ਮੇਜਾ ਸਿੰਘ ਦੇ ਜੱਟ-ਅਵਚੇਤਨ ਦਾ ਬਹੁਤਾ ਕੁਝ ਅਣਕਹੇ ਰੂਪ 'ਚ ਵਿਹਾਰਕ ਸੰਕੇਤਾਂ ਰਾਹੀਂ ਉਜਾਗਰ ਹੁੰਦਾ ਹੈ।

ਇੰਗਲੈਂਡ ਵਾਸੀ, ਮੂਲੋਂ ਨਵੇਂ ਕਹਾਣੀਕਾਰ ਨਵਚੇਤਨ ਦੀ ਕਹਾਣੀ 'ਰਿਵਰ ਆਫ ਲਾਈਫ' ('ਸ਼ਬਦ', ਜਨਵਰੀ-ਜੂਨ) ਇਕ ਪਰਵਾਸੀ ਪੰਜਾਬੀ ਔਰਤ ਦੀ ਮਾਨਸਿਕ ਉਥਲ-ਪੁਥਲ ਨੂੰ ਪੰਜਾਬ ਸੰਕਟ ਦੇ ਦੂਰ ਰਸੀ ਮਨੋਵਿਗਿਆਨਕ ਪ੍ਰਭਾਵਾਂ ਦੇ ਪਿਛੋਕੜ ਰਾਹੀਂ ਚਿਤਰਦੀ ਹੈ। ਉਸ ਦਾ ਜ਼ਖਮੀ ਅਤੀਤ, ਜਿਸ ਨੂੰ ਉਹ ਚੇਤੰਨ ਤੌਰ 'ਤੇ ਖਾਰਜ ਕਰਨਾ ਲੋਚਦੀ ਹੈ, ਆਪਣੇ ਮੂੰਹ-ਜ਼ੋਰ ਪ੍ਰਭਾਵਾਂ ਨਾਲ ਉਸ ਦੇ ਵਰਤਮਾਨ ਨੂੰ ਗ੍ਰਹਿਣ ਦਿੰਦਾ ਹੈ। ਇਸ ਕਹਾਣੀ ਦੀ ਬਿਰਤਾਂਤਕ ਅਹਿਮੀਅਤ ਮੁੱਖ ਔਰਤ ਪਾਤਰ ਦੇ ਅਵਚੇਤਨ ਨੂੰ ਉਸ ਦੇ ਕਥਨਾਂ ਅਤੇ ਵਿਹਾਰ ਦੀ ਜੁਗਲਬੰਦੀ ਰਾਹੀਂ ਉਜਾਗਰ ਕਰ ਸਕਣ ਦੀ ਮਨੋਵਿਗਿਆਨਕ ਸੂਝ ਵਿਚ ਹੈ।

ਕਹਾਣੀ ਦੇ ਖੇਤਰ ਵਿਚ ਮੁਢਲੇ ਕਦਮ ਰੱਖ ਰਹੇ ਰੰਗਕਰਮੀ ਬਲਵਿੰਦਰ ਦੀ ਕਹਾਣੀ 'ਲਹੂ ਲੁਹਾਣ' ('ਰਾਗ', ਸਤੰਬਰ-ਦਸੰਬਰ) ਕਸ਼ਮੀਰ ਸੰਕਟ ਦੀ ਪਿੱਠਭੂਮੀ ਨਾਲ ਇਕ ਪੰਜਾਬੀ ਫੌਜੀ ਹਰਨਾਮ ਅਤੇ ਕਸ਼ਮੀਰੀ ਲੜਕੀ ਦੀ ਬਹੁਤ ਸੂਖਮ ਅਤੇ ਮਾਸੂਮ ਜਿਹੀ ਚਾਹਤ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਸ ਕਹਾਣੀ ਦੀ ਤਾਕਤ ਇਸ ਦੇ ਬਹੁਤ ਸੰਤੁਲਿਤ ਜਿਹੇ ਕਾਵਿਕ ਅੰਦਾਜ਼, ਭੂਗੋਲਿਕ ਦ੍ਰਿਸ਼-ਉਸਾਰੀ ਅਤੇ ਲੁੱਛਦੀ ਮਾਨਵੀ ਸੰਵੇਦਨਾ ਦੇ ਬਹੁਤ ਨਾਜ਼ੁਕ ਅਹਿਸਾਸਾਂ ਦੀ ਨਕਸ਼-ਨਿਗਾਰੀ ਵਿਚ ਹੈ।

ਸਮਕਾਲੀ ਪੰਜਾਬੀ ਕਹਾਣੀ ਦੇ 'ਮਾਸਟਰ ਸਟੋਰੀ ਟੈਲਰ' ਸੁਖਜੀਤ ਦੀ ਕਹਾਣੀ 'ਆਟੋ ਨੰਬਰ 420' ('ਸ਼ਬਦ', ਜੁਲਾਈ-ਸਤੰਬਰ) ਮੁਨਾਫਾਮੁਖੀ ਪੂੰਜੀਵਾਦੀ ਜੀਵਨ-ਸ਼ੈਲੀ ਅਤੇ ਕੁਦਰਤਮੁਖੀ ਮਾਨਵੀ ਜੀਵਨ-ਜਾਚ ਦੇ ਅੰਤਰ-ਸੰਵਾਦ ਨੂੰ ਆਪਣੀ ਕਥਾ-ਵਸਤੂ ਬਣਾਉਂਦੀ ਹੈ। ਪ੍ਰਦੂਸ਼ਿਤ ਸ਼ਹਿਰੀ ਮਾਹੌਲ ਵਿਚ ਰਹਿੰਦੇ ਇਕ ਆਟੋ ਚਾਲਕ ਨੂੰ ਕਿਸੇ ਭਿਆਨਕ ਡਰ ਕਾਰਨ ਕੁਝ ਸਮਾਂ ਜੰਗਲਾਂ ਵਿਚ ਪਨਾਹ ਲੈਣੀ ਪੈਂਦੀ ਹੈ। ਕੁਦਰਤ ਦਾ ਸੰਗ-ਸਾਥ ਉਸ ਦੇ ਜੁੱਸੇ ਅਤੇ ਖੂਨ ਦੀ ਤਾਸੀਰ ਹੀ ਬਦਲ ਦਿੰਦਾ ਹੈ। ਵਿਗਿਆਨ-ਗਲਪ ਦੀ ਤਰਜ਼ 'ਤੇ ਇਹ ਕਹਾਣੀ ਅਨੁਭਵਮੂਲਕ ਜੀਵਨ-ਯਥਾਰਥ ਦੀ ਥਾਂ ਕਾਲਪਨਿਕ ਜਾਂ ਮਸਨੂਈ ਸਮੱਗਰੀ ਨੂੰ ਆਪਣੀ ਟੇਕ ਬਣਾਉਂਦੀ ਹੈ। ਇਸ ਦੀ ਕਲਾਤਮਕ ਵਡਿਆਈ ਵਸਤੂ-ਚੋਣ ਤੋਂ ਵੀ ਵੱਧ ਯਥਾਰਥ-ਨੁਮਾ ਫੈਂਟਸੀ ਸਿਰਜਣ ਵਿਚ ਹੈ। ਪੰਜਾਬੀ ਵਿਚ ਇਹ ਨਿਵੇਕਲਾ ਪ੍ਰਯੋਗ ਹੈ।

ਦੀਪਤੀ ਬਬੂਟਾ ਦੀ ਨਾਵਲੀ-ਕਹਾਣੀ 'ਡਾਂਸ ਫਲੋਰ' (ਕਹਾਣੀ ਧਾਰਾ, ਅਪਰੈਲ-ਸਤੰਬਰ) ਮੈਰਿਜ ਪੈਲੇਸਾਂ ਵਿਚ ਡਾਂਸ ਕਰਨ ਵਾਲੀਆਂ ਲੜਕੀਆਂ ਅਤੇ ਆਰਕੈਸਟਰਾ ਦੇ ਮਾਲਕ ਦੇ ਕਾਰਜ-ਵਿਹਾਰ ਦੀ ਪੇਸ਼ਕਾਰੀ ਰਾਹੀਂ ਐਂਟਰਟੇਨਮੈਂਟ ਉਦਯੋਗ ਦੇ ਅੰਦਰੂਨੀ ਰਹੱਸਾਂ ਦੀਆਂ ਪਰਤਾਂ ਉਜਾਗਰ ਕਰਦੀ ਹੈ। ਇਸ ਕਹਾਣੀ ਦੀ ਕਲਾਤਮਕ ਖੂਬੀ ਇਸ ਦੇ ਨਾਵਲੀ ਵਿਸਥਾਰਾਂ ਨੂੰ ਕਹਾਣੀ-ਬਿਰਤਾਂਤ ਵਿਚ ਸਮੋਣ ਕਰਕੇ ਵੀ ਹੈ

***(ਅਗਲੇ ਸਫੇ 'ਤੇ ਜਾਰੀ)***

ਅਤੇ ਕਿੱਤੇ-ਵਿਸ਼ੇਸ਼ ਦੀ ਜਗਦੀ-ਮਘਦੀ ਗਲਪੀ-ਭਾਸ਼ਾ ਦੇ ਸਿਰਜਣ ਕਾਰਨ ਵੀ ਨਿਰਸੰਦੇਹ ਬਣਦੀ ਹੈ।

ਭਾਵੇਂ ਉਪਰ ਵਰਣਿਤ ਕਹਾਣੀਆਂ ਮੇਰੀ ਪਹਿਲੀ ਪਸੰਦ ਹਨ, ਪਰ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵੀ ਜ਼ਿਕਰਯੋਗ ਕਹਾਣੀਆਂ ਬੀਤੇ ਵਰ੍ਹੇ ਪ੍ਰਕਾਸ਼ਿਤ ਹੋਈਆਂ ਹਨ, ਜਿਵੇਂ ਸ਼ਿਲਤਰਾਂ (ਗੁਰਮੀਤ ਕੜਿਆਲਵੀ), ਜਨਪਦ (ਕਲਿਆਣੀ ਅੰਬਪਾਲੀ, 'ਪ੍ਰਵਚਨ', ਅਪਰੈਲ-ਜੂਨ), ਬਨਵਾਸ (ਜਿੰਦਰ, 'ਸਿਰਜਣਾ', ਅਕਤੂਬਰ-ਦਸੰਬਰ), ...ਤੇ ਜੀਨੀ ਜਿੱਤ ਗਈ (ਸ਼ਰਨਜੀਤ ਕੌਰ, 'ਸਮਕਾਲੀ ਸਾਹਿਤ', ਜੁਲਾਈ-ਸਤੰਬਰ), ਵਿਸ਼ਵ-ਸੁੰਦਰੀ (ਜਤਿੰਦਰ ਹਾਂਸ, 'ਸ਼ਬਦ', ਜਨਵਰੀ-ਜੂਨ), ਹੰਟਡ ਹਾਊਸ (ਸਰਘੀ,




'ਸ਼ਬਦ', ਜਨਵਰੀ-ਜੂਨ), ਪੋਸਟ-ਮਾਰਟਮ (ਸੁਕੀਰਤ, 'ਹੁਣ', ਜਨਵਰੀ-ਅਪਰੈਲ), ਕੋਈ ਦੇਸ਼ ਨਾ ਜਾਣੇ ਮੇਰਾ (ਗੁਰਮੀਤ ਪਨਾਗ, 'ਹੁਣ', ਮਈ-ਅਗਸਤ), ਹਵਾ ਵਿਚ ਉਡਦੀ ਪਤੰਗ (ਮੇਜਰ ਮਾਂਗਟ, 'ਹੁਣ', ਮਈ-ਅਗਸਤ), ਘਰ (ਹਰਪ੍ਰੀਤ ਸੇਖਾ, 'ਰਾਗ', ਜਨਵਰੀ-ਅਪਰੈਲ), ਆਹੇਂ ਦਾ ਬਾਲਣ (ਖਾਲਿਦ ਹੁਸੈਨ, 'ਰਾਗ', ਜਨਵਰੀ-ਅਪਰੈਲ), ਸਮਾਰਟ ਵਰਕ (ਸੰਦੀਪ ਸਮਰਾਲਾ, 'ਰਾਗ', ਮਈ-ਅਗਸਤ), ਝਰੀਟਾਂ (ਦਲਜੀਤ ਸ਼ਾਹੀ, 'ਸਮਦਰਸ਼ੀ', ਮਾਰਚ-ਅਪਰੈਲ), ਯਾਦਾਂ ਦਾ ਵੱਗ (ਜ਼ੁਬੈਰ ਅਹਿਮਦ, 'ਵਾਹਗਾ', ਅਕਤੂਬਰ-ਦਸੰਬਰ) ਆਦਿ।

ਪਿਛਲੇ ਸਾਲ ਦੀ ਪੰਜਾਬੀ ਕਹਾਣੀ ਦਾ ਲੇਖਾ-ਜੋਖਾ ਕਰਦਿਆਂ ਜੋ ਕੁਝ ਪ੍ਰਮੁੱਖ ਤੱਥ ਮੇਰੇ ਸਾਹਮਣੇ ਆਏ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:


ਤੀਜੇ ਪੜਾਅ ਦੇ ਬਹੁਤ ਸਾਰੇ ਕਹਾਣੀਕਾਰ ਜਿਵੇਂ ਪਿਆਰਾ ਸਿੰਘ ਭੋਗਲ, ਗੁਰਬਚਨ ਭੁੱਲਰ, ਜਸਬੀਰ ਭੁੱਲਰ, ਖਾਲਿਦ ਹੁਸੈਨ ਆਦਿ ਇਸ ਵਰ੍ਹੇ ਵੀ ਪੂਰੀ ਤਰ੍ਹਾਂ ਸਰਗਰਮ ਰਹੇ। ਕੁਝ ਦੇ ਤਾਂ ਗੁਣਨਾਤਮਕ ਮਹੱਤਤਾ ਵਾਲੇ ਕਹਾਣੀ-ਸੰਗ੍ਰਿਹ ਵੀ ਇਸ ਵਰ੍ਹੇ ਪ੍ਰਕਾਸ਼ਿਤ ਹੋਏ, ਜਿਵੇਂ ਆਮ ਖਾਸ (ਗੁਰਦੇਵ ਸਿੰਘ ਰੁਪਾਣਾ), ਦਿਨ ਢਲੇ (ਮੁਖਤਾਰ ਗਿੱਲ), ਸ਼ੱਰੇਆਮ (ਕਿਰਪਾਲ ਕਜ਼ਾਕ), ਅੰਧੇ ਕਾ ਨਾਓਂ ਪਾਰਖੂ (ਹਮਦਰਦਵੀਰ ਨੌਸ਼ਹਿਰਵੀ), ...ਤੇ ਜੀਨੀ ਜਿੱਤ ਗਈ (ਸ਼ਰਨਜੀਤ ਕੌਰ), ਕੱਚਾ ਮਾਸ (ਮੋਹਨ ਲਾਲ ਫਿਲੌਰੀਆ), ਚੜ੍ਹਦੇ ਸੂਰਜ ਦੀ ਲਾਲੀ (ਮੁਖਤਿਆਰ ਸਿੰਘ) ਆਦਿ ਵਰਨਣਯੋਗ ਹਨ।

ਚੌਥੇ ਪੜਾਅ ਦੇ ਕੁਝ ਕਹਾਣੀਕਾਰਾਂ ਦੇ ਕਹਾਣੀ-ਸੰਗ੍ਰਿਹ ਇਸ ਵਰ੍ਹੇ ਦੀ ਵਿਸ਼ੇਸ਼ ਪ੍ਰਾਪਤੀ ਬਣਦੇ ਹਨ, ਜਿਵੇਂ ਜਿਉਣਾ ਸੱਚ ਬਾਕੀ ਝੂਠ (ਜਤਿੰਦਰ ਹਾਂਸ), ਰੰਗ ਦੀ ਬਾਜ਼ੀ (ਅਜਮੇਰ ਸਿੱਧੂ), ਘੋਰਕੰਡੇ (ਸਿਮਰਨ ਧਾਲੀਵਾਲ), ਅਰਥ ਬਦਲਦੇ ਰਿਸ਼ਤੇ (ਹਰਜਿੰਦਰ ਸੂਰੇਵਾਲੀਆ), ਮਿਹਣਾ (ਗੁਰਸੇਵਕ ਸਿੰਘ ਪ੍ਰੀਤ), ਠਰੀ ਅੱਗ ਦਾ ਸੇਕ (ਜਸਪਾਲ ਮਾਨਖੇੜਾ), ਗਿਆਰਾਂ ਰੰਗ (ਸੁਕੀਰਤ) ਆਦਿ।

ਕੁਝ ਕਹਾਣੀਕਾਰਾਂ ਨੇ ਆਪਣੇ ਪਲੇਠੇ ਕਹਾਣੀ-ਸੰਗ੍ਰਿਹ ਨਾਲ ਹੀ ਪਾਠਕਾਂ ਵਿਚ ਆਪਣੀ ਭਰਵੀਂ ਪਛਾਣ ਬਣਾ ਲਈ, ਜਿਵੇਂ ਚੁੱਪ ਮਹਾਂਭਾਰਤ (ਪਰਮਜੀਤ ਢੀਂਗਰਾ), ਝਰੀਟਾਂ (ਦਲਜੀਤ ਸਿੰਘ ਸ਼ਾਹੀ), ਸ਼ਾਹ ਰਗ ਤੋਂ ਵੀ ਨੇੜੇ (ਪਵਿੱਤਰ ਕੌਰ ਮਾਟੀ), ਲਕੀਰਾਂ ਵਿਚ ਘਿਰੇ ਹੋਏ (ਗੁਰਮੀਤ ਆਰਿਫ), ਮਿਰਗ ਤ੍ਰਿਸ਼ਨਾ (ਸਰਨਜੀਤ ਕੌਰ ਅਨਹਦ) ਆਦਿ।

ਪਰਵਾਸੀ ਪੰਜਾਬੀ ਕਹਾਣੀ ਵਿਚ ਇਸ ਵਾਰ ਵੀ ਕੁਝ ਵਿਸ਼ੇਸ਼ ਮਹੱਤਵ ਵਾਲੇ ਕਹਾਣੀ-ਸੰਗ੍ਰਿਹ ਪ੍ਰਕਾਸ਼ਿਤ ਹੋਏ ਹਨ ਜਿਵੇਂ ਪੌੜੀ (ਸੰਤੋਖ ਧਾਲੀਵਾਲ, ਇੰਗਲੈਂਡ), ਮੁਰਗਾਬੀਆਂ (ਗੁਰਮੀਤ ਪਨਾਗ, ਕੈਨੇਡਾ), ਕੈਨੇਡੀਅਨ ਕੂੰਜਾਂ (ਗੁਰਚਰਨ ਥਿੰਦ, ਕੈਨੇਡਾ), ਦੁੱਖਾਂ ਦੇ ਗੋਹੜੇ (ਸੁਰਿੰਦਰ ਕੌਰ ਪੱਖੋਕੇ, ਅਮਰੀਕਾ), ਨਵੇਂ ਜ਼ਖਮ (ਨਿਰਮਲ ਸਿੰਘ ਲਾਲੀ, ਅਮਰੀਕਾ) ਆਦਿ।

ਪਾਕਿਸਤਾਨ ਵਿਚ ਪੰਜਾਬੀਆਂ ਦੀ ਗਿਣਤੀ ਦੇ ਅਨੁਪਾਤ ਵਿਚ ਕਹਾਣੀ-ਸਿਰਜਣਾ ਦਾ ਕੰਮ ਕੁਝ ਮੱਧਮ ਜਾਪਦਾ ਹੈ ਪਰ ਫਿਰ ਵੀ ਸਥਿਤੀ ਮੂਲੋਂ ਨਿਰਾਸ਼ਾ ਵਾਲੀ ਨਹੀਂ। ਆਪਣੇ ਦੋਸਤ ਅਤੇ ਪ੍ਰਸਿੱਧ ਪਾਕਿਸਤਾਨੀ ਕਹਾਣੀਕਾਰ, ਕਹਾਣੀ-ਆਲੋਚਕ ਕਰਾਮਤ ਅਲੀ ਮੁਗਲ ਰਾਹੀਂ ਪ੍ਰਾਪਤ




ਵੇਰਵਿਆਂ ਅਨੁਸਾਰ ਇਸ ਵਾਰ ਵੀ ਕੁਝ ਅਹਿਮ ਕਹਾਣੀ-ਸੰਗ੍ਰਿਹ ਪ੍ਰਕਾਸ਼ਿਤ ਹੋਏ ਹਨ, ਜਿਵੇਂ, ਤੂੰ ਘਰ ਚਲਾ ਜਾ (ਮਕਸੂਦ ਸਾਕਿਬ), ਜਿਵੇਂ ਕੋਈ ਸਮਝੇ (ਅਲੀ ਅਨਵਰ ਅਹਿਮਦ), ਹਿਜ਼ਰ ਤੇਰਾ ਜੋ ਪਾਣੀ ਮੰਗੇ (ਜ਼ਾਹਿਦ ਹਸਨ), ਹਰ ਗੁੱਛਾ ਜ਼ਖਮਾਇਆ (ਨੀਲਮ ਅਹਿਮਦ ਬਸ਼ੀਰ), ਹੂਕਾਂ (ਮਖਦੂਮ ਸੁਲਤਾਨ ਟੀਪੂ), ਸ਼ਹਿਰ ਦੀ ਕੁੜੀ (ਉਮਰ ਫਾਰੂਕ) ਆਦਿ।

ਲਿਪੀਅੰਤਰਕਾਰ ਡਾ. ਹਰਬੰਸ ਧੀਮਾਨ ਦੇ ਉਦਮ ਸਦਕਾ 'ਤੂੰ ਘਰ ਚਲਾ ਜਾ' ਕਹਾਣੀ-ਸੰਗ੍ਰਿਹ ਤਾਂ ਗੁਰਮੁਖੀ ਲਿਪੀ ਵਿਚ ਵੀ ਛਪ ਚੁਕਾ ਹੈ।

ਭਾਰਤੀ ਪੰਜਾਬ ਦੇ ਅੱਧੀ ਕੁ ਦਰਜਨ ਰਸਾਲਿਆਂ ਨੇ ਬੀਤੇ ਵਰ੍ਹੇ ਵੀ ਪੰਜਾਬੀ ਕਹਾਣੀ ਦੇ ਵਿਕਾਸ ਲਈ ਬਹੁਤ ਉਚੇਚਾ ਯਤਨ ਕੀਤਾ, ਜਿਵੇਂ ਸ਼ਬਦ, ਰਾਗ, ਕਹਾਣੀ ਧਾਰਾ, ਪ੍ਰਵਚਨ, ਸਿਰਜਣਾ, ਹੁਣ ਆਦਿ ਦੇ ਯਤਨ ਵੇਖੇ ਜਾ ਸਕਦੇ ਹਨ। 'ਸ਼ਬਦ' ਦਾ ਜਨਵਰੀ-ਜੂਨ ਅੰਕ, 'ਕਹਾਣੀ ਧਾਰਾ' ਦਾ ਅਪਰੈਲ-ਸਤੰਬਰ ਅੰਕ, ਅਤੇ 'ਪ੍ਰਵਚਨ' ਦਾ ਅਕਤੂਬਰ-ਦਸੰਬਰ ਅੰਕ ਕਹਾਣੀ ਵਿਸ਼ੇਸ਼ ਅੰਕ ਹੋਣ ਕਰਕੇ ਇਤਿਹਾਸਕ ਮਹੱਤਤਾ ਦੇ ਧਾਰਨੀ ਬਣੇ।

ਪੰਜਾਬੀ ਕਹਾਣੀ ਉਂਜ ਤਾਂ ਕੌਮਾਂਤਰੀ ਹੋਂਦ ਵਾਲੀ ਹੈ, ਪਰ ਇਸ ਦੇ ਬਹੁਤ ਸਾਰੇ ਸ੍ਰੋਤ ਦਿਨੋ-ਦਿਨ ਸੁੱਕ ਰਹੇ ਹਨ। ਪਰਵਾਸੀ ਪੰਜਾਬੀ ਕਹਾਣੀ ਦਾ ਕੇਂਦਰ ਹੁਣ ਕੈਨੇਡਾ ਹੈ। ਇੰਗਲੈਂਡ ਅਤੇ ਅਮਰੀਕਾ ਦੇ ਸ੍ਰੋਤ ਬਹੁਤ ਮੱਧਮ ਪੈ ਗਏ ਹਨ। ਇਸੇ ਤਰ੍ਹਾਂ ਭਾਰਤ ਵਿਚ ਪੰਜਾਬ ਤੋਂ ਬਾਹਰ ਵਧੇਰੇ ਖੇਤਰਾਂ ਵਿਚ ਪੰਜਾਬੀ ਕਹਾਣੀ ਦੇ ਸ੍ਰੋਤ ਸੁੱਕ ਗਏ ਹਨ, ਪਰ ਜੰਮੂ-ਕਸ਼ਮੀਰ ਵਿਚ ਖਾਲਿਦ ਹੁਸੈਨ, ਸੁਰਿੰਦਰ ਨੀਰ, ਬਲਜੀਤ ਰੈਣਾ ਜਿਹੇ ਕਹਾਣੀਕਾਰਾਂ ਦੀਆਂ ਸਰਗਰਮੀਆਂ ਕਰਕੇ ਪੰਜਾਬੀ ਕਹਾਣੀ ਦੀ ਸਥਿਤੀ ਕੁਝ ਤਸੱਲੀਬਖਸ਼ ਹੈ।

ਰਾਜਸਥਾਨੀ 'ਚ ਲਿਖਣ ਵਾਲੇ ਲੇਖਕ ਰੂਪ ਸਿੰਘ ਰਾਜਪੁਰੀ ਦਾ ਮੌਲਿਕ ਕਹਾਣੀ-ਸੰਗ੍ਰਿਹ 'ਚਾਂਚੂਆ' ਗੁਰਮੁਖੀ ਵਿਚ ਪਿਛਲੇ ਸਾਲ ਛਪਿਆ ਹੈ। ਅਜਿਹੀ ਨਵੀਂ ਆਮਦ ਤਸੱਲੀ ਦੇਣ ਵਾਲੀ ਹੈ।

ਸੋਸ਼ਲ ਮੀਡੀਆ ਦਾ ਪੰਜਾਬੀ ਕਹਾਣੀ ਦੇ ਪ੍ਰਕਾਸ਼ਨ ਅਤੇ ਰੀਵਿਊ ਕਰਨ ਵਿਚ ਯੋਗਦਾਨ ਦਿਨੋ-ਦਿਨ ਵਧ ਰਿਹਾ ਹੈ। ਸਾਲ 2018 'ਚ ਸੁਖਪਾਲ ਥਿੰਦ ਦੀ ਕਹਾਣੀ 'ਫੁੱਲਾਂ ਦੀ ਫਸਲ' ਬਾਰੇ ਛਿੜੀ ਚਰਚਾ ਤਾਂ ਹੈਰਾਨ ਕਰਨ ਵਾਲੀ ਰਹੀ।

ਲੰਘੇ ਵਰ੍ਹੇ ਕੁਝ ਨਾਮਵਰ ਪੰਜਾਬੀ ਕਹਾਣੀਕਾਰ-ਗੁਰਪਾਲ ਲਿੱਟ, ਅਵਤਾਰ ਸਾਦਿਕ, ਪ੍ਰੀਤਮ ਸਿੱਧੂ, ਕਰਤਾਰ ਸਿੰਘ ਸੂਰੀ, ਜਸਦੇਵ ਸਿੰਘ ਧਾਲੀਵਾਲ ਤੇ ਅਮਰਜੀਤ ਸਿੰਘ ਸਾਨੂੰ ਸਦਾ ਲਈ ਅਲਵਿਦਾ ਕਹਿ ਗਏ।

ਪਿਛਲੇ ਵਰ੍ਹੇ ਕੁਝ ਉਨ੍ਹਾਂ ਕਹਾਣੀਕਾਰਾਂ ਦੇ ਸੰਗ੍ਰਿਹ ਵੀ ਛਪੇ ਹਨ, ਜੋ ਮੁੱਖ ਧਾਰਾ ਤੋਂ ਜ਼ਰਾ ਪਰ੍ਹੇ ਰਹਿੰਦਿਆਂ ਵੀ ਆਪਣਾ ਯੋਗਦਾਨ ਨਿਰੰਤਰ ਪਾਉਂਦੇ ਰਹਿੰਦੇ ਹਨ, ਜਿਵੇਂ ਫੁਰ-ਰ-ਰ (ਸੁਰਿੰਦਰ ਪਾਲ ਸਿੰਘ ਪਿੰਗਲੀਆ), ਕਾਲੀ ਮਿੱਟੀ ਲਾਲ ਲਹੂ (ਤੇਜਿੰਦਰ ਸਿੰਘ ਫਰਵਾਹੀ), ਸੰਤਾਲੀ ਦੂਣੀਂ ਚੁਰਾਸੀ (ਬਾਜਵਾ ਸੁਖਵਿੰਦਰ), ਸਾਜਨ ਕੀ ਬੇਟੀਆਂ (ਜਸਬੀਰ ਮਾਨ), ਇਰਾਦਾ (ਗੁਰਦੇਵ ਸਿੰਘ ਗਿੱਲ), ਸੁਹਾਗਣ ਵਿਧਵਾ (ਸੰਤੋਖ ਸਿੰਘ ਹੇਅਰ), ਹਿੰਮਤ (ਸਰਵਨ ਸਿੰਘ ਪਤੰਗ, ਮਿੰਨੀ ਕਹਾਣੀ), ਕੋਈ ਨਾਓ ਨਾ ਜਾਣੇ ਮੇਰਾ (ਕਰਮਵੀਰ ਸੂਰੀ, ਮਿੰਨੀ ਕਹਾਣੀ), ਸੂਰਜ ਦਾ ਪਰਛਾਵਾਂ (ਸੁਰਿੰਦਰ ਕੈਲੇ, ਮਿੰਨੀ ਕਹਾਣੀ), ਕੋਕੂਨ ਵਿਚਲਾ ਮਨੁੱਖ, ਸੁਪਨਿਆਂ ਦਾ ਸੌਦਾਗਰ (ਹਰਭਜਨ ਖੇਮਕਰਨੀ), ਹੌਲਾ ਫੁੱਲ (ਸੁਰਿੰਦਰ ਸੋਹੀ), ਲਹੂ ਰੰਗੀ ਮਹਿੰਦੀ (ਸੁਰਿੰਦਰ ਸੈਣੀ), ਜਾਗਦੀਆਂ ਰਾਤਾਂ ਦਾ ਦਰਦ (ਚੇਤਨ ਸਿੰਘ ਛਾਹੜ), ਪਿੱਪਲ ਪੱਤੀਆਂ (ਬੇਅੰਤ ਸਿੰਘ), ਪਸੀਨੇ ਵਿਚ ਧੋਤੀ ਜ਼ਿੰਦਗੀ (ਮਹਿੰਦਰ ਸਿੰਘ ਦੋਸਾਂਝ), ਛੱਜੂ ਦਾ ਟਾਂਗਾ (ਤਰਸੇਮ ਸਿੰਘ ਭੰਗੂ), ਉਮਰੋਂ ਲੰਮੀ ਉਡੀਕ (ਨਿਸ਼ਾਨ ਸਿੰਘ ਰਾਠੌਰ), ਰੌਣਕੀ ਪਿੱਪਲ (ਕੁਲਵਿੰਦਰ ਕੌਰ ਮਹਿਕ), ਬੁਝਦੇ ਦੀਵੇ ਦੀ ਲੋਅ (ਵਰਿੰਦਰ ਕੌਰ ਰੰਧਾਵਾ), ਯਾਦਵਿੰਦਰ ਸਿੰਘ (ਬਦਲਦੇ ਰਿਸ਼ਤੇ), ਧਰਤੀ ਗਾਥਾ (ਸੁਖਵੰਤ ਸਿੰਘ), ਤਿੜਕਦੇ ਅਹਿਸਾਸ (ਰਜਿੰਦਰ ਸਿੰਘ ਢੱਡਾ), ਜੇਹਾ ਬੀਜੇ ਤੇਹਾ ਲੂਣੇ (ਬਲਵਿੰਦਰ ਭੁੱਲਰ), ਹਤਿਆਰੇ (ਸਾਗਰ ਸਿੰਘ ਤੂਰ), ਵਰਦੀ




ਦਾ ਮੁੱਲ (ਜਸਵਿੰਦਰ ਸਿੰਘ ਮਾਣੋਚਾਹਲ) ਆਦਿ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬੀਤੇ ਵਰ੍ਹੇ ਦੀ ਪੰਜਾਬੀ ਕਹਾਣੀ ਨੇ ਗਿਣਤੀ ਅਤੇ ਗੁਣਾਂ ਦੇ ਪੱਖੋਂ ਇਕ ਵਾਰ ਫੇਰ ਆਪਣੀ ਨਿੱਗਰ ਹੋਂਦ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਦੇ ਪਾਠਕ ਭਾਵੇਂ ਦਿਨੋ-ਦਿਨ ਘਟਦੇ ਜਾ ਰਹੇ ਹਨ, ਪਰ ਕਹਾਣੀ-ਸਿਰਜਣਾ ਅਤੇ ਕਹਾਣੀ ਨਾਲ ਸਬੰਧਤ ਸਰਗਰਮੀਆਂ ਵਿਚ ਸਾਲ 2018 ਵਿਚ ਵੀ ਭਰਪੂਰਤਾ ਵੇਖਣ ਨੂੰ ਮਿਲਦੀ ਰਹੀ। ■

# ਪਿਆਰ, ਖੁਸ਼ੀ ਅਤੇ ਸੰਤੁਸ਼ਟੀ

ਕਲਵੰਤ ਸਿੰਘ ਸਹੋਤਾ
ਫੋਨ: 604-589 5919

ਪਤਾ ਨਹੀਂ ਲਗਦਾ ਕਿ ਪਿਆਰ ਬਾਰੇ ਗੱਲ ਕਿੱਥੋਂ ਸ਼ੁਰੂ ਕਰਾਂ ਤੇ ਕਿਵੇਂ ਕਰਾਂ? ਇਹ ਜੀਵਨ ਦਾ ਪ੍ਰਮੁੱਖ ਅੰਗ ਹੈ। ਇਹ ਦਿਸਦਾ ਨਹੀਂ, ਇਸ ਦਾ ਕੋਈ ਰੂਪ ਜਾਂ ਅਕਾਰ ਨਹੀਂ, ਇਸ ਨੂੰ ਫੜ ਕੇ ਨਹੀਂ ਦੇਖਿਆ ਜਾ ਸਕਦਾ, ਪਰ ਅਨੁਭਵ ਕੀਤਾ ਜਾ ਸਕਦਾ ਹੈ ਤੇ ਮਾਣਿਆ ਜਾ ਸਕਦਾ ਹੈ। ਜਿਸ ਜੀਵਨ 'ਚ ਪਿਆਰ ਨਹੀਂ, ਉਹ ਜੀਵਨ ਰੁੱਖਾ, ਬੇਸੁਆਦ ਤੇ ਅਰਥਹੀਣ ਹੋ ਕੇ ਰਹਿ ਜਾਂਦਾ ਹੈ। ਪਿਆਰ ਵਾਸਤੇ ਕਿਸੇ ਸਕੂਲ, ਯੂਨੀਵਰਸਿਟੀ ਜਾਂ ਕਿਸੇ ਹੋਰ ਸਿੱਖਿਆ ਅਦਾਰੇ 'ਚ ਕੋਈ ਡਿਗਰੀ ਲੈਣ ਨਹੀਂ ਜਾਣਾ ਪੈਂਦਾ। ਇਹ ਅਨਪੜ੍ਹਾਂ 'ਚ ਵੀ ਉਨਾ ਹੀ ਪ੍ਰਬਲ ਹੁੰਦਾ ਹੈ, ਜਿੰਨਾ ਪੜ੍ਹਿਆਂ-ਲਿਖਿਆਂ 'ਚ; ਆਮ ਲੋਕਾਂ 'ਚ ਵੀ ਤੇ ਪੇਸ਼ੇਵਰਾਂ 'ਚ ਵੀ, ਅਮੀਰਾਂ 'ਚ ਤੇ ਗਰੀਬਾਂ 'ਚ ਵੀ, ਰਾਜੇ-ਰਾਣੀਆਂ 'ਚ ਵੀ ਤੇ ਪਰਜਾ 'ਚ ਵੀ। ਇਥੋਂ ਤੱਕ ਕਿ ਪਸੂ-ਪੰਛੀਆਂ ਤੇ ਜੀਵ-ਜੰਤੂਆਂ 'ਚ ਵੀ ਹੈ।

ਪਿਆਰ ਦਾ ਕੋਈ ਖਾਸ ਸਥਾਨ ਤੇ ਸਮਾਂ ਨਹੀਂ ਹੁੰਦਾ, ਇਹ ਬੇਪ੍ਰਵਾਹ ਜੀਵਨ ਦੇ ਨਾਲ ਨਿਰੰਤਰ ਚਲਦਾ ਰਹਿੰਦਾ ਹੈ, ਇਹ ਧਰਮੀਆਂ 'ਚ ਵੀ ਹੈ ਤੇ ਅਧਰਮੀਆਂ 'ਚ ਵੀ, ਇਹ ਕਿਸੇ ਬਾਜ਼ਾਰੋਂ ਨਹੀਂ ਲੱਭਦਾ, ਕਿਸੇ ਹੱਟੀ 'ਤੇ ਨਹੀਂ ਵਿਕਦਾ, ਇਸ ਨੂੰ ਬਣਾਉਣ ਵਾਲਾ ਕੋਈ ਕਾਰਖਾਨਾ ਨਹੀਂ ਦਿਸਦਾ।

ਅੱਜ ਦੇ ਯੁਗ 'ਚ ਪਿਆਰ ਦੀ ਮਹੱਤਤਾ ਹੋਰ ਵੀ ਵਧ ਗਈ ਹੈ। ਜਿਉਂ ਜਿਉਂ ਪਦਾਰਥੀ ਚੀਜ਼ਾਂ ਅਤੇ ਨਵੀਆਂ ਸੁੱਖ ਸਹੂਲਤਾਂ ਦੀ ਦੌੜ ਵਧਦੀ ਹੈ, ਉਨਾ ਹੀ ਪਿਆਰ ਅਲੋਪ ਹੋਈ ਜਾ ਰਿਹਾ ਹੈ। ਜਿਵੇਂ ਉਪਰ ਜ਼ਿਕਰ ਕੀਤਾ ਹੈ, ਪਿਆਰ ਦਿਸਣ ਵਾਲੀ ਤਾਂ ਕੋਈ ਵਸਤੂ ਹੈ ਨਹੀਂ, ਪਰ ਪਦਾਰਥਾਂ ਦੇ ਯੁੱਗ ਵਿਚ ਇਹ ਹੋਰ ਵੀ ਤੇਜ਼ੀ ਨਾਲ ਅਲੋਪ ਹੋਈ ਜਾ ਰਿਹਾ ਹੈ। ਜਿਉਂ ਜਿਉਂ ਇਸ ਦਾ ਪ੍ਰਭਾਵ ਸਾਡੇ ਜੀਵਨ 'ਚੋਂ ਘਟਦਾ ਹੈ, ਤਿਉਂ ਤਿਉਂ ਅਸੀਂ ਅੰਦਰੋਂ ਹੋਰ ਖੋਖਲੇ ਹੋਏ ਮਹਿਸੂਸ ਕਰਦੇ ਹਾਂ; ਖਾਲੀ ਖਾਲੀ ਲੱਗਣ ਲਗਦਾ ਹੈ ਅੰਦਰ। ਹੋਰ ਪਦਾਰਥਾਂ ਨੂੰ ਇਕੱਠੇ ਕਰਨ ਦੀ ਦੌੜ ਤੇਜ਼ ਹੁੰਦੀ ਹੈ, ਵੱਧ ਪਦਾਰਥ ਇਕੱਠੇ ਕਰਦੇ ਹਾਂ, ਪਿਆਰ ਹੋਰ ਦੂਰ ਨੱਠ ਜਾਂਦਾ ਹੈ।

ਪਿਆਰ ਇਕ ਅਜਿਹਾ ਚੱਕਰ ਹੈ, ਜਿਸ 'ਚ ਜਿੰਨਾ ਵੱਧ ਅਸੀਂ ਪੈਂਦੇ ਹਾਂ, ਉਨਾ ਹੀ ਵੱਧ ਖੁਭਦੇ ਹਾਂ, ਤੇ ਤੇਜੀ ਨਾਲ ਪਿਆਰ ਵਾਲੀ ਥਾਂ ਸਾਡੇ ਅੰਦਰੋਂ ਵੱਧ ਖਾਲੀ ਹੋਈ ਜਾਂਦੀ ਹੈ। ਬਨਾਵਟੀ ਖੁਸ਼ੀਆਂ ਪ੍ਰਗਟ ਕਰਨ ਦੀਆਂ ਬਨਾਵਟੀ ਸਾਜਿਸ਼ਾਂ ਰਚਦੇ ਹਾਂ, ਬੇਅੰਤ ਖਰਚਾ ਕਰਦੇ ਹਾਂ ਪਰ ਸੱਚੀ ਖੁਸ਼ੀ ਲੱਭਦੀ ਨਹੀਂ। ਪੈਸੇ ਦੇ ਜ਼ੋਰ ਖੁਸ਼ੀ ਤੇ ਪਿਆਰ ਖਰੀਦਣ ਦਾ ਯਤਨ ਕਰਦੇ ਹਾਂ, ਪਰ ਇਹ ਅਜਿਹੀਆਂ ਵਸਤਾਂ ਹਨ, ਜੋ ਪੈਸੇ ਨਾਲ ਸਥਾਈ ਤੌਰ 'ਤੇ ਖਰੀਦੀਆਂ ਨਹੀਂ ਜਾ ਸਕਦੀਆਂ।

ਖੁਸ਼ੀ ਤੇ ਸੰਤੁਸ਼ਟੀ ਦਾ ਸੁਮੇਲ ਹੈ, ਪਿਆਰ। ਇਹ ਤਿੰਨੇ ਇਕੋ ਪਰਿਵਾਰ ਦੇ ਜੀਅ ਹਨ। ਸੰਤੁਸ਼ਟੀ ਹੈ ਤਾਂ ਖੁਸ਼ੀ ਮਿਲੇਗੀ, ਖੁਸ਼ੀ ਹੋਏਗੀ ਤਾਂ ਅੰਦਰੋਂ ਪਿਆਰ ਦਾ ਸੋਮਾ ਫੁੱਟ ਪਏਗਾ, ਪਰ ਸੰਤੁਸ਼ਟੀ ਲਈ ਭੀ ਕੁਰਬਾਨੀ ਕਰਨੀ ਪੈਂਦੀ ਹੈ, ਆਸਾਂ-ਉਮੰਗਾਂ ਦੀ ਦੌੜ ਸੀਮਤ ਤੇ ਦਾਇਰੇ 'ਚ ਰੱਖਾਂਗੇ ਤਾਂ ਸੰਤੁਸ਼ਟੀ ਮਿਲੇਗੀ, ਲੋੜਾਂ ਸੀਮਤ ਰੱਖ ਜੀਵਨ ਜਿਉਣ ਦੀ ਜਾਂਚ ਸਿੱਖਾਂਗੇ ਤਾਂ ਮਨ ਦੀ ਦੌੜ ਘਟੇਗੀ। ਤੇਜ਼ ਰਫਤਾਰ ਜ਼ਿੰਦਗੀ ਦੀ ਗੱਡੀਓਂ ਉਤਰ ਬਾਹਰ ਸਟੇਸ਼ਨ 'ਤੇ ਬੈਠ ਆਪਣੇ ਅੰਦਰ ਝਾਤ ਮਾਰਾਂਗੇ ਤਾਂ ਸਕੂਨ ਮਿਲੇਗਾ, ਇਥੋਂ ਪਿਆਰ ਤੇ ਖੁਸ਼ੀ ਦਾ ਰਾਹ ਦਿਸੇਗਾ। ਝੂਠਾ ਦਿਖਾਵਾ, ਬਨਾਵਟੀ ਸ਼ੁਹਰਤ ਅਤੇ ਫੋਕੀ ਟੌਹਰ ਅੱਜ ਦੇ ਪਦਾਰਥੀ ਯੁੱਗ ਦਾ ਮੁੱਖ ਅੰਗ ਬਣ ਗਏ ਹਨ। ਇਹ ਆਤਮ ਵਿਸ਼ਵਾਸ ਦੇ ਘਾਟ ਦੀ ਨਿਸ਼ਾਨੀ ਹੈ। ਇਸ ਰਸਤੇ ਚੱਲਦਿਆਂ ਪਿਆਰ ਤੇ ਖੁਸ਼ੀ ਨਹੀਂ ਪ੍ਰਾਪਤ ਹੋਣੇ, ਸਗੋਂ ਮਨ ਦੀ ਦੁਬਿਧਾ ਹੋਰ ਵਧਣੀ ਹੈ, ਬੇਚੈਨੀ ਨੇ ਮਨ 'ਚ ਘਰ ਕਰ ਲੈਣਾ ਹੈ ਤੇ ਇਸ ਹਾਲਤ ਵਿਚ ਖੁਸ਼ੀ ਤੇ ਪਿਆਰ ਅੰਦਰੋਂ ਖੰਭ ਲਾ ਕੇ ਉਡ ਜਾਣੇ ਹਨ। ਦਰਅਸਲ ਪਦਾਰਥੀ ਜੀਵਨ ਦਾ ਇਹ ਇਕ ਖਾਸਾ ਹੈ ਕਿ ਇਹ ਇਕ ਨਾ-ਮੁੱਕਣ ਵਾਲੀ ਤੇ ਦਿਸ਼ਾਹੀਣ ਦੌੜ ਹੈ। ਇਸ ਦੀ ਕੋਈ ਫਿਨਿਸ਼ ਲਾਈਨ ਨਹੀਂ। ਵੱਧ ਇਸ 'ਚ ਦੌੜੋਗੇ, ਵੱਧ ਨਿਰਾਸ਼ ਤੇ ਵੱਧ ਅੰਦਰੋਂ ਖਾਲੀ ਖਾਲੀ ਮਹਿਸੂਸ ਕਰੋਗੇ। ਜੀਵਨ ਦੀਆਂ ਅਸਲੀ ਕਦਰਾਂ ਕੀਮਤਾਂ ਨੂੰ ਅਸਾਂ ਅੱਜ ਪਦਾਰਥਾਂ ਨਾਲ ਬੰਨ ਦਿਤਾ ਹੈ। ਬਹੁਕੌਮੀ ਕਾਰਪੋਰੇਸ਼ਨਾਂ ਵੱਧ ਮੁਨਾਫਾ ਕਮਾਉਣ ਦੇ ਨਿਸ਼ਾਨੇ ਨਾਲ ਵੱਧ ਤੋਂ ਵੱਧ ਆਪਣੀਆਂ ਨਵੀਆਂ ਬਣਾਈਆਂ ਵਸਤਾਂ ਤੇ ਸੇਵਾਵਾਂ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕਰਨ ਦੇ ਢੰਗ-ਤਰੀਕੇ ਵਰਤਦੀਆਂ ਹਨ ਤੇ ਇੰਜ ਦੁਬਿਧਾ 'ਚ ਪਏ ਸਾਡੇ ਮਨ ਨੂੰ ਹੋਰ ਦੁਬਿਧਾ 'ਚ ਪਾਉਂਦੀਆਂ ਹਨ।

ਜਦੋਂ ਮਾਹੌਲ ਹੀ ਅਜਿਹਾ ਹੋਵੇ ਤਾਂ ਮਨ 'ਚ ਖੁਸ਼ੀ ਕਿਥੋਂ ਤੇ ਪਿਆਰ ਕਿਥੋਂ? ਹਾਂ, ਆਰਜੀ ਤੌਰ 'ਤੇ ਨਵੀਆਂ ਪ੍ਰਾਪਤ ਕੀਤੀਆਂ ਬੇਲੋੜੀਆਂ ਪਦਾਰਥੀ ਚੀਜ਼ਾਂ ਨਾਲ ਕੁਝ ਚਿਰ ਲਈ ਤਾਂ ਲੱਗੇਗਾ ਕਿ ਇਨ੍ਹਾਂ ਨੂੰ ਪ੍ਰਾਪਤ ਕਰ ਤੁਸੀਂ ਖੁਸ਼ ਹੋ ਗਏ ਹੋ ਪਰ ਥੋੜੇ ਚਿਰ ਬਾਅਦ ਹੀ ਅੰਦਰ ਖੋਖਲਾ ਖੋਖਲਾ ਲੱਗਣ ਲੱਗ ਜਾਏਗਾ ਤੇ ਇਸ ਘਾਟ ਨੂੰ ਪੂਰਾ ਕਰਨ ਲਈ ਹੋਰ ਪਦਾਰਥ ਇਕੱਠੇ ਕਰਨ ਦੀ ਦੌੜ ਦੀ ਗੱਡੀ ਮੁੜ ਚੜ੍ਹ ਦੁਬਿਧਾ ਦੇ ਘੇਰੇ 'ਚ ਗੁਆਚ ਜਾਵੋਗੇ। ਪਦਾਰਥੀ ਯੁੱਗ 'ਚ ਪਦਾਰਥੀ ਦੌੜ ਸਾਨੂੰ ਬੱਚਿਆਂ ਨਾਲ ਸਮਾਂ ਬਿਤਾਉਣ ਤੋਂ ਵੀ ਦੂਰ ਕਰਦੀ ਹੈ, ਇੰਜ ਬੱਚਿਆਂ ਨੂੰ ਪਿਆਰ, ਸਨੇਹ ਤੇ ਅਪਣੱਤ ਦੇਣ ਤੋਂ ਅਸੀਂ ਵਾਂਝੇ ਕਰ ਦਿੰਦੇ ਹਾਂ। ਇਸ ਤਰ੍ਹਾਂ ਉਨ੍ਹਾਂ ਦੇ ਅੰਦਰ ਜੋ ਅਪਣੱਤ ਤੇ ਪਿਆਰ ਦੀ ਚਿਣਗ ਅਸੀਂ ਜਗਾਉਣੀ ਹੁੰਦੀ ਹੈ, ਉਹ ਜਗਦੀ ਨਹੀਂ। ਅੱਜ ਆਮ ਸ਼ਿਕਾਇਤ ਹੈ ਕਿ ਪਰਿਵਾਰਾਂ 'ਚ ਪਿਆਰ ਨਹੀਂ ਰਿਹਾ, ਰਿਸ਼ਤਿਆਂ 'ਚ ਖੱਟਾਸ ਹੈ, ਹਰ ਗੱਲ 'ਤੇ ਮੈਂ ਭਾਰੂ ਹੈ, ਪਰਿਵਾਰਕ ਜਿੰਮੇਵਾਰੀ ਦਾ ਰੁਝਾਨ ਖੰਭ ਲਾ ਕੇ ਉਡੀ ਜਾ ਰਿਹਾ ਹੈ। ਇਹ ਸਭ ਆਪਣੇ ਆਲੇ-ਦੁਆਲੇ ਦੇ ਪ੍ਰਭਾਵ ਦਾ ਹੀ ਅਕਸ ਹੈ।

ਪੱਛਮੀ ਪਦਾਰਥੀ ਪ੍ਰਭਾਵਾਂ ਨੇ ਅੱਜ ਪੂਰਬੀ ਮੁਲਕਾਂ ਨੂੰ ਆਪਣੀ ਜਕੜ 'ਚ ਲੈ ਖੁਸ਼ਕੀ ਤੇ ਬੇਗਾਨਗੀ ਦੇ ਜਰਾਸੀਮਾਂ ਦਾ ਛਿੜਕਾ ਕਰ ਦਿੱਤਾ ਹੈ। ਪੂਰਬੀ ਦੇਸ਼ਾਂ 'ਚ ਸਦੀਆਂ ਤੋਂ ਸੰਤੁਸ਼ਟ ਤੇ ਸ਼ਾਂਤ ਜੀਵਨ ਬਤੀਤ ਕਰਨ ਦੀਆਂ ਵਿਧੀਆਂ ਨੂੰ ਅੱਜ ਪੱਛਮੀ ਪਦਾਰਥੀ ਪ੍ਰਭਾਵ ਨੇ ਗ੍ਰਹਿਣ ਲਾ ਦਿੱਤਾ ਹੈ। ਦੁਨੀਆਂ ਦੇ ਤੇਜ਼ੀ ਨਾਲ ਹੋ ਰਹੇ ਸੰਸਾਰੀਕਰਣ ਨੇ ਸਭ ਪਾਸੇ ਉਥਲ ਪੁਥਲ ਮਚਾ ਦਿੱਤੀ ਹੈ। ਖੁਸ਼ੀਆਂ ਤੇ ਪਿਆਰ ਕਿਸੇ ਖੂੰਜੇ ਸੁੱਟ ਦਿੱਤੇ ਹਨ। ਬੰਦਿਆਂ ਦੀ ਸੋਚਣ ਸ਼ਕਤੀ ਦਾ ਕੰਮ ਕੰਪਿਊਟਰਾਂ ਨੇ ਲੈ ਲਿਆ ਹੈ। ਬੰਦਾ ਹੋਰ ਵਸਤਾਂ ਵਾਂਗ ਹੀ ਇਕ ਵਸਤੂ ਬਣ ਕੇ ਰਹਿ ਗਿਆ ਹੈ। ਜੇ ਇਹ ਅਖੌਤੀ ਤਰੱਕੀ ਇਸੇ ਤਰ੍ਹਾਂ ਹੀ ਜਾਰੀ ਰਹੀ ਤਾਂ ਪਿਆਰ ਤੇ ਖੁਸ਼ੀ ਤਾਂ ਇਕ ਪਾਸੇ, ਸਾਡੇ ਦਿਮਾਗ ਵਿਚੋਂ ਪਿਆਰ ਤੇ ਖੁਸ਼ੀਆਂ ਵਾਲਾ ਖਾਨਾ ਹੀ ਅਲੋਪ ਹੋ ਜਾਣਾ ਹੈ। ਭਵਿੱਖ 'ਚ ਬੰਦੇ ਦਾ ਦਿਮਾਗ ਹੀ ਇੰਨਾ ਅਣਵਿਕਸਿਤ ਹੋ ਜਾਣਾ ਹੈ ਕਿ ਬੰਦਾ ਵੀ ਇਕ ਰੋਬੋਟ ਬਣ ਕੇ ਰਹਿ ਜਾਏਗਾ। ਹਾਲੇ ਤਾਂ ਬੰਦਾ ਪਿਆਰ ਦੀ ਹੋਂਦ ਤੇ ਅਣਹੋਂਦ ਮਹਿਸੂਸ ਕਰਦਾ ਹੈ, ਭਵਿੱਖ 'ਚ ਤਾਂ ਇਹ ਅੰਤਰ ਅਨੁਭਵ ਕਰਨ ਦੇ ਯੋਗ ਹੀ ਨਹੀਂ ਰਹਿਣਾ ਕਿਉਂਕਿ ਆਪਣੀ ਸੋਚਣ ਸ਼ਕਤੀ ਦਾ ਕੰਮ ਕੰਪਿਊਟਰਾਂ ਤੋਂ ਜੋ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ।

ਹਜ਼ਾਰਾਂ-ਲੱਖਾਂ ਸਾਲਾਂ ਬਾਅਦ ਬੰਦਾ ਇਸ ਮਾਰਗ 'ਤੇ ਪਹੁੰਚਾ ਹੈ, ਹੌਲੀ ਹੌਲੀ ਤਰੱਕੀ ਕਰਕੇ, ਹੁਣ ਉਲਟ ਵਿਕਾਸ ਸ਼ੁਰੂ ਹੋ ਗਿਆ ਹੈ, ਇਸ ਅਖੌਤੀ ਤਰੱਕੀ ਦੀ ਆੜ ਵਿਚ। ਜੇ ਇਉਂ ਹੀ ਜਾਰੀ ਰਿਹਾ ਤਾਂ ਪਿਆਰ ਤੇ ਖੁਸ਼ੀਆਂ ਸ਼ਬਦ ਕੋਸ਼ ਵਿਚ ਇਕ ਭੂਤਪੂਰਵ ਅੱਖਰ ਬਣ ਕੇ ਹੀ ਰਹਿ ਜਾਣਗੇ।

ਵਿਗਿਆਨਕ ਖੋਜ ਨੇ ਸਾਨੂੰ ਆਰਜੀ ਤਰੱਕੀ ਅਤੇ ਪ੍ਰਗਤੀ ਦਾ ਆਰਜੀ ਨਸ਼ਾ ਤਾਂ ਜ਼ਰੂਰ ਦੇ ਦਿੱਤਾ ਹੈ, ਪਰ ਆਉਣ ਵਾਲੇ ਸਮੇਂ 'ਚ ਸਾਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ। ਪਦਾਰਥੀ ਵਸਤਾਂ ਖਾਤਰ ਬੰਦੇ ਨੇ ਪਿਆਰ ਤੇ ਖੁਸ਼ੀਆਂ ਜਿਹੀਆਂ ਵਡਮੁੱਲੀਆਂ ਸ਼ੈਆਂ ਗਵਾ ਲਈਆਂ ਹਨ, ਮਸ਼ੀਨੀ ਬਣ ਗਏ ਬੰਦੇ ਮਸ਼ੀਨਾਂ ਵਾਂਗ ਹੀ ਚੱਲਣੇ ਹਨ। ਬਹੁਕੌਮੀ ਕਾਰਪੋਰੇਸ਼ਨਾਂ ਨੇ ਮੁਨਾਫੇ ਨੂੰ ਸਨਮੁੱਖ ਇਕ ਐਸੀ ਰੋਬੋਟਿਕ ਸ਼੍ਰੇਣੀ ਨੂੰ ਜਨਮ ਦੇਣਾ ਹੈ, ਜਿਸ ਦਾ ਜਾਗ ਹੌਲੀ ਹੌਲੀ ਲਗਦਾ ਥੱਲੇ ਤੱਕ ਉਤਰਨਾ ਸ਼ੁਰੂ ਹੋ ਜਾਣਾ ਹੈ। ਇਹ ਖੋਰਾ ਲੱਗਣਾ ਸ਼ੁਰੂ ਹੋ ਵੀ ਚੁਕਾ ਹੈ। ਇਨ੍ਹਾਂ ਮੁਨਾਫਾਖੋਰ ਕਾਰਪੋਰੇਸ਼ਨਾਂ ਨੂੰ ਚਲਾਉਣ ਵਾਲੇ ਵੀ ਇਨਸਾਨ ਹੀ ਹਨ, ਕੋਈ ਫਰਿਸ਼ਤੇ ਨਹੀਂ। ਢੇਰਾਂ ਦੇ ਢੇਰ ਪੈਸਾ ਹੋਣ ਦੇ ਬਾਵਜੂਦ ਜਦ ਉਨ੍ਹਾਂ ਦੇ ਅੰਦਰ ਉਦਾਸੀ, ਇਕੱਲ ਅਤੇ ਪਿਆਰ ਤੇ ਖੁਸ਼ੀ ਦੀ ਅਣਹੋਂਦ ਨੇ ਦਸਤਕ ਦਿੱਤੀ ਤਾਂ ਪਿਆਰ ਤੇ ਖੁਸ਼ੀ ਕਿਸੇ ਬਾਜ਼ਾਰੋਂ ਨਹੀਂ ਖਰੀਦ ਸਕਣੇ। ਪਿਆਰ ਨਹੀਂ ਹੋਣਾ ਤਾਂ ਭਾਈਚਾਰਕ ਰਿਸ਼ਤੇ ਖਤਮ ਹੋ ਜਾਣਗੇ ਤੇ ਬੰਦਾ ਵਸਤਾਂ, ਪਦਾਰਥਾਂ ਦੇ ਢੇਰਾਂ 'ਚ ਹੀ ਦੱਬ ਕੇ ਰਹਿ ਜਾਏਗਾ। ਇਨ੍ਹਾਂ ਦੀਆਂ ਕੰਧਾਂ ਇੰਨੀਆਂ ਉਚੀਆਂ ਤੇ ਗਹਿਰੀਆਂ ਹੋਣਗੀਆਂ ਕਿ ਵਿਚ ਦੀ ਕੋਈ ਝੀਤ ਜਾਂ ਮੋਰੀ ਵੀ ਨਹੀਂ ਦਿਸਣੀ ਜਿਸ ਥਾਂਈਂ ਕਿਤੇ ਦੂਰ ਦੁਰਾਡੇ ਮਨ ਨੂੰ ਝੂਠੀ ਤਸੱਲੀ ਦੇਣ ਲਈ ਤੇ ਕਿਤੇ ਪਿਆਰ ਤੇ ਖੁਸ਼ੀ ਦਾ ਸੁਪਨਾ ਲੈਣ ਲਈ ਵੀ ਝਾਤ ਮਾਰੀ ਜਾ ਸਕੇ।

ਭਾਵੇਂ ਬੰਦਾ ਅਰਬਪਤੀ ਹੈ ਜਾਂ ਗੁਜਾਰਾ ਮਸਾਂ ਹੀ ਕਰਨ ਵਾਲਾ, ਪਰ ਉਮਰ ਦਾ ਸਫਰ ਸਭ ਦਾ ਬਰਾਬਰ ਹੀ ਸੀਮਤ ਹੈ, ਕਦੇ ਕੋਈ ਸੁਣਿਆ ਅਰਬਪਤੀ ਜਾਂ ਕੋਈ ਵੱਡਾ ਰਾਜਾ ਦੋ ਤਿਨ ਸੌ ਸਾਲ ਜੀਅ ਸਕਿਆ ਹੋਵੇ! ਹਾਂ ਸੀਮਤ ਗੁਜਾਰੇ ਵਾਲੇ ਸੰਤੁਸ਼ਟ ਭਲੇ ਪੁਰਸ਼ ਕੋਲ ਖੁਸ਼ੀ ਤੇ ਪਿਆਰ ਦੀ ਦੌਲਤ ਤਾਂ ਹੋ ਸਕਦੀ ਹੈ ਪਰ ਅਰਬਪਤੀ ਕੋਲ ਸ਼ਾਇਦ ਇਹ ਵੀ ਨਾ ਹੋਵੇ।

ਕਹਾਣੀ

# ਇਹ ਮੇਰਾ ਨਾਂ

***ਉਘਾ ਲਿਖਾਰੀ ਅਤੇ ਕਾਰਕੁਨ ਸਾਧੂ ਬਿਨਿੰਗ 1967 ਤੋਂ ਕੈਨੇਡਾ ਦੇ ਸ਼ਹਿਰ ਵੈਨਕੂਵਰ ਰਹਿੰਦਾ ਹੈ। ਆਪਣੀ ਨਵੀਂ ਕਹਾਣੀ 'ਇਹ ਮੇਰਾ ਨਾਂ' ਵਿਚ ਉਹਨੇ ਬਚਪਨ ਦਾ ਗੇੜਾ ਮਾਰਿਆ ਹੈ। ਬਾਲਕ ਦੇ ਨਜ਼ਰੀਏ ਤੋਂ ਪੇਸ਼ ਇਸ ਕਹਾਣੀ ਨੂੰ ਪੜ੍ਹਦਿਆਂ ਪਾਠਕ ਵੀ ਆਪਣੇ ਬਚਪਨ ਦੇ ਦੌਰ ਵਿਚ ਪਹੁੰਚਿਆ ਮਹਿਸੂਸ ਕਰਦਾ ਹੈ। ਇਹੀ ਇਸ ਕਹਾਣੀ ਦੀ ਤਾਕਤ ਹੈ। -ਸੰਪਾਦਕ***

ਸਵੇਰੇ ਆਪਣੇ ਪੋਤੇ ਦੀ ਕਾਰ ਵਿਚ ਰੇਡੀਓ 'ਤੇ ਸੁਣੀ ਇਹ ਗੱਲ ਕਿ 'ਬੰਦੇ ਦਾ ਨਾਂ ਤੇ ਜਨਮ ਤਰੀਕ ਉਹਦੀ ਹੋਂਦ ਦੀਆਂ ਦੋ ਬਹੁਤ ਹੀ ਮੁੱਢਲੀਆਂ ਗੱਲਾਂ ਹੁੰਦੀਆਂ ਹਨ', ਮੇਰੇ ਕੰਨਾਂ 'ਚ ਗੂੰਜ ਰਹੀ ਹੈ। ਮੇਰੇ ਲਈ ਤਾਂ ਇਹ ਦੋਵੇਂ ਚੀਜ਼ਾਂ ਹੀ ਰਲਗੱਡ ਰਹੀਆਂ ਹਨ ਸਦਾ। ਮਾਂ ਮੇਰਾ ਜਨਮ ਕਿਸੇ ਹੋਰ ਮਹੀਨੇ ਦਾ ਦੱਸਦੀ ਰਹੀ ਤੇ ਮੇਰੇ ਪੇਪਰ ਕੋਈ ਹੋਰ ਈ ਮਹੀਨਾ ਦਰਸਾਉਂਦੇ ਰਹੇ। ਏਨਾ ਸ਼ੁਕਰ ਹੈ ਕਿ ਸਾਲ ਉਹੀ ਆ, ਕਈ ਮੇਰੇ ਅਰਗਿਆਂ ਦੇ ਤਾਂ ਸਾਲ ਵੀ ਇਧਰ ਉਧਰ ਹੋਏ ਪਏ ਨੇ।

ਬੇਬੇ ਮੇਰੀ ਨੇ ਦੱਸਦੇ ਆ, ਮੇਰਾ ਨਾਂ ਰੱਖਿਆ ਸੀ ਬਹਾਦਰ ਸਿੰਘ। ਉਹ ਜਿੰਨਾ ਚਿਰ ਜੀਂਦੀ ਰਹੀ, ਆਪਣੇ 'ਸੌ ਸੁੱਖਾਂ ਬਾਅਦ ਮਿਲੇ' ਜੇਠੇ ਪੋਤੇ ਯਾਨਿ ਮੈਨੂੰ ਇਸੇ ਨਾਂ ਨਾਲ ਬੁਲਾਉਂਦੀ ਰਹੀ। ਪਰ ਪੇਪਰਾਂ 'ਚ ਮੇਰਾ ਨਾਂ ਗੁਰਮੁਖ ਸਿੰਘ ਲਿਖਿਆ ਗਿਆ ਤੇ ਬਾਕੀ ਦੁਨੀਆਂ ਮੈਨੂੰ ਇਸੇ ਨਾਂ ਨਾਲ ਹੀ ਜਾਣਦੀ ਹੈ। ਖੈਰ ਜਿੱਦਾਂ ਹੁੰਦਾ ਈ ਆ, ਇਸ ਸਾਰੇ ਪਿੱਛੇ ਵੀ ਕਹਾਣੀ ਹੈ।



ਸਾਧੂ ਬਿਨਿੰਗ

ਜਦੋਂ ਮੈਂ ਨਿੱਕਾ ਜਿਹਾ ਸੀ ਤਾਂ ਜੀਵਨ ਦੀ ਤੋਰ ਬੜੀ ਮਜ਼ੇਦਾਰ ਹੁੰਦੀ ਸੀ। ਬਸ ਮੌਜਾਂ ਈ ਮੌਜਾਂ। ਸਵੇਰੇ ਮਰਜ਼ੀ ਨਾਲ ਉਠਣਾ। ਚੁੱਲ੍ਹੇ ਲਾਗੇ ਬੈਠ ਕੇ ਚਾਹ ਦੀ ਬਾਟੀ ਪੀ ਕੇ ਸੁਸਤੀ ਜਿਹੀ ਉਤਾਰਨ ਲਈ ਕਈ ਕਈ ਮਿੰਟ ਸ਼ੌਕ ਵਜੋਂ ਈਂ ਸਿਰ, ਢਿੱਡ ਜਾਂ ਚਿੱਤੜਾਂ ਨੂੰ ਖਨੂੰਹੀ ਜਾਣਾ। ਜੇ ਲੱਗਾ ਪਈ ਬੀਬੀ ਜਾਂ ਬੇਬੇ ਕੋਲ ਧਿਆਨ ਦੇਣ ਦਾ ਟੈਮ ਹੈਗਾ, ਇਸ ਗੱਲ ਦਾ ਕੁਦਰਤੋਂ ਅੰਦਾਜ਼ਾ ਜਿਹਾ ਹੋ ਜਾਂਦਾ ਸੀ, ਤਾਂ ਐਵੀਂ ਬੇਮਤਲਬ ਜਿਹਾ ਰੋਣਾ ਸ਼ੁਰੂ ਕਰ ਦੇਣਾ।

ਪਤਾ ਤਾਂ ਉਨ੍ਹਾਂ ਨੂੰ ਵੀ ਹੁੰਦਾ ਈ ਸੀ, ਪਈ ਮੇਰੇ ਸਵੇਰ ਆਲੇ ਰੋਣ 'ਚ ਕੋਈ ਅਸਲੀਅਤ ਤਾਂ ਹੈ ਈ ਨਈਂ, ਫੇਰ ਵੀ ਜੇ ਕਿਤੇ ਬੇਬੇ ਕੋਲ ਟੈਮ ਹੋਣਾ ਤਾਂ ਚੁੱਕ ਲੈਣਾ। ਬੀਬੀ ਕੋਲ ਤਾਂ ਸਵੇਰ ਵੇਲੇ ਟੈਮ ਹੋਣ ਦਾ ਸਵਾਲ ਈ ਨਈਂ ਸੀ। ਬੇਬੇ ਨੇ ਮੇਰੇ ਨਿੱਕੇ ਜਿਹੇ ਢਿੱਡ 'ਤੇ ਹੱਥ ਫੇਰ ਕੇ ਕਹਿਣਾ, "ਕੀ ਹੋਇਆ ਮੇਰੇ ਪੁੱਤ ਨੂੰ? ਹੈਂ ਕਿਓਂ ਰੋਂਦੀ ਆ, ਮੇਰੀ ਨਿੱਕੀ ਜਿਹੀ ਡਿੱਡੀ ਸਵੇਰੇ ਸਵੇਰੇ? ਚਾਹ ਥੋੜ੍ਹੀ ਮਿਲੀ ਆ ਅੱਜ ਮੇਰੇ ਬਹਾਦਰ ਸਿਓਂ ਨੂੰ?" ਖੁਸ਼ੀ ਤਾਂ ਏਸੇ ਗੱਲ ਦੀ ਬਹੁਤ ਹੁੰਦੀ ਸੀ, ਪਈ ਬੇਬੇ ਨੇ ਚੁੱਕ ਲਿਆ। ਇਸ ਖੁਸ਼ੀ 'ਚ ਥੋੜ੍ਹਾ ਜਿਹਾ ਜਿੱਤ ਦਾ ਵੀ ਰਲਾਅ ਹੁੰਦਾ ਸੀ। ਨਾਲ ਚਾਹ ਦੀ ਹੋਰ ਸੁਲ੍ਹਾ ਤਾਂ ਸੋਨੇ 'ਤੇ ਸੁਹਾਗੇ ਆਲੀ ਗੱਲ ਹੁੰਦੀ। ਆਪਾਂ ਸਿਰ ਥੱਲੇ ਨੂੰ ਮਾਰ ਦੇਣਾ। ਬਾਟੀ ਚਾਹ ਦੀ ਹੋਰ ਮਿਲ ਜਾਣੀ।

ਉਦਾਂ ਜੇ ਬੇਬੇ ਨੇ ਕੁਛ ਹੋਰ ਵੀ ਕਹਿ ਦਿੱਤਾ, ਜਿੱਦਾਂ ਪਈ "ਬਿਸਕੁਟ ਲੈਣਾ?" ਤਾਂ ਆਪਣਾ ਸਿਰ ਉਸੇ ਦਿਸ਼ਾ 'ਚ ਹਿਲਣਾ ਹੁੰਦਾ ਸੀ, ਸਗੋਂ ਹੋਰ ਜੋਸ਼ ਨਾਲ। ਸਾਡੇ ਘਰ ਦੀ ਪਿਛਲੀ ਕੋਠੜੀ 'ਚ ਨਿੱਕੀ ਜਿਹੀ ਪੀਪੀ 'ਚ ਬੇਬੇ 'ਆਏ ਗਏ ਲਈ' ਬਿਸਕੁਟ ਰੱਖਦੀ ਹੁੰਦੀ ਸੀ। ਇਕ ਦਿਨ ਬੀਬੀ ਨੇ ਕਿਸੇ ਗੱਲੋਂ ਖਿਝ ਕੇ ਮੈਨੂੰ ਉਸ ਕੋਠੜੀ 'ਚ ਹੁਬੜ ਦਿੱਤਾ। ਨ੍ਹੇਰੇ 'ਚ ਹੱਥ ਪੈਰ ਮਾਰਦੇ ਦੇ ਮੇਰੇ ਗੋਡੇ 'ਚ ਉਹ ਪੀਪੀ ਲੱਗ ਗਈ ਤੇ ਉਹਦੇ ਟੁੱਟੇ ਹੋਏ ਕੰਢੇ ਨੇ ਗੋਡੇ 'ਚੋਂ ਲਹੂ ਕੱਢ ਦਿੱਤਾ। ਪਰ ਫੇਰ ਮੈਨੂੰ ਵਰਾਉਣ ਲਈ ਤੇ ਖਬਰੇ ਪੀਪੀ ਨੂੰ ਸਜ਼ਾ ਦੇਣ ਲਈ, ਬੇਬੇ ਨੇ ਦੋ ਤਿੰਨ ਬਿਸਕੁਟ ਦੇ ਦਿੱਤੇ। ਬਿਸਕੁਟਾਂ ਨੇ ਜੋ ਸੁਆਦ ਦਿੱਤਾ, ਮੈਂ ਹਾਣੀ ਨਿਆਣਿਆਂ ਨੂੰ ਦੱਸ ਦੱਸ ਕੇ ਉਨ੍ਹਾਂ ਦੇ ਮੂੰਹਾਂ 'ਚੋਂ ਕਈ ਦਿਨ ਲਾਲਾਂ ਵਗਾਉਂਦਾ ਰਿਹਾ।

ਜੇ ਕਿਤੇ ਬੇਬੇ ਰੋਂਦੇ ਨੂੰ ਚੁੱਕ ਕੇ ਬਿਸਕੁਟਾਂ ਦੀ ਸੁਲ੍ਹਾ ਮਾਰ ਲੈਂਦੀ ਤਾਂ ਆਪਾਂ ਪਲ 'ਚ ਮੰਨ ਜਾਂਦੇ ਤੇ ਚੇਤਾ ਈ ਨਾ ਰਹਿੰਦਾ, ਪਈ ਰੋਣਾ ਕਾਹਦੇ ਲਈ ਸ਼ੁਰੂ ਕੀਤਾ ਸੀ।

ਪਰ ਏਦਾਂ ਹੁੰਦੀ ਬਹੁਤ ਘੱਟ ਸੀ। ਸਵੇਰ ਨੂੰ ਨਾ ਬੇਬੇ ਨੂੰ ਤੇ ਨਾ ਹੀ ਕਦੇ ਬੀਬੀ ਨੂੰ ਵਿਹਲ ਹੁੰਦੀ ਸੀ, ਪਈ ਮੈਨੂੰ ਚੁੱਕ ਲੈਣ। ਬੀਬੀ ਨੂੰ ਮੈਥੋਂ ਛੋਟੀ ਭੈਣ ਤੇ ਉਹਦੇ ਤੋਂ ਛੋਟਾ ਭਰਾ ਈ ਨਈਂ ਸੀ ਛੱਡਦੇ ਸਵੇਰੇ ਕਦੇ। ਨਾਲੇ ਉਹਨੇ ਖੂਹ ਨੂੰ ਚਾਹ ਤੇ ਰੋਟੀਆਂ ਲੈ ਕੇ ਜਾਣਾ ਹੁੰਦਾ। ਪਹਿਲਾਂ ਤੜਕੇ ਉਹ ਦੋ ਮਹੀਆਂ ਚੋ ਕੇ ਲਿਆਉਂਦੀ। ਮੀਲ ਭਰ 'ਤੇ ਸਾਡਾ ਖੂਹ ਸੀ। ਜਿੱਦਾਂ ਬੇਬੇ ਤੇ ਬੀਬੀ ਆਪ ਈ ਕਹਿੰਦੀਆਂ ਹੁੰਦੀਆਂ, ਪਈ ਉਨ੍ਹਾਂ ਕੋਲ ਤਾਂ 'ਮਰਨ ਦੀ ਵਿਹਲ ਨਹੀਂ', ਸਾਨੂੰ ਮਲੰਗਾਂ ਨੂੰ ਕੌਣ ਚੁੱਕੇ ਤੇ ਕੌਣ ਵਰਾਵੇ।

ਹਾਲਾਤ ਨੇ ਸਾਨੂੰ ਵੀ ਫੱਕਰਪੁਣਾ ਸਿਖਾ ਦਿੱਤਾ। ਚਾਹ ਪੀਣੀ, ਢਿੱਡ 'ਤੇ ਫੇਰਨਾ ਹੱਥ ਤੇ ਉਠ ਪੈਣਾ ਚੜ੍ਹਦੇ ਦਿਨ ਨਾਲ ਸਿੱਧੀ ਟੱਕਰ ਲੈਣ। ਜੇ ਰਾਤ ਦੀ ਨਿੱਕੀ ਜਿਹੀ ਕੱਛੀ ਪਾਈ ਹੁੰਦੀ ਤਾਂ ਉਹਦੇ 'ਚ, ਨਹੀਂ ਤਾਂ ਨਿੱਕੀਆਂ ਨਿੱਕੀਆਂ ਰੰਗ ਬਰੰਗੀਆਂ ਘੁੰਗਰੀਆਂ ਵਾਲੀ ਯਾਰਾਂ ਦੀ ਤੜਾਗੀ। ਸੁੱਤੇ ਉਠਦਿਆਂ ਪਹਿਲਾ ਕੰਮ ਹੁੰਦਾ ਸੀ ਹੱਥ 'ਚ ਛਿਟੀ ਜਿਹੀ ਫੜ ਕੇ ਵਿਹੜੇ 'ਚ ਗੇੜਾ ਮਾਰਨਾ। ਜਿੱਦਾਂ ਪੁਲਿਸ ਦਾ ਛੋਟਾ ਅਫਸਰ ਵੱਡੇ ਅਫਸਰ ਦੀ ਗੈਰ ਹਾਜ਼ਰੀ 'ਚ ਆਪਣੀ ਚੌਧਰ ਦਿਖਾਉਣ ਲਈ ਠਾਣੇ 'ਚ ਗੇੜਾ ਮਾਰਦਾ ਹੁੰਦਾ ਸੀ ਨਾ, ਐਨ ਉਸੇ ਤਰ੍ਹਾਂ। ਜੇ ਕੁਕੜੀ ਮੋਹਰੇ ਆ ਗਈ ਤਾਂ ਹੱਥ ਦੀ ਛਿਟੀ ਨੇ ਉਹਦੇ ਵੱਲ ਉਠਣਾ ਤੇ ਜੇ ਬਿੱਲੀ ਦਿਸ ਪਈ ਤਾਂ ਉਹਦੀ ਸ਼ਾਮਤ। ਚਿੜੀਆਂ ਤੇ ਸ਼ਾਰਕਾਂ ਦੁਹਾਈਆਂ ਪਾਉਂਦੀਆਂ ਉਡ ਜਾਂਦੀਆਂ ਮੈਨੂੰ ਦੇਖ ਕੇ। ਜ਼ਮਾਨੇ ਜ਼ਮਾਨੇ ਦੀਆਂ ਗੱਲਾਂ, ਸਾਡੇ ਆਪਣੇ ਵਿਹੜੇ 'ਚ ਉਨ੍ਹੀਂ ਦਿਨੀਂ ਸਾਡੀ ਤੜਾਗੀ 'ਚ ਈ ਕਈ ਕਈ ਫੀਤੀਆਂ ਲੱਗੀਆਂ ਵਾਲੇ ਅਫਸਰਾਂ ਜਿੰਨੀ ਟੌਹਰ ਹੁੰਦੀ ਸੀ। ਪਰ ਫੇਰ ਤੜਾਗੀ ਵਾਲੀ ਆਜ਼ਾਦੀ ਤਾਂ ਜਾਂਦੀ ਲੱਗੀ, ਕਿਉਂਕਿ ਸੁੱਤੇ ਉਠਦੇ ਦੇ ਹੀ ਬੀਬੀ ਜਾਂ ਬੇਬੇ ਨੇ ਕੁਝ ਨਾ ਕੁਝ ਲੱਤਾਂ 'ਚ ਅੜਾ ਦੇਣਾ। ਜੇ ਗਰਮੀਆਂ ਹੋਣ ਤਾਂ ਨਿੱਕੀ ਜਿਹੀ ਕੱਛੀ ਤੇ ਜੇ ਸਰਦੀਆਂ ਤਾਂ ਲੰਡੀ ਜਿਹੀ ਪਜਾਮੀ, ਜਿਹਦੇ ਥੱਲੇ ਪਿਛੇ ਐਮਰਜੈਂਸੀ ਵੇਲੇ ਲਈ ਮਘੋਰਾ ਰੱਖਿਆ ਹੁੰਦਾ ਸੀ।

ਖੈਰ, ਛਿਟੀ ਦੇ ਸਹਾਰੇ ਵਿਹੜੇ 'ਚ ਆਪਣੀ ਸਰਦਾਰੀ ਕਾਇਮ ਕਰ ਕੇ ਫੇਰ ਮੈਂ ਗਲੀ 'ਚ ਗੇੜਾ ਦੇਣ ਚਲੇ ਜਾਣਾ। ਸਾਡੇ ਘਰ ਦਾ ਬੂਹਾ ਚੜ੍ਹਦੇ ਵੱਲ ਖੁੱਲ੍ਹਦਾ ਸੀ। ਸੱਜੇ ਪਾਸੇ, ਨਾਲ ਲਗਦਾ ਘਰ 'ਤਾਂਗੇ ਆਲਿਆਂ' ਦਾ ਸੀ। ਉਹ ਦੋ ਭਰਾ ਸਿਗੇ ਤੇ ਸਿਗੇ ਵੀ ਸਾਡੇ ਸਕਿਆਂ 'ਚੋਂ, ਪਰ ਸਾਡੇ ਟੱਬਰ ਨਾਲ ਬਹੁਤੀ ਬੋਲ ਚਾਲ ਨਹੀਂ ਸੀ। ਵੱਡੇ ਦਾ ਨਾਂ ਸੀ ਭਗਤਾ। ਉਹ ਖੇਤੀ ਕਰਦਾ ਸੀ ਤੇ ਵਿਆਹਿਆ ਹੋਇਆ ਸੀ। ਆਪਣੇ ਨਾਂ ਵਾਂਗ ਪੂਰਾ ਭਗਤ ਕਿਸਮ ਦਾ ਬੰਦਾ ਸੀ ਉਹੋ। ਨਾ ਕਿਸੇ ਨਾਲ ਵਾਧੂ ਨਾ ਘਾਟੂ, ਬਸ ਆਪਣੇ ਕੰਮ ਨਾਲ ਮਤਲਬ। ਉਹਦੇ ਬਾਰੇ ਪਿੰਡ 'ਚ ਅਕਸਰ ਚਰਚਾ ਚਲਦੀ, ਪਈ ਉਹ ਬੰਦਾ ਸੱਚੀਂ ਭਗਤ ਕਿਸਮ ਦਾ ਹੋਣ ਕਰਕੇ ਉਹਦਾ ਨਾਂ ਭਗਤਾ ਸੀ, ਜਾਂ ਉਹਦਾ ਨਾਂ ਭਗਤਾ ਹੋਣ ਕਰਕੇ ਉਹ ਭਗਤ ਬਣ ਗਿਆ ਸੀ। ਭਗਤਾ ਦਿਨੇ ਬਹੁਤਾ ਖੂਹ 'ਤੇ ਹੀ ਕੰਮ ਕਾਰ ਕਰਦਾ ਰਹਿੰਦਾ। ਬਸ ਰਾਤ ਪਈ 'ਤੇ ਘਰ ਆਉਂਦਾ ਤੇ ਸਵੇਰੇ ਤੜਕਿਉਂ ਖੂਹ ਨੂੰ ਚਲੇ ਜਾਂਦਾ। ਇਸ ਗੱਲੋਂ ਉਹ ਬਿਲਕੁਲ ਮੇਰੇ ਭਾਈਏ ਵਰਗਾ ਹੀ ਸੀ। ਏਸੇ ਕਰਕੇ ਮੈਨੂੰ ਅਜੇ ਤਕ ਵੀ ਭਗਤੇ ਦਾ ਚੇਤਾ ਨਹੀਂ ਭੁੱਲਿਆ, ਭਾਵੇਂ ਮੈਂ ਉਹਨੂੰ ਦੇਖਿਆ ਬਹੁਤ ਘੱਟ ਸੀ।

ਤੇ ਭਗਤੇ ਤੋਂ ਛੋਟਾ ਤਾਰੂ ਤਾਂਗਾ ਵਾਹੁੰਦਾ ਸੀ। ਪਹਿਲਾਂ ਉਨ੍ਹਾਂ ਦਾ ਛੜਾ ਚਾਚਾ ਤਾਂਗਾ ਵਾਹੁੰਦਾ ਰਿਹਾ ਸੀ ਤੇ ਕਿਤੇ ਉਦੋਂ ਦੀ ਹੀ ਉਨ੍ਹਾਂ ਦੀ ਇਹ ਅੱਲ ਪੈ ਗਈ ਸੀ 'ਤਾਂਗੇ ਆਲੇ।' ਤਾਰੂ ਕੱਦ ਦਾ ਕਾਫੀ ਮੱਧਰਾ ਸੀ। ਸਾਰੇ ਜਾਣਦੇ ਸੀ, ਪਈ ਪਿੰਡ 'ਚ ਇਕ ਪਾਸੇ ਲੰਬੜਾਂ ਦਾ ਕੈਲੋ ਸਭ ਤੋਂ ਉਚਾ ਸੀ ਤੇ ਦੂਜੇ ਪਾਸੇ ਸੀ ਤਾਂਗੇ ਆਲਿਆਂ ਦਾ ਤਾਰੂ। ਪਤਲਾ ਜਿਹਾ ਤੇ ਨਿੱਕਾ ਜਿਹਾ ਤਾਰੂ ਵੈਲੀ ਬੰਦਾ ਸੀ ਪਰ ਆਪਣੇ ਚਾਚੇ ਆਂਗ ਛੜਾ ਈ ਰਹਿ ਗਿਆ। ਡੋਡੇ ਤੇ ਫੀਮ ਉਹਦੇ ਸ਼ੌਕ ਸਨ ਤੇ ਬਣ ਠਣ ਕੇ ਰਹਿਣਾ ਜਨੂੰਨ। ਆਪਣੀ ਮਾੜਕੂ ਜਿਹੀ ਘੋੜੀ ਦੀ ਸੰਭਾਲ ਧੀਆਂ ਪੁੱਤਾਂ ਵਾਂਗ ਕਰਦਾ।

ਮੇਰੇ ਨਾਲ ਚਾਚੇ ਤਾਰੂ ਦੀ ਬਣਦੀ ਵੀ ਬਹੁਤ ਸੀ। ਮੇਰੀ ਬੇਬੇ ਤੋਂ ਬਿਨਾ ਉਹੀ ਇਕ ਜੀਅ ਸੀ ਜੋ ਮੈਨੂੰ ਮੇਰੇ ਬੇਬੇ ਵਾਲੇ ਨਾਂ ਨਾਲ ਬੁਲਾਉਂਦਾ। ਮੈਨੂੰ ਦੂਰੋਂ ਦੇਖ ਕੇ ਉਹਨੇ 'ਵਾਜ ਮਾਰਨੀ, "ਉਏ ਆ ਬਈ ਬਹਾਦਰਾ, ਅੱਜ ਕਿਧਰ ਦੀਆਂ ਤਿਆਰੀਆਂ?" ਚਾਚੇ ਤਾਰੂ ਨੂੰ ਪਤਾ ਤਾਂ ਹੁੰਦਾ ਸੀ, ਪਈ ਮੈਂ ਕਿਹੜੀ ਤਸੀਲੇ ਤਰੀਕ 'ਤੇ ਜਾਣਾ। ਵੱਧ ਤੋਂ ਵੱਧ ਬੋੜੀ ਖੂਹੀ ਸਾਡੀ ਮੰਜ਼ਲੇ-ਮਕਸੂਦ ਹੁੰਦੀ ਸੀ ਉਨ੍ਹੀਂ ਦਿਨੀਂ। ਪਰ ਜਦੋਂ ਉਹਨੇ ਏਦਾਂ ਪੁੱਛਣਾ ਤਾਂ ਮੈਨੂੰ ਬੜਾ ਚੰਗਾ ਲੱਗਣਾ। ਏਸੇ ਕਰਕੇ ਮੈਨੂੰ ਚਾਚਾ ਤਾਰੂ ਸਭ ਤੋਂ ਚੰਗਾ ਲਗਦਾ ਸੀ। ਕਦੇ ਕਦੇ ਉਹ ਮੈਨੂੰ ਤਾਂਗੇ 'ਤੇ ਝੂਟਾ ਵੀ ਦੇ ਦਿੰਦਾ।

ਪਰ ਮੇਰੀ ਚਾਚੇ ਤਾਰੂ ਦੇ ਕੁੱਤੇ ਨਾਲ ਗੜਬੜ ਰਹਿੰਦੀ ਸੀ। ਮਾੜੂ ਨਾਂ ਦਾ ਪਤਲਾ ਜਿਹਾ, ਮਰਿਆ ਜਿਹਾ ਕੁੱਤਾ ਸੀ ਉਨ੍ਹਾਂ ਦਾ। ਘੋੜੀ ਤੇ ਕੁੱਤਾ ਈ ਨਈਂ, ਉਨ੍ਹਾਂ ਦੇ ਬਾਕੀ ਪਸ਼ੂ ਤੇ ਉਹ ਆਪ ਵੀ ਸਾਰੇ ਪਤਲੇ ਜਿਹੇ ਹੀ ਸੀ। ਪਿੰਡ ਦੇ ਕਈ ਨਘੋਚੀ ਕਿਸਮ ਦੇ ਬੰਦੇ ਕਈ ਵਾਰੀ ਕਹਿ ਦਿੰਦੇ, ਪਈ ਇਨ੍ਹਾਂ ਦੀ ਅੱਲ ਤਾਂ 'ਪਤਲਿਆਂ ਦੇ' ਜਾਂ 'ਛੜਿਆਂ ਦੇ' ਹੋਣੀ ਚਾਹੀਦੀ ਸੀ, 'ਤਾਂਗੇ ਆਲਿਆਂ' ਦੀ ਨਈਂ। ਪਰ ਪਿੰਡ ਦੇ ਸਿਆਣੇ ਲੋਕ ਅੱਲ ਉਹ ਪਾਉਂਦੇ ਆ, ਜਿਹੜੀ ਟੱਬਰ ਦੀ ਵਿਲੱਖਣਤਾ ਦੱਸੇ। ਹੁਣ ਦੋ ਦੋ ਖੱਤਿਆਂ ਵਾਲੇ ਕਈਆਂ ਟੱਬਰਾਂ ਵਿਚ ਪਤਲੇ ਬੰਦਿਆਂ ਦੀਆਂ ਤਾਂ ਕਤਾਰਾਂ ਲੱਗੀਆਂ ਹੁੰਦੀਆਂ ਤੇ ਏਦਾਂ ਦੇ ਪੰਜਾਂ ਸੱਤਾਂ ਘਰਾਂ 'ਚ ਛੜਿਆਂ ਦਾ ਹੋਣਾ ਤਾਂ ਏਦਾਂ ਈ ਕੁਦਰਤੀ ਹੁੰਦਾ, ਜਿੱਦਾਂ ਛੱਪੜ 'ਚ ਡੱਡੂਆਂ ਦਾ ਹੋਣਾ। ਪਰ ਸਾਰੇ ਪਿੰਡ 'ਚ ਤਾਂਗੇ ਆਲਾ ਇਹ ਇਕੋ ਘਰ ਸੀ।



ਮੇਰੀ ਬੇਬੇ ਕਹਿੰਦੀ, ਪਈ ਤਾਰੂ ਕਾ ਮਾੜੂ ਕੁੱਤਾ ਮੇਰਾ ਹਾਣੀ ਆ। ਜਦੋਂ ਮੈਂ ਜੰਮਿਆ ਸੀ, ਉਦੋਂ ਕੁ ਹੀ ਕਿਤੇ ਉਹ ਕਤੂਰਾ ਤਾਰੂ ਕੇ ਦਰੀਂ ਆ ਗਿਆ ਸੀ। ਤਾਰੂ ਨੇ ਰੋਟੀ ਖਾਂਦੇ ਨੇ ਉਹਨੂੰ ਵੀ ਬੁਰਕੀ ਸੁੱਟ ਦੇਣੀ। ਬਸ ਏਦਾਂ ਈ ਕਿਤੇ ਤਾਰੂ ਦੀ ਤੇ ਮਾੜੂ ਦੀ ਸਾਂਝ ਪੈ ਗਈ। ਕੁੱਤਾ ਬਹੁਤ ਮਾੜਾ ਸੀ ਤੇ ਨਾਂ ਵੀ ਉਹਦਾ ਮਾੜੂ ਈ ਸੀ। ਜਿੰਨਾ ਏਸ ਕੁੱਤੇ ਦਾ ਨਾਂ ਉਹਦੇ ਫਿੱਟ ਸੀ, ਏਨਾ ਨਾਂ ਕਿਸੇ ਦੇ ਮੇਚ ਆਉਂਦਾ ਮੈਂ ਮੁੜ ਕੇ ਨਈਂ ਦੇਖਿਆ ਕਦੀ। ਉਹਦੇ ਅਕਸਰ ਖਸ ਪਈ ਰਹਿੰਦੀ। ਵਿਚਾਰਾ ਸਵੇਰ ਨੂੰ ਚੜ੍ਹਦੇ ਸੂਰਜ ਦਾ ਨਿੱਘ ਮਾਣਨ ਸਾਡੇ ਬੂਹੇ ਦੇ ਬਾਹਰ ਕੰਧ ਨਾਲ ਲੱਗ ਕੇ ਬੈਠਾ ਹੁੰਦਾ। ਮੈਂ ਨਿਕਲਦਿਆਂ ਈ ਦੋ ਤਿੰਨ ਛਿਟੀਆਂ ਜੜਨੀਆਂ ਉਹਦੇ। ਉਹਨੇ ਚਊਂ ਚਊਂ ਕਰਦੇ ਨੇ ਦੌੜਨਾ। ਬੜਾ ਅਨੰਦ ਆਉਣਾ।

ਇਹ ਕੰਮ ਉਦਾਂ ਮੈਨੂੰ ਆਲਾ ਦੁਆਲਾ ਦੇਖ ਕੇ ਕਰਨਾ ਪੈਂਦਾ ਸੀ। ਇਕ ਦਿਨ ਜਦੋਂ ਮੈਂ ਅੰਦਰੋਂ ਨਿਕਲ ਕੇ ਕੁੱਤੇ ਦੇ ਅਜੇ ਪਹਿਲੀ ਹੀ ਛਿਟੀ ਮਾਰੀ ਸੀ ਤੇ ਉਹਨੇ ਵਿਚਾਰੇ ਨੇ ਪਤਲੀ ਤੇ ਮਰੀ ਜਿਹੀ ਆਵਾਜ਼ 'ਚ ਚਊਂ ਚਊਂ ਸ਼ੁਰੂ ਈ ਕੀਤੀ ਸੀ ਤਾਂ ਉਸੇ ਵੇਲੇ ਕਿਤੇ ਬਾਹਰੋਂ ਕੂੜਾ ਸਿੱਟ ਕੇ ਮੁੜੀ ਆਉਂਦੀ ਬੀਬੀ ਨੇ ਦੇਖ ਲਿਆ ਇਹ ਤਮਾਸ਼ਾ। ਉਹਨੇ ਖੱਬੇ ਹੱਥ ਵਿਚ ਕੂੜੇ ਵਾਲਾ ਖਾਲੀ ਟੋਕਰਾ ਲਟਕਾਇਆ ਹੋਇਆ ਸੀ ਤੇ ਸੱਜੇ ਹੱਥ ਨਾਲ ਚੁੰਨੀ ਦਾ ਲੜ ਮੂੰਹ ਅੱਗੇ ਕੀਤਾ ਹੋਇਆ ਸੀ ਯਾਨਿ ਘੁੰਡ ਕੱਢਿਆ ਹੋਇਆ ਸੀ। ਸਾਡੀ ਬੀਬੀ ਵਿਚਾਰੀ ਨੂੰ ਸਵੇਰੇ ਘੁੰਡ ਜ਼ਰੂਰ ਕੱਢਣਾ ਪੈਂਦਾ ਸੀ। ਸਾਡਾ ਘਰ ਪਿੰਡ ਦੇ ਬਾਹਰਵਾਰ ਹੋਣ ਕਰਕੇ ਬਾਬੇ ਦਾਸੂ ਦੇ ਗੁਰਦੁਆਰੇ ਨੂੰ ਜਾਣ ਵਾਲੇ ਕਈ ਬੁੜ੍ਹੇ ਏਧਰੋਂ ਈ ਲੰਘਦੇ। ਜਦੋਂ ਕਿਤੇ ਪਿੰਡ 'ਚ ਘੁੰਡ ਕੱਢਣ ਦਾ ਰਿਵਾਜ ਪਿਆ ਹੋਊ, ਉਦੋਂ ਤੋਂ ਹੀ ਪਿੰਡ ਦੇ ਬੁੜ੍ਹਿਆਂ ਲਈ ਇਹ ਜ਼ਰੂਰੀ ਹੁੰਦਾ ਸੀ, ਪਈ ਘੁੰਡ ਕੱਢਣ ਵਾਲੀ ਦਾ ਮੂੰਹ ਹਰ ਹੀਲੇ ਦੇਖਣ ਦੀ ਕੋਸ਼ਿਸ਼ ਕਰਨੀ। ਇਸ ਕੰਮ 'ਚ ਕਾਮਯਾਬੀ ਦਾ ਅਰਥ ਹੁੰਦਾ ਸੀ, ਦੁਪਹਿਰੋਂ ਬਾਅਦ ਪਿੰਡ ਦੇ ਦਰਵਾਜੇ ਬੈਠ ਕੇ ਦੂਜਿਆਂ 'ਤੇ ਆਪਣਾ ਰੋਅਬ ਪਾਉਣਾ।

ਮੇਰੀ ਮਾੜੀ ਕਿਸਮਤ ਤੇ ਮਾੜੂ ਦੀ ਚੰਗੀ ਕਿਸਮਤ ਨੂੰ ਉਸ ਵੇਲੇ ਗਲੀ 'ਚ ਕੋਈ ਬੁੜ੍ਹਾ ਹੈ ਨਈਂ ਸੀ। ਬੀਬੀ ਨੇ ਘੁੰਡ ਛੱਡ ਕੇ ਸੱਜੇ ਹੱਥ ਨਾਲ ਮੇਰੀ ਛਿਟੀ ਖੋਹ ਕੇ ਚੰਗੀ ਖਿੱਚ ਕੇ ਮੇਰੇ ਗਿੱਟਿਆਂ 'ਚ ਲਾਈ, "ਮਰ ਜਾਣਿਆਂ ਘੀਚਰਾ ਜਿਹਾ, ਏਸ ਪਤੰਦਰ ਨੂੰ ਕਿਉਂ ਤੰਗ ਕਰਦਾਂ ਸਵੇਰੇ ਸਵੇਰੇ?" ਬੀਬੀ ਨੇ ਅਜੇ ਇਕੋ ਛਿਟੀ ਮਾਰੀ ਸੀ, ਆਪਾਂ ਗਲੀ ਦੇ ਗੱਭੇ ਬਣੀ ਗੰਦੀ ਨਾਲੀ ਉਪਰ ਦੀ ਛੜੱਪਾ ਮਾਰ ਗਲੀ ਦੇ ਮੋੜ 'ਤੇ ਬੋੜੀ ਖੂਹੀ 'ਤੇ ਜਾ ਖੜ੍ਹੇ ਹੋਏ। ਬੀਬੀ ਗਾਲਾਂ ਦਿੰਦੀ ਘਰ ਅੰਦਰ ਜਾ ਵੜੀ।

ਖੈਰ, ਮਾੜੂ ਨਾਲ ਮਿਲਣੀ ਪਿਛੋਂ ਸਵੇਰ ਵੇਲੇ ਕਿਸੇ ਨਾ ਕਿਸੇ ਤਰ੍ਹਾਂ ਪਹੁੰਚਣਾ ਬੋੜੀ ਖੂਹੀ 'ਤੇ ਹੀ ਹੁੰਦਾ ਸੀ। ਉਦੋਂ ਤਕ ਕੋਈ ਨਾ ਕੋਈ ਆਪਣਾ ਯਾਰ ਬੇਲੀ ਪਹਿਲਾਂ ਹੀ ਪਹੁੰਚਿਆ ਹੁੰਦਾ, ਉਥੇ। ਨਲਕਿਆਂ ਵਾਲੇ ਇਕ ਦੋ ਘਰਾਂ ਤੋਂ ਬਿਨਾ ਬਾਕੀ ਸਾਰੇ ਪਾਣੀ ਬੋੜੀ ਖੂਹੀ ਤੋਂ ਹੀ ਭਰਦੇ। ਬੋੜੀ ਖੂਹੀ ਦਾ ਪਾਣੀ ਕਦੇ ਕਦੇ ਗਰਮੀਆਂ ਨੂੰ ਥੱਲੇ ਚਲੇ ਜਾਂਦਾ, ਨਹੀਂ ਤਾਂ ਕਾਫੀ ਉਤੇ ਹੀ ਹੁੰਦਾ। ਬਰਸਾਤਾਂ ਦੁਆਲੇ ਤਾਂ ਅਸੀਂ ਅੱਕਾਂ ਦੇ ਲੰਮੇ ਡੰਡੇ ਲੈ ਕੇ ਖੂਹੀ 'ਚ ਡਿੱਗੇ ਚੂਹਿਆਂ ਨਾਲ ਛੇੜਖਾਨੀ ਵੀ ਕਰ ਲੈਂਦੇ। ਕਈ ਵਾਰੀ ਜੇ ਕੋਈ ਅਜੇ ਜੀਂਦਾ ਚੂਹਾ ਹੋਣਾ ਤਾਂ ਸਾਡੇ ਲਈ ਤਾਂ ਇਹ ਖਬਰ ਨੇੜਲੇ ਸ਼ਹਿਰ ਆਈ ਸਰਕਸ ਜਿੰਨੀ ਹੀ ਵਧੀਆ ਹੁੰਦੀ। ਖੂਹੀ 'ਤੇ ਓਨਾ ਚਿਰ ਨਿਆਣਿਆਂ ਦੀਆਂ ਰੌਣਕਾਂ ਰਹਿਣੀਆਂ, ਜਿੰਨਾ ਚਿਰ ਕਿਸੇ ਸਿਆਣੇ ਨੇ ਆ ਕੇ ਉਚੀ ਉਚੀ ਗਾਲਾਂ ਕੱਢ ਕੇ ਸਾਰਿਆਂ ਨੂੰ ਦੁੜਾਉਣਾ ਨਾ। ਬੋੜੀ ਖੂਹੀ 'ਤੇ ਉਸ ਵੇਲੇ ਸਵੇਰੇ ਸਵੇਰੇ ਸਕੂਲ ਖੁੱਲ੍ਹਣ ਤੋਂ ਪਹਿਲਾਂ ਸਾਥੋਂ ਵੱਡੀ ਉਮਰ ਦੇ ਮੁੰਡੇ ਕੁੜੀਆਂ ਹੀ ਹੁੰਦੇ, ਪਾਣੀ ਭਰਨ ਵਾਲੇ। ਉਨ੍ਹਾਂ ਨੂੰ ਕੱਚੀ ਨੀਂਦੋਂ ਉਠਾ ਕੇ ਘਰਦਿਆਂ ਨੇ ਗਾਲਾਂ ਕੱਢ ਕੱਢ ਕੇ ਭੇਜਿਆ ਹੁੰਦਾ। ਖੂਹੀ 'ਤੇ ਆ ਕੇ ਉਹ ਆਪਣੀ ਖਿਝ ਇਕ ਦੂਜੇ 'ਤੇ ਲਾਹੁੰਦੇ। ਉਨ੍ਹਾਂ ਦੀਆਂ ਲੜਾਈਆਂ ਸਾਡੇ ਲਈ ਸਵੇਰੇ ਕੈਨੇਡਾ ਵਿਚਲੇ ਨਿਆਣਿਆਂ ਦੇ ਕਾਰਟੂਨਾਂ ਨਾਲੋਂ ਵੀ ਜਾਦੇ ਅਨੰਦ ਵਾਲੀਆਂ ਹੁੰਦੀਆਂ।

ਬੋੜੀ ਖੂਹੀ ਤੋਂ ਬਾਅਦ ਮੈਂ ਤੇ ਮੇਰੇ ਖਾਸ ਆੜੀ, ਲੰਗਿਆਂ ਦੇ ਭੱਜੀ ਨੇ ਗਲੀਆਂ 'ਚ ਗੇੜੇ ਕੱਢਣੇ ਤੇ ਹੌਲੀ ਹੌਲੀ ਸਕੂਲ ਖੁੱਲ੍ਹਣ ਤਕ ਅਸੀਂ ਵੀ ਸਕੂਲ ਲਾਗੇ ਪਹੁੰਚ ਜਾਣਾ। ਸਕੂਲ ਪਿੰਡ ਦੇ ਨਾਲ ਹੀ ਸੀ ਵੱਡੇ ਥੜ੍ਹੇ ਦੇ ਦੂਜੇ ਪਾਸੇ ਪਰ ਸਾਨੂੰ ਨਿਆਣਿਆਂ ਨੂੰ ਪਿੰਡ ਤੋਂ ਕਾਫੀ ਦੂਰ ਲਗਦਾ। ਸਕੂਲ ਅੰਦਰ ਜਾਣ ਤੋਂ ਪਹਿਲਾਂ ਥੜ੍ਹੇ ਦੇ ਓਹਲੇ ਮੁੰਡਿਆਂ ਨੇ ਆਪਣੇ ਬਸਤੇ ਰੱਖ ਕੇ ਬੰਟਿਆਂ ਨਾਲ ਖੇਡਣਾ। ਅਸੀਂ ਆਪਣੀਆਂ ਤੜਾਗੀਆਂ 'ਚ ਗੂਠੇ ਅੜਾ ਕੇ ਉਨ੍ਹਾਂ ਦੀ ਹਰ ਹਰਕਤ, ਹਰ ਅਦਾ ਨੂੰ, ਬਹੁਤ ਹੀ ਧਿਆਨ ਨਾਲ ਦੇਖਣਾ, ਜਿੱਦਾਂ ਗੌਲਫ ਦੇ ਸ਼ੁਕੀਨ ਟਾਈਗਰ ਵੁੱਡ ਨੂੰ ਦੇਖਦੇ ਹੋਣ। ਘੰਟੀ ਵੱਜਣ 'ਤੇ ਸਾਰੇ ਨਿਆਣਿਆਂ ਨੇ ਆਪੋ ਆਪਣੇ ਬਸਤੇ ਚੁੱਕ ਕੇ ਸਕੂਲ ਵੱਲ ਨੂੰ ਦੌੜ ਜਾਣਾ ਤੇ ਅਸੀਂ ਵਿਹਲੇ ਜਿਹੇ ਹੋ ਜਾਣਾ। ਜੇ ਕਿਤੇ ਇਕ ਅੱਧ ਬੰਟਾ ਸਾਡੇ ਵੀ ਹੱਥ ਆ ਜਾਂਦਾ ਤਾਂ ਅਸੀਂ ਥੋੜ੍ਹੀ ਦੇਰ ਉਹਦੇ ਨਾਲ ਵੱਡਿਆਂ ਦੀ ਰੀਸੇ ਆਪਣੇ ਬੰਟੇ ਖੇਡਣ ਦੇ ਹੁਨਰ ਨੂੰ ਤਿੱਖਾ ਕਰਦੇ। ਕਦੇ ਕਦੇ ਜੇ ਕਿਤੇ ਸਕੂਲ ਤੋਂ ਪਹਿਲਾਂ ਸਕੂਲ ਦਾ ਵੱਡਾ ਮਾਸਟਰ ਨਿਆਣਿਆਂ ਨੂੰ ਗਲੀ ਵਿਚ ਤੁਰਿਆ ਆਉਂਦਾ ਦਿਸ ਪੈਂਦਾ ਤਾਂ ਉਹ ਡਰਦੇ ਆਪਣੇ ਬਸਤੇ ਚੁੱਕ ਦੌੜਨ ਦੀ ਕਰਦੇ ਤੇ ਉਨ੍ਹਾਂ ਦੇ ਦੋ ਚਾਰ ਬੰਟੇ ਖੁੱਤੀ 'ਚ ਤੇ ਆਲੇ ਦੁਆਲੇ ਪਏ ਰਹਿ ਜਾਂਦੇ। ਮੁਫਤ 'ਚ ਮਿਲੀ ਇਸ ਲੁੱਟ ਲਈ ਸਾਡੀ ਛੋਟਿਆਂ ਦੀ ਬਹੁਤੀ ਵਾਰੀ ਜੁੱਤੀ ਖੜਕਦੀ। ਅਸੀਂ ਉਦੋਂ ਤੱਕ ਗੁੱਥ-ਮ-ਗੁੱਥਾ ਹੁੰਦੇ ਰਹਿੰਦੇ, ਜਦੋਂ ਤੱਕ ਕੋਈ ਸਿਆਣਾ ਆ ਕੇ ਦਬਕਾ ਨਾ ਮਾਰਦਾ।

ਇਨ੍ਹਾਂ ਗਤੀਵਿਧੀਆਂ ਤੋਂ ਵਿਹਲੇ ਹੋ ਕੇ ਸਵੇਰ ਦੇ ਗਿਆਂ ਭੁੱਖ ਲੱਗੀ 'ਤੇ ਘਰ ਮੁੜਨਾ। ਪਰ ਜਿੱਦਾਂ ਕਹਿੰਦੇ ਆ ਕਿ ਭਲੇ ਦਿਨ ਸਦਾ ਨਹੀਂ ਰਹਿੰਦੇ। ਇਕ ਦਿਨ ਸਾਡੇ ਵੀ ਇਨ੍ਹਾਂ ਖੂਬਸੂਰਤ ਦਿਨਾਂ ਦਾ ਅੰਤ ਹੋ ਗਿਆ ਤੇ ਅੰਤ ਕਰਨ ਵਾਲਾ ਸੀ ਮੇਰਾ 'ਕਾਲੀ ਤਾਇਆ।

ਸਾਡਾ ਇਹ ਤਾਇਆ ਆਪ ਤਾਂ ਛੜਾ ਛਟਾਂਕ ਹੀ ਸੀ ਪਰ ਉਹਨੂੰ ਨਿਆਣਿਆਂ ਦਾ ਬੜਾ ਫਿਕਰ ਰਹਿੰਦਾ। ਉਹ ਬੰਦਾ ਬੜਾ ਰੰਗੀਲਾ ਸੀ। ਜਵਾਨੀ ਦੇ ਦਿਨਾਂ 'ਚ ਥੋੜ੍ਹਾ ਬਹੁਤਾ ਘੁਲਦਾ ਵੀ ਰਿਹਾ ਸੀ ਤੇ ਮੇਲਿਆਂ, ਛਿੰਝਾਂ 'ਤੇ ਜਾਣ ਤੇ ਖਾਣ ਪੀਣ ਦਾ ਪੂਰਾ ਸ਼ੌਕੀਨ। ਘਰ ਦੀ ਜ਼ਮੀਨ ਥੋੜ੍ਹੀ ਤੇ ਉਤੋਂ ਚਾਰ ਭਰਾ ਤੇ ਤਾਇਆ ਵਿਆਹ ਦੀ ਦੌੜ 'ਚ ਫਾਡੀ ਰਹਿ ਗਿਆ। ਪਿੰਡ ਦੇ ਇਕ ਕਦੇ ਕਦਾਈਂ ਦਿਸਣ ਵਾਲੇ ਅਕਾਲੀ ਲੀਡਰ ਦੇ ਅਸਰ ਥੱਲੇ ਤਾਇਆ 'ਕਾਲੀ ਬਣ ਗਿਆ। ਉਹਨੇ ਨੀਲੀ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਤੇ ਅੰਮ੍ਰਿਤ ਛਕ ਲਿਆ। ਪਹਿਲਾਂ ਸਾਰੀ ਉਮਰ ਉਹ ਛਿੱਬੀ ਰਿਹਾ ਸੀ ਤੇ ਫੇਰ ਅੰਮ੍ਰਿਤ ਛਕ ਕੇ ਬਣ ਗਿਆ ਸਰਦਾਰ ਸ਼ਿਵ ਸਿੰਘ। ਉਦਾਂ ਸਿੰਘ ਸਜਣ ਤੋਂ ਪਹਿਲਾਂ ਵੀ ਉਹ ਪਾਕਿਸਤਾਨ ਬਣਨ ਵੇਲੇ ਆਲੇ ਦੁਆਲੇ ਦੇ ਸਿੰਘਾਂ ਨਾਲ ਰਲ ਕੇ ਦੁਸ਼ਮਣ ਸੋਧਦਾ ਰਿਹਾ ਸੀ। ਫੇਰ ਉਹ ਪੰਥ ਦਾ ਜ਼ਿਆਦਾ ਫਿਕਰ ਕਰਨ ਲੱਗ ਪਿਆ। ਉਹਦਾ ਵਿਚਾਰ ਸੀ, ਪਈ ਨਿਆਣਿਆਂ ਨੂੰ ਪੜ੍ਹਾਉਣਾ ਲਿਖਾਉਣਾ ਚਾਹੀਦਾ ਤਾਂ ਕਿ ਸਿਆਣੇ ਹੋ ਕੇ ਪੰਥ ਦੀ ਰਖਵਾਲੀ ਕਰਨ।

ਜਿੱਦਾਂ ਮੇਰੀ ਚਾਚੇ ਕੇ ਮਾੜੂ ਨਾਲ ਦਾਲ ਨਹੀਂ ਸੀ ਗਲਦੀ, ਏਦਾਂ ਹੀ ਸਾਡੇ ਤਾਏ ਦੀ ਤੇ ਚਾਚੇ ਤਾਰੂ ਦੀ ਆਪਸ ਵਿਚ ਬਹੁਤੀ ਨਹੀਂ ਸੀ ਬਣਦੀ। ਇਕ ਵਾਰੀ ਤਾਏ ਨੇ ਬੇਬੇ ਨੂੰ ਕਿਹਾ, ਪਈ ਆਹ ਨਿੱਕੇ ਦੇ ਹੁਣ ਵਾਲ ਨਹੀਂ ਮੁੰਨਾਉਣੇ। ਇਹਨੂੰ ਸਿੰਘ ਬਣਾਉਣਾਂ। ਚਾਚਾ ਤਾਰੂ ਆਪ ਤਾਂ ਦੂਏ ਤੀਏ ਦਾਸ ਨਾਈ ਕੋਲੋਂ ਕਦੇ ਵਾਲ ਤੇ ਕਦੇ ਦਾਹੜੀ ਮੁੰਨਾਉਣ ਤੁਰਿਆ ਹੀ ਰਹਿੰਦਾ। ਕਦੇ ਕਦੇ ਮੈਨੂੰ ਵੀ ਨਾਲ ਲੈ ਜਾਂਦਾ, ਮੇਰੀ ਹਜਾਮਤ ਕਰਾਉਣ। ਇਕ ਦਿਨ ਜਦ ਉਹਨੇ ਮੈਨੂੰ ਨਾਲ ਲਿਜਾਣ ਲਈ ਵਾਜ ਮਾਰੀ ਤਾਂ ਬੇਬੇ ਨੇ ਕਿਹਾ, "ਵੇ ਤਾਰੂ ਭਾਈ, ਇਹਨੂੰ ਨਾ ਲੈ ਕੇ ਜਾਈਂ। ਇਹਦਾ ਤਾਇਆ ਕਹਿੰਦਾ, ਪਈ ਹੁਣ ਮੁੰਡੇ ਦੀ ਹਜਾਮਤ ਨਈਂ ਕਰਾਉਣੀ। ਇਹਨੂੰ ਸਿੰਘ ਬਣਾਉਣਾਂ।"

ਸੁਣ ਕੇ ਤਾਰੂ ਚਾਚਾ ਕਹਿੰਦਾ, "ਤਾਈ, ਤੇਰੇ 'ਕਾਲੀ ਪੁੱਤ ਦਾ ਤਾਂ ਸਿਰ ਹਿੱਲ ਗਿਆ ਲਗਦਾ। ਅਜੇ ਇਹ ਰੀਣ ਭਰ ਤਾਂ ਹੈਗਾ। ਇਹਨੂੰ ਕੀ ਪਤਾ ਸਿੱਖੀ ਕੀ ਹੁੰਦੀ ਆ ਤੇ ਕੇਸ ਕੀ ਹੁੰਦੇ ਆ। ਤਾਈ ਨਾ ਤੇਰੇ ਕੋਲ, ਨਾ ਭਾਬੀ ਕੋਲ ਇਹਦਾ ਮੂੰਹ ਧੋਣ ਲਈ ਕਦੇ ਟੈਮ ਤਾਂ ਹੁੰਦਾ ਨਈਂ। ਇਹਨੂੰ ਨਲ੍ਹਾਉਣ ਲਈ ਤੇ ਗੁੱਟੀਆਂ ਕਰਨ ਲਈ ਤੁਹਾਨੂੰ ਕਿਥੇ ਵਿਹਲ ਮਿਲਣ ਲੱਗੀ ਆ। ਮਹੀਨੇ 'ਚ ਇਹਦਾ ਸਿਰ ਜੂੰਆਂ ਨਾਲ ਭਰ ਜਾਣਾਂ। ਕੋਈ ਅਕਲ ਦੀ ਗੱਲ ਕਰੋ।"

ਬੇਬੇ ਹੌਲੀ ਜਿਹੀ ਕਹਿਣ ਲੱਗੀ, "ਪੁੱਤ ਤੇਰੀ ਗੱਲ ਤਾਂ ਹੈਗੀ ਆ ਠੀਕ, ਪਰ ਹੁਣ ਘਰ ਦੇ ਬੰਦੇ ਕਹਿਣ, ਫੇਰ ਕਰਨਾ ਤਾਂ ਪਊਗਾ ਹੀ।"

"ਓਹ ਤੂੰ ਰਹਿਣ ਦੇ ਤਾਈ। ਮੈਂ ਕਰ ਲਊਂਗਾ ਵੱਡੇ ਭਾਈ 'ਕਾਲੀ ਨਾਲ ਆਪੇ ਗੱਲ। ਨਾਲੇ ਜੇ ਇਹਨੇ ਕੇਸ ਰੱਖਣੇ ਹੋਏ, ਆਪੇ ਬੜਾ ਹੋ ਕੇ ਰੱਖ ਲਊ।" ਫੇਰ ਚਾਚਾ ਮੈਨੂੰ ਕਹਿਣ ਲੱਗਾ, "ਚੱਲ ਬਈ ਸ਼ੇਰ ਬਹਾਦਰ ਉਠ।"

ਮੇਰਾ ਸਿਰ ਮੁੰਨਾਉਣ ਨੂੰ ਤਾਂ ਕਦੇ ਵੀ ਜੀਅ ਨਹੀਂ ਸੀ ਕਰਦਾ। ਹਜਾਮਤ ਕਰਾਉਂਦਾ ਬਹੁਤਾ ਟੈਮ ਤਾਂ ਮੈਂ ਦਾਸ ਬਾਬੇ ਮੂਹਰੇ ਬੈਠਾ ਰੋਂਦਾ ਈ ਰਹਿੰਦਾ ਸੀ। ਪਰ ਚਾਚਾ ਤਾਰੂ ਮੈਨੂੰ ਮਗਰੋਂ ਆਣੀ ਪ੍ਰੀਤਮ ਦੀ ਹੱਟੀ ਤੋਂ ਮਿੱਠੀਆਂ ਗੋਲੀਆਂ ਲੈ ਦਿੰਦਾ। ਗੋਲੀਆਂ ਦੇ ਲਾਲਚ ਨੂੰ ਮੈਂ ਪੈਰ ਜਿਹੇ ਮਲਦਾ ਉਹਦੇ ਮਗਰ ਤੁਰ ਪਿਆ।

ਥੋੜ੍ਹੇ ਜਿਹੇ ਦਿਨਾਂ ਬਾਅਦ ਤਕਾਲਾਂ ਵੇਲੇ ਤਾਏ ਨੂੰ ਗੁਰਦੁਆਰੇ ਲਾਗੇ ਚਾਚਾ ਤਾਰੂ ਵੀਹੀ 'ਚ ਤੁਰਿਆ ਜਾਂਦਾ ਦਿਸ ਪਿਆ। ਉਹ ਦੋਵੇਂ ਉਥੇ ਵੀਹੀ 'ਚ ਹੀ ਇਕ ਦੂਜੇ ਨਾਲ ਖਹਿਬੜ ਪਏ। ਤਾਏ ਬਰਾਬਰ ਚਾਚਾ ਤਾਰੂ ਲਗਦਾ ਤਾਂ ਛੋਕਰਾ ਜਿਹਾ ਈ ਸੀ ਪਰ ਉਹ ਡਰਿਆ ਨਈਂ ਉਹਦੇ ਕੋਲੋਂ। ਅਸੀਂ ਨਿਆਣਿਆਂ ਨੇ, ਗੁਰਦੁਆਰੇ ਦੀ ਨਿੱਕੀ ਕੰਧ 'ਤੇ ਬੈਠ ਕੇ, ਉਨ੍ਹਾਂ ਦੀ ਲੜਾਈ ਦਾ ਬੜਾ ਅਨੰਦ ਲਿਆ। ਪਰ ਉਹ ਗੱਲਾਂ ਜਿਹੀਆਂ ਕਰ ਕੇ ਹੀ ਹਟ ਗਏ। ਅਸੀਂ ਤਾਂ ਆਸ ਲਾਈ ਬੈਠੇ ਸੀ, ਪਈ ਇਕ ਦੂਜੇ ਨਾਲ ਹੱਥੋ-ਪਾਈ ਹੋਣਗੇ। ਹੁਣ

***(ਅਗਲੇ ਸਫੇ 'ਤੇ ਜਾਰੀ)***

# ਕਿਆ ਰੁਮਾਂਚਿਕ ਸਨ ਪਿੰਡ ਦੀਆਂ ਖੂਹੀਆਂ!

**ਸਾਡਾ ਵਿਰਸਾ**

ਇਹ ਸਦੀਵੀ ਸੱਚ ਹੈ, "ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ॥' ਭਾਵੇਂ ਪਾਣੀ ਨਾਲੋਂ ਹਵਾ ਜਿਉਂਦੇ ਰਹਿਣ ਲਈ ਵਧੇਰੇ ਜ਼ਰੂਰੀ ਹੈ ਪਰ ਪਾਣੀਆਂ ਦਾ ਇੱਕ ਆਪਣਾ ਵੱਖਰਾ ਹੀ ਰੁਮਾਂਚ ਰਿਹਾ ਹੈ। ਮਨੁੱਖੀ ਸਭਿਅਤਾਵਾਂ ਪਾਣੀ ਦੇ ਵਗਦੇ ਸਰੋਤਾਂ ਮੁੱਢ ਪਨਪੀਆਂ ਅਤੇ ਵਿਗਸੀਆਂ, ਪਰ ਪਤਾ ਨਹੀਂ ਮਨੁੱਖ ਨੂੰ ਕਿਵੇਂ, ਕਦੋਂ ਅਤੇ ਕਿੱਥੋਂ ਇਹ ਸੁੱਝਿਆ ਕਿ ਧਰਤੀ ਦੇ ਹੇਠਾਂ ਵੀ ਪਾਣੀ ਹੋ ਸਕਦੈ ਅਤੇ ਉਸ ਨੂੰ ਆਪਣੇ ਵੱਸ ਵਿਚ ਕੀਤਾ ਜਾ ਸਕਦਾ ਹੈ। ਜਦ ਉਸ ਦੀ ਦਿਮਾਗੀ ਸੂਝ ਨੇ ਡੂੰਘਾ ਖੱਡਾ ਪੁੱਟ ਕੇ, ਗੋਲਾਈ ਵਿਚ ਚੂਨੇ-ਰੇਤੇ-ਗਾਰੇ ਆਦਿ ਨਾਲ ਪੱਕੀਆਂ ਇੱਟਾਂ ਦੀ ਉਸਾਰੀ ਕਰਕੇ, ਉਸ ਉਪਰ ਵਜ਼ਨ ਪਾ ਕੇ, ਵਿਚਕਾਰੋਂ ਹੌਲੀ-ਹੌਲੀ ਮਿੱਟੀ ਕੱਢ ਕੇ, ਉਸ ਢਾਂਚੇ

ਡਾ. ਆਸਾ ਸਿੰਘ ਘੁੰਮਣ (ਨਡਾਲਾ)
ਫੋਨ: 91-98152-53245

ਨੂੰ ਥੱਲੇ ਗਾਲਿਆ ਹੋਵੇਗਾ ਅਤੇ ਅਖੀਰ ਨਦੀਆਂ-ਨਾਲਿਆਂ-ਦਰਿਆਵਾਂ ਨਾਲੋਂ ਵੀ ਸਾਫ-ਸਵੱਛ ਪਾਣੀ ਹਾਸਲ ਕਰ ਲਿਆ ਹੋਵੇਗਾ ਤਾਂ ਉਸ ਦੀ ਖੁਸ਼ੀ ਦਾ ਕੋਈ ਮੁਕਾਮ ਨਹੀਂ ਰਿਹਾ ਹੋਣਾ। ਕਿੱਡੀ ਵੱਡੀ ਮੌਜ ਮਹਿਸੂਸ ਹੋਈ ਹੋਵੇਗੀ ਕਿ ਜਦੋਂ ਚਾਹੋ ਲੱਜ-ਬਾਲਟੀ ਚੁੱਕੋ ਅਤੇ ਪਾਣੀ ਖਿੱਚ ਲਓ।

ਮੇਰੇ ਪਿੰਡ ਵਿਚ ਚਾਰ ਖੂਹੀਆਂ ਸਨ। ਤਿੰਨ ਖੂਹੀਆਂ ਤਾਂ ਪਿੰਡ ਦੀਆਂ ਮਸੀਤਾਂ ਦੇ ਬਾਹਰ ਸਨ, ਇੱਕ ਸਾਂਝੇ ਥਾਂ ਸੀ। ਖੂਹੀਆਂ ਦਾ ਆਲਾ-ਦੁਆਲਾ ਪੱਕਾ ਸੀ, ਜਿੱਥੇ ਖਲੋ ਕੇ ਨਹਾਤਾ ਜਾ ਸਕਦਾ ਸੀ, ਕੱਪੜੇ ਧੋਤੇ ਜਾ ਸਕਦੇ ਸਨ, ਡੰਗਰ-ਵੱਛੇ ਨੂੰ ਪਾਣੀ-ਧਾਣੀ ਡਾਹਿਆ ਜਾ ਸਕਦਾ ਸੀ। ਭਾਵੇਂ ਸਭ ਖੂਹੀਆਂ ਸਾਂਝੀਆਂ ਸਨ, ਫਿਰ ਵੀ ਦੂਜੇ ਮੁਹੱਲੇ ਵਾਲਿਆਂ ਦਾ ਆਪਣੀ ਖੂਹੀ ਛੱਡ ਕੇ ਦੂਜੇ ਮੁਹੱਲੇ ਦੀ ਖੂਹੀ 'ਤੇ ਜਾਣਾ ਅਜੀਬ ਜਿਹਾ ਲੱਗਦਾ ਸੀ।

ਕਿਆ ਰੁਮਾਂਚਕ ਸੰਸਾਰ ਸੀ, ਇਨ੍ਹਾਂ ਖੂਹੀਆਂ ਦਾ! ਸਵੇਰੇ-ਸਾਜਰੇ ਹੀ ਭਾਈ ਦੇ ਸੰਖ ਪੂਰਨ ਨਾਲ ਹੀ ਇਹ ਖੂਹੀਆਂ ਵੀ ਜਾਗ ਉਠਦੀਆਂ। ਅੰਮ੍ਰਿਤ ਵੇਲੇ ਇਸ਼ਨਾਨ ਕਰਨ ਵਾਲੇ ਭਗਤ-ਜਨ ਆ ਡੋਲ ਖੜਕਾਉਂਦੇ। ਕਈ ਪਾਣੀ ਲੈਣ ਆਉਂਦੇ ਤੇ ਕਈ ਹਨੇਰੇ ਦਾ ਫਾਇਦਾ ਉਠਾਉਂਦੇ, ਉਥੇ ਹੀ ਚਾਰ ਬੁੱਕ ਪਾਣੀ ਪਿੰਡੇ ਉਤੇ ਸੁੱਟ ਕਾਇਆਂ ਸੁੱਚੀ ਕਰ ਲੈਂਦੇ। ਇਸ਼ਕ ਹਕੀਕੀ ਦੇ ਨਾਲ ਹੀ ਇਸ਼ਕ-ਮਿਜਾਜੀ ਵਾਲੇ ਵੀ ਜਾਗ ਉਠਦੇ, ਕਿਉਂਕਿ ਪਾਣੀ ਭਰਨ-ਲਿਆਉਣ ਦੀ ਬਹੁਤੀ ਜਿੰਮੇਵਾਰੀ ਔਰਤਾਂ ਦੇ ਸਿਰ ਸੀ, ਇਸ ਲਈ ਖੂਹੀਆਂ ਨਾਲ ਪਾਣੀ ਤੋਂ ਬਿਨਾ ਹੋਰ ਕਈ ਸੰਭਾਵਨਾਵਾਂ ਵੀ ਅੰਗੜਾਈਆਂ ਲੈਣ ਲੱਗਦੀਆਂ। ਕਈ ਪਰਛਾਵੇਂ ਸਵੇਰ ਵੇਲੇ ਹੀ ਇਸ ਦੇ ਇਰਦ-ਗਿਰਦ ਮੰਡਲਾਉਣ ਲੱਗਦੇ। ਸਵੇਰ ਦੇ ਹਨੇਰੇ ਵਿਚ ਦੋ ਚਾਹਤ ਭਰੇ ਜਿਸਮਾਂ ਦਾ ਆਪਸ ਸੰਗ ਪਰਛਾਵਿਆਂ ਵਾਂਗ ਛੂ ਜਾਣਾ ਹੀ ਕਿੱਡਾ ਵਿਸਮਾਦੀ ਅਹਿਸਾਸ ਹੋ ਨਿੱਬੜਦਾ ਸੀ।


ਗਰਮੀਆਂ ਦੇ ਦਿਨੀਂ ਖੂਹੀਆਂ ਦੀਆਂ ਰੌਣਕਾਂ ਲੰਮੇਰੀਆਂ ਤੇ ਘਨੇਰੀਆਂ ਹੋ ਜਾਂਦੀਆਂ। ਪਿੰਡ ਦੀਆਂ ਔਰਤਾਂ ਦਾ ਇਹ ਚੰਗਾ ਮਿਲਣ-ਕੇਂਦਰ ਬਣ ਜਾਂਦਾ। ਸਖੀਆਂ-ਸਹੇਲੀਆਂ ਦਾ ਸੋਹਣਾ ਮੇਲ-ਗੇਲ ਵੀ ਹੋ ਜਾਂਦਾ, ਹਾਸਾ-ਠੱਠਾ ਵੀ ਹੋ ਜਾਂਦਾ ਤੇ ਚੁਗਲੀ-ਬੁਖਾਲੀ ਕਰਕੇ ਦਿਲ ਵੀ ਹੌਲਾ ਹੋ ਜਾਂਦਾ। ਵਡੇਰੀ ਉਮਰ ਦੀਆਂ ਔਰਤਾਂ ਦੀ ਕੋਸ਼ਿਸ਼ ਹੁੰਦੀ ਕਿ ਜੁਆਨ ਧੀਆਂ ਜਾਂ ਨੂੰਹਾਂ ਨੂੰ ਇਸ ਕੰਮ ਲਈ ਖੂਹੀ 'ਤੇ ਨਾ ਹੀ ਭੇਜਿਆ ਜਾਵੇ। ਉਹ ਬਹੁਤੀ ਵਾਰ ਆਪ ਪਾਣੀ ਭਰਨ ਆਉਂਦੀਆਂ ਤੇ ਉਨਾ ਚਿਰ ਪਾਣੀ ਭਰਨ ਵਿਚ ਨਾ ਲਾਉਂਦੀਆਂ, ਜਿੰਨਾ ਉਹ ਦੁੱਖ-ਸੁੱਖ ਸੁਣਨ-ਸੁਣਾਉਣ ਵਿਚ ਲਾ ਦਿੰਦੀਆਂ।

ਖੂਹੀਆਂ 'ਤੇ ਸੁਬ੍ਹਾ ਕੁੱਕੜ-ਬਾਂਗੇ ਵਕਤ ਤੋਂ ਲੈ ਕੇ ਰਾਤ ਪਈ ਤੱਕ ਡੋਲ-ਬਾਲਟੀਆਂ ਖੜਕਦੇ ਰਹਿੰਦੇ। ਹਰ ਕੋਈ ਬਿਨਾ ਰੋਕ-ਟੋਕ ਇਥੋਂ ਪਾਣੀ ਭਰ ਸਕਦਾ ਸੀ। ਉਂਜ ਕਦੀ ਕਦੀ ਅੱਥਰੀਆਂ ਕੁੜੀਆਂ ਪਾਣੀ ਦੀ ਵਾਰੀ ਤੋਂ ਆਪਸ ਵਿਚ ਖਹਿਬੜ ਵੀ ਪੈਂਦੀਆਂ। ਕਈ ਵੱਡੇ ਪਰਿਵਾਰ ਵਾਲੀਆਂ ਦੋ-ਦੋ ਤਿੰਨ-ਤਿੰਨ ਘੜੇ ਲਈ ਆਉਂਦੀਆਂ। ਇੱਕ ਨੂੰ ਨਿਆਣੇ ਵਾਂਗ ਢਾਕੇ ਲਾ ਲੈਂਦੀਆਂ ਤੇ ਦੋ ਦੋ ਘੜੇ ਸਿਰ 'ਤੇ ਰੱਖੇ ਬਿੰਨੂੰ 'ਤੇ ਟਿਕਾ ਲੈਂਦੀਆਂ। ਐਂ ਹਿੱਕ ਤਾਣ ਕੇ ਤੁਰਦੀਆਂ ਕਿ ਵੇਖਣ ਵਾਲਾ ਕਿਸੇ ਹਾਦਸੇ ਨੂੰ ਉਡੀਕਦਾ ਹੀ ਰਹਿ ਜਾਂਦਾ।

ਨਵ-ਵਿਆਹੀ ਜਦ ਪਹਿਲੀ ਵਾਰੀ ਖੂਹੀ 'ਤੇ ਪਾਣੀ ਭਰਨ ਆਉਂਦੀ ਤਾਂ ਸ਼ਗਨਾਂ ਨਾਲ ਆਉਂਦੀ। ਉਸ ਦੀ ਸੱਸ ਜਾਂ ਨਨਾਣ ਵੀ ਨਾਲ ਆਉਂਦੀਆਂ। ਇਹ ਸਭ ਤੋਂ ਵਧੀਆ ਥਾਂ ਸੀ, ਪਿੰਡ ਦੀਆਂ ਔਰਤਾਂ ਨਾਲ ਜਾਣ-ਪਛਾਣ ਲਈ। ਉਂਜ ਨੂੰਹਾਂ ਲਈ ਇਹ ਕੰਮ 'ਦੋ ਦੋ ਪਿੱਟਣੇ' ਪਿੱਟਣ ਵਾਲਾ ਹੀ ਸੀ। ਸਿਰ 'ਤੇ ਘੜਾ ਰੱਖ ਕੇ ਲੋੜ ਪਈ 'ਤੇ ਘੁੰਡ ਵੀ ਕੱਢਣਾ ਪੈਂਦਾ ਸੀ।

ਕਈ ਵਾਰ ਨਿਆਣੇ ਆਪਣੀਆਂ ਮਾਂਵਾਂ ਨੂੰ ਬਾਲਟੀ ਭਰੀ ਲਿਆਉਂਦਿਆਂ ਰਾਹ ਵਿਚ ਹੀ ਘੇਰ ਲੈਂਦੇ ਤੇ ਬਾਲਟੀ ਵਿਚੋਂ ਮੂੰਹ ਲਾ ਕੇ ਪਾਣੀ ਪੀਣ ਦੀ ਜਿਦ ਕਰਦੇ। ਮਾਂਵਾਂ ਵਰਜਦੀਆਂ, "ਵੇ ਵੇਖੀਂ, ਜੂਠਾ ਨਾ ਕਰੀਂ, ਘਰ ਜਾ ਕੇ ਭਾਂਡਾ ਲੈ ਕੇ ਪੀਵੀਂ।" ਪਰ ਮਾਂਵਾਂ ਦੀ ਕਿਹੜਾ ਮੰਨਦੈ! ਉਹ ਆਪਣੀ ਪੁਗਾ ਕੇ ਹੀ ਛੱਡਦੇ।

ਅੱਲ੍ਹੜ ਮੁਟਿਆਰਾਂ ਖੂਹੀ ਦੀ ਮੌਣ 'ਤੇ ਖਲੋ ਕੇ ਏਨੇ ਅਰਾਮ ਨਾਲ ਬਾਲਟੀਆਂ ਧੂ-ਧੂ ਕੇ ਘੜੇ



ਭਰਦੀਆਂ ਜਿਵੇਂ ਕਿਸੇ ਸੇਵਾ ਕਾਰਜ ਵਿਚ ਮਗਨ ਹੋਣ। ਕਈ ਵਾਰ ਨਿਆਣੇ ਵੀ ਜਿਦ ਕਰਦੇ, ਬਾਲਟੀ ਖਿੱਚਣ ਦੀ। ਬਾਲਟੀ ਪਾਣੀ ਦੀ ਤਹਿ ਤੱਕ ਤਾਂ ਬੜੇ ਅਰਾਮ ਨਾਲ ਖਿੱਚੀ ਜਾਂਦੀ ਪਰ ਪਾਣੀਓਂ ਬਾਹਰ ਆਉਂਦਿਆਂ ਹੀ ਬਾਲਟੀ ਏਨੀ ਬੋਝਲ ਹੋ ਜਾਂਦੀ ਕਿ ਨਿਆਣਿਆਂ ਦੇ ਵੱਸ ਦੀ ਗੱਲ ਨਾ ਰਹਿੰਦੀ। ਅਜਿਹਾ ਕਿਉਂ ਹੁੰਦਾ ਸੀ, ਉਹ ਸਾਧਾਰਣ ਔਰਤਾਂ ਕੀ ਜਾਨਣ। ਉਨ੍ਹਾਂ ਨੇ ਕਿਹੜਾ ਆਰ. ਕੇ. ਮੀਡੀਜ਼ ਦਾ ਸਿਧਾਂਤ ਪੜ੍ਹਿਆ ਸੀ।

ਖੂਹੀਆਂ ਜੀਵਨ ਨੂੰ ਹਰਿਆ-ਭਰਿਆ ਰੱਖਣ ਲਈ ਅੰਮ੍ਰਿਤ-ਦਾਤੀਆਂ ਸਨ। ਉਹ ਅਮੁੱਕ ਤੇ ਅਮੁੱਲ ਖਜਾਨਿਆਂ ਦੇ ਭੰਡਾਰ ਸਨ। ਬੱਸ ਖੂਹੀ 'ਤੇ ਪਹੁੰਚਣ ਦੀ ਲੋੜ ਸੀ। ਕੋਈ ਬਿੱਲ ਨਹੀਂ ਸੀ ਪੈਂਦਾ, ਕਿਸੇ ਹਾਕਮ ਦਾ ਹੁਕਮ ਨਾਜ਼ਲ ਨਹੀਂ ਸੀ ਹੁੰਦਾ ਕਿ ਪਾਣੀ ਏਨੇ ਵਜੇ ਖੁੱਲ੍ਹੇਗਾ ਤੇ ਏਨੇ ਵਜੇ ਬੰਦ ਹੋਵੇਗਾ। ਜਦੋਂ ਚਾਹੋ ਹਨੇਰੇ-ਸਵੇਰੇ, ਸੰਧਿਆ ਹੋਵੇ ਜਾਂ ਸਰਘੀ, ਬਾਲਟੀ ਚੁੱਕੋ ਤੇ ਪਾਣੀ ਖਿੱਚ ਲਿਆਓ। ਉਂਜ ਬੀਬੀਆਂ ਵਿਚਾਰ ਕਰਦੀਆਂ ਸਨ ਕਿ ਅੱਧੀ ਰਾਤੀਂ ਤਾਂ ਪਾਣੀ ਵੀ ਸੌਂ ਜਾਂਦੇ ਨੇ, ਅੰਮ੍ਰਿਤ ਵੇਲੇ ਤੱਕ ਉਨ੍ਹਾਂ ਨੂੰ ਜਗਾਈਦਾ ਨਹੀਂ।

ਕਦੀ ਨਹੀਂ ਸੀ ਸੁਣਿਆ ਕਿ ਇਨ੍ਹਾਂ ਖੂਹੀਆਂ ਵਿਚ ਕਿਸੇ ਨੇ ਛਾਲ ਮਾਰ ਕੇ ਖੁਦਕੁਸ਼ੀ ਕੀਤੀ ਹੋਵੇ। ਤੌਬਾ! ਸੋਚਣਾ ਵੀ ਗੁਨਾਹ ਸੀ। ਕਦੀ ਕੋਈ ਭੁਲੇਖੇ ਨਾਲ ਵੀ ਇਨ੍ਹਾਂ ਵਿਚ ਨਹੀਂ ਸੀ ਡਿੱਗਿਆ। ਹਰ ਮਰਦ-ਔਰਤ, ਬੱਚਾ-ਬੁੱਢਾ, ਸਰੀਰਕ ਤੇ ਮਾਨਸਿਕ ਤੌਰ 'ਤੇ ਪੂਰੇ ਸੰਤੁਲਨ ਵਿਚ ਸਨ। ਅਜੋਕੇ ਯੁੱਗ ਵਿਚ ਬੇ-ਵਜ੍ਹਾ ਦੀਆਂ ਮਾਨਸਿਕ ਉਲਝਣਾਂ ਨੇ ਮਨੁੱਖ ਨੂੰ ਹੀਣਾ ਤੇ ਨਿਤਾਣਾ ਬਣਾ ਦਿੱਤਾ ਹੈ। ਨਾ ਮਨ ਡਗਮਗਾਉਂਦੇ ਸਨ, ਨਾ ਤਨ। ਖੂਹੀਆਂ ਜੀਵਨ-ਬਖਸ਼ਿੰਦ ਸਨ, ਜੀਵਨ-ਖੋਂਦ ਨਹੀਂ ਸਨ।

ਮੀਂਹ ਦੀਆਂ ਕਣੀਆਂ ਜਾਂ ਹਨੇਰੀਆਂ ਦਾ ਘੱਟਾ-ਮਿੱਟੀ ਉਨ੍ਹਾਂ ਦਾ ਕੁਝ ਨਹੀਂ ਸੀ ਵਿਗਾੜਦਾ। ਹਾਂ, ਬਰਸਾਤ ਦੇ ਦਿਨਾਂ ਵਿਚ ਪਿੰਡ ਦਾ ਚੌਕੀਦਾਰ, ਸਾਰੇ ਮੁਹੱਲਿਆਂ ਵਿਚ ਕਿਸੇ ਉਚੇ ਘਰ ਦੀ ਛੱਤ 'ਤੇ ਖਲੋ ਕੇ ਹੋਕਾ ਦਿੰਦਾ, "ਸੁਣੋ, ਸੁਣੋ, ਸੁਣੋ। ਸਭ ਮਾਈ-ਭਾਈ ਨੂੰ ਸੂਚਿਤ ਕੀਤਾ ਜਾਂਦੈ ਕਿ ਡਾਕਟਰਾਂ ਵਲੋਂ ਪਰਸੋਂ ਖੂਹੀਆਂ ਵਿਚ ਲਾਲ ਦਵਾਈ ਪਾਈ ਜਾਣੀ ਹੈ। ਤਿੰਨ ਦਿਨ ਖੂਹੀ ਵਿਚੋਂ ਪਾਣੀ ਕੱਢਣਾ ਮਨ੍ਹਾਂ ਰਹੇਗਾ। ਇਸ ਲਈ ਆਪਣਾ ਪਾਣੀ ਜਮ੍ਹਾਂ ਕਰ ਲਓ ਬਈ। ਬੀਬੀਓ, ਭੈਣੋਂ ਸੁਣ ਲਓ ਭਾਈ।"

ਪਿੰਡ ਵਿਚ ਝਟ ਖਬਰ ਫੈਲ ਜਾਂਦੀ। ਖੂਹੀਆਂ 'ਤੇ ਭਰਵੀਂ ਰੌਣਕ ਹੋ ਜਾਂਦੀ। ਲਾਲ ਦਵਾਈ ਪਾਉਣ ਵਾਲਿਆਂ ਦੇ ਨਾਲ ਨਿਆਣਿਆਂ ਦੀ ਹੇੜ ਖੂਹੀਓ ਖੂਹੀ ਤੁਰੀ ਫਿਰਦੀ। ਲਹੂ-ਰੰਗਾ ਪਾਣੀ ਵੇਖ ਦਿਲ ਘਬਰਾਉਂਦਾ। ਤਿੰਨ ਦਿਨ ਖੂਹੀਆਂ ਸੁੱਤੀਆਂ ਰਹਿੰਦੀਆਂ। ਤਿੰਨ ਦਿਨ ਬਾਅਦ ਕੁੜੀਆਂ-ਚਿੜੀਆਂ ਦੀ ਰੌਣਕ ਮੁੜ ਆ ਉਤਰਦੀ। ਇਹ ਲਾਲ ਦਵਾਈ ਕੀ ਹੁੰਦੀ ਏ, ਇਹ ਕਿਉਂ ਪਾਈ ਜਾਂਦੀ ਏ, ਜੇ ਕੋਈ ਲਾਲ ਪਾਣੀ ਪੀ ਲਵੇ ਤਾਂ ਕੀ ਬਣੇ, ਇਸ ਬਾਰੇ ਚਰਚਾ ਤਾਂ ਹੁੰਦੀ ਪਰ ਗੱਲ ਕਿਸੇ ਨਤੀਜੇ 'ਤੇ ਨਾ ਪਹੁੰਚਦੀ।

ਹੌਲੀ-ਹੌਲੀ ਸਮੇਂ ਬਦਲਨ ਲੱਗੇ। ਘਰਾਂ 'ਚ ਚਾਰ ਪੈਸੇ ਆਉਣ ਕਰਕੇ ਕਈਆਂ ਨੇ ਘਰੀਂ ਨਲਕੇ ਲੁਆਉਣੇ ਸ਼ੁਰੂ ਕਰ ਦਿੱਤੇ। ਪਹਿਲਾਂ-ਪਹਿਲਾਂ ਤਾਂ ਇਹ ਨਲਕੇ ਵੀ ਸਾਂਝੀਆਂ ਖੂਹੀਆਂ ਵਾਂਗ ਹੀ ਸਨ, ਪਰ ਹੌਲੀ-ਹੌਲੀ ਘਰਾਂ ਦੀਆਂ ਚਾਰ-ਦੀਵਾਰੀਆਂ ਉਸਰਨ ਲੱਗੀਆਂ। ਹੁਣ ਦੂਸਰੇ ਘਰ ਪਾਣੀ ਲੈਣ ਜਾਣਾ ਉਧਾਰ ਮੰਗਣ ਵਰਗੀ ਗੱਲ ਹੋ ਗਈ। ਪਿੰਡ ਦੀਆਂ ਧੀਆਂ-ਭੈਣਾਂ ਪ੍ਰਤੀ ਭਾਵਨਾਵਾਂ ਵੀ ਵਾਸ਼ਨਾਵਾਂ ਤੇ ਕਾਮਨਾਵਾਂ ਵਿਚ ਬਦਲਣ ਲੱਗੀਆਂ। ਲੋਕਾਂ ਦੀ ਆਪਸੀ ਸਾਂਝ ਵੀ ਤਿੜਕਣ ਲੱਗੀ। ਲੋਕੀਂ ਇੱਕ ਦੂਜੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣ ਲੱਗੇ ਤੇ ਆਪਣੇ ਬੇਗਾਨੇ ਜਾਪਣ ਲੱਗੇ।

ਘਰ-ਘਰ ਨਲਕੇ ਲੱਗਣ ਨਾਲ ਖੂਹੀਆਂ ਦੀਆਂ ਰੌਣਕਾਂ ਗਾਇਬ ਹੋਣ ਲੱਗੀਆਂ। ਹੁਣ ਤਾਂ ਇਨ੍ਹਾਂ ਅੰਦਰ ਝਾਤੀ ਮਾਰਨਾ ਵੀ ਡਰਾਉਣਾ ਲੱਗਦੈ। ਨਿਰਾਸ਼ਾ, ਉਦਾਸੀਆਂ, ਪ੍ਰੇਸ਼ਾਨੀਆਂ ਤੇ ਪਸ਼ੇਮਾਨੀਆਂ ਦੇ ਯੁੱਗ ਨੇ ਜ਼ਿੰਦਗੀ 'ਚੋਂ ਦ੍ਰਿੜਤਾ ਘਟਾ ਦਿੱਤੀ। ਹੁਣ ਇਹ ਖੂਹੀਆਂ ਜ਼ਿੰਦਗੀ ਤੋਂ ਤੰਗ ਆਇਆਂ ਦੀ ਪਨਾਹ ਵੀ ਬਣ ਸਕਦੀਆਂ ਸਨ। ਇਸ ਲਈ ਇਨ੍ਹਾਂ ਨੂੰ ਮਿੱਟੀ ਪਾ ਦਫਨਾ ਦੇਣਾ ਹੀ ਬਿਹਤਰ ਸੀ। ਇਨ੍ਹਾਂ ਦੇ ਦਫਨ ਹੋਣ ਨਾਲ ਪੰਜਾਬ ਦੇ ਇੱਕ ਰੋਮਾਂਚਿਕ ਯੁੱਗ ਦਾ ਦਫਨ ਹੋ ਗਿਆ, ਜਿਸ 'ਚ ਕੀਮੇ-ਮਲਕੀ ਜਿਹੀਆਂ ਅਨੇਕਾਂ ਕਥਾਵਾਂ ਅਤੇ ਹੋਰ ਕਿੰਨਾ ਕੁਝ ਸ਼ਾਮਲ ਸੀ।

# ਇਹ ਮੇਰਾ ਨਾਂ

(ਪਿਛਲੇ ਸਫੇ ਦੀ ਬਾਕੀ)

ਲੜਾਈ ਦੇਖਣ ਦਾ ਤਾਂ ਆਪਣਾ ਹੀ ਮਜ਼ਾ ਹੁੰਦਾ ਹੈ, ਖਾਸ ਕਰ ਵੀਹੀ ਵਿਚ। ਉਥੇ ਥਾਂ ਥੋੜ੍ਹੀ ਹੁੰਦੀ ਹੈ ਤੇ ਆਲੇ ਦੁਆਲੇ ਕੰਧਾਂ। ਬੰਦਾ ਕਿਸੇ ਪਾਸੇ ਭੱਜ ਨਹੀਂ ਸਕਦਾ। ਉਨ੍ਹਾਂ ਦੇ ਜਾਣ ਪਿੱਛੋਂ ਮੇਰੀ ਤੇ ਲੰਬੜਾਂ ਦੇ ਕੀਰਤੂ ਦੀ ਚੰਗੀ ਖੜਕੀ। ਉਹ ਮੈਨੂੰ ਕਹਿੰਦਾ, 'ਤੂੰ ਐਥੇ ਬੈਠਾ ਦੰਦੀਆਂ ਕੱਢੀ ਜਾਨਾਂ, ਤੇਰੇ ਈ ਕਰਕੇ ਤਾਂ ਉਹ ਲੜਦੇ ਸੀਗੇ।' ਜਦੋਂ ਉਹਨੇ ਮੈਨੂੰ ਏਨੀ ਗੱਲ ਕਹੀ, ਮੈਂ ਪੈ ਗਿਆ ਉਹਨੂੰ। ਮੈਂ ਅੱਗੇ ਵੀ ਕਈ ਵਾਰੀ ਘੁਲਿਆ ਸੀ ਉਹਦੇ ਨਾਲ, ਤੇ ਮੈਨੂੰ ਪਤਾ ਸੀ, ਪਈ ਉਹ ਮੇਰੇ ਤੋਂ ਮਾੜਾ ਸੀ। ਮੈਂ ਕੰਧ ਤੋਂ ਛਾਲ ਮਾਰ ਕੇ ਢਾਹ ਲਿਆ ਉਹਨੂੰ। ਗਲੀ 'ਚ ਤੁਰੀ ਜਾਂਦੀ ਕਿਸੇ ਬੁੜ੍ਹੀ ਨੇ ਮਸੀਂ ਕੀਰਤੂ ਨੂੰ ਮੇਰੇ ਥੱਲਿਓਂ ਕੱਢਿਆ।

ਤਾਇਆ ਮੇਰਾ ਵੀ ਦਿਨੇ ਬਹੁਤਾ ਸਮਾਂ ਖੂਹ 'ਤੇ ਹੀ ਰਹਿੰਦਾ ਸੀ ਤੇ ਤਰਕਾਲਾਂ ਵੇਲੇ ਹੀ ਪਿੰਡ ਗੇੜਾ ਮਾਰਦਾ। ਇਕ ਦਿਨ ਸਵੇਰੇ ਹੀ ਉਹਨੂੰ ਕਿਸੇ ਕੰਮ ਘਰ ਨੂੰ ਆਉਣਾ ਪਿਆ।

ਉਸ ਦਿਨ ਬੀਬੀ ਸਾਡੀ ਕਿਸੇ ਮਕਾਣੇ ਗਈਓ ਸੀ ਤੇ ਬੇਬੇ 'ਕੱਲੀ ਸੀ ਘਰ। ਮੈਥੋਂ ਛੋਟੀ ਮੇਰੀ ਭੈਣ ਬੇਬੇ ਲਾਗੇ ਬੈਠੀ ਖੇਲ੍ਹਦੀ ਸੀ। ਮੇਰਾ ਛੋਟਾ ਭਰਾ ਜੋ ਉਦੋਂ ਅਜੇ ਸੱਤਾਂ ਅੱਠਾਂ ਕੁ ਮਹੀਨਿਆਂ ਦਾ ਹੀ ਸੀ, ਬੇਬੇ ਨੇ ਆਪਣੇ ਲਾਗੇ ਮੰਜੀ 'ਤੇ ਲਿਟਾਇਆ ਹੋਇਆ ਸੀ। ਅਚਾਨਕ ਘਰ ਆਏ ਤਾਏ ਨੇ ਆਲੇ ਦੁਆਲੇ ਦੇਖਿਆ ਤੇ ਬੇਬੇ ਨੂੰ ਪੁੱਛਿਆ, ਪਈ ਨਿਆਣੇ ਕਿੱਧਰ ਆ। ਉਹਦਾ ਸਿੱਧਾ ਇਸ਼ਾਰਾ ਮੇਰੇ ਵੱਲ ਸੀ। ਬੇਬੇ ਵੀ ਕਿਸੇ ਗੱਲੋਂ ਅੱਕੀ ਬੈਠੀ ਸੀ ਵਿਹੜੇ 'ਚ ਡੇਕ ਥੱਲੇ। ਬੇਬੇ ਨੇ ਆਪਣੇ ਆਲਾ ਪੂਰਾ ਰਿਕਾਰਡ ਲਾ ਦਿੱਤਾ, ਪਈ 'ਵੱਡਾ ਤਾਂ ਸਾਰਾ ਸਾਰਾ ਦਿਨ ਘਰ ਈ ਨਹੀਂ ਵੜਦਾ। ਨਾ ਮੂੰਹ ਧੋਂਦਾ, ਨਾ ਕੋਈ ਕੱਪੜਾ ਲੀੜਾ ਪਾਉਂਦਾ ਆ। ਆਹ ਗਧੀਲਿਆਂ ਦੇ ਨਿਆਣਿਆਂ ਆਂਗ ਗਲੀਆਂ ਕੱਛਦਾ ਫਿਰਦਾ ਆ ਸਾਰਾ ਦਿਨ। ਕੋਈ ਪੁੱਛਣ ਆਲਾ ਹੈ ਨਈਂ ਏਸ ਘਰ 'ਚ।'

ਲਓ ਜੀ, ਸਾਡੇ ਚੰਗੇ ਦਿਨਾਂ ਦੇ ਅੰਤ ਦੀ ਉਹ ਸ਼ੁਰੂਆਤ ਸੀ।

ਮੇਰੇ ਜੀਵਨ ਵਿਚ ਤਬਦੀਲੀ ਲਿਆਉਣ ਦੇ ਇਰਾਦੇ ਨਾਲ ਤਾਇਆ ਘਰੋਂ ਮੈਨੂੰ ਲੱਭਣ ਤੁਰ ਪਿਆ। ਉਸ ਕੁ ਵੇਲੇ ਮੈਂ ਵੀ ਘਰ ਵੱਲ ਮੋੜਾ ਪਾਇਆ ਹੋਇਆ ਸੀ। ਉਹ ਨਿਹੰਗਾਂ ਵਾਲੀ ਗਲੀ ਥਾਣੀਂ ਥੜ੍ਹੇ ਵੱਲ ਗਿਆ ਤੇ ਮੈਂ ਗਭਲੀ ਵੀਹੀ ਘਰ ਆ ਵੜਿਆ। ਬੇਬੇ ਕਹਿੰਦੀ, "ਵੇ ਤੇਰਾ ਤਾਇਆ ਤੈਨੂੰ ਲੱਭਦਾ ਫਿਰਦਾ ਸੀ, ਕਿੱਥੇ ਚਲੇ ਜਾਨਾ ਆਂ ਤੂੰ ਸਵੇਰੇ ਈ?"

ਮੈਂ ਘੇਸਲ ਜਿਹੀ ਵੱਟ ਕੇ ਅੰਦਰ ਜਾ ਵੜਿਆ ਤੇ ਗਰੀਬੜਾ ਜਿਹਾ ਮੂੰਹ ਬਣਾ ਬੇਬੇ ਵੱਲ ਦੇਖਣ ਲੱਗ ਪਿਆ। ਬੇਬੇ ਨੂੰ ਤਾਂ ਸਾਰੀ ਗੱਲ ਦੀ ਪਹਿਲਾਂ ਈ ਸਮਝ ਸੀ। ਉਹ ਬੁੜ ਬੁੜ ਕਰਦੀ ਉਠੀ ਤੇ ਉਹਨੇ ਕੌਲੀ 'ਚ ਥੋੜ੍ਹਾ ਜਿਹਾ ਦਹੀਂ ਪਾ ਕੇ ਮੈਨੂੰ ਰੋਟੀ ਫੜਾ ਦਿੱਤੀ। ਮੈਂ ਵੀ ਕੋਈ ਅੜੀ ਫੜੀ ਨਾ ਕੀਤੀ ਤੇ ਚੁੱਪ ਕਰਕੇ ਰੋਟੀ ਖਾਣ ਲੱਗ ਪਿਆ।

ਮੈਂ ਅਜੇ ਰੋਟੀ ਖਤਮ ਹੀ ਕੀਤੀ ਸੀ ਕਿ ਤਾਇਆ ਲੈਫਟ ਰਾਈਟ ਕਰਦਾ ਘਰ ਨੂੰ ਮੁੜ ਆਇਆ। ਮੈਨੂੰ ਰੋਟੀ ਖਾਂਦੇ ਨੂੰ ਦੇਖ ਕੇ ਉਹਨੇ ਦੋ ਤਿੰਨ ਹਲਕੀਆਂ ਹਲਕੀਆਂ ਜਿਹੀਆਂ ਗਾਲ੍ਹਾਂ ਕੱਢੀਆਂ ਤੇ ਕੰਨੋਂ ਫੜ ਕੇ ਉਠਾਲ ਲਿਆ। "ਤੈਨੂੰ ਮੈਂ ਸਾਰੇ ਪਿੰਡ 'ਚ ਟੋਲਦਾ ਆਇਆਂ, ਤੂੰ ਕਿੱਧਰ ਦੀ ਘਰ ਆ ਵੜਿਆਂ ਛਲੇਡਿਆ ਜਿਹਾ? ਤੇਰਾ ਈ ਪਤਾ ਨਈਂ ਲਗਦਾ ਵੱਡੇ ਜੈਲਦਾਰ ਦਾ। ਚੱਲ ਤੈਨੂੰ ਸਕੂਲੇ ਦਾਖਲ ਕਰਾ ਕੇ ਆਉਨਾਂ। ਜੇ ਕੱਲ੍ਹ ਤੋਂ ਸਕੂਲੇ ਨਾ ਗਿਆ ਤਾਂ ਪਰਸੋਂ ਨੂੰ ਮੈਂ ਤੈਨੂੰ ਤੜਕਿਓਂ ਖੂਹ ਨੂੰ ਲੈ ਜਾਣਾ ਤੇ ਗਾਧੀ 'ਤੇ ਦੇਣਾ ਆ ਬਠਾਲ।"

ਮੈਂ ਚੁੱਪ ਕਰਕੇ ਉਹਦੇ ਨਾਲ ਤੁਰ ਪਿਆ। ਬੇਬੇ ਨੇ 'ਵਾਜ ਮਾਰ ਕੇ ਕਿਹਾ, "ਵੇ ਮੁੰਡੇ ਦਾ ਮਾੜਾ ਮੋਟਾ ਮੂੰਹ ਤਾਂ ਧੋ ਲੈਣ ਦੇ। ਨਾਲੇ ਕੋਈ ਦਾਅ ਦਾ ਕੱਪੜਾ ਪਾ ਦਿੰਨੀ ਆਂ ਏਹਦੇ।"

ਪਰ ਤਾਏ ਸਾਡੇ ਨੇ ਬੇਬੇ ਦੀ ਗੱਲ ਵੱਲ ਕੋਈ ਧਿਆਨ ਈ ਨਾ ਦਿੱਤਾ ਤੇ ਮੈਨੂੰ ਸਿੱਧਾ ਈ ਲੈ ਗਿਆ ਸਕੂਲੇ। ਵੱਡੇ ਮਾਸ਼ਟਰ (ਮਾਸਟਰ) ਨੂੰ ਕਹਿਣ ਲੱਗਾ, "ਪੰਡਤ ਜੀ ਆਹ ਫੜੋ ਆਪਣਾ ਸ਼ਗਿਰਦ ਤੇ ਕਰੋ ਸਿੱਧਾ ਏਹਨੂੰ।"

ਮਾਸਟਰ ਹੱਥ 'ਚ ਛਿਟੀ ਫੜੀ ਚੌਥੀ ਜਮਾਤ ਦੇ ਨਿਆਣਿਆਂ ਨੂੰ ਇਕ ਪਾਸੇ ਕਤਾਰ ਵਿਚ ਖੜ੍ਹੇ ਕਰਾ ਕੇ ਪਹਾੜੇ ਯਾਦ ਕਰਾ ਰਿਹਾ ਸੀ। ਪਹਿਲੀ ਦੂਜੀ ਵਾਲੇ ਥੋੜ੍ਹੀ ਜਿਹੀ ਦੂਰ ਸਕੂਲ ਦੇ ਵਰਾਂਡੇ 'ਚ ਆਪਣੀਆਂ ਬੋਰੀਆਂ ਵਿਛਾਈ ਬੈਠੇ ਆਲਾ ਦੁਆਲਾ ਦੇਖੀ ਜਾਂਦੇ ਸੀ ਤੇ ਤੀਜੀ ਜਮਾਤ ਆਲੇ ਆਪਣੀਆਂ ਫੱਟੀਆਂ 'ਤੇ ਕੁਛ ਲਿਖਣ ਲੱਗੇ ਹੋਏ ਸੀ। ਜਦੋਂ ਮੈਂ ਉਥੇ ਜਾ ਕੇ ਖੜ੍ਹਾ ਹੋਇਆ ਤਾਂ ਸਕੂਲ ਦੇ ਸਾਰੇ ਨਿਆਣੇ ਪੂਰਾ ਧਿਆਨ ਲਾ ਕੇ ਮੇਰੇ ਵੱਲ ਹੀ ਦੇਖਣ ਲੱਗ ਪਏ। ਮਾਸਟਰ ਜੀ ਹੋਰਾਂ ਪਹਾੜੇ ਯਾਦ ਕਰਾਉਣ ਦਾ ਕੰਮ ਜਮਾਤ ਦੇ ਮਨੀਟਰ ਦੇ ਹਵਾਲੇ ਕੀਤਾ। ਆਪ ਉਹ ਸਕੂਲ ਦੇ ਵਿਹੜੇ ਵਿਚਲੀ ਨਿੱਕੀ ਜਿਹੀ ਪਿੱਪਲੀ ਥੱਲੇ ਡਾਹੀ ਹੋਈ ਕੁਰਸੀ 'ਤੇ ਜਾ ਬੈਠੇ। ਉਹਦੇ ਲਾਗੇ ਛੋਟਾ ਜਿਹਾ ਬੈਂਚ ਪਿਆ ਸੀ। ਤਾਏ ਨੂੰ ਸੈਨਤ ਕਰਕੇ ਆਪਣੇ ਸਾਹਮਣੇ ਪਏ ਬੈਂਚ 'ਤੇ ਬਿਠਾ ਲਿਆ।

ਮਾਸਟਰ ਨੇ ਮੇਜ 'ਤੇ ਪਿਆ ਰਜਿਸਟਰ ਖੋਲ੍ਹਿਆ ਤੇ ਤਾਏ ਨੂੰ ਪੁੱਛਿਆ, "ਸਰਦਾਰ ਸ਼ਿਵ ਸਿੰਘ ਜੀ ਨਾਂ ਕੀ ਆ ਆਪਣੇ ਛੋਟੂ ਦਾ?"

"ਨਾਂ ਤਾਂ ਪਤਾ ਨਈਂ ਸਹੁਰੇ ਦਾ ਇਹਦਾ ਕੀ ਰੱਖਿਆ ਹੋਇਆ ਪਰ ਤੁਸੀਂ ਗੁਰਮੁਖ ਸਿੰਘ ਲਿਖੋ ਜੀ।"

ਏਦਾਂ ਈ ਸਾਡੇ ਤਾਏ ਨੇ ਆਪਣੇ ਅੰਦਾਜ਼ੇ ਨਾਲ ਸਾਡੀ ਜਨਮ ਤਰੀਕ ਲਿਖਾ ਦਿੱਤੀ।

ਮਾਸਟਰ ਨੇ ਪਲ ਕੁ ਲਈ ਰਜਿਸਟਰ ਤੋਂ ਨਿਗਾਹ ਉਠਾ ਕੇ ਮੇਰੇ ਵੱਲ ਵੇਖਿਆ ਤੇ ਮੈਨੂੰ ਕਹਿਣ ਲੱਗਾ, "ਚੱਲ ਬਈ ਗੁਰਮੁਖ ਸਿਹਾਂ, ਚੱਲ ਕੇ ਓਹ ਪਹਿਲੀ ਜਮਾਤ ਵਾਲੀ ਕਤਾਰ 'ਚ ਬਹਿ ਜਾਹ।"

ਤੇ ਉਸ ਪਲ ਤੋਂ ਬੇਬੇ ਅਤੇ ਚਾਚੇ ਤਾਰੂ ਦੇ ਬਹਾਦਰ ਸੌਹ ਦੀ ਥਾਂ ਅਸੀਂ ਸਦਾ ਲਈ ਗੁਰਮੁਖ ਸਿੰਘ ਬਣ ਗਏ।

**ਮਿਨੀ ਕਹਾਣੀਆਂ**

## ਸਬਰ-ਸੰਤੋਖ

ਹਰਜਿੰਦਰ ਤੇ ਸੁਖਦੇਵ ਗੁਆਂਢੀ ਸਨ। ਦੋਹਾਂ ਦੇ ਪਰਿਵਾਰਾਂ ਦਾ ਆਪਸ ਵਿਚ ਬਹੁਤ ਪਿਆਰ ਸੀ। ਕਦੇ ਵੀ ਕਿਸੇ ਚੀਜ਼ ਦੀ ਲੋੜ ਪੈਂਦੀ ਤਾਂ ਇੱਕ ਦੂਜੇ ਤੋਂ ਮੰਗ ਲੈਂਦੇ। ਹਰਜਿੰਦਰ ਸਰਕਾਰੀ ਬੈਂਕ ਵਿਚ ਮੈਨੇਜਰ ਸੀ। ਆਮਦਨ ਚੰਗੀ ਸੀ ਤੇ ਘਰ ਦਾ ਗੁਜ਼ਾਰਾ ਵੀ ਸੋਹਣਾ ਚੱਲੀ ਜਾ ਰਿਹਾ ਸੀ। ਦੂਜੇ ਪਾਸੇ ਸੁਖਦੇਵ ਦੀ ਕੱਪੜਿਆਂ ਦੀ ਦੁਕਾਨ ਸੀ। ਉਹ ਹਰਜਿੰਦਰ ਵਾਂਗ ਬਹੁਤਾ ਅਮੀਰ ਤਾਂ ਨਹੀਂ ਸੀ ਪਰ ਫਿਰ ਵੀ ਘਰ ਦਾ ਗੁਜ਼ਾਰਾ ਸੋਹਣਾ ਚੱਲੀ ਜਾ ਰਿਹਾ ਸੀ।

ਇੱਕ ਦਿਨ ਉਂਜ ਹੀ ਸ਼ਾਮ ਨੂੰ ਹਰਜਿੰਦਰ ਤੇ ਸੁਖਦੇਵ ਬੈਠੇ ਗੱਲਾਂਬਾਤਾਂ ਕਰ ਰਹੇ ਸਨ, ਹਰਜਿੰਦਰ ਦੱਸਣ ਲੱਗਾ ਕਿ ਅੱਜ ਕੱਲ੍ਹ ਉਹ ਬਹੁਤ ਤਣਾਅ ਵਿਚ ਰਹਿੰਦਾ ਹੈ। ਘਰ ਵਿਚ ਬੱਚਿਆਂ ਤੇ ਘਰ ਵਾਲੀ ਨੂੰ ਬਹੁਤਾ ਸਮਾਂ ਨਾ ਦੇਣ ਕਾਰਨ ਕਲੇਸ਼ ਵਧਦਾ ਜਾਂਦਾ ਹੈ, ਪਰ ਉਸ ਨੂੰ ਸਮਝ ਨਹੀਂ ਆ ਰਹੀ ਕਿ ਇਹ ਸਭ ਕਿਉਂ ਹੋ ਰਿਹਾ ਹੈ। ਮੈਂ ਤਾਂ ਸਗੋਂ ਓਵਰ ਟਾਈਮ ਲਾ ਕੇ ਜਾਂ ਕਿਤੇ ਨਾ ਕਿਤੇ ਹੋਰ ਵੀ ਜੁਗਾੜ ਲਾ ਕੇ ਪੈਸਾ ਕਮਾਉਂਦਾ ਹਾਂ ਤਾਂ ਕਿ ਸਭ ਸੁਖੀ ਰਹਿ ਸਕਣ।

ਸੁਣ ਕੇ ਸੁਖਦੇਵ ਪਹਿਲਾਂ ਤਾਂ ਹੱਸਿਆ, ਫਿਰ ਆਪਣੇ ਦੋਸਤ ਨੂੰ ਪਿਆਰ ਨਾਲ ਸਮਝਾਉਣ ਲੱਗਾ, "ਤੇਰੀ ਚੰਗੀ ਤਨਖਾਹ ਹੈ, ਕੋਠੀ ਪਾਈ ਹੋਈ ਹੈ, ਬੱਚੇ ਵੀ ਚੰਗੇ ਸਕੂਲਾਂ ਵਿਚ ਪੜ੍ਹਦੇ ਨੇ, ਫਿਰ ਵੀ ਤੂੰ ਪੈਸੇ ਪਿੱਛੇ ਇੰਨਾ ਕਿਉਂ ਭੱਜ ਰਿਹਾ ਹੈ ਕਿ ਘਰ ਪਰਿਵਾਰ ਲਈ ਸਮਾਂ ਕੱਢਣਾ ਹੀ ਤੇਰੇ ਲਈ ਔਖਾ ਹੋ ਗਿਆ ਹੈ। ਆਖਰ ਇਹ ਸਭ ਪੈਸਾ ਤੂੰ ਇਨ੍ਹਾਂ ਦੀ ਖੁਸ਼ੀ ਲਈ ਹੀ ਕਮਾਉਣਾ ਚਾਹੁੰਦਾ ਹੈਂ! ਪਰ ਅਜਿਹੇ ਲੋਭ ਵਿਚ ਨਹੀਂ ਫਸੀਦਾ ਕਿ ਪੈਸਾ ਰਿਸ਼ਤਿਆਂ ਦੀ ਜਗ੍ਹਾ ਲੈਣ ਲੱਗ ਜਾਵੇ। ਉਂਜ ਤਾਂ ਭਾਈ ਗੱਲ ਸਾਰੀ ਸਬਰ ਤੇ ਸੰਤੋਖ ਦੀ ਹੈ। ਸਬਰ-ਸੰਤੋਖ ਵਿਚ ਰਹਿ ਕੇ ਕਮਾ ਕੇ ਦੇਖੀਂ, ਬਹੁਤ ਨਜ਼ਾਰਾ ਆਊ ਤੇ ਰਿਸ਼ਤਿਆਂ ਨੂੰ ਵੀ ਨਿਭਾਉਣ ਦਾ ਸਮਾਂ ਮਿਲੂ ਤੇ ਜ਼ਿੰਦਗੀ ਖੁਸ਼ਹਾਲ ਹੋ ਜਾਊ।"

ਹੁਣ ਹਰਜਿੰਦਰ ਨੂੰ ਸਾਰੀ ਗੱਲ ਸਮਝ ਆ ਗਈ। ਉਹ ਹੋਰ ਪੈਸਾ ਕਮਾਉਣ ਦੇ ਚੱਕਰ ਵਿਚ ਆਪਣੇ ਪਰਿਵਾਰ ਤੇ ਰਿਸ਼ਤਿਆਂ ਤੋਂ ਹੀ ਦੂਰ ਹੋਈ ਜਾ ਰਿਹਾ ਸੀ। ਬਲਕਿ ਉਸ ਕੋਲ ਜਰੂਰਤ ਨਾਲੋਂ ਵਧ ਸੀ। ਹੁਣ ਉਸ ਦੇ ਮਨ ਨੂੰ ਸੰਤੋਖ ਆ ਗਿਆ ਤੇ ਉਹ ਸੋਚਣ ਲੱਗਾ ਕਿ ਹੁਣ ਉਹ ਧਨ ਕਮਾਵੇਗਾ ਸਿਰਫ ਆਪਣੇ ਪਰਿਵਾਰ ਦੀਆਂ ਖੁਸ਼ੀਆਂ ਲਈ, ਨਾ ਕਿ ਉਨ੍ਹਾਂ ਤੋਂ ਦੂਰ ਜਾਣ ਲਈ।

-ਕਿਰਨਪ੍ਰੀਤ ਕੌਰ
ਫੋਨ: +4368864013133

---

## ਚੰਗਾ ਭਾਅ

ਪਿਛਲੇ ਪੰਜ ਦਹਾਕਿਆਂ ਦੌਰਾਨ ਪੜ੍ਹੀਆਂ ਤੇ ਮੇਰੀ ਜ਼ਿੰਦਗੀ ਦੀ ਜਮ੍ਹਾਂ ਪੂੰਜੀ ਭਾਵ ਮੇਰੀਆਂ ਦੁਰਲੱਭ ਤੇ ਅਨਮੋਲ ਪੁਸਤਕਾਂ ਦਾ ਮੇਰੀਆਂ ਬੁੱਢੀਆਂ ਅੱਖਾਂ ਸਾਹਮਣੇ ਨੂੰਹ-ਪੁੱਤ ਨੇ ਦਸ ਰੁਪਏ ਕਿੱਲੋ ਦੇ ਹਿਸਾਬ ਸੌਦਾ ਮੁਕਾ ਲਿਆ। ਚਾਲੀ ਕੁ ਕਿੱਲੋ ਤੋਲ ਕੇ ਕਬਾੜੀਆ ਹੱਥ ਖੜ੍ਹੇ ਕਰ ਗਿਆ, "ਮੇਰੇ ਕੋਲ ਪੈਸੇ ਘੱਟ ਨੇ, ਬਾਕੀ ਫਿਰ ਲੈ ਜਾਵਾਂਗਾ।"

ਨੂੰਹ ਪੁੱਤ ਖੁਸ਼ ਸਨ ਕਿ ਚੰਗਾ ਭਾਅ ਮਿਲ ਗਿਆ।

-ਮੁਖਤਾਰ ਗਿੱਲ
ਫੋਨ: 91-98140-82217

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

# ਕਿਆਮਤ

## ਲੜੀਵਾਰ ਨਾਵਲ

**ਕਿਸ਼ਤ 11ਵੀਂ**

***ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ***

### ਤੁਸੀਂ ਪੜ੍ਹ ਚੁਕੇ ਹੋ...

**ਇਰਾਕ ਦੇ ਇਕ ਹਿੱਸੇ 'ਤੇ ਆਈ. ਐਸ. ਆਈ. ਐਸ. ਦੇ ਕਬਜ਼ੇ ਪਿਛੋਂ ਜਾਜ਼ੀਦੀ ਕਬੀਲੇ ਦੇ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਹੀ ਆਪਣੇ ਪਿੰਡ ਜਾ ਵੜਦੀ ਹੈ। ਇਹ ਉਹ ਸਮਾਂ ਹੈ ਜਦੋਂ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਸੀ। ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ 'ਤੇ ਕਹਿਰ ਢਾਹੁਣ ਲੱਗੇ। ਆਈ. ਐਸ. ਆਈ. ਐਸ. ਦੇ ਅਤਿਵਾਦੀ ਜਾਜ਼ੀਦੀਆਂ ਦੇ ਇਲਾਕੇ ਨੂੰ ਘੇਰਾ ਪਾ ਕੇ ਸਭ ਜਾਜ਼ੀਦੀਆਂ ਨੂੰ ਟਰੱਕਾਂ ਵਿਚ ਲੱਦ ਕੇ ਲੈ ਗਏ। ਔਰਤਾਂ ਤੇ ਬੱਚਿਆਂ ਨੂੰ ਵੱਖ ਕਰਕੇ ਵੱਖ-ਵੱਖ ਥਾਂਈਂ ਭੇਜ ਦਿੱਤਾ। ਜਾਜ਼ੀਦੀ ਕੁੜੀਆਂ ਦੀ ਮੰਡੀ ਲਾਈ ਗਈ ਤੇ ਆਸਮਾ ਨੂੰ ਜੱਜ ਹਾਜੀ ਸਲਮਾਨ ਖਰੀਦ ਕੇ ਲੈ ਗਿਆ। ਉਸ ਦੇ ਕਬਜ਼ੇ ਵਿਚੋਂ ਭੱਜਣ ਦੀ ਕੋਸ਼ਿਸ਼ ਕਰਨ 'ਤੇ ਆਸਮਾ ਨੂੰ ਸਮੂਹਿਕ ਜਬਰ ਜਨਾਹ ਦੀ ਸਜ਼ਾ ਦਿੱਤੀ ਗਈ ਅਤੇ ਫਿਰ ਅਗਾਂਹ ਵੇਚ ਦਿੱਤਾ। ਇਉਂ ਅਗਾਂਹ ਵਿਕਦੀ-ਵਿਕਦੀ ਉਹ ਹਾਜੀ ਅਮਰ ਪਾਸ ਪੁੱਜ ਗਈ। ਹੁਣ ਪੜ੍ਹੋ ਇਸ ਤੋਂ ਅੱਗੇ...**

***(12)***

ਮੇਰੇ ਕੰਨੀਂ, ਹੌਲੀ-ਹੌਲੀ ਗੱਲਾਂ ਕਰਨ ਦੀਆਂ ਆਵਾਜ਼ਾਂ ਪੈਣ ਲੱਗੀਆਂ ਜਿਵੇਂ ਦੋ ਜਣੇ ਕਿਸੇ ਮਸਲੇ 'ਤੇ ਸਲਾਹ ਕਰ ਰਹੇ ਹੋਣ। ਮੈਨੂੰ ਜਾਪਿਆ ਕਿ ਮੈਂ ਸੁਪਨਾ ਵੇਖ ਰਹੀ ਹਾਂ ਪਰ ਇਹ ਹਕੀਕਤ ਸੀ। ਪਹਿਲਾਂ ਮਨ ਖਿਆਲਾਂ 'ਚ ਗੁਆਚਿਆ ਹੋਇਆ ਸੀ। ਮੇਰੇ ਨਾਲ ਹੁਣ ਤੱਕ ਦੀ ਹੋਈ ਬੀਤੀ ਫਿਲਮੀ ਰੀਲ ਵਾਂਗ ਮਨ ਦੇ ਚਿਤਰਪਟ 'ਤੇ ਚੱਲ ਰਹੀ ਸੀ। ਮੇਰੀ ਸੋਚ ਪਿੰਡੋਂ ਤੁਰੀ ਸੀ ਤੇ ਸੋਚਦੀ-ਸੋਚਦੀ ਉਥੇ ਪਹੁੰਚ ਗਈ,



**ਹਰਮਹਿੰਦਰ ਚਹਿਲ**
**ਫੋਨ: 703-362-3239**
**chahals57@yahoo.com**

ਜਦੋਂ ਕਿਸੇ ਘਰ 'ਚ ਦਾਖਲ ਹੋ ਕੇ ਮਦਦ ਮੰਗੀ ਸੀ। ਉਨ੍ਹਾਂ ਮਦਦ ਦਿੱਤੀ ਅਤੇ ਰਾਤ ਕੱਟਣ ਲਈ ਬੈਡ ਦਿੱਤਾ। ਮੈਂ ਆਲੇ-ਦੁਆਲੇ ਨਜ਼ਰ ਮਾਰੀ। ਅਸਲ 'ਚ ਮੈਂ ਹੁਣ ਉਸੇ ਬੈਡ 'ਤੇ ਪਈ ਹੋਈ ਸੀ ਅਤੇ ਇਹ ਉਹੋ ਹੀ ਘਰ ਸੀ। ਮੈਂ ਸਿਰ ਝਟਕਿਆ ਅਤੇ ਖਿਆਲਾਂ 'ਚੋਂ ਨਿਕਲ ਆਈ। ਹੌਲੀ-ਹੌਲੀ ਆ ਰਹੀਆਂ ਆਵਾਜ਼ਾਂ, ਇਸ ਘਰ ਦੇ ਮਾਲਕ ਰਸੂਲ ਅਤੇ ਉਸ ਦੀ ਬੀਵੀ ਹਾਮਾ ਦੀਆਂ ਸਨ। ਗਹੁ ਨਾਲ ਸੁਣਿਆ ਤਾਂ ਇੰਨਾ ਪਤਾ ਲੱਗ ਗਿਆ ਕਿ ਗੱਲ ਮੇਰੇ ਬਾਰੇ ਹੋ ਰਹੀ ਹੈ ਪਰ ਸਮਝ ਕੁਝ ਨਾ ਆਇਆ। ਖਤਰੇ ਦਾ ਅਹਿਸਾਸ ਹੋਇਆ। ਕਿਧਰੇ ਇਸਲਾਮਕ ਸਟੇਟ ਵਾਲਿਆਂ ਦੇ ਹਵਾਲੇ ਕਰਨ ਦੀਆਂ ਵਿਉਂਤਾਂ ਤਾਂ ਨਹੀਂ ਬਣਾ ਰਹੇ? ਕਾਦਰ ਦੀ ਖਾਲਾ ਅਜਿਹਾ ਕਰ ਚੁਕੀ ਸੀ। ਸੋਚਾਂ ਦੇ ਘੋੜੇ ਦੁੜਾਏ, ਪਰ ਕੋਈ ਸਮਝ ਨਾ ਆਈ। ਜ਼ਰਾ ਕੁ ਸਿਰ ਉਚਾ ਕਰਦਿਆਂ ਉਨ੍ਹਾਂ ਵਲ ਵੇਖਿਆ। ਹਾਮਾ ਅਤੇ ਰਸੂਲ ਸਿਰ ਜੋੜੀ ਗੱਲਾਂ ਕਰ ਰਹੇ ਸਨ ਪਰ ਮੇਰਾ ਸਿਰ ਉਚਾ ਕਰਕੇ ਉਧਰ ਨੂੰ ਝਾਕਣਾ, ਹਾਮਾ ਨੇ ਵੇਖ ਲਿਆ ਸੀ। ਉਹ ਉਦੋਂ ਹੀ ਉਠ ਕੇ ਮੇਰੇ ਕੋਲ ਆ ਗਈ ਤੇ ਮੇਰੇ ਸਿਰਹਾਣੇ ਖੜ੍ਹਦਿਆਂ ਬੋਲੀ, "ਧੀਏ, ਨੀਂਦ ਪੂਰੀ ਹੋ ਗਈ ਐ ਤੇਰੀ? ਅਸੀਂ ਤੇਰੀਆਂ ਈ ਗੱਲਾਂ ਕਰ ਰਹੇ ਸਾਂ।"

ਮੈਂ ਉਠ ਕੇ ਬਹਿ ਗਈ ਤਾਂ ਉਹ ਮੁੜ ਬੋਲੀ, "ਹੁਣ ਜਦੋਂ ਅਸੀਂ ਤੇਰੀ ਮਦਦ ਕਰਨ ਦਾ ਜ਼ਿੰਮਾ ਓਟ ਈ ਲਿਐ ਤਾਂ ਸਾਨੂੰ ਇਸ ਮਸਲੇ ਨੂੰ ਬੜੇ ਸੁਲਝੇ ਢੰਗ ਨਾਲ ਨਜਿੱਠਣਾ ਚਾਹੀਦੈ।?"

"ਜੀ...।" ਇੰਨਾ ਕਹਿੰਦਿਆਂ ਮੈਂ ਉਬਾਸੀ ਲਈ ਤਾਂ ਉਹ ਬੋਲੀ, "ਇਉਂ ਕਰ, ਪਹਿਲਾਂ ਤੂੰ ਮੂੰਹ ਹੱਥ ਧੋ ਲੈ। ਕੁਝ ਖਾ ਪੀ ਲੈ। ਫਿਰ ਗੱਲ ਕਰਦੇ ਆਂ।" ਉਹਨੇ ਬੁਰਕਾ ਪਹਿਨ ਕੇ ਬਾਥਰੂਮ ਵਲ ਜਾਣ ਦਾ ਕਿਹਾ। ਉਸ ਪਿੱਛੋਂ ਨਸੀਰਾਂ ਕਮਰੇ 'ਚ ਹੀ ਖਾਣ-ਪੀਣ ਦਾ ਸਾਮਾਨ ਦੇ ਗਈ। ਮੈਂ ਅੰਡਾ ਤੇ ਜੂਸ ਬਗੈਰਾ ਖਾਧਾ-ਪੀਤਾ। ਫਿਰ ਹਾਮਾ ਮੇਰੇ ਕੋਲ ਬਹਿ ਗਈ। ਮੈਂ ਦੱਸਿਆ ਕਿ ਜੇ ਮੇਰੇ ਭਰਾ ਨਾਲ ਗੱਲ ਹੋ ਜਾਵੇ ਤਾਂ ਬਿਹਤਰ ਹੋਵੇਗਾ। ਉਦੋਂ ਹੀ ਉਸ ਨੇ ਆਵਾਜ਼ ਦੇ ਕੇ ਨਾਸਿਰ ਨੂੰ ਬੁਲਾਇਆ। ਮੈਂ ਨੰਬਰ ਦਿੱਤਾ ਤਾਂ ਨਾਸਿਰ ਨੇ ਫੋਨ ਮਿਲਾਇਆ। ਉਧਰੋਂ ਜਿੰਜ਼ਾਲ ਨੇ ਫੋਨ ਚੁੱਕਦਿਆਂ ਹੈਲੋ ਕਹੀ ਹੀ ਸੀ ਕਿ ਮੈਂ ਬੋਲੀ, "ਭਾਈਜਾਨ, ਮੈਂ ਆਸਮਾ।"

"ਸ਼ੁਕਰ ਖੁਦਾ ਦਾ, ਤੇਰਾ ਫੋਨ ਆਇਆ। ਸੋਚ ਸੋਚ ਕੇ ਬੁਰਾ ਹਾਲ ਸੀ ਕਿ ਤੇਰੇ ਨਾਲ ਪਤਾ ਨ੍ਹੀਂ ਕੀ ਬੀਤੀ ਹੋਵੇਗੀ।"

"ਭਾਈਜਾਨ ਮੈਂ ਠੀਕ ਆਂ, ਸਹੀ ਥਾਂ ਪਹੁੰਚ ਗਈ ਆਂ। ਇਹ ਬਹੁਤ ਚੰਗਾ ਪਰਿਵਾਰ ਐ। ਇਹ ਮੇਰੀ ਪੂਰੀ ਮਦਦ ਕਰਨਗੇ ਪਰ ਇਥੇ ਸਾਨੂੰ ਪਤਾ ਨ੍ਹੀਂ ਲੱਗ ਰਿਹਾ ਕਿ ਅੱਗੇ ਕੀ ਕਰੀਏ।"

"ਤੂੰ ਇਉਂ ਕਰ, ਫੋਨ ਕਿਸੇ ਹੋਰ ਨੂੰ ਫੜਾ।"

ਮੈਂ ਫੋਨ ਹਾਮਾ ਨੂੰ ਫੜਾ ਦਿੱਤਾ। ਉਸ ਨੇ ਜਿੰਜ਼ਾਲ ਨੂੰ ਭਰੋਸਾ ਦਿਵਾਇਆ ਕਿ ਉਹ ਮੇਰੀ, ਆਪਣੀ ਧੀ ਸਮਝ ਕੇ ਜੀਅ-ਜਾਨ ਨਾਲ ਮਦਦ ਕਰਨਗੇ। ਅੱਗੇ ਦੀਆਂ ਹਦਾਇਤਾਂ ਲਈ ਫੋਨ ਨਾਸਿਰ ਨੇ ਫੜ ਲਿਆ ਤੇ ਉਹ ਕਾਫੀ ਦੇਰ ਜਿੰਜ਼ਾਲ ਨਾਲ ਗੱਲ ਕਰਦਾ ਰਿਹਾ। ਫਿਰ ਉਸ ਨੇ ਫੋਨ ਕੱਟਦਿਆਂ ਮੈਨੂੰ ਕਿਹਾ ਕਿ ਜਿੰਜ਼ਾਲ ਨੂੰ ਸਭ ਕੁਝ ਦੱਸ ਦਿੱਤਾ ਹੈ, ਉਹ ਬਾਅਦ 'ਚ ਫੋਨ ਕਰੇਗਾ। ਇਧਰ ਰਸੂਲ ਨੇ ਵੀ ਨਾਸਿਰ ਨੂੰ ਕੁਝ ਹਦਾਇਤਾਂ ਦਿੰਦਿਆਂ ਤੋਰ ਦਿੱਤਾ। ਦਿਨ ਚੜ੍ਹ ਆਇਆ ਤੇ ਬਾਹਰ ਗਲੀ-ਮੁਹੱਲਿਆਂ 'ਚ ਲੋਕਾਂ ਦਾ ਬੋਲ-ਬੁਲਾਰਾ ਅਤੇ ਕਾਰਾਂ-ਜੀਪਾਂ ਦੇ ਲੰਘਣ ਦਾ ਖੜਕਾ ਸੁਣਨ ਲੱਗ ਪਿਆ। ਹਾਮਾ ਨੇ ਦੱਸ ਦਿੱਤਾ ਸੀ ਕਿ ਨਾਸਿਰ ਨੇ ਅੱਜ ਕੰਮ ਤੋਂ ਛੁੱਟੀ ਕਰ ਲਈ ਹੈ ਤਾਂ ਕਿ ਉਹ ਮੇਰੀ ਮਦਦ ਕਰ ਸਕੇ। ਉਸ ਦੇ ਦੱਸਣ ਅਨੁਸਾਰ ਉਹ ਕਿਸੇ ਸੈਨਟਿਰੀ ਕੰਪਨੀ 'ਚ ਕੰਮ ਕਰਦਾ ਸੀ।

ਸਾਰਾ ਦਿਨ ਉਡੀਕਦਿਆਂ ਲੰਘਿਆ। ਨਾਸਿਰ ਸਵੇਰ ਦਾ ਗਿਆ ਅਜੇ ਮੁੜਿਆ ਨਹੀਂ ਸੀ ਤੇ ਨਾ ਹੀ ਜਿੰਜ਼ਾਲ ਨਾਲ ਹੋਈ ਗੱਲਬਾਤ ਬਾਰੇ ਪਤਾ ਸੀ। ਦੁਪਹਿਰ ਢਲੇ ਨਾਸਿਰ ਘਰ ਵੜਿਆ ਤਾਂ ਸੁੱਖ ਦਾ ਸਾਹ ਆਇਆ। ਉਸ ਦੇ ਆਉਣ ਦੇ ਵੀਹ ਕੁ ਮਿੰਟ ਬਾਅਦ ਹੀ ਅਸੀਂ ਚਾਰੇ ਵਿਉਂਤਾਂ ਬਣਾ ਰਹੇ ਸਾਂ। ਮੇਰੇ ਕਮਰੇ 'ਚ ਨਾਸਿਰ ਤੋਂ ਬਿਨਾ ਉਸ ਦੇ ਅੰਮਾ-ਅੱਬੂ ਸਨ।


ਨਾਸਿਰ ਨੇ ਦਿਨ ਭਰ ਦੇ ਕੰਮ ਦੀ ਤਫਸੀਲ ਦਿਤੀ, "ਮੈਂ ਪਹਿਲਾਂ ਇਹ ਵੇਖਣ ਦੀ ਕੋਸ਼ਿਸ਼ ਕੀਤੀ ਕਿ ਜਿਸ ਘਰ 'ਚੋਂ ਆਸਮਾ ਭੱਜ ਕੇ ਆਈ ਐ, ਉਥੇ ਕੀ ਹਾਲਾਤ ਨੇ।"

"ਅੱਛਾ।" ਰਸੂਲ ਨੇ ਹੁੰਗਾਰਾ ਭਰਿਆ।

"ਘਰ ਦੇ ਬਾਹਰ ਇਸਲਾਮਕ ਸਟੇਟ ਪੁਲਿਸ ਦਾ ਟਰੱਕ ਖੜ੍ਹਾ ਸੀ। ਕੁਝ ਮਿਲੀਟੈਂਟ ਘਰ ਦੇ ਅੰਦਰ ਵੀ ਵਿਖਾਈ ਦਿੱਤੇ।" ਉਸ ਨੇ ਗੱਲ ਖਤਮ ਕੀਤੀ ਤਾਂ ਰਸੂਲ ਬੋਲਿਆ, "ਇਸ ਦਾ ਮਤਲਬ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਕੁੜੀ ਭੱਜ ਚੁੱਕੀ ਐ।"

ਮੈਂ ਸਾਵਾਂ ਜਿਹਾ ਰਹਿੰਦਿਆਂ ਗੱਲ ਸੁਣ ਰਹੀ ਸਾਂ ਕਿਉਂਕਿ ਮੈਂ ਉਨ੍ਹਾਂ ਨੂੰ ਕੱਲ੍ਹ ਇਹੀ ਦੱਸਿਆ ਸੀ ਕਿ ਜਦੋਂ ਮੇਰਾ ਮਾਲਕ ਘਰੋਂ ਨਿਕਲਿਆ ਤਾਂ ਮੈਂ ਪਿੱਛੋਂ ਖਿੜਕੀ ਰਾਹੀਂ ਉਤਰ ਕੇ ਭੱਜ ਆਈ। ਮੈਂ ਉਨ੍ਹਾਂ ਤੋਂ ਹਾਜੀ ਅਮਰ 'ਤੇ ਅਮਰੀਕਨ ਮਿਜ਼ਾਇਲ ਵਾਲੀ ਗੱਲ ਲੁਕਾ ਲਈ ਸੀ। ਨਾ ਹੀ ਇਹ ਜਾਹਰ ਕੀਤਾ ਸੀ ਕਿ ਹਾਜੀ ਅਮਰ ਦੀ ਘਰ ਵਾਲੀ ਨੇ ਸਾਡੀ ਮਦਦ ਕੀਤੀ ਸੀ, ਜਾਂ ਉਥੇ ਹੋਰ ਕੁੜੀਆਂ ਵੀ ਸਨ। ਸੋ ਹੁਣ ਉਨ੍ਹਾਂ ਨੇ ਇਹੀ ਨਤੀਜਾ ਕੱਢਿਆ ਕਿ ਆਸਮਾ ਦੇ ਭੱਜਣ ਕਰਕੇ ਹੀ ਸ਼ਾਇਦ ਇਸਲਾਮਕ ਸਟੇਟ ਪੁਲਿਸ ਤਹਿਕੀਕਾਤ ਕਰਨ ਆਈ ਹੋਵੇਗੀ। ਪਰ ਮੈਂ ਜਾਣ ਗਈ ਕਿ ਹਾਜੀ ਅਮਰ ਦੇ ਅਮਰੀਕਨ ਮਿਜ਼ਾਇਲ ਨਾਲ ਮਾਰੇ ਜਾਣ ਦੀ ਖਬਰ ਇਸਲਾਮਕ ਸਟੇਟ ਵਾਲਿਆਂ ਤੱਕ ਪਹੁੰਚ ਚੁਕੀ ਹੈ ਅਤੇ ਹੁਣ ਦੂਸਰੀਆਂ ਦੇ ਨਾਲ-ਨਾਲ ਮੈਨੂੰ ਵੀ ਲੱਭ ਰਹੇ ਹੋਣਗੇ।

ਰਸੂਲ ਦੀ ਗੱਲ ਦੇ ਜੁਆਬ 'ਚ ਨਾਸਿਰ ਬੋਲਿਆ, "ਇਹ ਗੱਲ ਜਾਹਰ ਐ ਕਿ ਉਹ ਹੁਣ ਆਸਮਾ ਨੂੰ ਲੱਭ ਰਹੇ ਹੋਣਗੇ। ਕਿਉਂਕਿ ਇਸ



ਪਿਛੋਂ ਮੈਂ ਇਸ ਗੱਲ ਦਾ ਪੱਕ ਕਰਨ ਲਈ ਇਕ ਹੋਰ ਕਦਮ ਵੀ ਚੁੱਕਿਆ।"

"ਉਹ ਕੀ?" ਹਾਮਾ ਹੈਰਾਨੀ ਨਾਲ ਉਸ ਵਲ ਝਾਕੀ।

"ਮੈਂ ਮੋਸਲ ਤੋਂ ਬਾਹਰ ਜਾਣ ਵਾਲੀ ਵੱਡੀ ਸੜਕ ਦੇ ਚੈਕ ਪੁਆਇੰਟ ਤੋਂ ਦੂਜੇ ਪਾਸੇ ਲੰਘਿਆ, ਕਿਉਂਕਿ ਚੈਕ ਪੁਆਇੰਟ 'ਤੇ ਵੱਡੇ ਸਾਰੇ ਬੋਰਡ 'ਤੇ ਫਰਾਰ ਹੋਈਆਂ ਗੁਲਾਮ ਕੁੜੀਆਂ ਦੀਆਂ ਤਸਵੀਰਾਂ ਲੱਗੀਆਂ ਰਹਿੰਦੀਆਂ।"

"ਫਿਰ?"

"ਫਿਰ ਕੀ, ਜਦੋਂ ਈ ਮੈਂ ਸ਼ਨਾਖਤੀ ਕਾਰਡ ਚੈਕ ਕਰਵਾਉਣ ਲਈ ਰੁਕਿਆ ਤਾਂ ਬੋਰਡ 'ਤੇ ਆਸਮਾ ਦੀ ਤਸਵੀਰ ਸਭ ਤੋਂ ਉਪਰ ਸੀ।"

ਰਸੂਲ ਨੇ ਅਫਸੋਸ 'ਚ ਸਿਰ ਮਾਰਿਆ, "ਇਸ ਦਾ ਮਤਲਬ ਅਸੀਂ ਇਸ ਨੂੰ ਚੈਕ ਪੁਆਇੰਟ ਰਾਹੀਂ ਨ੍ਹੀਂ ਲਿਜਾ ਸਕਦੇ।"

"ਫਿਰ ਹੁਣ ਕੀ ਕਰੀਏ?" ਹਾਮਾ ਨੇ ਫਿਕਰ ਜਾਹਰ ਕੀਤਾ। ਉਦੋਂ ਹੀ ਨਾਸਿਰ ਨੇ ਕਿਹਾ ਕਿ ਉਹ ਇਹ ਸਭ ਜਾਣਕਾਰੀ ਜਿੰਜ਼ਾਲ ਨਾਲ ਸਾਂਝੀ ਕਰ ਲਵੇ। ਉਹ ਜਿੰਜ਼ਾਲ ਨਾਲ ਗੱਲ ਕਰਨ ਲੱਗਾ। ਫਿਰ ਨਾਸਿਰ ਨੇ ਫੋਨ ਮੈਨੂੰ ਫੜਾ ਦਿੱਤਾ। ਮੈਂ 'ਹੈਲੋ' ਕਹੀ ਤਾਂ ਜਿੰਜ਼ਾਲ ਦੀ ਆਵਾਜ਼ ਆਈ, "ਆਸਮਾ, ਤੇਰੇ ਮਨ ਦੀ ਹਾਲਤ ਮੈਂ ਸਮਝ ਸਕਦਾਂ ਪਰ ਯਕੀਨ ਐ, ਇਹ ਆਪਣੀ ਜਾਨ ਜੋਖਮ 'ਚ ਪਾ ਕੇ ਵੀ ਤੇਰੀ ਮਦਦ ਕਰਨਗੇ।" ਇਹ ਕਹਿੰਦਿਆਂ ਉਹਨੇ ਫੋਨ ਬੰਦ ਕਰ ਦਿੱਤਾ।

ਅਸੀਂ ਚਾਰੋਂ ਜਣੇ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕਰ ਰਹੇ ਸਾਂ। ਉਦੋਂ ਹੀ ਰਸੂਲ ਨੂੰ ਕੋਈ ਖਿਆਲ ਆਇਆ ਤੇ ਉਹ ਉਠ ਖੜੋਤਾ। ਉਸ ਨੇ ਕਿਹਾ ਕਿ ਉਹ ਆਪਣੀ ਬੇਟੀ ਵਲ ਜਾਂਦਾ ਹੈ, ਸ਼ਾਇਦ ਉਥੋਂ ਕੋਈ ਰਾਹ ਨਿਕਲੇ। ਪਿਛੋਂ ਦੇਰ ਤੱਕ ਹਾਮਾ ਮੇਰੇ ਨਾਲ ਗੱਲਾਂ ਕਰਦੀ ਰਹੀ। ਹੁਣ ਨਸੀਰਾਂ ਵੀ ਕੋਲ ਆ ਬੈਠੀ। ਜਾਪਦਾ ਸੀ, ਜਿਵੇਂ ਮੈਂ ਉਨ੍ਹਾਂ ਦੇ ਪਰਿਵਾਰ ਦਾ ਹੀ ਜੀਅ ਹੋਵਾਂ। ਨਾਸਿਰ ਗੱਲ ਕਰਦਾ ਤਾਂ ਉਹਦੇ ਚਿਹਰੇ ਤੋਂ ਮੈਨੂੰ ਆਪਣੇ ਭਰਾਵਾਂ ਵਾਲੀ ਅਪਣੱਤ ਦਿਸਦੀ। ਹਾਮਾ ਨੇ ਦੱਸਿਆ ਕਿ ਉਸ ਦੀਆਂ ਤਿੰਨ ਧੀਆਂ ਹਨ ਅਤੇ ਤਿੰਨੋਂ ਮੋਸਲ ਦੇ ਨੇੜ-ਤੇੜ ਹੀ ਵਿਆਹੀਆਂ ਹੋਈਆਂ ਹਨ। ਜਿਸ ਧੀ ਕੋਲ ਰਸੂਲ ਗਿਆ ਹੈ, ਉਸ ਦਾ ਨਾਂ ਮੀਨਾ ਹੈ ਤੇ ਉਹ ਸਭ ਤੋਂ ਛੋਟੀ ਹੈ। ਮੀਨਾ ਦੇ ਘਰ ਵਾਲਾ ਖਾਲਿਦ ਚੰਗੇ ਸੁਭਾਅ ਦਾ ਹੈ ਅਤੇ ਹਾਮਾ ਨੂੰ ਪਤਾ ਹੈ ਕਿ ਉਸ ਦੀ ਇਸਲਾਮਕ ਸਟੇਟ ਵਾਲਿਆਂ ਬਾਰੇ ਚੰਗੀ ਰਾਇ ਨਹੀਂ। ਦੂਜਾ, ਮੀਨਾ ਦਾ ਘਰ ਮੋਸਲ ਸ਼ਹਿਰ ਦੀ ਹੱਦ ਤੋਂ ਬਾਹਰ ਪੈਂਦਾ ਸੀ। ਖੈਰ! ਦੇਰ ਰਾਤ ਖਾ ਪੀ ਕੇ ਅਸੀਂ ਪੈ ਗਏ। ਅਗਲੇ ਦਿਨ ਦਸ ਕੁ ਵਜਦੇ ਨੂੰ ਰਸੂਲ ਮੁੜ ਆਇਆ। ਉਸ ਨੇ ਕਾਰਵਾਈ ਦੱਸਣੀ ਸ਼ੁਰੂ ਕੀਤੀ, "ਪਹਿਲਾਂ ਮੈਂ ਖਾਲਿਦ ਤੇ ਮੀਨਾ ਨੂੰ ਪੂਰੀ ਗੱਲ ਦੱਸ ਕੇ ਇਹ ਜਾਣਨਾ ਚਾਹਿਆ ਕਿ ਉਨ੍ਹਾਂ ਦੀ ਇਸ ਬਾਰੇ ਕੀ ਸੋਚ ਐ।"

"ਅੱਛਾ।"

"ਉਨ੍ਹਾਂ ਦੀਆਂ ਗੱਲਾਂ ਤੋਂ ਮੈਂ ਜਾਣ ਗਿਆ ਕਿ ਉਹ ਆਪਣੇ ਨਾਲ ਸਹਿਮਤ ਨੇ, ਬਈ ਆਪਾਂ ਨੂੰ ਆਸਮਾ ਦੀ ਮਦਦ ਕਰਨੀ ਚਾਹੀਦੀ ਐ; ਬਲਕਿ ਉਨ੍ਹਾਂ ਮੁਤਾਬਕ ਤਾਂ ਇਹ ਬੜਾ ਦੀਨ ਦਾ ਕੰਮ ਐ। ਇਸ ਪਿਛੋਂ ਹੀ ਮੈਂ ਅਗਲੀ ਗੱਲ ਤੋਰੀ।"

"ਫਿਰ?" ਹਾਮਾ ਅਸਲੀ ਗੱਲ ਸੁਣਨ ਨੂੰ ਉਤਾਵਲੀ ਸੀ।

"ਖਾਲਿਦ ਦਾ ਕਹਿਣਾ ਸੀ ਕਿ ਮੁੱਖ ਚੈਕ ਪੁਆਇੰਟ ਰਾਹੀਂ ਲੰਘਾਉਣ ਦਾ ਖਤਰਾ ਤਾਂ ਬਿਲਕੁਲ ਨ੍ਹੀਂ ਲੈਣਾ ਚਾਹੀਦਾ। ਫਿਰ ਕੋਈ ਹੋਰ ਢੰਗ ਲੱਭਣ ਲਈ ਉਸ ਨੇ ਆਪਣੇ ਖਾਸ ਦੋਸਤਾਂ ਨਾਲ ਰਾਬਤਾ ਕੀਤਾ। ਆਖਰ ਇਕ ਰਾਹ ਸੁੱਝਿਆ ਐ ਜੋ ਮੈਨੂੰ ਵੀ ਸਹੀ ਜਾਪਦਾ ਐ।"

"ਉਹ ਕੀ?"

"ਵੇਖੋ, ਸਭ ਤੋਂ ਵੱਡਾ ਕੰਮ ਆਸਮਾ ਨੂੰ ਸ਼ਹਿਰ 'ਚੋਂ ਬਾਹਰ ਕੱਢਣਾ ਐ। ਉਸ ਪਿਛੋਂ ਚੈਕ ਪੁਆਇੰਟ ਤਾਂ ਅੱਗੇ ਵੀ ਆਉਣਗੇ ਪਰ ਇੰਨੀ ਸਖਤੀ ਕਿਤੇ ਨ੍ਹੀਂ ਹੋਵੇਗੀ। ਸੋ ਤਰੀਕਾ ਇਹ ਲੱਭਿਆ ਕਿ ਇਸ ਨੂੰ ਕਿਸੇ ਕੱਚੇ ਰਸਤੇ ਮੋਸਲ ਸ਼ਹਿਰ ਦੀ ਹੱਦ 'ਚੋਂ ਬਾਹਰ ਕੱਢਿਆ ਜਾਵੇ।"

"ਕੱਚੇ ਰਸਤੇ?" ਹਾਮਾ ਅਤੇ ਨਾਸਿਰ ਇਕੱਠੇ ਹੀ ਬੋਲੇ। ਮੈਨੂੰ ਵੀ ਹੈਰਾਨੀ ਹੋਈ।

ਰਸੂਲ ਨੇ ਗੱਲ ਅੱਗੇ ਤੋਰੀ, "ਸ਼ਹਿਰ ਦੇ ਲਹਿੰਦੇ ਵਲ ਕਈ ਕੱਚੇ ਰਸਤੇ ਹਨ। ਉਧਰ ਸਖਤੀ ਵੀ ਘੱਟ ਐ।"

"ਪਰ ਕੱਚੇ ਰਸਤੇ ਲੈ ਕੇ ਕਿਵੇਂ ਜਾਵਾਂਗੇ?" ਹਾਮਾ ਦੇ ਮੱਥੇ 'ਤੇ ਤਿਉੜੀਆਂ ਸਨ।

"ਉਸ ਦਾ ਵੀ ਢੰਗ ਐ। ਉਧਰ ਊਠਾਂ ਦੇ ਵਣਜਾਰੇ ਝੁੰਡਾਂ 'ਚ ਰਹਿੰਦੇ ਨੇ। ਉਹ ਆਰ-ਪਾਰ ਆਉਂਦੇ-ਜਾਂਦੇ ਰਹਿੰਦੇ ਨੇ। ਇਸ ਕਰਕੇ ਉਨ੍ਹਾਂ 'ਤੇ ਕੋਈ ਸ਼ੱਕ ਵੀ ਨ੍ਹੀਂ ਕਰਦਾ।"

"ਪਰ...।" ਨਾਸਿਰ ਕੁਝ ਬੋਲਣ ਹੀ ਲੱਗਾ ਸੀ ਕਿ ਰਸੂਲ ਨੇ ਉਸ ਨੂੰ ਵਿਚੇ ਹੀ ਟੋਕ ਦਿਤਾ, "ਵਣਜਾਰਿਆਂ ਦੇ ਮੋਢੀ ਨਾਲ ਖਾਲਿਦ ਨੇ ਰਾਬਤਾ ਕਰ ਲਿਆ ਐ। ਦੋ ਦਿਨਾਂ ਪਿਛੋਂ ਉਨ੍ਹਾਂ ਨੇ ਮੋਸਲ ਤੋਂ ਬਾਹਰ ਕਿਧਰੇ ਆਪਣੀ ਧੀ ਦਾ ਨਿਕਾਹ ਕਰਨ ਜਾਣਾ ਐਂ। ਉਦੋਂ ਉਹ ਇਕੱਠ 'ਚ ਆਸਮਾ ਨੂੰ ਸ਼ਾਮਲ ਕਰ ਲੈਣਗੇ।"

ਉਸ ਦੀ ਗੱਲ ਸੁਣ ਕੇ ਜਾਪਿਆ, ਮੋਸਲ ਤੋਂ ਨਿਕਲਣ ਦਾ ਇਸ ਤੋਂ ਵਧੀਆ ਢੰਗ ਹੋ ਹੀ ਨਹੀਂ ਸਕਦਾ। ਨਾਸਿਰ ਨੇ ਇਹੀ ਗੱਲ ਜਿੰਜ਼ਾਲ ਨੂੰ ਦੱਸਣ ਲਈ ਫੋਨ ਮਿਲਾ ਲਿਆ। ਉਹ ਪਾਸੇ ਹੋ ਕੇ ਗੱਲ ਕਰਦਾ ਰਿਹਾ ਤੇ ਗੱਲ ਮੁਕਾ ਕੇ ਫੋਨ ਮੈਨੂੰ ਫੜਾ ਦਿੱਤਾ। ਜਿੰਜ਼ਾਲ ਨੇ ਵੀ ਇਸ ਸਕੀਮ ਲਈ ਹਾਮੀ ਭਰੀ।

ਨਾਸਿਰ ਅਗਲੇ ਕੰਮ ਦੀ ਤਿਆਰੀ ਕਰਨ ਲੱਗਾ। ਦੂਜੇ ਦਿਨ ਸ਼ਾਮ ਵੇਲੇ ਤੁਰਨ ਦਾ ਸਮਾਂ ਸੀ। ਕਮਰੇ 'ਚ ਪਰਿਵਾਰ ਦੇ ਚਾਰੇ ਜੀਅ ਮੇਰੇ ਕੋਲ ਬੈਠੇ ਸਨ। ਰਸੂਲ ਨੇ ਨਾਸਿਰ ਨੂੰ ਅੱਗੇ ਵਾਸਤੇ ਪੂਰੀਆਂ ਹਦਾਇਤਾਂ ਦਿੱਤੀਆਂ। ਹਾਮਾ ਨੇ ਮੇਰਾ ਧੀਆਂ ਵਾਂਗ ਮਾਣ ਕਰਦਿਆਂ ਕੁਝ ਪੈਸੇ ਮੇਰੀ ਮੁੱਠ 'ਚ ਮੱਲੋ-ਮੱਲੀ ਫੜਾ ਦਿੱਤੇ। ਗਲ ਲੱਗ ਕੇ ਮਿਲੀ। ਇਵੇਂ ਹੀ ਨਾਸੀਰਾਂ ਨੇ ਬਗਲਗੀਰ ਹੁੰਦਿਆਂ ਮੈਨੂੰ ਅਲਵਿਦਾ ਕਹੀ। ਫਿਰ ਮੈਂ ਬੁਰਕਾ ਪਹਿਨਦਿਆਂ ਮੂੰਹ ਸਿਰ ਢਕ ਲਿਆ। ਅਸੀਂ ਪਿਛਲੇ ਦਰਵਾਜੇ ਥਾਣੀਂ ਨਿਕਲੇ। ਨਾਸਿਰ ਮੈਥੋਂ ਕਈ ਕਦਮ ਅੱਗੇ ਚੱਲ ਰਿਹਾ ਸੀ ਤੇ ਮੈਂ ਪਤਨੀ ਵਾਂਗ ਉਸ ਦੇ ਪਿਛੇ-ਪਿਛੇ ਨੀਵੀਂ ਪਾਈ ਜਾ ਰਹੀ ਸਾਂ। ਅੱਗੇ ਮੋੜ 'ਤੇ ਜਾ ਕੇ ਉਹਨੇ ਪਿਕਅੱਪ ਟਰੱਕ ਰੋਕਿਆ। ਕਿਰਾਏ ਦੀ ਗੱਲਬਾਤ ਮੁਕਾਉਂਦਿਆਂ ਉਸ 'ਚ ਸਵਾਰ ਹੋ ਗਏ। ਘੰਟੇ ਭਰ ਦੀ ਵਾਟ ਪਿਛੋਂ ਸੁੰਨਸਾਨ ਇਲਾਕੇ 'ਚ ਉਤਾਰ ਕੇ ਪਿਕਅੱਪ ਟਰੱਕ ਵਾਲਾ ਵਾਪਸ ਮੁੜ ਗਿਆ। ਉਥੋਂ ਤੁਰਦਿਆਂ ਅਸੀਂ ਹਨੇਰਾ ਹੁੰਦੇ ਨੂੰ ਕੱਚੇ ਕੋਠੜਿਆਂ ਕੋਲ ਜਾ ਪਹੁੰਚੇ। ਨਾਸਿਰ ਨੇ ਇਥੋਂ ਦੇ ਮੋਢੀ ਨਾਲ ਪਹਿਲਾਂ ਹੀ ਗੱਲ ਕੀਤੀ ਹੋਈ ਸੀ। ਉਹ ਸਾਨੂੰ ਬਾਹਰ ਹੀ ਆ ਮਿਲਿਆ ਅਤੇ ਅੱਗੇ ਲੈ ਗਿਆ, ਤੇ ਢਾਰੇ ਜਿਹੇ 'ਚ ਠਹਿਰਾ ਦਿੱਤਾ। ਅਗਲੀ ਸਵੇਰ ਕੁਝ ਜਨਾਨੀਆਂ ਨੇ ਮੇਰਾ ਚਿਹਰਾ ਮੋਹਰਾ ਸਜਾਇਆ। ਉਨ੍ਹਾਂ ਵਰਗੇ ਹੀ ਕੱਪੜੇ ਪਹਿਨਾਏ। ਵੇਖਣ ਨੂੰ ਮੈਂ ਉਨ੍ਹਾਂ ਦੇ ਪਰਿਵਾਰ ਦੀ ਕੁੜੀ ਜਾਪਦੀ ਸਾਂ। ਦਸ ਕੁ ਵਜੇ ਟਰੈਕਟਰ ਟਰਾਲੀ ਆ ਗਈ। ਮੈਂ ਤੇ ਨਾਸਿਰ, ਹੋਰਨਾਂ ਨਾਲ ਸਵਾਰ ਹੋ ਗਏ। ਵੀਹ ਬਾਈ ਜਣੇ, ਔਰਤਾਂ-ਮਰਦਾਂ ਦਾ ਰਲਵਾਂ ਜਿਹਾ ਗਰੁਪ ਵਿਆਹ ਵਾਸਤੇ ਚੱਲ ਪਿਆ। ਮੈਨੂੰ ਕਿਸੇ ਪਰਿਵਾਰਕ ਕੁੜੀ ਦਾ ਸ਼ਨਾਖਤੀ ਕਾਰਡ ਫੜਾ ਦਿੱਤਾ ਗਿਆ ਸੀ। ਅੱਗੇ ਸ਼ਹਿਰ ਦੀ ਹੱਦ 'ਤੇ ਦੋ ਇਸਲਾਮਕ ਸਟੇਟ ਮਿਲੀਟੈਂਟ ਪਹਿਰਾ ਦੇ ਰਹੇ ਸਨ। ਕੋਲ ਗਏ ਤਾਂ ਉਨ੍ਹਾਂ ਪਰਿਵਾਰ ਦੇ ਮੋਢੀ ਨੂੰ ਪੁੱਛਿਆ ਕਿ ਕੌਣ ਹੋ ਤੇ ਕਿਧਰ ਜਾ ਰਹੇ ਹੋ। ਉਨ੍ਹਾਂ ਸਭ ਦੇ ਕਾਰਡਾਂ 'ਤੇ ਸਰਸਰੀ ਨਜ਼ਰ ਮਾਰਦਿਆਂ ਅਗਾਂਹ ਲੰਘਾ ਦਿੱਤਾ।

ਪਹਿਲਾ ਮੋਰਚਾ ਫਤਹਿ ਹੋ ਗਿਆ ਸੀ। ਦਿਨ ਛੁਪਦੇ ਤੱਕ ਮੈਂ ਤੇ ਨਾਸਿਰ, ਮੀਨਾ ਤੇ ਖਾਲਿਦ ਹੋਰਾਂ ਕੋਲ ਪਹੁੰਚ ਗਏ। ਮੀਨਾ ਨੇ ਮੇਰੇ ਨਾਲ ਆਪਣੀ ਮਾਂ ਹਾਮਾ ਵਰਗਾ ਵਰਤਾਓ ਕੀਤਾ। ਅਸੀਂ ਮੋਸਲ ਸ਼ਹਿਰ ਦੀ ਹੱਦ ਨਿਕਲ ਆਏ ਸਾਂ। ਇਥੋਂ

*(ਅਗਲੇ ਸਫੇ 'ਤੇ ਜਾਰੀ)*

ਅੱਗੇ ਦੀ ਸਕੀਮ ਬਣਾਉਣੀ ਸੀ। ਅੱਗੇ ਧੁਰ ਕਿਰਕਕ ਤੱਕ ਜਾਣਾ ਸੁਖਾਲਾ ਨਹੀਂ ਸੀ। ਕਈ ਥਾਂਈਂ ਚੈਕ ਪੁਆਇੰਟ ਆਉਣੇ ਸਨ, ਇਸ ਕਰਕੇ ਸ਼ਨਾਖਤੀ ਕਾਰਡ ਜ਼ਰੂਰੀ ਸੀ। ਖਾਲਿਦ ਨੇ ਪਤਾ ਕੀਤਾ ਤਾਂ ਰਾਹ ਇਹ ਨਿਕਲਿਆ ਕਿ ਮੀਨਾ ਦਾ ਸ਼ਨਾਖਤੀ ਕਾਰਡ ਪਹਿਲਾਂ ਗੁਆਚਿਆ ਵਿਖਾਇਆ ਜਾਵੇ। ਫਿਰ ਹੋਰ ਬਣਾਉਣ ਲਈ ਅਰਜ਼ੀ ਦਿੱਤੀ ਜਾਵੇ ਅਤੇ ਮੀਨਾ ਦੀ ਥਾਂ ਫੋਟੋ ਮੇਰੀ ਲਾ ਦਿੱਤੀ ਜਾਵੇ ਅਤੇ ਪਤਾ ਕਿਰਕਕ ਦਾ ਦਿੱਤਾ ਜਾਵੇ। ਜਦੋਂ ਘਰ ਵਾਲਾ ਨਾਲ ਹੋਵੇ ਤਾਂ ਆਮ ਤੌਰ 'ਤੇ ਕੋਈ ਪਤਨੀ ਦਾ ਚਿਹਰਾ ਨਹੀਂ ਵੇਖਦਾ। ਸੋ, ਇਸ ਕੰਮ 'ਤੇ ਅਮਲ ਸ਼ੁਰੂ ਹੋ ਗਿਆ। ਇਸ ਦੌਰਾਨ ਇਕ ਦਿਨ ਨਾਸਿਰ ਨੇ ਕਾਫੀ ਪੈਸੇ ਲਿਆ ਕੇ ਮੇਰੇ ਹਵਾਲੇ ਕਰ ਦਿੱਤੇ। ਮੈਂ ਹੈਰਾਨ ਹੋਈ, "ਇਹ ਕੀ?

"ਇਹ ਪੈਸੇ ਤੇਰੇ ਭਰਾ ਨੇ ਭੇਜੇ ਨੇ ਤਾਂ ਕਿ ਜੋ ਤੈਨੂੰ ਇਥੋਂ ਕੱਢਣ ਲਈ ਵਰਤੇ ਜਾ ਸਕਣ।"

"ਤੂੰ ਮੈਨੂੰ ਕਿਉਂ ਫੜਾਉਂਦਾ ਐਂ?"

"ਤੇਰੇ ਭਰਾ ਨੇ ਤੇਰੇ ਲਈ ਭੇਜੇ ਨੇ, ਇਸ ਕਰਕੇ ਇਹ ਤੇਰੀ ਅਮਾਨਤ ਐ।"

ਮੇਰੀਆਂ ਅੱਖਾਂ ਭਰ ਆਈਆਂ। ਉਸ ਦੀ ਸਾਫਗੋਈ 'ਤੇ ਰਸ਼ਕ ਹੋਇਆ ਪਰ ਨਾਲ ਹੀ ਰੰਜ ਵੀ ਕਿ ਉਸ ਨੇ ਇਉਂ ਬੇਇਤਬਾਰੀ ਜਿਹੀ ਕਿਉਂ ਵਿਖਾਈ। ਅੱਖਾਂ 'ਚ ਅੱਥਰੂ ਵੇਖ ਕੇ ਉਹ ਬੋਲਿਆ, "ਕੀ ਹੋ ਗਿਆ?"

"ਤੂੰ ਸਮਝਦਾ ਐਂ, ਬਈ ਤੇਰੇ 'ਤੇ ਇਤਬਾਰ ਨ੍ਹੀਂ।" ਮੇਰਾ ਰੋਣਾ ਵਧ ਗਿਆ। ਸ਼ਾਇਦ ਕਈ ਦਿਨਾਂ ਦਾ ਭਰਿਆ ਮਨ ਡੁੱਲ੍ਹਣ ਲੱਗ ਪਿਆ ਸੀ। ਮੈਂ ਹੁਬਕੀਂ ਰੋਣ ਲੱਗੀ ਤਾਂ ਨਾਸਿਰ ਨੇ ਮੋਢੇ 'ਤੇ ਹੱਥ ਧਰਿਆ, "ਇਉਂ ਨਾ ਕਰ। ਤੇਰਾ ਇਸ ਤਰ੍ਹਾਂ ਰੋਣਾ ਬਰਦਾਸ਼ਤ ਨ੍ਹੀਂ ਹੁੰਦਾ।"

ਮੈਂ ਫਿਰ ਵੀ ਚੁੱਪ ਨਾ ਹੋਈ ਤਾਂ ਕੁਝ ਅਪਣੱਤ ਵਿਖਾਉਂਦਾ ਬੋਲਿਆ, "ਚੁੱਪ ਕਰ ਭਾਈ।"

"ਤਾਂ ਫਿਰ ਇਉਂ ਕਰ, ਆਹ ਚੁੱਕ ਪੈਸੇ। ਜਿਥੇ ਲੋੜ ਪਵੇ, ਆਪੇ ਖਰਚੀ ਜਾਈਂ।" ਤੇ ਉਸ ਨੇ ਪੈਸੇ ਫੜ ਕੇ ਜੇਬ 'ਚ ਪਾ ਲਏ।

ਇਕ ਸ਼ਾਮ ਖਾਲਿਦ ਸ਼ਹਿਰੋਂ ਮੁੜਿਆ ਤਾਂ ਖੁਸ਼ ਸੀ। ਉਹ ਸ਼ਨਾਖਤੀ ਕਾਰਡ ਬਣਵਾ ਲਿਆਇਆ। ਮੈਂ ਘੋਖਿਆ ਪੜਤਾਲਿਆ। ਉਸ 'ਤੇ ਸਿਰਫ ਫੋਟੋ ਹੀ ਮੇਰੀ ਸੀ, ਬਾਕੀ ਸਾਰੀ ਜਾਣਕਾਰੀ ਮੀਨਾ ਦੀ ਸੀ। ਉਸ ਦਾ ਜਨਮ ਸਥਾਨ ਕਿਰਕਕ ਅਤੇ ਪਤਾ ਵੀ ਉਥੇ ਦਾ ਹੀ ਸੀ। ਮੈਂ ਜਨਮ ਤਾਰੀਕ ਵਗੈਰਾ ਦੀ ਸਾਰੀ ਜਾਣਕਾਰੀ ਜ਼ੁਬਾਨੀ ਯਾਦ ਕਰ ਲਈ। ਨਾਸਿਰ ਨੇ ਆਪਣੇ ਅੱਬੂ, ਰਸੂਲ ਨਾਲ ਗੱਲਬਾਤ ਕਰਦਿਆਂ ਅੱਗੇ ਦਾ ਸਫਰ ਉਲੀਕ ਲਿਆ। ਉਸ ਨੇ ਮੇਰੇ ਨਾਲ ਧੁਰ ਕੁਰਦਸਤਾਨ ਦੀ ਰਾਜਧਾਨੀ ਇਰਬਲ ਤੱਕ ਜਾਣਾ ਸੀ। ਜਾਣ ਤੋਂ ਪਹਿਲਾਂ ਮੈਂ ਫੋਨ 'ਤੇ ਨਾਸਿਰ ਦੇ ਪਰਿਵਾਰ ਨਾਲ ਗੱਲਬਾਤ ਕੀਤੀ। ਰਸੂਲ ਅਤੇ ਹਾਮਾ ਨੇ ਸਾਵਧਾਨੀ ਵਰਤਣ ਦਾ ਕਹਿੰਦਿਆਂ ਸਫਰ ਲਈ ਕਈ ਹੋਰ ਸੁਝਾਅ ਦਿੱਤੇ।

ਅਗਲੇ ਦਿਨ ਸਵੇਰੇ ਘਰੋਂ ਨਿਕਲ ਤੁਰੇ। ਮੈਂ ਸੁੰਨੀ ਮੁਸਲਮਾਨ ਔਰਤਾਂ ਵਾਲਾ ਪਹਿਰਾਵਾ ਪਾ ਕੇ ਉਤੋਂ ਬੁਰਕਾ ਪਾਇਆ ਹੋਇਆ ਸੀ। ਨਾਸਿਰ ਕੁਝ ਕਦਮ ਅੱਗੇ ਸੀ। ਅਸੀਂ ਨੇੜਲੇ ਬੱਸ ਅੱਡੇ ਜਾ ਅੱਪੜੇ। ਇੰਨੇ ਨੂੰ ਟੈਕਸੀ ਰੋਕ ਕੇ ਨਾਸਿਰ ਨੇ ਉਸ ਨੂੰ ਨੇੜਲੇ ਵੱਡੇ ਟੈਕਸੀ ਗੈਰਾਜ ਚੱਲਣ ਨੂੰ ਕਿਹਾ। ਵੀਹ ਕੁ ਮਿੰਟ 'ਚ ਗੈਰਾਜ ਆ ਗਿਆ। ਇਥੋਂ ਦੂਰ ਦੇ ਸ਼ਹਿਰਾਂ ਨੂੰ ਟੈਕਸੀਆਂ ਜਾਂਦੀਆਂ ਸਨ। ਹਰ ਪਾਸੇ ਮੁਸਾਫਰਾਂ ਦਾ ਜਮਘਟਾ ਸੀ। ਮੈਂ ਇਕ ਪਾਸੇ ਬਹਿ ਗਈ। ਕਹਿਰਾਂ ਦੀ ਗਰਮੀ, ਉਤੋਂ ਭਾਰਾ ਬੁਰਕਾ ਮੇਰੇ ਵੱਟ ਕੱਢ ਰਹੇ ਸਨ। ਫਿਰ ਨਾਸਿਰ ਨੇ ਆਉਣ ਦਾ ਇਸ਼ਾਰਾ ਕੀਤਾ। ਮੈਂ ਤਾਕੀ ਖੋਲ੍ਹ ਕੇ ਕਾਰ ਦੀ ਪਿਛਲੀ ਸੀਟ 'ਤੇ ਬਹਿ ਗਈ। ਨਾਸਿਰ ਡਰਾਈਵਰ ਦੇ ਬਰਾਬਰ ਵਾਲੀ ਅਗਲੀ ਸੀਟ 'ਤੇ ਬੈਠਾ।

ਗੈਰਾਜ 'ਚੋਂ ਬਾਹਰ ਨਿਕਲਦਿਆਂ ਹੀ ਡਰਾਈਵਰ ਨੇ ਇਕ ਪਾਸੇ ਟੈਕਸੀ ਰੋਕੀ, "ਬੜੀ ਗਰਮੀ ਐ। ਕੁਝ ਖਾਣ-ਪੀਣ ਲਈ ਲੈ ਲਈਏ।" ਨਾਸਿਰ ਵੀ ਉਸ ਨਾਲ ਤੁਰ ਗਿਆ। ਦੋਨੋਂ ਜਣੇ ਠੰਢੇ ਪਾਣੀ ਦੀਆਂ ਬੋਤਲਾਂ ਅਤੇ ਕੁਝ ਚਿਪਸ ਵਗੈਰਾ ਲੈ ਆਏ। ਸ਼ਹਿਰੋਂ ਬਾਹਰ ਨਿਕਲਦਿਆਂ ਡਰਾਈਵਰ ਨੇ ਨਾਸਿਰ ਵਲ ਵੇਖ ਕੇ ਗੱਲ ਤੋਰੀ, "ਕਿਰਕਕ ਵਲ ਕਿਵੇਂ ਚੱਲੇ ਓਂ?"

"ਬੀਵੀ ਦੇ ਪੇਕੇ ਨੇ ਉਥੇ।" ਨਾਲ ਹੀ ਨਾਸਿਰ ਨੇ ਪਿੱਛੇ, ਮੇਰੇ ਵਲ ਵੇਖਿਆ। ਮੈਂ ਉਵੇਂ ਬੁਰਕੇ 'ਚ ਢਕੀ ਮੁੜ੍ਹਕੋ ਮੁੜ੍ਹਕੀ ਹੋਈ ਨੀਵੀਂ ਪਾਈ ਬੈਠੀ ਸਾਂ।

ਡਰਾਈਵਰ ਨੇ ਫਿਰ ਗੱਲ ਤੋਰੀ, "ਤੂੰ ਉਥੇ ਠਹਿਰੇਂਗਾ ਕਿ ਵਾਪਸ ਮੁੜੇਂਗਾ। ਮੇਰਾ ਮਤਲਬ, ਜੇ ਬੀਵੀ ਨੂੰ ਛੱਡਦਿਆਂ ਈ ਮੁੜਨਾ ਐਂ ਤਾਂ ਮੈਂ ਈ ਤੈਨੂੰ ਲਈ ਆਊਂ।"

"ਅਜੇ ਕੁਝ ਕਹਿ ਨ੍ਹੀਂ ਸਕਦੇ। ਜੇ ਮੁੜਨਾ ਹੋਇਆ ਤਾਂ ਦੱਸ ਦਊਂ।"

ਹੁਣ ਸ਼ਹਿਰ ਪਿੱਛੇ ਰਹਿ ਗਿਆ ਤੇ ਡਰਾਈਵਰ ਨੇ ਟੈਕਸੀ ਤੇਜ਼ ਕਰ ਦਿੱਤੀ। ਇੰਨੇ ਨੂੰ ਸਾਹਮਣੇ ਚੈਕ ਪੁਆਇੰਟ ਦਿਸਣ ਲੱਗਾ। ਵੇਖਦਿਆਂ ਹੀ ਕੰਬਣ ਲੱਗ ਪਈ। ਨਾਸਿਰ ਮੇਰੀ ਕਮਜ਼ੋਰੀ ਤਾੜ ਗਿਆ। ਉਸ ਨੇ ਵਿਚਕਾਰਲੇ ਸ਼ੀਸ਼ੇ 'ਚੋਂ ਮੇਰੇ ਵਲ ਵੇਖਿਆ। ਸਾਡੀਆਂ ਨਜ਼ਰਾਂ ਮਿਲੀਆਂ ਤਾਂ ਉਸ ਨੇ ਸਿਰ ਹਿਲਾਉਂਦਿਆਂ ਸਹਿਜ ਰਹਿਣ ਦਾ ਇਸ਼ਾਰਾ ਕੀਤਾ। ਮੈਂ ਆਪਣੇ ਆਪ 'ਤੇ ਕਾਬੂ ਪਾਉਣ ਲੱਗੀ। ਇੰਨੇ ਨੂੰ ਟੈਕਸੀ ਕਤਾਰ 'ਚ ਜਾ ਲੱਗੀ। ਚਾਰ ਬੂਥ ਸਨ। ਐਵੇਂ ਹੀ ਖਿਆਲ ਆਇਆ ਕਿ ਜੇ ਇਥੋਂ ਭੱਜਣਾ ਹੋਵੇ ਤਾਂ ਕਿਸ ਪਾਸੇ ਜਾਇਆ ਜਾਊ? ਸੱਜੇ ਹੱਥ ਨਜ਼ਰ ਮਾਰੀ। ਦੂਰ ਦੂਰ ਤੱਕ ਰੇਤਲਾ ਇਲਾਕਾ ਸੀ। ਇਵੇਂ ਹੀ ਦੂਜੇ ਪਾਸੇ ਵੀ। ਫਿਰ ਸੋਚਿਆ ਕਿ ਇਥੋਂ ਭੱਜਣਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਅਗਲੀ ਕਾਰ ਤੁਰੀ ਤਾਂ ਟੈਕਸੀ ਥੋੜ੍ਹਾ ਜਿਹਾ ਅਗਾਂਹ ਨੂੰ ਰਿਸਕੀ। ਮਨ ਦੀ ਉਥਲ ਪੁਥਲ ਹੋਰ ਤੇਜ਼ ਹੋ ਗਈ। ਡਰਾਈਵਰ ਸਾਹਮਣੇ ਬੂਥ ਵਲ ਵੇਖ ਰਿਹਾ ਸੀ ਤੇ ਨਾਸਿਰ ਵਾਰ-ਵਾਰ ਸ਼ੀਸ਼ੇ ਵਿਚਦੀ ਪਿੱਛੇ ਵੇਖਦਾ, ਮੈਨੂੰ ਨਜ਼ਰਾਂ ਨਾਲ ਹੀ ਸ਼ਾਂਤ ਰਹਿਣ ਦਾ ਕਹਿ ਰਿਹਾ ਸੀ।

ਜਦੋਂ ਸਾਡੀ ਵਾਰੀ ਆਈ ਤਾਂ ਬੂਥ 'ਚੋਂ ਇਸਲਾਮਕ ਸਟੇਟ ਦਾ ਲੰਬਾ ਚੌੜਾ ਮਿਲੀਟੈਂਟ ਆਇਆ। ਉਸ ਦੀ ਸ਼ਕਲ ਵੇਖ ਕੇ ਹੀ ਮੇਰਾ ਸਾਹ ਸੂਤਿਆ ਗਿਆ। ਮੈਂ ਨੀਵੀਂ ਪਾ ਲਈ। ਮਿਲੀਟੈਂਟ ਨੇ ਟੈਕਸੀ ਦੇ ਦੁਆਲੇ ਗੇੜਾ ਕੱਢਿਆ। ਉਸ ਨੇ ਨਾਸਿਰ ਵਲ ਵੇਖਿਆ ਤੇ ਫਿਰ ਮੇਰੇ ਵਲ ਨਜ਼ਰ ਮਾਰੀ। ਕੋਲ ਪਏ ਮੇਰੇ ਬੈਗ ਵਲ ਬੜੇ ਗਹੁ ਨਾਲ ਝਾਕਦਾ ਨਾਸਿਰ ਨੂੰ ਬੋਲਿਆ, "ਅਸਲਾਮਾ ਅਲੇਕਮ, ਕਿੱਥੇ ਜਾ ਰਹੇ ਓਂ?"

"ਹਾਜੀ, ਅਸੀਂ ਕਿਰਕਕ ਜਾ ਰਹੇ ਆਂ।" ਨਾਸਿਰ ਨੇ ਉਤਰ ਦਿੱਤਾ। ਉਸ ਨੇ ਸ਼ਨਾਖਤੀ ਕਾਰਡ ਮੰਗੇ। ਨਾਸਿਰ ਨੇ ਮੇਰਾ ਅਤੇ ਆਪਣਾ ਕਾਰਡ ਉਸ ਦੇ ਹਵਾਲੇ ਕਰ ਦਿੱਤੇ। ਉਹ ਕਾਰਡ ਲੈ ਕੇ ਵਾਪਸ ਬੂਥ 'ਚ ਚਲਿਆ ਗਿਆ। ਮੈਂ ਚੋਰ ਨਜ਼ਰਾਂ ਨਾਲ ਵੇਖਿਆ ਕਿ ਕਿਧਰੇ ਮੇਰੀ ਫੋਟੋ ਤਾਂ ਨਹੀਂ ਲੱਗੀ ਹੋਈ ਪਰ ਇਥੇ ਕੋਈ ਬੋਰਡ ਨਹੀਂ ਸੀ। ਥੋੜ੍ਹਾ ਸੰਤੁਸ਼ਟੀ ਤਾਂ ਹੋਈ ਪਰ ਮਿਲੀਟੈਂਟ ਅੰਦਰ ਚਿਰ ਕਿਉਂ ਲਾ ਰਿਹਾ ਸੀ, ਇਸ ਗੱਲ ਨੇ ਪ੍ਰੇਸ਼ਾਨ ਕੀਤਾ ਹੋਇਆ ਸੀ। ਉਹ ਵਾਪਸ ਆਇਆ ਤੇ ਨਾਸਿਰ ਨੂੰ ਬੋਲਿਆ, "ਕਿਰਕਕ, ਕਿਸ ਕੋਲ ਜਾ ਰਹੇ ਓਂ?"

"ਮੇਰੀ ਬੀਵੀ ਦੇ ਮਾਪੇ ਉਥੇ ਰਹਿੰਦੇ ਨੇ, ਉਨ੍ਹਾਂ ਕੋਲ ਚੱਲੇ ਆਂ।"

"ਕਿੰਨੀ ਦੇਰ ਲਈ ਜਾ ਰਹੇ ਓਂ?"

"ਬੀਵੀ ਹਫਤਾ ਭਰ ਰੁਕੇਗੀ ਪਰ ਮੈਂ ਇਸ ਨੂੰ ਛੱਡ ਕੇ ਅੱਜ ਈ ਮੁੜ ਆਵਾਂਗਾ।"

ਮਿਲੀਟੈਂਟ ਅਜੇ ਵੀ ਸ਼ਸ਼ੋਪੰਜ ਵਿਚ ਸੀ। ਉਹ ਕਦੇ ਸ਼ਨਾਖਤੀ ਕਾਰਡ ਵਲ ਵੇਖਣ ਲੱਗਦਾ ਸੀ ਤੇ ਕਦੇ ਨਾਸਿਰ ਵਲ। ਨਾਸਿਰ ਬੜਾ ਸ਼ਾਂਤ ਸੀ। ਆਖਰ ਮਿਲੀਟੈਂਟ ਨੇ ਫਿਰ ਟੈਕਸੀ ਦੁਆਲੇ ਗੇੜਾ ਕੱਢਿਆ ਤੇ ਮੇਰੇ ਸ਼ੀਸ਼ੇ ਕੋਲ ਆ ਖੜੋਤਾ। ਮੈਂ ਸਿਰ ਹੋਰ ਨੀਵਾਂ ਕਰ ਲਿਆ। ਉਦੋਂ ਹੀ ਉਸ ਦੀ ਆਵਾਜ਼ ਆਈ, "ਕੌਣ ਐਂ ਬੀਬੀ ਤੂੰ?"

"ਮੈਂ ਨਾਸਿਰ ਦੀ ਬੀਵੀ ਆਂ, ਮੀਨਾ।" ਮੈਂ ਸਹਿਜ ਰਹਿਣ ਦੀ ਕੋਸ਼ਿਸ਼ ਕੀਤੀ ਪਰ ਆਵਾਜ਼ ਫਿਰ ਵੀ ਕੰਬ ਗਈ ਸੀ। ਉਸ ਨੇ ਅਗਲਾ ਸੁਆਲ ਉਹੀ ਪੁੱਛਿਆ ਜੋ ਨਾਸਿਰ ਨੂੰ ਪੁੱਛਿਆ ਸੀ। ਮੇਰੇ ਬਾਪ ਦਾ ਨਾਂ ਪੁੱਛਿਆ। ਜੋ ਸ਼ਨਾਖਤੀ ਕਾਰਡ 'ਤੇ ਲਿਖਿਆ ਸੀ, ਮੈਂ ਬੋਲ ਦਿੱਤਾ। ਉਹ ਡਰਾਈਵਰ ਵਲ ਗਿਆ। ਉਸ ਨੂੰ ਨਾਂ ਵਗੈਰਾ ਪੁੱਛਿਆ। ਹੋਰ ਜੋ ਪੁੱਛਿਆ, ਉਹ ਫਟਾ-ਫਟ ਦੱਸੀ ਗਿਆ। ਫਿਰ ਮਿਲੀਟੈਂਟ ਨੇ ਉਸ ਨੂੰ ਪੁੱਛਿਆ, "ਕੰਮ ਕਿਥੇ ਕਰਦਾ ਐਂ?"

"ਮਾਲਕੋ, ਜਿਥੇ ਕਿਤੇ ਸਵਾਰੀ ਮਿਲ ਜਾਵੇ, ਕੰਮ ਉਥੇ ਈ ਸ਼ੁਰੂ ਹੋ ਜਾਂਦਾ। ਇਹੀ ਤਾਂ ਟੈਕਸੀ ਦਾ ਫਾਇਦਾ।" ਉਹ ਹੱਸਿਆ। ਮਿਲੀਟੈਂਟ ਵੀ ਹੱਸ ਪਿਆ ਤਾਂ ਸਾਹ ਜ਼ਰਾ ਸੌਖਾ ਆਉਣ ਲੱਗਾ। ਸਾਡੇ ਸ਼ਨਾਖਤੀ ਕਾਰਡ ਵਾਪਸ ਦਿੰਦਿਆਂ ਉਸ ਨੇ ਅੱਗੇ ਤੁਰਨ ਦਾ ਇਸ਼ਾਰਾ ਕੀਤਾ ਤਾਂ ਜਾਨ 'ਚ ਜਾਨ ਆਈ। ਇਥੋਂ ਨਿਕਲਦਿਆਂ ਹੀ ਡਰਾਈਵਰ ਨੇ ਟੈਕਸੀ ਤੇਜ਼ ਕਰ ਦਿੱਤੀ। ਅੱਗੇ ਵੱਡਾ ਪੁਲ ਆ ਗਿਆ। ਟੈਕਸੀ ਠਾਠਾਂ ਮਾਰਦਾ ਲੰਬਾ ਚੌੜਾ ਟਿਗਰਿਸ ਦਰਿਆ ਪਾਰ ਕਰ ਗਈ। ਇਸਲਾਮਕ ਸਟੇਟ ਵਾਲਿਆਂ ਦੇ ਗੜ੍ਹ ਵਾਲਾ ਇਲਾਕਾ ਪਿੱਛੇ ਰਹਿ ਗਿਆ ਸੀ। ਅੱਗੇ ਉਨ੍ਹਾਂ ਦੀ ਘੱਟ ਪਕੜ ਵਾਲੇ ਇਲਾਕੇ ਆ ਰਹੇ ਸਨ। ਮੇਰਾ ਖਤਰਾ ਘਟ ਰਿਹਾ ਸੀ ਪਰ ਹੁਣ ਨਾਸਿਰ ਲਈ ਖਤਰਾ ਵਧ ਰਿਹਾ ਸੀ। ਇਸਲਾਮਕ ਸਟੇਟ ਵਾਲਿਆਂ ਦੀ ਰਾਜਧਾਨੀ ਮੋਸਲ ਦਾ ਰਹਿਣ ਵਾਲਾ ਬੰਦਾ ਕਿਰਕਕ ਕੀ ਕਰਨ ਜਾ ਰਿਹਾ ਸੀ? ਆਤਮਘਾਤੀ ਬਣੇ ਅਤਿਵਾਦੀ ਕੁਰਦਸਤਾਨ ਜਾਂ ਇਰਾਕ ਦੇ ਦੂਜੇ ਇਲਾਕਿਆਂ 'ਚ ਦਾਖਲ ਹੋ ਕੇ ਬੰਬ ਧਮਾਕੇ ਕਰਦੇ ਸਨ। ਸੋ, ਇਸ ਪਾਸੇ ਆਉਣ ਵਾਲਿਆਂ ਨੂੰ ਸਭ ਤੋਂ ਵੱਧ ਸੁਆਲ ਕੀਤੇ ਜਾਂਦੇ ਸਨ। ਅੱਗੇ ਚੈਕ ਪੁਆਇੰਟ ਆ ਗਿਆ। ਕੋਈ ਬਹੁਤੀ ਪੁੱਛ-ਗਿੱਛ ਨਾ ਹੋਈ। ਉਹੀ ਪਹਿਲਾਂ ਵਾਲੇ ਸਾਧਾਰਨ ਸੁਆਲ। ਅਚਾਨਕ ਮੇਰੇ ਮਿਹਦੇ ਅੰਦਰ ਗੈਸ ਭਰੀ ਅਤੇ ਮੈਂ ਊ ਊ ਜਿਹੀ ਕੀਤੀ। ਨਾਸਿਰ ਛੇਤੀ ਦੇਣੇ ਡਰਾਈਵਰ ਨੂੰ ਬੋਲਿਆ, "ਰੋਕ ਰੋਕ, ਟੈਕਸੀ ਰੋਕ ਕੇ ਇਕ ਪਾਸੇ ਲਾ।"

"ਕੀ ਹੋਇਆ?"

"ਲੱਗਦੈ ਬੀਵੀ ਨੂੰ ਉਲਟੀ ਆ ਰਹੀ ਐ।" ਡਰਾਈਵਰ ਨੇ ਟੈਕਸੀ ਸੜਕ ਤੋਂ ਲਾਹ ਕੇ ਪਾਸੇ ਲਾ ਦਿੱਤੀ। ਨਾਲ ਹੀ ਜਾਚਨਾ ਜਿਹਾ ਕਰਦਾ ਬੋਲਿਆ, "ਉਹ ਬੀਬੀ ਜਾਹ ਬਾਹਰ, ਕਿਤੇ ਅੰਦਰੇ ਈ ਸੀਟਾਂ ਨਾ ਭਰ ਦਈਂ। ਮੁੜ ਕੇ ਮੁਸ਼ਕ ਨ੍ਹੀਂ ਜਾਣਾ।"

ਮੈਂ ਬਾਹਰ ਸੜਕ ਕਿਨਾਰੇ ਜਾ ਬੈਠੀ। ਸਵੇਰ ਦਾ ਖਾਧਾ ਪੀਤਾ ਸਭ ਨਿਕਲ ਗਿਆ। ਕਾਫੀ ਦੇਰ ਮੈਥੋਂ ਉਠਿਆ ਨਾ ਗਿਆ। ਪਤਾ ਉਦੋਂ ਹੀ ਲੱਗਾ, ਜਦੋਂ ਇਸਲਾਮਕ ਸਟੇਟ ਪੁਲਿਸ ਦੀ ਕਾਰ ਕੋਲ ਆਣ ਰੁਕੀ। ਉਨ੍ਹਾਂ ਦੂਰੋਂ ਹੀ ਬੰਦੂਕਾਂ ਸਿੱਧੀਆਂ ਕਰ ਲਈਆਂ। ਸ਼ਾਇਦ ਸ਼ੱਕ ਹੋਇਆ ਹੋਵੇਗਾ ਕਿ ਇਹ ਔਰਤ ਆਦਮੀ ਸੜਕ ਕਿਨਾਰੇ ਬੈਠੇ ਕੀ ਕਰ ਰਹੇ ਹਨ। ਇਕ ਮਿਲੀਟੈਂਟ ਦੂਰੋਂ ਹੀ ਬੋਲਿਆ, "ਕੌਣ ਓਂ? ਇਥੇ ਕੀ ਕਰ ਰਹੇ ਓਂ?"

ਨਾਸਿਰ ਉਨ੍ਹਾਂ ਵਲ ਮੂੰਹ ਕਰਕੇ ਆਜਜ਼ੀ ਜਿਹੀ 'ਚ ਬੋਲਿਆ, "ਹਾਜੀ, ਇਧਰ ਜਾ ਰਹੇ ਆਂ, ਬੀਵੀ ਦੀ ਸਿਹਤ ਠੀਕ ਨ੍ਹੀਂ। ਉਲਟੀ ਆ ਰਹੀ ਐ।"

ਉਨ੍ਹਾਂ ਬੰਦੂਕਾਂ ਤਾਂ ਹਟਾ ਲਈਆਂ ਪਰ ਚੈਕ ਪੁਆਇੰਟਾਂ 'ਤੇ ਪੁੱਛੇ ਗਏ ਸੁਆਲ ਪੁੱਛਣ ਲੱਗੇ। ਇੰਨੇ ਨੂੰ ਮੈਂ ਖੜ੍ਹੀ ਹੋ ਗਈ ਤੇ ਕਾਰ ਵਲ ਨਾਸਿਰ ਕੋਲ ਜਾ ਖੜੋਤੀ। ਉਨ੍ਹਾਂ ਦੀ ਵੀ ਸ਼ਾਇਦ ਤਸੱਲੀ ਹੋ ਗਈ ਸੀ।

"ਜਾਉ ਹੁਣ, ਇਉਂ ਸੜਕ ਕਿਨਾਰੇ ਬੈਠਣਾ ਠੀਕ ਨ੍ਹੀਂ।" ਉਹ ਆਪਣੀ ਕਾਰ 'ਚ ਜਾ ਬੈਠੇ ਤੇ ਅਸੀਂ ਆਪਣੀ ਵਿਚ। ਖਿਆਲ ਆਇਆ, ਇਸਲਾਮਕ ਸਟੇਟ ਵਾਲਿਆਂ ਦਾ ਖਤਰਾ ਘਟਣ ਵਾਲੀ ਗੱਲ ਸਹੀ ਨਹੀਂ। ਇਹ ਤਾਂ ਕਿਤੇ ਵੀ ਫੜ ਸਕਦੇ ਹਨ। ਮੈਨੂੰ ਗੁਆਚੀ ਜਿਹੀ ਵੇਖ ਕੇ ਨਾਸਿਰ ਨੇ ਸ਼ੀਸ਼ੇ ਵਿਚੋਂ ਦੀ ਸਿਰ ਹਿਲਾਉਂਦਿਆਂ ਤਸੱਲੀ ਦਿੱਤੀ ਤੇ ਨਾਲ ਹੀ ਮੁਸਕਰਾਇਆ। ਮੇਰਾ ਮਨ ਵੀ ਥੋੜ੍ਹਾ ਹਲਕਾ ਹੋ ਗਿਆ।

ਇੰਨੇ ਨੂੰ ਕੋਈ ਕਸਬਾ ਆ ਗਿਆ। ਟੈਕਸੀ ਵਾਲੇ ਨੇ ਸ਼ਾਇਦ ਕੁਝ ਖਾਣਾ ਪੀਣਾ ਸੀ, ਸਾਨੂੰ ਵੀ ਭੁੱਖ ਲੱਗੀ ਹੋਈ ਸੀ। ਉਸ ਨੇ ਇਕ ਰੈਸਟੋਰੈਂਟ 'ਤੇ ਟੈਕਸੀ ਰੋਕੀ। ਬਾਹਰ ਨਿਕਲੇ ਤਾਂ ਬਲਾ ਫਿਰ ਸਾਹਮਣੇ ਸੀ। ਇਕ ਪਾਸੇ ਤਿੰਨ ਚਾਰ ਮਿਲੀਟੈਂਟ ਖੜ੍ਹੇ ਸਨ। ਉਨ੍ਹਾਂ ਦਾ ਕੰਮ ਭਾਵੇਂ ਕੁਝ ਹੋਰ ਸੀ ਪਰ ਮੈਨੂੰ ਇਹ ਸੀ ਕਿ ਕਿਧਰੇ ਮੈਨੂੰ ਹੀ ਨਾ ਫੜ ਲੈਣ। ਡਰਦੀ-ਡਰਦੀ ਨਾਸਿਰ ਦੇ ਮਗਰ ਤੁਰੀ ਗਈ। ਅੰਦਰ ਜਾ ਕੇ ਔਰਤਾਂ ਵਾਲੇ ਪਾਸੇ ਬੈਠਣ 'ਤੇ ਵੀ ਮੈਂ ਬੁਰਕਾ ਪਰ੍ਹੇ ਨਾ ਹਟਾਇਆ। ਜੋ ਵੀ ਖਾਣਾ ਸੀ, ਨੀਵੀਂ ਪਾਈ ਬੈਠੀ ਨੇ ਹੀ ਖਾ ਲਿਆ। ਅੱਧੇ ਘੰਟੇ ਪਿੱਛੋਂ ਫਿਰ ਤੁਰ ਪਏ। ਅੱਗੇ ਇਸਲਾਮਕ ਸਟੇਟ ਵਾਲਿਆਂ ਦਾ ਛੋਟਾ ਜਿਹਾ ਚੈਕ ਪੁਆਇੰਟ ਆਇਆ, ਇਸ ਪਿੱਛੋਂ ਸ਼ਾਇਦ ਉਨ੍ਹਾਂ ਦਾ ਇਲਾਕਾ ਖਤਮ ਹੋ ਗਿਆ। ਅਗਾਂਹ ਤਿੰਨ ਕੋਣੀ ਸੜਕ ਸੀ। ਸੱਜੇ ਹੱਥ ਮੁੜਨ ਵਾਲੀ ਸੜਕ 'ਤੇ ਕਿਰਕਕ ਦਾ ਸਾਈਨ ਸੀ ਪਰ ਮੁੜਨ ਸਾਰ ਹੀ ਡਰਾਈਵਰ ਨੇ ਟੈਕਸੀ ਰੋਕ ਦਿਤੀ। ਸਾਹਮਣੇ ਵੱਡਾ ਚੈਕ ਪੁਆਇੰਟ ਸੀ। ਅੱਗੇ ਕੁਰਦਸਤਾਨ ਦੀ ਹੱਦ ਸ਼ੁਰੂ ਹੋ ਜਾਂਦੀ ਸੀ। ਇਸ ਕਰਕੇ ਇਹ ਚੈਕ ਪੁਆਇੰਟ ਪੇਸ਼ਮਰਗਾ ਯਾਨਿ ਕੁਰਦਸਤਾਨ ਅਥਾਰਟੀ ਵਾਲਿਆਂ ਦਾ ਸੀ। ਡਰਾਈਵਰ ਨੇ ਕਿਹਾ ਕਿ ਉਸ ਦੀ ਟੈਕਸੀ ਮੋਸਲ ਦੀ ਹੈ, ਇਸ ਕਰਕੇ ਉਸ ਨੂੰ ਅੱਗੇ ਨਹੀਂ ਜਾਣ ਦੇਣਗੇ। ਉਸ ਨੇ ਇਥੋਂ ਹੀ ਮੁੜਨਾ ਸੀ। ਅਸੀਂ ਬੈਗ ਚੁੱਕੇ ਤੇ ਨਾਸਿਰ ਨੇ ਕਿਰਾਇਆ ਚੁਕਤਾ ਕਰਕੇ ਡਰਾਇਵਰ ਨਾਲ ਹੱਥ ਮਿਲਾਉਂਦਿਆਂ ਅਲਵਿਦਾ ਕਹੀ।

*(ਚਲਦਾ)*

# ਨਤਮਸਤਕ ! ਨਤਮਸਤਕ ! ਨਤਮਸਤਕ !

ਨਵੇਂ ਸਾਲ ਦੇ ਚੜ੍ਹਾ ਪਹਿਲੀ ਜਨਵਰੀ ਨੂੰ ਦਿਨੇ ਦੋ ਕੁ ਵਜੇ ਅਨੰਦਪੁਰ ਸਾਹਿਬ ਦੀ ਯਾਤਰਾ ਲਈ ਰਵਾਨਾ ਹੋ ਗਏ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ, ਦਸਮ ਪਾਤਸ਼ਾਹ ਦੇ ਦਰਬਾਰ ਵਿਚ ਹਾਜ਼ਰੀ ਭਰੀ ਜਾਵੇ। ਲੇਟ ਲਤੀਫ ਤੁਰ ਪਏ।

ਫਗਵਾੜੇ ਤੋਂ ਬੰਗੇ ਤੱਕ ਉਸਾਰੀ ਅਧੀਨ ਨੈਸ਼ਨਲ ਹਾਈਵੇ, ਬੁਰੇ ਹਾਲ, ਉਥਲ-ਪੁਥਲ। ਬੰਗੇ ਤੋਂ ਗੜ੍ਹਸ਼ੰਕਰ ਤੱਕ, ਜਿਵੇਂ ਕਿਸੇ ਹਮਲਾਵਰ ਨੂੰ ਖੁਆਰ ਕਰਨ ਲਈ ਸੜਕ ਵਿਚ



**ਅਵਤਾਰ ਸਿੰਘ (ਪ੍ਰੋ.)**
**ਫੋਨ: 91-94175-18384**

ਖੁਦ ਖੱਡੇ ਪੁੱਟੇ ਹੋਣ।

ਕਾਨ੍ਹਪੁਰ ਦੀ ਖੂਹੀ ਤੱਕ ਸੜਕ ਪੱਧਰੀ ਆਈ ਤੇ ਸੁੱਖ ਦਾ ਸਾਹ ਆਇਆ। ਉਸ ਤੋਂ ਅੱਗੇ, ਪੁੱਛੋ ਹੀ ਨਾ। ਜਿਵੇਂ ਚੋਰ ਸੜਕ ਪੁੱਟ ਕੇ ਲੈ ਗਏ ਹੋਣ ਤੇ ਪਿੱਛੋਂ ਬੁਲਡੋਜ਼ਰ ਫੇਰ ਦਿੱਤਾ ਗਿਆ ਹੋਵੇ; ਜਿਵੇਂ ਅਸੀਂ ਊਠਾਂ ਦੇ ਦੇਸ ਪਹੁੰਚ ਗਏ ਹੋਈਏ।

ਝੱਜੇ ਦੇ ਚੌਂਕ ਤੱਕ ਇਸ ਉਮੀਦ ਵਿਚ ਅੱਪੜੇ ਕਿ ਅੱਗੇ ਠੀਕ ਹੋਵੇਗਾ। ਪਰ ਕਿੱਥੇ! ਅੱਗੇ ਤਾਂ ਇਵੇਂ ਲੱਗਾ ਜਿਵੇਂ ਸੜਕ ਖਾਲਸੇ ਦੇ ਜਨਮ ਅਸਥਾਨ ਨੂੰ ਨਹੀਂ, ਬਲਕਿ ਡਾਕੂਆਂ ਨੇ ਮਾਰਧਾੜ ਲਈ ਰਾਖਵੀਂ ਰੱਖੀ ਹੋਵੇ: ਦਗੜ-ਦਗੜ, ਦਗੜ-ਦਗੜ।

ਜਿਵੇਂ ਸਰਕਾਰ ਨਾਂ ਦੀ ਕੋਈ ਸ਼ੈ ਨਾ ਹੋਵੇ, ਜਿਵੇਂ ਕਿਸੇ ਦੁਸ਼ਮਣ ਦਾ ਰਾਜ ਹੋਵੇ, ਜਿਵੇਂ ਅਸੀਂ 18ਵੀਂ ਸਦੀ 'ਚ ਹੋਈਏ। ਜਿਵੇਂ ਇੱਟਾਂ ਵਾਲੇ ਭੱਠੇ ਨੂੰ ਜਾ ਰਹੇ ਹੋਈਏ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦਾ ਕਲਸ ਨਜ਼ਰ ਆਇਆ ਤੇ ਨੀਲੇ ਅੰਬਰਾਂ 'ਚ ਝੁੱਲਦਾ ਕੇਸਰੀ ਨਿਸ਼ਾਨ। ਦਰਿਆ ਸਤਲੁਜ ਆ ਗਿਆ ਸੀ। ਸਤਲੁਜ ਦੇ ਖਿਆਲ ਨਾਲ ਹੀ ਦਸ਼ਮੇਸ਼ ਪਿਤਾ ਦੀ ਯਾਦ ਉਮੜ ਆਈ।

ਦੁਸ਼ਵਾਰੀਆਂ ਭੁੱਲ ਗਈਆਂ। ਸਿਰ ਕਿਸੇ ਅਲੌਕਿਕ ਆਭਾ ਮੰਡਲ ਵਿਚ ਝੁਕ ਗਿਆ। ਅਕਾਵਟ ਦੂਰ ਹੋਈ, ਥਕਾਵਟ ਲੱਥ ਗਈ ਤੇ ਮੁਸ਼ਕਿਲਾਂ ਰਫੂਚੱਕਰ ਹੋ ਗਈਆਂ। ਸਮੇਂ ਦਾ ਖਿਆਲ ਵਿੱਸਰ ਗਿਆ; ਕਾਲ ਅਕਾਲ ਹੋ ਗਿਆ।

ਸਤਲੁਜ ਦੇ ਕਿਨਾਰੇ ਦਸ਼ਮੇਸ਼ ਪਿਤਾ, ਚੋਜੀ ਪ੍ਰੀਤਮ ਆਪਣੇ ਹਾਣੀਆਂ ਸੰਗ ਪਾਣੀਆਂ ਨਾਲ ਅਠਖੇਲੀਆਂ ਕਰ ਰਹੇ ਸਨ ਕਿ ਗੁਰੂ ਸਾਹਿਬ ਨੇ ਪੱਥਰ ਚੁੱਕਿਆ ਤੇ ਡੂੰਘੇ ਪਾਣੀਆਂ 'ਚ ਵਗਾਹ ਮਾਰਿਆ। ਸਾਰੇ ਹੱਕੇ ਬੱਕੇ ਰਹਿ ਗਏ, ਭਲਾ ਪੱਥਰ ਦਾ ਕੀ ਕਸੂਰ!

ਦਸਮੇਸ਼ ਪਿਤਾ ਨੇ ਹਾਣੀਆਂ ਨੂੰ ਪੁੱਛਿਆ, 'ਇਹ ਪੱਥਰ ਕਿਉਂ ਡੁੱਬਿਆ?'

ਕੋਈ ਕਹੇ, 'ਭਾਰਾ ਸੀ।' ਕੋਈ ਕਹੇ, 'ਪੱਥਰ ਸੀ' ਤੇ ਕੋਈ ਕੁਛ, ਕੋਈ ਕੁਛ ਕਹੇ। ਦਸਮੇਸ਼ ਪਿਤਾ ਦੇ ਨਿਕਟਤਮ ਅਤੇ ਦਰਬਾਰੀ ਕਵੀ, ਆਲਮ ਫਾਜ਼ਲ ਭਾਈ ਨੰਦ ਲਾਲ ਗੋਇਆ ਚੁੱਪ ਰਹੇ ਤੇ ਹਲਕਾ ਜਿਹਾ ਮੁਸਕਰਾਏ।

ਕਲਗੀਆਂ ਵਾਲੇ ਨੇ ਪੁੱਛਿਆ, "ਭਾਈ ਜੀ, ਤੁਸੀਂ ਦੱਸੋ।"

ਨੰਦ ਲਾਲ ਕਹਿਣ ਲੱਗੇ, "ਗੁਰੂ ਦੇ ਹੱਥੋਂ ਛੁੱਟਿਆਂ ਨੇ ਡੁੱਬਣਾ ਹੀ ਹੁੰਦਾ ਹੈ।"

ਇਸਾਕ ਨਿਊਟਨ ਨੂੰ ਇੰਗਲੈਂਡ ਵਿਚ ਸੇਬ ਦੇ ਡਿਗਣ ਵਿਚ ਧਰਤੀ ਦਾ ਆਕਰਸ਼ਣ ਅਰਥਾਤ ਸਾਇੰਸ ਨਜ਼ਰ ਆਈ ਸੀ। ਭਾਈ ਨੰਦ ਲਾਲ ਨੂੰ ਅਨੰਦਪੁਰ ਸਾਹਿਬ ਵਿਖੇ ਸਤਲੁਜ ਦੇ ਕਿਨਾਰੇ ਪੱਥਰ ਦੇ ਡੁੱਬਣ ਵਿਚ ਗੁਰੂ ਦਾ ਹੁਕਮ, ਅਰਥਾਤ ਅਧਿਆਤਮ ਨਜ਼ਰ ਆਇਆ ਸੀ।

ਉਨ੍ਹਾਂ ਲੋਕਾਂ ਨੇ ਨਿਊਟਨ ਦੇ 'ਆਕਰਸ਼ਣ' ਦੇ ਸਿਧਾਂਤ ਦਾ ਮੁੱਲ ਪਾਇਆ; ਪਰ ਅਸੀਂ ਭਾਈ ਨੰਦ ਲਾਲ ਦੀ ਲਾਸਾਨੀ ਲੱਭਤ 'ਵਿਸਰਜਣ' ਦੇ ਸਿਧਾਂਤ ਨੂੰ ਸਮਝ ਨਾ ਸਕੇ।

ਡਿਗਣਾ ਤੇ ਡੁੱਬਣਾ ਇੱਕੋ ਗੱਲ ਹੈ। ਨਿਊਟਨ ਨੇ ਇਹ ਨਾ ਸੋਚਿਆ ਕਿ ਸਿਰਫ ਉਹੀ ਸੇਬ ਕਿਉਂ ਡਿਗਿਆ ਸੀ? ਬਾਕੀ ਸੇਬ ਕਿਉਂ ਨਾ ਝੜੇ? ਉਨ੍ਹਾਂ ਨੂੰ ਆਕਰਸ਼ਣ ਕਿਉਂ ਨਾ ਡੇਗ ਸਕਿਆ?

ਨਿਊਟਨ ਦੀ ਨਜ਼ਰ ਵਿਚ ਸੇਬ ਇਸ ਲਈ ਡਿੱਗਿਆ ਕਿ ਧਰਤੀ ਨੇ ਖਿੱਚ ਲਿਆ ਸੀ। ਖਲੀਲ ਜਿਬਰਾਨ ਦੱਸਦਾ ਹੈ ਕਿ ਜਦ ਕੋਈ ਪੱਤਾ ਡਿਗਦਾ ਹੈ ਤਾਂ ਉਸ ਦੇ ਡਿਗਣ ਵਿਚ ਸਾਰੇ ਰੁੱਖ ਦੀ ਸਹਿਮਤੀ ਹੁੰਦੀ ਹੈ। ਭਾਈ ਨੰਦ ਲਾਲ ਕਹਿੰਦੇ ਹਨ ਕਿ ਪੱਥਰ ਤਾਂ ਡੁੱਬਿਆ ਕਿ ਗੁਰੂ ਦੇ ਹੱਥੋਂ ਛੁੱਟ ਗਿਆ ਸੀ। ਇਹ ਹੈ ਸਾਇੰਸ, ਕਵਿਤਾ ਤੇ ਅਧਿਆਤਮ ਦਾ ਫਰਕ ਅਤੇ ਦ੍ਰਿਸ਼ਟੀਕੋਣ।

ਦਰਅਸਲ ਜਿਨ੍ਹੀਂ ਦਿਨੀਂ ਪੱਛਮੀ ਲੋਕ ਭਗਵਾਨ ਵਿਚ ਇਨਸਾਨ ਦੇਖ ਰਹੇ ਸਨ, ਉਨ੍ਹੀਂ ਦਿਨੀਂ ਹੀ ਅਸੀਂ ਇੱਥੇ ਇਨਸਾਨ ਵਿਚ ਭਗਵਾਨ ਦੇਖ ਰਹੇ ਸਾਂ। ਮੈਂ ਨਿਊਟਨ (1642-1726) ਅਤੇ ਭਾਈ ਨੰਦ ਲਾਲ (1633-1713) ਦੇ ਸਮਕਾਲ ਬਾਬਤ ਸੋਚਣ ਲੱਗ ਪਿਆ ਤੇ ਹੈਰਾਨ ਹੋਇਆ।

ਹੈਰਾਨੀ ਅਤੇ ਸਤਲੁਜ ਦੇ ਸਰੂਰ ਵਿਚ ਪਤਾ ਹੀ ਨਾ ਲੱਗਾ ਕਿ ਕਦੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਐਨ ਸਾਹਮਣੇ ਸਾਖਸ਼ਾਤ ਹੋ ਗਿਆ; ਜਿਵੇਂ ਕ੍ਰਿਸ਼ਮਾ ਵਾਪਰ ਗਿਆ ਹੋਵੇ।

ਜੋੜੇ ਉਤਾਰੇ ਤੇ ਜਮ੍ਹਾਂ ਕਰਵਾ ਦਿੱਤੇ। ਮੇਰੇ ਬੇਟੇ ਦੇਗ ਕਰਵਾਉਣ ਚਲੇ ਗਏ ਤੇ ਮੈਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਨਮੁਖ ਅੰਤਰ ਧਿਆਨ ਹੋ ਗਿਆ। ਮੇਰਾ ਵਜੂਦ, ਮੇਰਾ ਈਮਾਨ ਤੇ ਮੇਰੀ ਜ਼ਿੰਦਗੀ ਮੈਨੂੰ ਦੇਖ ਰਹੀ ਸੀ ਕਿ ਮੈਂ ਕਿਸ ਆਲਮ ਵਿਚ ਹਾਂ।

ਮੈਂ 1699 'ਚ ਪੁੱਜ ਚੁਕਾ ਸਾਂ ਤੇ ਹਜ਼ਾਰਾਂ ਦੇ ਇਕੱਠ ਵਿਚ ਬਹੁਤ ਪਿੱਛੇ ਖੜ੍ਹਾ ਸਾਂ। ਮੈਨੂੰ ਦਸਮੇਸ਼ ਪਿਤਾ ਦਾ ਝਉਲਾ ਜਿਹਾ ਪੈ ਰਿਹਾ ਸੀ; ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥

ਨੀਲਾ ਬਾਣਾ, ਫਰ੍ਹੇ ਵਾਲੀ ਨੀਲੀ ਦਸਤਾਰ ਤੇ ਚਮਕਦੇ ਚੱਕਰ ਸਜ ਰਹੇ ਸਨ। ਸੱਜੇ ਹੱਥ ਵਿਚ ਲਹਿਰਦੀ ਲਿਸ਼ਕਦੀ ਸ਼ਮਸ਼ੀਰ ਅਤੇ ਉਤੇ "ਸਤਿਗੁਰ ਕਾ ਖਿਵੈ ਚੰਦੋਆ॥"

ਅੱਜ ਪਹਿਲੀ ਦਫਾ ਉਹ ਸੰਗਤ ਤੋਂ ਕੁਝ ਦਰਿਆਫਤ ਕਰ ਰਹੇ ਸਨ। ਮੈਨੂੰ ਸਾਫ ਸਾਫ ਸੁਣਾਈ ਨਾ ਦਿੱਤਾ। ਮੈਂ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕੀਤੀ। ਉਹ ਸੀਸ ਦੀ ਮੰਗ ਕਰ ਰਹੇ ਸਨ। ਮੈਂ ਹੋਰ ਧਿਆਨ ਦਿੱਤਾ। ਉਹ ਸੱਚਮੁਚ ਹੀ ਸੀਸ ਮੰਗ ਰਹੇ ਸਨ।

ਮੈਂ ਆਪਣੇ ਬਾਬਤ ਸੋਚਿਆ ਤੇ ਖੁਦ ਨੂੰ ਦੇਖਿਆ। ਮੇਰਾ ਸਿਰ ਸੋਚਾਂ, ਵਿਚਾਰਾਂ ਤੇ ਖਿਆਲਾਂ ਦਾ ਮਜਮੂਆਂ। ਹਾਂ ਕਿ ਨਹੀਂ, ਹੋਊ ਕਿ ਨਾ, ਹੈ ਕਿ ਨਹੀਂ; ਕੀ, ਕੌਣ, ਕਿੱਦਾਂ, ਕਿੱਥੇ! ਮੈਂ ਆਪਣੀ ਸੁਰਤ ਘੁਮਾਈ।

ਅੰਦਰੋਂ ਅਵਾਜ਼ ਆਈ, ਮੱਤ ਪੱਤ ਦਾ ਰਾਖਾ ਆਪ ਵਾਹਿਗੁਰੂ! ਅਰਦਾਸ ਹੋ ਰਹੀ ਸੀ ਕਿ ਮੇਰੇ ਇਮਾਨ ਤੇ ਮੇਰੇ ਨਿਸ਼ਾਨ ਨੇ ਆਖਿਆ, "ਚਲੋ।" ਦੇਗ ਦੀ ਥਾਲੀ ਫੜ੍ਹ ਕੇ ਪੌੜੀਆਂ ਚੜ੍ਹ ਗਏ ਤੇ ਗੁਰੂ ਘਰ ਦੇ ਅੰਦਰ ਪ੍ਰਵੇਸ਼ ਕੀਤਾ।

ਇੱਕ ਪਾਸੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਦੂਜੇ ਪਾਸੇ ਅਲੌਕਿਕ ਕੀਰਤਨ। ਸਾਹਮਣੇ ਚਬੂਤਰੇ 'ਤੇ ਸੁਭਾਇਮਾਨ ਦਸ਼ਮੇਸ਼ ਪਿਤਾ ਦੇ ਚਰਨ ਕਮਲਾਂ ਦੀ ਛੋਹ ਪ੍ਰਾਪਤ ਸ਼ਸਤਰ: ਦੋਧਾਰਾ ਖੰਡਾ, ਪੰਚ ਕਲਾ ਸ਼ਸਤਰ, ਬਚਿੱਤਰ ਸਿੰਘ ਦਾ ਨਾਗਣੀ ਬਰਛਾ, ਭਾਲਾ, ਕਟਾਰ, ਬਹਾਦਰ ਸ਼ਾਹ ਵਲੋਂ ਦਸ਼ਮੇਸ਼ ਪਿਤਾ ਨੂੰ ਭੇਟ ਕੀਤੀ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਹਜ਼ਰਤ ਅਲੀ ਵਾਲੀ ਸੈਫ ਅਤੇ ਡੱਲੇ ਦੀ ਪਰਖ ਵਾਲੀ ਬੰਦੂਕ। ਅਨੰਦਮਈ ਆਭਾ ਮੰਡਲ: ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥

ਮਨ ਵਿਚ ਅਰਦਾਸ ਉਠੀ, ਸੱਚੇ ਪਾਤਸ਼ਾਹ, ਸੁੱਖ ਰੱਖੀਂ, ਸਮਰੱਥਾ ਬਖਸ਼ੀਂ, ਇਮਾਨ ਦੇ ਨੇੜੇ ਰੱਖੀਂ ਅਤੇ ਨਿਸ਼ਾਨ ਕਾਇਮ ਰੱਖੀ; ਮੱਤ ਪੱਤ ਦਾ ਰਾਖਾ ਆਪ ਵਾਹਿਗੁਰੂ।

ਨਤਮਸਤਕ ਹੋਏ, ਪਰਿਕਰਮਾ ਕੀਤੀ ਤੇ ਚੌਂਕੀ ਭਰੀ। ਮੱਥਾ ਟੇਕਿਆ ਤੇ ਬਾਹਰ ਆ ਗਏ। ਨਿਗਾਹ ਘੁਮਾਈ। ਲੋਕ ਸੈਲਫੀਆਂ ਖਿੱਚ ਰਹੇ ਸਨ। ਮੇਰੀ ਆਪਣੀ ਸੈਲਫੀ ਬਣੀ ਹੋਈ ਸੀ।

ਇੱਧਰ ਸਤਲੁਜ, ਉਧਰ ਅਨੰਦਪੁਰ ਸਾਹਿਬ, ਇੱਧਰ ਅਨੰਦਗੜ੍ਹ, ਦੂਰ ਪਹਾੜਾਂ 'ਤੇ ਨੈਣਾਂ ਦੇਵੀ। ਨਾਲੇ ਨੈਣਾਂ ਦੇਵੀ ਦੇ ਦਰਸ਼ਨ, ਨਾਲੇ ਮੁੰਜ ਬਗੜ ਦਾ ਸੌਦਾ।

ਪ੍ਰਸ਼ਾਦ ਲਿਆ, ਛਕਿਆ ਤੇ ਬਾਹਰ ਆ ਗਏ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਜੀ ਭਰ ਕੇ ਤੱਕਿਆ ਤੇ ਨਿਹਾਰਿਆ; ਸੋਲਾਂ ਸੌ ਨੜਿੰਨਵੇਂ ਨੂੰ ਯਾਦ ਕੀਤਾ ਤੇ ਵਾਪਸੀ ਪਾਈ।

ਉਹੀ ਉਭੜ ਦੁਭੜ ਖੁਭੜ! ਉਹੀ ਰਸਤਾ, ਖੱਡੇ ਪਲੱਸ ਹਨੇਰਾ। ਮਨ ਸੋਲਾਂ ਸੌ ਨੜਿੰਨਵੇਂ 'ਚ ਗੁਆਚਿਆ ਰਿਹਾ ਕਿ ਵਿਸਮਾਦ ਜਿਹੇ ਵਿਚ ਘਰ ਪਹੁੰਚ ਗਏ।

ਪ੍ਰੀਤ ਗਾਥਾ

# ਲੋਕ ਮਨਾਂ ਦਾ ਨਾਇਕ ਮਿਰਜ਼ਾ

ਮਿਰਜ਼ਾ ਮਸੀਂ ਪੰਜ ਕੁ ਸਾਲਾਂ ਦਾ ਹੋਇਆ ਸੀ, ਉਹਦੇ ਬਾਪ ਬਿੰਜਲ ਦੀ ਮੌਤ ਹੋ ਗਈ। ਖਰਲਾਂ ਦਾ ਸਰਦਾਰ ਬਿੰਜਲ ਦਾਨਾਬਾਦ ਦੇ ਰਾਵੀ ਦੇ ਇਲਾਕੇ ਦਾ ਚੌਧਰੀ ਸੀ। ਚੌਧਰੀ ਦੀ ਕੁਵੇਲੇ ਦੀ ਮੌਤ ਸਾਰੇ ਇਲਾਕੇ ਲਈ ਸੋਗ ਬਣ ਗਈ। ਮਿਰਜ਼ੇ ਦੀ ਮਾਂ ਖੀਵੀ ਦਾ ਸੰਸਾਰ ਜਿਵੇਂ ਸੁੰਨਾ ਹੋ ਗਿਆ ਹੋਵੇ। ਉਸ ਨੂੰ ਗਸ਼ਾਂ 'ਤੇ ਗਸ਼ਾਂ ਪੈਂਦੀਆਂ ਰਹੀਆਂ। ਸਿਆਣੀਆਂ ਤ੍ਰੀਮਤਾਂ ਦਿਲਬਰੀਆਂ ਦਿੰਦੀਆਂ ਰਹੀਆਂ, ਢਾਰਸਾਂ ਬੰਨ੍ਹਾਉਂਦੀਆਂ ਰਹੀਆਂ। ਮਿਰਜ਼ੇ ਦੇ ਜਵਾਨ ਹੋਣ ਦੀ ਆਸ ਖੀਵੀ ਲਈ ਬਿੰਜਲ ਦੀ ਮੌਤ ਨੂੰ ਭੁੱਲ ਜਾਣ ਦਾ ਹੌਸਲਾ ਦੇਣ ਲੱਗੀ।

ਮਿਰਜ਼ੇ ਦਾ ਮਾਮਾ ਖੀਵਾ ਖਾਨ ਉਹਨੂੰ ਆਪਣੇ ਪਿੰਡ ਖੀਵੇ ਲੈ ਆਇਆ। ਖੀਵੇ ਦੇ ਘਰ ਕਿਸੇ ਸ਼ੈਅ ਦੀ ਤੋਟ ਨਾ ਸੀ। ਉਹ ਝੰਗ ਸਿਆਲ ਦਾ ਚੌਧਰੀ ਸੀ। ਭੈਣ ਦੀ ਕਿਸੇ ਨਾ ਕਿਸੇ ਪਜ ਮਦਦ ਕਰਨੀ, ਉਹ ਆਪਣਾ ਫਰਜ਼ ਸਮਝਦਾ ਸੀ। ਮਿਰਜ਼ੇ ਦੀ ਪਾਲਣਾ ਉਹਨੇ ਆਪਣੇ ਜ਼ਿੰਮੇ ਲੈ ਲਈ।



ਸੁਖਦੇਵ ਮਾਦਪੁਰੀ
ਫੋਨ: 91-94630-34472

ਕੁਝ ਵਰ੍ਹੇ ਪਹਿਲਾਂ ਖੀਵੇ ਖਾਨ ਦੀ ਘਰ ਵਾਲੀ ਦੋ ਪੁੱਤਰ ਤੇ ਇੱਕ ਧੀ ਛੱਡ ਕੇ ਮਰ ਗਈ ਸੀ ਤੇ ਹੁਣ ਉਹਨੇ ਪਿਛਲੇ ਵਰ੍ਹੇ ਦੂਜਾ ਵਿਆਹ ਕਰਵਾ ਲਿਆ ਸੀ। ਪਹਿਲੀ ਤੀਵੀਂ ਦੀ ਸਭ ਤੋਂ ਛੋਟੀ ਧੀ ਸਾਹਿਬਾਂ ਮਿਰਜ਼ੇ ਦੀ ਹਾਣਨ ਸੀ। ਮਿਰਜ਼ੇ ਦਾ ਜੀ ਪਰਚਾਉਣ ਨੂੰ ਸਾਹਿਬਾਂ ਤੋਂ ਪਿਆਰਾ ਸਾਥ ਹੋਰ ਕਿਹੜਾ ਹੋ ਸਕਦਾ ਸੀ? ਪਲਾਂ ਵਿਚ ਦੋ ਪਿਆਰੇ ਬਾਲ ਇਕਮਿਕ ਹੋ ਗਏ ਤੇ ਸਭ ਕੁਝ ਭੁੱਲ ਭੁਲਾ ਕੇ ਬਾਲ ਖੇਡਾਂ ਵਿਚ ਰੁੱਝ ਗਏ।

ਦੋਹਾਂ ਨੂੰ ਮਸੀਤੇ ਕਾਜ਼ੀ ਪਾਸ ਪੜ੍ਹਨੇ ਪਾ ਦਿੱਤਾ ਗਿਆ। ਦਿਨਾਂ ਦੇ ਦਿਨ, ਮਹੀਨਿਆਂ ਦੇ ਮਹੀਨੇ, ਵਰ੍ਹਿਆਂ ਦੇ ਵਰ੍ਹੇ ਗੁਜ਼ਰਦੇ ਰਹੇ। ਮਿਰਜ਼ਾ-ਸਾਹਿਬਾਂ ਇਕ ਪਲ ਲਈ ਵੀ ਇਕ ਦੂਜੇ ਤੋਂ ਜੁਦਾ ਨਾ ਹੁੰਦੇ, 'ਕੱਠੇ ਪੜ੍ਹਦੇ, 'ਕੱਠੇ ਖੇਡਦੇ।

ਸਾਹਿਬਾਂ ਮੁਟਿਆਰ ਹੋਣ ਲੱਗੀ। ਮਿਰਜ਼ਾ ਗੱਭਰੂ ਹੋਣ ਲੱਗਾ। ਜੇ ਮਿਰਜ਼ੇ ਨੂੰ ਕੋਈ ਗੁਲਾਬ ਦਾ ਫੁੱਲ ਸੱਦਦਾ ਤਾਂ ਸਾਹਿਬਾਂ ਨੂੰ ਚੰਬੇ ਦੀ ਕਲੀ ਆਖਦਾ। ਸਾਹਿਬਾਂ ਦੇ ਤੁਲ ਪਿੰਡ ਵਿਚ ਕੋਈ ਹੋਰ ਮੁਟਿਆਰ ਨਾ ਸੀ ਵਿਖਾਈ ਦਿੰਦੀ ਤੇ ਮਿਰਜ਼ੇ ਦੇ ਮੁਕਾਬਲੇ ਦਾ ਕੋਈ ਗੱਭਰੂ ਨਜ਼ਰ ਨਹੀਂ ਸੀ ਆਉਂਦਾ। ਬਚਪਨ ਦੀ ਮੁਹੱਬਤ ਮੁਟਿਆਰ ਹੋ ਗਈ। ਮਿਰਜ਼ਾ ਸਾਹਿਬਾਂ ਨੂੰ ਚੰਗਾ ਲੱਗਦਾ ਸੀ ਤੇ ਸਾਹਿਬਾਂ ਮਿਰਜ਼ੇ ਨੂੰ ਪਿਆਰੀ ਲੱਗਦੀ ਸੀ। ਦੋਨੋਂ ਇਕ ਦੂਜੇ ਦੇ ਸਦੱਕੜੇ ਜਾਂਦੇ ਸਨ।

ਦੋ ਜਵਾਨੀਆਂ ਦਾ ਇੱਕ ਦੂਜੇ ਨੂੰ ਚੰਗਾ ਲੱਗਣਾ, ਬੇਮੁਹੱਬਤੇ ਸਮਾਜ ਨੂੰ ਚੰਗਾ ਨਾ ਲੱਗਾ। ਉਨ੍ਹਾਂ ਮਿਰਜ਼ਾ-ਸਾਹਿਬਾਂ ਦੀ ਮੁਹੱਬਤ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ।

"ਮਿਰਜ਼ਿਆ ਪਤਾ ਨਹੀਂ ਕਿਉਂ ਇਹ ਲੋਕੀਂ ਸਾਨੂੰ ਵੇਖ ਕੇ ਸੜਦੇ ਨੇ। ਸਾਡੀ ਪਾਕ ਮੁਹੱਬਤ ਨੂੰ ਊਜਾਂ ਲਾਉਂਦੇ ਨੇ।"

"ਸਾਹਿਬਾਂ, ਇਹ ਲੋਕੀਂ ਕੀ ਜਾਣਨ, ਸਾਡੀ ਬਚਪਨ ਦੀ ਮੁਹੱਬਤ 'ਚ ਕੋਈ ਫਰਕ ਨਹੀਂ ਪਿਆ, ਅਸੀਂ ਬਚਪਨ 'ਚ ਮੁਹੱਬਤ ਕਰਦੇ ਰਹੇ, ਉਦੋਂ ਕਿਸੇ ਸਾਡੀ ਕੋਈ ਗੱਲ ਨਹੀਂ ਸੀ ਜੋੜੀ ਤੇ ਅੱਜ...।"

"ਮਿਰਜ਼ਿਆ, ਉਦੋਂ ਅਸੀਂ ਬੱਚੇ ਸਾਂ। ਇਹ ਸਮਾਜ ਜਵਾਨ ਮੁਹੱਬਤ ਨੂੰ ਵੇਖ ਕੇ ਸੜਦੈ। ਮੁਟਿਆਰ ਪ੍ਰੀਤਾਂ ਦੇ ਰਾਹਾਂ ਵਿਚ ਕੰਡਿਆਲੀਆਂ ਰਸਮਾਂ ਦੇ ਕੋਟ ਉਸਾਰਨ ਵਿਚ ਫਖਰ ਅਨੁਭਵ ਕਰਦੈ। ਮਿਰਜ਼ਿਆ, ਇਹ ਲੋਕੀਂ ਕੁਝ ਵੀ ਪਏ ਆਖਣ। ਤੂੰ ਮੇਰੀਆਂ ਨਜ਼ਰਾਂ 'ਚ ਰੱਬੀ ਨੂਰ ਏਂ, ਮੇਰੀ ਜ਼ਿੰਦਗੀ ਦਾ ਚਾਨਣ ਏਂ।"

"ਸਾਹਿਬਾਂ ਤੂੰ ਮੇਰਾ ਸਭ ਕੁਝ ਏਂ ਮੇਰੀ ਜਿੰਦ ਤੂੰ ਹੀ ਏਂ, ਮੇਰੀ ਜਾਨ ਤੂੰ ਹੀ ਏਂ।"

ਸਾਹਿਬਾਂ ਦੀ ਮਤਰੇਈ ਮਾਂ ਨੂੰ ਮਿਰਜ਼ਾ-ਸਾਹਿਬਾਂ ਦਾ ਖਿੜ-ਖਿੜ ਹੱਸਣਾ, ਮਿਲ ਬੈਠਣਾ ਚੰਗਾ ਨਹੀਂ ਸੀ ਲੱਗਦਾ। ਉਹਨੇ ਖੀਵੇ ਖਾਨ ਅੱਗੇ ਉਨ੍ਹਾਂ ਬਾਰੇ ਕਈ ਨਾ ਲਾਉਣ ਵਾਲੀਆਂ ਊਜਾਂ ਲਾਈਆਂ ਤੇ ਉਸ ਦੇ ਮਨ ਵਿਚ ਇਸ ਪਿਆਰ ਵਿਚ ਲੀਨ ਹੋਈਆਂ ਜਵਾਨੀਆਂ ਬਾਰੇ ਕਈ ਸ਼ੰਕੇ ਪੈਦਾ ਕਰ ਦਿੱਤੇ ਤੇ ਮਿਰਜ਼ਾ-ਸਾਹਿਬਾਂ ਦੇ ਮੋਹ ਵਿਚ ਮੁਗਧ ਹੋਏ ਉਹਦੇ ਦਿਲ ਵਿਚ ਕਾਂਜੀ ਘੋਲ ਦਿੱਤੀ। ਤੇ ਹੁਣ ਖੀਵੇ ਨੂੰ ਮਿਰਜ਼ਾ-ਸਾਹਿਬਾਂ ਦਾ ਹੱਸਣਾ, ਖੇਡਣਾ, ਉਠਣਾ, ਬੈਠਣਾ ਪਹਿਲਾਂ ਵਰਗਾਂ ਨਿੱਘ ਨਹੀਂ ਸੀ ਦਿੰਦਾ। ਉਸ ਪਾਸੋਂ ਲਾਡਾਂ, ਮਲ੍ਹਾਰਾਂ ਦੀਆਂ ਗੱਲਾਂ ਨਹੀਂ ਸੀ ਕਰਵਾਉਂਦਾ। ਉਸ ਆਪਣੀ ਭੈਣ ਦਾਨਾਬਾਦ ਤੋਂ ਮੰਗਵਾ ਲਈ ਤੇ ਮਿਰਜ਼ੇ ਨੂੰ ਉਹਦੇ ਨਾਲ ਤੋਰ ਦਿੱਤਾ।

ਸਾਹਿਬਾਂ ਤੋਂ ਵਿਛੜ ਜਾਣਾ ਮਿਰਜ਼ੇ ਲਈ ਸੁਖੇਰਾ ਨਹੀਂ ਸੀ। ਉਹਦਾ ਸਕਾ ਮਾਮਾ ਉਹਦੇ ਨਾਲ ਇਸ ਤਰ੍ਹਾਂ ਦਾ ਵਰਤਾਓ ਕਰੇਗਾ? ਮਿਰਜ਼ੇ ਨੂੰ ਇਹਦਾ ਚਿੱਤ ਚੇਤਾ ਵੀ ਨਹੀਂ ਸੀ। ਮਿਰਜ਼ੇ ਨੇ ਦਿਲ 'ਤੇ ਪੱਥਰ ਰੱਖ ਲਿਆ ਤੇ ਉਹ ਸਾਹਿਬਾਂ ਦੀ ਯਾਦ ਦੇ ਸਹਾਰੇ ਆਪਣੇ ਪਿੰਡ ਦਾਨਾਬਾਦ ਆ ਗਿਆ।

ਕੁਸ਼ਤੀ ਕਰਨ, ਨੇਜ਼ਾਬਾਜ਼ੀ ਤੇ ਸ਼ਿਕਾਰ ਆਦਿ ਖੇਡਣ ਦੇ ਸ਼ੌਕ ਵੀ ਮਿਰਜ਼ੇ ਦੇ ਮਨ ਨੂੰ ਸਾਹਿਬਾਂ ਵੱਲੋਂ ਨਾ ਮੋੜ ਸਕੇ। ਸਾਹਿਬਾਂ ਨਾਲ ਬਿਤਾਏ ਦਿਨਾਂ ਦੀਆਂ ਯਾਦਾਂ ਮਿਰਜ਼ੇ ਲਈ ਆਫਤਾਂ ਖੜੀਆਂ ਕਰ ਦਿੰਦੀਆਂ। ਉਹਦਾ ਦਿਲ ਕਰਦਾ ਕਿ ਉਹ ਉਡ ਕੇ ਸਾਹਿਬਾਂ ਪਾਸ ਪੁੱਜ ਜਾਵੇ, ਪਰ ਉਹ ਅਜਿਹਾ ਨਾ ਕਰ ਸਕਦਾ। ਉਹਦੀ ਮਾਂ ਦਿਆਂ ਨੈਣਾਂ 'ਚ ਛਲਕਦੇ ਅੱਥਰੂ ਉਹਦਾ ਰਾਹ ਰੋਕ ਲੈਂਦੇ।

ਮਿਰਜ਼ੇ ਬਿਨਾ ਸਾਹਿਬਾਂ ਦਾ ਜਹਾਨ ਸੁੰਨਾ ਹੋ ਗਿਆ। ਉਹ ਬੜੀ ਰੁੰਨੀ, ਸਹੇਲੀਆਂ ਢਾਰਸਾਂ ਬੰਨ੍ਹਾਈਆਂ। ਮਤਰੇਈ ਮਾਂ ਦੇ ਨਿੱਤ ਦੇ ਤਾਹਨੇ ਉਹਨੂੰ ਛਲਣੀ ਕਰਨ ਲੱਗੇ। ਤੇ ਖੀਵਾ ਖਾਨ ਸਾਹਿਬਾਂ ਦੀ ਮੰਗਣੀ ਚੰਧੜਾ ਦੇ ਇੱਕ ਮੁੰਡੇ ਨਾਲ ਕਰ ਆਇਆ ਅਤੇ ਵਿਆਹ ਦੇ ਦਿਨ ਵੀ ਧਰ ਦਿੱਤੇ। ਜਦੋਂ ਆਪਣੇ ਮੰਗਣੇ ਅਤੇ ਵਿਆਹ ਦੀ ਕਨਸੋ ਸਾਹਿਬਾਂ ਦੇ ਕੰਨੀਂ ਪਈ ਤਾਂ ਉਹ ਤੜਪ ਉਠੀ, ਹਨੇਰਾ ਉਹਦੀਆਂ ਅੱਖਾਂ ਅੱਗੇ ਛਾ ਗਿਆ। ਉਹ ਸਾਰੀ ਰਾਤ ਰਜਾਈ ਵਿਚ ਮੂੰਹ ਦਈਂ ਡੁਸਕਦੀ ਰਹੀ, ਹਟਕੋਰੇ ਭਰਦੀ ਰਹੀ, ਆਪਣੇ ਧੁੰਦਲੇ ਭਵਿੱਖ ਬਾਰੇ ਸੋਚਦੀ ਰਹੀ ਅਤੇ ਆਪਣੀਆਂ ਮੁਟਿਆਰ ਹੋਈਆਂ ਸੱਧਰਾਂ 'ਤੇ ਗੜੇਮਾਰ ਹੁੰਦੀ ਮਹਿਸੂਸ ਕਰਦੀ ਰਹੀ।

ਦੂਜੀ ਭਲਕ ਸਾਹਿਬਾਂ ਨੇ ਆਪਣੇ ਪਿੰਡ ਦੇ ਕਰਮੂ ਪਰੋਹਤ ਕੋਲ ਮਿਰਜ਼ੇ ਲਈ ਸੁਨੇਹਾ ਘਲ ਦਿੱਤਾ, "ਮਿਰਜ਼ਿਆ, ਅਗਲਿਆਂ ਕਸਰ ਨਹੀਂ ਜੇ ਛੱਡੀ। ਮੇਰੇ ਵਿਆਹ ਦੇ ਦਿਨ ਧਰ ਦਿੱਤੇ ਨੇ। ਜੇ ਮੇਰੇ ਨਾਲ ਪਿਆਰ ਹੈ ਤਾਂ ਸੱਭੇ ਕੰਮ ਛੱਡ ਕੇ ਵਿਆਹ ਤੋਂ ਪਹਿਲੋਂ ਆ ਕੇ ਮਿਲ? ਮੈਨੂੰ ਤੇਰੇ ਬਿਨਾ ਚੈਨ ਨਹੀਂ ਆਉਂਦਾ ਪਿਆ। ਜੇ ਨਾ ਆਇਓਂ ਤਾਂ ਮੇਰਾ ਨਿਕਾਹ ਮੇਰੀ ਲਾਸ਼ ਨਾਲ ਹੀ ਹੋਵੇਗਾ।"

ਸਾਹਿਬਾਂ ਦਾ ਸੁਨੇਹਾ ਮਿਲਦੇ ਸਾਰ ਮਿਰਜ਼ਾ ਤੜਪ ਉਠਿਆ। ਉਹਦੇ ਡੌਲੇ ਫਰਕ ਉਠੇ। ਉਸ ਆਪਣਾ ਤੀਰਾਂ ਦਾ ਤਰਕਸ਼, ਕਮਾਣ ਤੇ ਨੇਜ਼ਾ ਸੰਭਾਲਿਆ। ਆਪਣੀ ਪਿਆਰੀ ਬੱਕੀ ਸ਼ਿੰਗਾਰੀ ਤੇ ਝੰਗ ਨੂੰ ਟੁਰਨ ਲਈ ਤਿਆਰ ਹੋ ਗਿਆ। ਉਹਦੀ ਮਾਂ ਨੇ ਘੋੜੀ ਦੀ ਵਾਗ ਜਾ ਫੜੀ, "ਪੁੱਤਰ ਮਿਰਜ਼ਿਆ ਘਰ ਭੈਣ ਦੀ ਬਰਾਤ ਢੁੱਕਣ ਵਾਲੀ ਹੈ ਤੇ ਤੂੰ ਘਰੋਂ ਟੁਰ ਪਿਐਂ?" ਤੇ ਖੀਵੀ ਦੀਆਂ ਅੱਖਾਂ ਵਿਚੋਂ ਮਮਤਾ ਦੇ ਅੱਥਰੂ ਵਗ ਟੁਰੇ।

"ਮਾਂ ਜੇ ਅੱਜ ਮੈਂ ਝੰਗ ਨਾ ਅਪੜਿਆ ਤਾਂ ਸਾਹਿਬਾਂ ਕੁਝ ਖਾ ਕੇ ਮਰ ਜਾਵੇਗੀ। ਮੈਂ ਸਾਹਿਬਾਂ ਬਿਨਾ ਜੀ ਨਹੀਂ ਸਕਦਾ। ਮੇਰਾ ਰਾਹ ਛੱਡ ਦੇਹ ਮਾਂ। ਉਹਦੀ ਜਿੰਦ ਬਚਾਉਣਾ ਮੇਰੇ ਲਈ ਬਹੁਤ ਜ਼ਰੂਰੀ ਏ। ਉਹ ਮੇਰਾ ਰਾਹ ਤਕਦੀ ਪਈ ਏ।"

"ਪੁੱਤਰ ਮਿਰਜ਼ਿਆ, ਜਵਾਨੀਆਂ ਮਾਣੇਂ। ਚੰਗਾ, ਦੇਰ ਨਾ ਕਰ ਛੇਤੀ ਜਾਹ। ਪੁੱਤਰਾ ਖਰਲਾਂ ਦੇ ਖੂਨ ਨੂੰ ਦਾਗ ਨਾ ਲਾਈਂ, ਸਾਹਿਬਾਂ ਨੂੰ ਨਾਲ ਲੈ ਕੇ ਮੁੜੀਂ।"

ਤੇ ਮਿਰਜ਼ਾ ਜਦੋਂ ਝੰਗ ਪੁੱਜਾ, ਚਾਰੇ ਬੰਨੇ ਹਨੇਰਾ ਪਸਰਿਆ ਹੋਇਆ ਸੀ। ਸਾਹਿਬਾਂ ਦੀ ਬਰਾਤ ਪਿੰਡ ਪੁੱਜ ਚੁਕੀ ਸੀ ਤੇ ਜਾਂਜੀ ਸ਼ਰਾਬ ਵਿਚ ਮਸਤ ਆਤਸ਼ਬਾਜ਼ੀਆਂ ਚਲਾ ਰਹੇ ਸਨ, ਮੁਜਰੇ ਸੁਣ ਰਹੇ ਸਨ। ਮਿਰਜ਼ੇ ਦਾ ਦਿਲ ਧੜਕਿਆ। ਅੱਜ ਦੀ ਰਾਤ ਸਾਹਿਬਾਂ ਦਾ ਨਿਕਾਹ ਪੜ੍ਹਿਆ ਜਾਣਾ ਸੀ ਤੇ ਸਾਹਿਬਾਂ ਉਹਨੂੰ ਉਡੀਕਦੀ-ਉਡੀਕਦੀ ਬੇਆਸ ਹੋ ਚੁਕੀ ਸੀ।

ਮਿਰਜ਼ਾ ਬੀਬੋ ਨਾਇਣ ਦੇ ਘਰ ਜਾ ਪੁੱਜਾ। ਬੀਬੋ ਲਈ ਜਿਵੇਂ ਚੰਦ ਚੜ੍ਹ ਗਿਆ ਹੋਵੇ। ਉਸ ਸੱਚੇ ਖੁਦਾ ਦਾ ਲੱਖ ਲੱਖ ਸ਼ੁਕਰ ਕੀਤਾ ਤੇ ਉਸੇ ਵੇਲੇ ਸਾਹਿਬਾਂ ਨੂੰ ਮਿਰਜ਼ੇ ਦੇ ਪੁੱਜ ਜਾਣ ਦੀ ਖਬਰ ਦੇ ਆਈ। ਸਾਹਿਬਾਂ ਘਰਦਿਆਂ ਪਾਸੋਂ ਅੱਖ ਬਚਾ ਕੇ ਬੀਬੋ ਦੇ ਘਰ ਪੁੱਜ ਗਈ। ਉਸ ਮਿਰਜ਼ੇ ਦੁਆਲੇ ਬਾਹਾਂ ਵਲ ਦਿੱਤੀਆਂ ਤੇ ਡੁਸਕਣ ਲੱਗ ਪਈ।

"ਸਾਹਿਬਾਂ ਰੋ ਕੇ ਕੁਝ ਨਹੀਂ ਜੇ ਬਣਨਾ। ਹੌਸਲਾ ਕਰ। ਤੇਰਾ ਵਿਆਹ ਹੁਣ ਰੁਕ ਨਹੀਂ ਸਕਦਾ। ਮਾਂ ਮੇਰੀ ਬਥੇਰੇ ਵਾਸਤੇ ਪਾ ਚੁਕੀ ਏ, ਮਾਮਾ ਨਹੀਂ ਮੰਨਿਆ। ਇਹ ਝੂਠੀ ਲੋਕ ਲਾਜ, ਇਹ ਝੂਠੀਆਂ ਰਸਮਾਂ ਸਾਡੇ ਰਾਹ ਵਿਚ ਰੋਕਾਂ ਬਣ ਖਲੋਈਆਂ ਨੇ। ਸਾਡਾ ਮਜ਼ਹਬ ਤੇਰੇ-ਮੇਰੇ ਵਿਆਹ ਦੀ ਇਜਾਜ਼ਤ ਦਿੰਦਾ ਏ, ਪਰ ਇਹ ਲੋਕ ਨਹੀਂ ਮੰਨਦੇ। ਸਾਡੀਆਂ ਰੂਹਾਂ ਨੂੰ ਕਤਲ ਕਰਕੇ ਹੀ ਇਨ੍ਹਾਂ ਨੂੰ ਸ਼ਾਂਤੀ ਮਿਲਦੀ ਏ।" ਮਿਰਜ਼ਾ ਗੰਭੀਰ ਹੋਇਆ ਸਾਹਿਬਾਂ ਦਾ ਦਿਲ ਧਰਾਉਣ ਲੱਗਾ।

"ਮਿਰਜ਼ਿਆ, ਮੈਂ ਤੇਰੇ ਬਿਨਾ ਕਿਸੇ ਹੋਰ ਨੂੰ ਆਪਣਾ ਨਹੀਂ ਬਣਾ ਸਕਦੀ। ਅੱਧੀ ਰਾਤ ਹੋ ਚੁਕੀ ਏ, ਕੁਝ ਸੋਚ, ਕੋਈ ਰਾਹ ਕੱਢ।"

"ਸਾਹਿਬਾਂ ਮੈਂ ਸਭ ਕੁਝ ਸੋਚ ਕੇ ਹੀ ਆਇਆਂ। ਤੂੰ ਤਾਂ ਮੇਰੀ ਜ਼ਿੰਦਗੀ ਏਂ, ਤੈਨੂੰ ਲੈਣ ਹੀ ਆਇਆਂ। ਉਹ ਕਿਹੜਾ ਸੂਰਮਾ, ਜੋ ਹੁਣ ਤੈਨੂੰ ਮੇਰੇ ਪਾਸੋਂ ਖੋਹ ਲਊ?"

ਬਾਹਰੋਂ ਮਿਰਜ਼ੇ ਦੀ ਬੱਕੀ ਹਿਣਹਿਣਾਈ।

"ਚੱਲ ਸਾਹਿਬਾਂ ਤੈਨੂੰ ਦਾਨਾਬਾਦ ਲੈ ਚੱਲਾਂ, ਤਿਆਰ ਏਂ ਨਾ ਮੇਰੇ ਨਾਲ ਹੁਣੇ ਟੁਰਨ ਲਈ?" ਮਿਰਜ਼ਾ ਸਵਾਲੀਆ ਨਿਗਾਹਾਂ ਨਾਲ ਸਾਹਿਬਾਂ ਦੇ ਕੁਮਲਾਏ ਮੁਖੜੇ ਵੱਲ ਤੱਕਣ ਲੱਗਾ।

ਇਕ ਪਲ ਸੋਚ ਕੇ ਸਾਹਿਬਾਂ ਬੋਲੀ,



"ਮਿਰਜ਼ਿਆ ਇਹਦਾ ਜੁਆਬ ਆਪਣੇ ਦਿਲ ਪਾਸੋਂ ਪੁੱਛ। ਮੇਰੀ ਜਿੰਦ ਤੇਰੇ ਹਵਾਲੇ ਹੈ।"

ਤੇ ਮਿਰਜ਼ਾ ਸਾਹਿਬਾਂ ਨੂੰ ਬੱਕੀ 'ਤੇ ਚੜ੍ਹਾ ਕੇ ਦਾਨਾਬਾਦ ਨੂੰ ਲੈ ਟੁਰਿਆ।

ਕਾਜ਼ੀ ਹੋਰੀਂ ਨਿਕਾਹ ਪੜ੍ਹਾਉਣ ਲਈ ਪੁੱਜ ਗਏ। ਖੀਵੇ ਹੋਰਾਂ ਸਾਰਾ ਘਰ ਛਾਣ ਮਾਰਿਆ, ਸਾਹਿਬਾਂ ਕਿਧਰੇ ਨਜ਼ਰ ਨਾ ਆਈ। ਨਮੋਸ਼ੀ ਦੇ ਕਾਰਨ ਖੀਵੇ ਨੂੰ ਗਸ਼ੀਆਂ ਪੈਣ ਲੱਗੀਆਂ। ਸਾਰਾ ਪਿੰਡ ਸਾਹਿਬਾਂ ਦੀ ਭਾਲ ਕਰਨ ਲੱਗਾ। "ਖੌਰੇ ਕਿਸੇ ਖੂਹ ਖਾਤੇ ਵਿਚ ਹੀ ਡੁੱਬ ਮੋਈ ਹੋਵੇ," ਕੋਈ ਆਖਦਾ। ਕਿਸੇ ਆਖਿਆ, "ਰਾਤੀਂ ਮੈਂ ਮਿਰਜ਼ੇ ਨੂੰ ਆਉਂਦੇ ਵੇਖਿਆ ਹੈ। ਹੋ ਸਕਦਾ ਹੈ, ਉਹ ਹੀ ਸਾਹਿਬਾਂ ਨੂੰ ਉਧਾਲ ਕੇ ਲੈ ਗਿਆ ਹੋਵੇ।"

ਇਹ ਸੁਣ ਸਾਹਿਬਾਂ ਦੇ ਭਰਾ ਸ਼ਮੀਰ ਤੇ ਭੁਮਰਾ ਤੈਸ਼ ਵਿਚ ਆ ਗਏ। ਉਹ ਦੋ ਵਾਹਰਾਂ ਬਣਾ ਕੇ ਦਾਨਾਬਾਦ ਦੇ ਰਸਤੇ ਪੈ ਗਏ। ਘੋੜੀਆਂ ਅਤੇ ਊਠਾਂ ਦੀ ਧੂੜ ਇੱਕ ਤੂਫਾਨੀ ਹਨੇਰੀ ਵਾਂਗ ਦਾਨਾਬਾਦ ਵੱਲ ਵਧਣ ਲੱਗੀ। ਮਿਰਜ਼ੇ ਦੀ ਬੱਕੀ ਸਿਰ ਤੋੜ ਦੌੜਦੀ ਦਾਨਾਬਾਦ ਦੇ ਨੇੜੇ ਪੁੱਜ ਗਈ। ਰਾਤ ਦਾ ਉਣੀਂਦਾ, ਸਫਰ ਦਾ ਥਕੇਵਾਂ ਬੱਕੀ 'ਤੇ ਭਾਰੂ ਹੋ ਗਿਆ। ਉਹ ਢੈਲੀ ਪੈਣ ਲੱਗੀ।

"ਹੁਣ ਅਸੀਂ ਵੈਰੀ ਦੀ ਮਾਰ ਤੋਂ ਦੂਰ ਆ ਚੁਕੇ ਆਂ, ਉਸ ਜੰਡ ਥੱਲੇ ਇਕ ਪਲ ਸੁਸਤਾ ਲਈਏ।" ਮਿਰਜ਼ੇ ਨੇ ਬੱਕੀ ਜੰਡ ਨਾਲ ਬੰਨੀ ਤੇ ਸਾਹਿਬਾਂ ਦੇ ਪੱਟ ਦਾ ਸਰਹਾਣਾ ਲਾ ਕੇ ਸੌਂ ਗਿਆ।

ਸਾਹਿਬਾਂ ਨੇ ਕਈ ਵਾਰੀ ਉਹਨੂੰ ਜਗਾਇਆ ਵੀ ਪਰ ਮਿਰਜ਼ਾ ਘੂਕ ਸੁੱਤਾ ਰਿਹਾ। ਘੋੜਿਆਂ ਦੀਆਂ ਟਾਪਾਂ ਨੇੜੇ ਆਉਂਦੀਆਂ ਗਈਆਂ। ਸਾਹਿਬਾਂ ਵੇਖਿਆ, ਉਹਦਾ ਭਰਾ ਸ਼ਮੀਰ ਵਾਹਰ ਸਮੇਤ ਉਨ੍ਹਾਂ ਵੱਲ ਵਧ ਰਿਹਾ ਸੀ। ਉਸ ਮਿਰਜ਼ੇ ਨੂੰ ਹਲੂਣਿਆਂ, "ਮਿਰਜ਼ਿਆ ਜਾਗ ਖੋਲ੍ਹ, ਵੈਰੀ ਸਿਰ 'ਤੇ ਪੁੱਜ ਗਏ ਨੇ।"

ਦੋ ਵਾਹਰਾਂ ਵਿਚਾਲੇ ਉਹ ਘੇਰੇ ਗਏ। ਮਿਰਜ਼ੇ ਨੇ ਬੜੀ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਉਹਦਾ ਇਕ-ਇਕ ਤੀਰ ਕਈਆਂ ਦੇ ਹੋਸ਼ ਭੁਲਾ ਦਿੰਦਾ। ਸੈਆਂ ਬਾਹਾਂ ਦਾ ਮੁਕਾਬਲਾ ਉਹ ਕਦੋਂ ਤੱਕ ਕਰਦਾ। ਉਹਦਾ ਗੇਲੀ ਜਿਹਾ ਸੁੰਦਰ ਸਰੀਰ ਤੀਰਾਂ ਨਾਲ ਛਲਣੀ ਛਲਣੀ ਹੋ ਗਿਆ।

ਅੰਤ ਸਾਹਿਬਾਂ ਵੀ ਆਪਣੇ ਪੇਟ ਵਿਚ ਕਟਾਰ ਮਾਰ ਕੇ ਮਿਰਜ਼ੇ ਦੀ ਲੋਥ 'ਤੇ ਜਾ ਡਿੱਗੀ। ਬੱਕੀ ਆਪਣੇ ਪਿਆਰੇ ਮਿਰਜ਼ੇ ਦੀ ਲੋਥ ਕੋਲ ਖੜੀ ਹੰਝੂ ਕੇਰਦੀ ਰਹੀ।

ਤੇ ਇੰਜ ਮਿਰਜ਼ਾ ਪੰਜਾਬ ਦੇ ਲੋਕਾਂ ਦੇ ਦਿਲਾਂ ਦਾ ਨਾਇਕ ਬਣ ਗਿਆ ਤੇ ਉਹਦੀਆਂ ਘਰ ਘਰ ਵਾਰਾਂ ਛਿੜ ਪਈਆਂ। ਕੋਈ ਸਮਾਂ ਸੀ ਜਦੋਂ ਕਿੱਸਾਕਾਰ ਪੀਲੂ ਦੇ ਕਿੱਸੇ 'ਮਿਰਜ਼ਾ-ਸਾਹਿਬਾਂ' ਦੇ ਬੋਲ ਹਰ ਪੰਜਾਬੀ ਦੀ ਜ਼ੁਬਾਨ 'ਤੇ ਹੁੰਦੇ,

ਤੇਰੀ-ਮੇਰੀ ਲੱਗੀ ਦੋਸਤੀ
ਪੜ੍ਹਦਾ ਨਾਲ ਪਿਆਰਾਂ
ਸਾਹਿਬਾਂ ਨਾਲ ਲੜਾਵੇ ਨੇਤਰ
ਕਹਿੰਦੇ ਲੋਕ ਹਜ਼ਾਰਾਂ
ਮਿਰਜ਼ੇ ਯਾਰ ਦੀਆਂ
ਘਰ ਘਰ ਛਿੜੀਆਂ ਵਾਰਾਂ।

ਆਪਣੇ ਪਿਆਰੇ ਮਿਰਜ਼ੇ ਲਈ ਪੰਜਾਬ ਦੀ ਗੋਰੀ ਗਮਾਂ ਦਾ ਤੰਦੂਰ ਬਾਲਦੀ ਹੈ,

ਹੀਰਿਆ ਹਰਨਾ ਬਾਗੀਂ ਚਰਨਾਂ
ਬਾਗੀਂ ਤਾਂ ਹੋ ਗਈ ਚੋਰੀ
ਪਹਿਲੋਂ ਲੰਘ ਗਿਆ ਕੈਂਠੇ ਵਾਲਾ
ਮਗਰੋਂ ਲੰਘ ਗਈ ਗੋਰੀ
ਬੁੱਕ-ਬੁੱਕ ਰੋਂਦੀ ਸਾਹਿਬਾਂ ਬਹਿ ਕੇ
ਜਿੰਦ ਗਮਾਂ ਨੇ ਖੋਰੀ
ਕੂਕਾਂ ਪੈਣਗੀਆਂ
ਨਿਹੁੰ ਨਾ ਲਗਦੇ ਜ਼ੋਰੀ।

ਗੋਰੀ ਨੂੰ ਆਪਣੇ ਮਿਰਜ਼ੇ ਤੋਂ ਬਿਨਾ ਹੋਰ ਕੁਝ ਵੀ ਪੋਂਹਦਾ ਨਹੀਂ,

ਹੁਜਰੇ ਸ਼ਾਹ ਹਕੀਮ ਦੇ
ਇੱਕ ਜੱਟੀ ਅਰਜ਼ ਕਰੇ
ਮੈਂ ਬੱਕਰਾ ਦੇਨੀ ਆਂ ਪੀਰ ਦਾ
ਮੇਰੇ ਸਿਰ ਦਾ ਸਾਈਂ ਮਰੇ
ਪੰਜ ਸਤ ਮਰਨ ਗਵਾਂਢਣਾਂ
ਰਹਿੰਦੀਆਂ ਨੂੰ ਤਾਪ ਚੜ੍ਹੇ
ਹੱਟੀ ਢਹੇ ਕਰਾੜ ਦੀ
ਜਿੱਥੇ ਦੀਵਾ ਨਿਤ ਬਲੇ
ਕੁੱਤੀ ਮਰੇ ਫਕੀਰ ਦੀ
ਜਿਹੜੀ ਚਊਂ ਚਊਂ ਨਿਤ ਕਰੇ
ਗਲੀਆਂ ਹੋਵਣ ਸੁੰਨੀਆਂ
ਵਿਚ ਮਿਰਜ਼ਾ ਯਾਰ ਫਿਰੇ।

ਮਿਰਜ਼ਾ ਪਾਕ ਮੁਹੱਬਤ ਲਈ ਕੁਰਬਾਨ ਹੋ ਗਿਆ। ਉਹਦੀ ਬਹਾਦਰੀ ਦੀਆਂ ਵਾਰਾਂ ਅੱਜ ਵੀ ਪੰਜਾਬ ਦੇ ਗੱਭਰੂਆਂ ਦੇ ਹੋਠਾਂ 'ਤੇ ਸਜੀਵ ਹਨ,

ਦਖਣ ਦੇ ਵੱਲੋਂ ਚੜ੍ਹੀਆਂ ਨੇ ਨ੍ਹੇਰੀਆਂ
ਉਡਦੇ ਨੇ ਗਰਦ ਗੁਵਾਰ
ਬੁਲਬਲਾਂ ਵਰਗੀਆਂ ਘੋੜੀਆਂ
ਉਤੇ ਵੀਰਾਂ ਜਿਹੇ ਅਸਵਾਰ
ਹੱਥੀਂ ਤੇਗਾਂ ਨੰਗੀਆਂ
ਕਰਦੇ ਮਾਰੋ ਮਾਰ
ਵੇ ਤੂੰ ਹੇਠਾਂ ਜੰਡ ਦੇ ਸੌਂ ਗਿਐਂ
ਜੱਟਾ ਕਰਕੇ ਆ ਗਿਆ ਵਾਰ
ਤੈਨੂੰ ਭੱਜੇ ਨੂੰ ਜਾਣ ਨਾ ਦੇਣਗੇ
ਜੱਟਾਂ ਜਾਨੋਂ ਦੇਣਗੇ ਮਾਰ।

ਸਾਹਿਬਾਂ ਦੇ ਭਰਾਵਾਂ ਨਾਲ ਹੋਈ ਮਿਰਜ਼ੇ ਦੀ ਲੜਾਈ ਦੇ ਬਿਰਤਾਂਤ ਨੂੰ ਪੰਜਾਬੀ ਬੜੀਆਂ ਲਟਕਾਂ ਨਾਲ ਗਾਉਂਦੇ ਹਨ,

ਭੱਥੇ 'ਚੋਂ ਕੱਢ ਲਿਆ ਜੱਟ ਨੇ ਫੋਲ ਕੇ
ਰੰਗ ਦਾ ਸੁਨਹਿਰੀ ਤੀਰ
ਮਾਰਿਆ ਜੱਟ ਨੇ ਮੁੱਛਾਂ ਕੋਲੋਂ ਵੱਟ ਕੇ
ਉਡ ਗਿਆ ਵਾਂਗ ਭੰਬੀਰ
ਪੰਜ ਸਤ ਲਾਹ ਲਏ ਘੋੜਿਓਂ
ਨੌਵਾਂ ਲਾਹਿਆ ਸਾਹਿਬਾਂ ਦਾ ਵੀਰ
ਸਾਹਿਬਾਂ ਡਿਗਦੇ ਭਰਾਵਾਂ ਨੂੰ ਦੇਖ ਕੇ
ਅੱਖੀਓਂ ਸੁੱਟਦੀ ਨੀਰ
ਆਹ ਕੀ ਕੀਤਾ ਮਿਰਜ਼ਿਆ ਖੂਨੀਆਂ
ਹੋਰ ਨਾ ਚਲਾਈਂ ਐਸਾ ਤੀਰ
ਅਸੀਂ ਇੱਕ ਢਿੱਡ ਲੱਤਾਂ ਦੇ ਲਈਆਂ
ਇਕ ਮਾਂ ਦਾ ਚੁੰਘਿਆ ਸੀਰ।

ਮਿਰਜ਼ਾ ਜੋਧਿਆਂ ਵਾਂਗ ਲੜਿਆ। ਉਹਦੀ ਮੌਤ 'ਤੇ ਪੰਜਾਬ ਦੀ ਆਤਮਾ ਕੁਰਲਾ ਉਠੀ,

ਵਿੰਗ ਤੜਿੰਗੀਏ ਟਾਹਲੀਏ
ਤੇਰੇ ਹੇਠ ਮਿਰਜ਼ੇ ਦੀ ਗੋਰ (ਕਬਰ)
ਜਿੱਥੇ ਮਿਰਜ਼ਾ ਵੱਢਿਆ
ਉਥੇ ਰੋਣ ਤਿੱਤਰ ਤੇ ਮੋਰ
ਮਹਿਲਾਂ 'ਚ ਰੋਂਦੀਆਂ ਰਾਣੀਆਂ
ਕਬਰਾਂ 'ਚ ਰੋਂਦੇ ਚੋਰ।

ਸਦੀਆਂ ਬੀਤਣ ਮਗਰੋਂ ਵੀ ਮਿਰਜ਼ਾ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਦਾ ਹੈ। ਮਿਰਜ਼ਾ ਸਾਹਿਬਾਂ ਦੀ ਪ੍ਰੀਤ ਕਹਾਣੀ ਪੰਜਾਬੀ ਸਾਹਿਤ ਦੇ ਵੀਰ ਕਾਵਿ ਅਤੇ ਪ੍ਰੀਤ ਸਾਹਿਤ ਵਿਚ ਇੱਕ ਵਿਲੱਖਣ ਸਥਾਨ ਪ੍ਰਾਪਤ ਕਰ ਗਈ ਹੈ।

ਚੜ੍ਹਦੇ ਮਿਰਜ਼ੇ ਖਾਨ ਨੂੰ ਮੱਤਾਂ ਦੇਵੇ ਮਾਂ।
ਬੁਰੇ ਸਿਆਲਾਂ ਦੇ ਮਾਮਲੇ,
ਬੁਰੀ ਸਿਆਲਾਂ ਦੀ ਰਾਹ।
ਬੁਰੀਆਂ ਸਿਆਲਾਂ ਦੀਆਂ ਔਰਤਾਂ,
ਲੈਂਦੀਆਂ ਜਾਦੂ ਪਾ।
ਕੱਢ ਕਲੇਜੇ ਖਾਂਦੀਆਂ,
ਮੇਰੇ ਝਾਟੇ ਤੇਲ ਨਾ ਪਾ।
ਰੰਨ ਦੀ ਖਾਤਿਰ ਚਲਿਆਂ,
ਆਵੇਂ ਜਾਨ ਗੰਵਾ।
ਆਖੇ ਮੇਰੇ ਲੱਗ ਜਾ,
ਅੱਗੇ ਪੈਰ ਨਾ ਪਾ।

ਚੜ੍ਹਦੇ ਮਿਰਜ਼ੇ ਖਾਨ ਨੂੰ,
ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ,
ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ,
ਰੋ ਕੇ ਦਿੰਦੀਆਂ ਦੱਸ।
ਜਿਸ ਘਰ ਲਾਈ ਦੋਸਤੀ,
ਮੂਲ ਨਾ ਘੱਤੋਂ ਲੱਤ।
ਲੱਭੀ ਹੱਥ ਨਾ ਆਂਵਦੀ,
ਦਾਨਸ਼ਮੰਦਾਂ ਦੀ ਪੱਤ।
ਸਾਹਿਬਾਂ ਆਈਂ ਨਾ ਛੱਡ ਕੇ,
ਸਿਰ ਨਾ ਰਹੂ ਸਾਡੀ ਪੱਤ।


ਰਾਜਾ ਝੂਰੇ ਰਾਜ ਨੂੰ,
ਬੁਧਿ ਨੂੰ ਝੂਰੇ ਚੋਰ।
ਗੋਰੀ ਝੂਰੇ ਰੂਪ ਨੂੰ, ਪੈਰਾਂ ਝੂਰੇ ਮੋਰ।
ਚੜ੍ਹਦੇ ਮਿਰਜ਼ੇ ਖਾਨ ਨੂੰ,
ਮਾਂ ਮੱਤ ਦੇਂਦੀ ਖੜੀ।
ਸੱਪਾਂ ਸ਼ੇਰਾਂ ਦੀ ਦੋਸਤੀ,
ਨਾ ਕਰ ਭਾਈ ਅੜੀ।
ਤਪੀ ਕੜਾਹੀ ਤੇਲ ਦੀ,
ਸਿਰ ਪਰ ਲਾਟ ਜਲੀ।
ਮੂਸਾ ਭੱਜਿਆ ਮੌਤ ਤੋਂ,
ਅੱਗੇ ਮੌਤ ਖੜੀ।
ਪਰਬਤ ਵਡਦੇ ਟਕਰੇ,
ਲੰਘਣ ਕਿਹੜੀ ਗਲੀ।
ਰੋਂਦੀ ਬੀਬੀ ਫਾਤਿਮਾ,
ਕਰ ਕੇ ਬਾਂਹ ਖੜੀ।
ਮੈਂ ਕੀ ਰੱਬਾ ਤੇਰਾ ਫੇੜਿਆ,
ਮੇਰੀ ਜੋੜੀ ਖਾਕ ਰਲੀ।
ਅੱਜ ਦਾ ਵਾਰ ਬਚਾ ਲੈ,
ਭਲਕੇ ਸਿਆਲੀਂ ਜਾ ਵੜੀਂ।

ਅੱਗੋਂ ਮਿਰਜ਼ਾ ਬੋਲਿਆ,
ਦੇਵਾਂ ਸੱਚ ਸੁਣਾ।
ਘਰ ਵੰਝਲ ਦੇ ਜੰਮਿਆਂ,
ਦਿੱਤੀ ਕੁਲ ਸੰਵਾਰ।
ਸੱਦਿਆ ਸਾਹਿਬਾਂ ਸਿਆਲ,
ਕੀਕਰ ਦੇਵਾਂ ਜਵਾਬ।
ਜੀਉਂਦਾ ਰਿਹਾ ਤਾਂ ਆ ਮਿਲਾਂ,
ਮੱਤ ਛੋਡੀਓ ਆਸ।
ਵਿਆਹੀ ਹੋਵੇ ਛੱਡ ਦੇਵਾਂ,
ਮੰਗ ਨਾ ਛੱਡੀ ਜਾ।
ਜੇ ਕਰ ਮੰਗ ਮੈਂ ਛੱਡ ਦੇਵਾਂ,
ਲੱਗੇ ਖਰਲਾਂ ਨੂੰ ਲਾਜ।

-ਪੀਲੂ

# ਨਸੀਰੂਦੀਨ ਦੀ ਟਿੱਪਣੀ 'ਤੇ ਕੱਟੜਪੰਥੀਆਂ ਦੀ ਤਲਖੀ

ਫਿਲਮ ਅਦਾਕਾਰ ਨਸੀਰੂਦੀਨ ਸ਼ਾਹ ਵਲੋਂ ਬੁਲੰਦਸ਼ਹਿਰ ਘਟਨਾ ਬਾਰੇ ਕੀਤੀ ਟਿੱਪਣੀ ਬਾਰੇ ਸ਼ੁਰੂ ਹੋਇਆ ਵਿਵਾਦ ਰੁਕਣ ਦਾ ਨਾਮ ਨਹੀਂ ਲੈ ਰਿਹਾ। ਹਿੰਦੂ ਕੱਟੜਪੰਥੀਆਂ ਦੇ ਤਿੱਖੇ ਹਮਲਿਆਂ ਤੋਂ ਬਾਅਦ ਅਦਾਕਾਰ ਆਸ਼ੂਤੋਸ਼ ਰਾਣਾ, ਫਿਲਮਸਾਜ਼ ਮਧੁਰ ਭੰਡਾਰਕਰ ਅਤੇ ਹੋਰਾਂ ਨੇ ਨਸੀਰੂਦੀਨ ਸ਼ਾਹ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ ਹੈ ਕਿ ਭਾਰਤ ਜਮਹੂਰੀ ਮੁਲਕ ਹੈ, ਇਸ ਲਈ ਹਰ ਇਕ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਯਾਦ ਰਹੇ ਕਿ ਨਸੀਰੂਦੀਨ ਸ਼ਾਹ ਨੇ ਬੁਲੰਦਸ਼ਹਿਰ ਵਿਚ ਹੋਈ ਭਿਆਨਕ ਘਟਨਾ ਬਾਰੇ ਟਿੱਪਣੀ ਕੀਤੀ ਸੀ ਕਿ ਹੁਣ ਤਾਂ ਕਿਸੇ ਗਾਂ ਦਾ ਮਰਨਾ ਵੱਧ ਮਹੱਤਵਪੂਰਨ ਹੋ ਗਿਆ ਹੈ, ਜਦਕਿ ਕਿਸੇ ਪੁਲਿਸ ਅਫਸਰ ਦੇ ਮਰਨ ਦਾ ਕੋਈ ਮੁੱਲ ਨਹੀਂ ਰਹਿ ਗਿਆ। ਜਾਪਦਾ ਇੰਜ ਹੈ ਕਿ ਨੇੜਲੇ ਭਵਿਖ ਵਿਚ ਇਹ ਹਾਲਾਤ ਬਦਲਣ ਵਾਲੇ ਵੀ ਨਹੀਂ। 'ਕਾਰਵਾਂ-ਏ-ਮੁਹੱਬਤ' ਨਾਲ ਮੁਲਾਕਾਤ ਦੌਰਾਨ ਨਸੀਰੂਦੀਨ ਸ਼ਾਹ ਖਾਨ ਨੇ ਕਿਹਾ ਸੀ, "ਹੁਣ ਜਿੰਨ ਨੂੰ ਬੋਤਲ ਵਿਚ ਬੰਦ ਕਰਨਾ ਸ਼ਾਇਦ ਬਹੁਤ ਮੁਸ਼ਕਿਲ ਹੈ। ਕੁਝ ਲੋਕਾਂ ਨੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਲਿਆ ਹੋਇਆ ਹੈ, ਮੈਂ ਤਾਂ ਹੁਣ ਆਪਣੇ ਬੱਚਿਆਂ ਲਈ ਬੜੀ ਬੇਚੈਨੀ ਮਹਿਸੂਸ ਕਰਦਾ ਹਾਂ ਕਿਉਂਕਿ ਕੱਲ੍ਹ ਨੂੰ ਜੇ ਭੀੜ ਉਨ੍ਹਾਂ ਨੂੰ ਰੋਕ ਕੇ ਪੁੱਛੇਗੀ ਕਿ 'ਦੱਸੋ! ਤੁਸੀਂ ਮੁਸਲਮਾਨ ਕਿ ਹਿੰਦੂ?'... ਤਾਂ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੋਵੇਗਾ। ਮੇਰੀ ਫਿਕਰ ਇਹ ਵੀ ਹੈ ਕਿ ਇਹ ਹਾਲਤ ਹੁਣ ਥੋੜ੍ਹੀ ਕੀਤੇ ਬਦਲਦੀ ਨਜ਼ਰ ਨਹੀਂ ਆ ਰਹੀ।" ਦੱਸਣਯੋਗ ਹੈ ਕਿ ਬੁਲੰਦਸ਼ਹਿਰ ਵਿਚ ਗਾਂ ਮਰਨ ਦੀ ਅਫਵਾਹ ਤੋਂ ਬਾਅਦ ਭੀੜ ਨੇ ਇਕ ਪੁਲਿਸ ਅਫਸਰ ਨੂੰ ਮਾਰ-ਮੁਕਾਇਆ ਸੀ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਇਸ ਨੂੰ ਮਹਿਜ਼ ਹਾਦਸਾ ਗਰਦਾਨਿਆ ਸੀ।



ਨਸੀਰੂਦੀਨ ਸ਼ਾਹ ਦੀ ਟਿੱਪਣੀ ਤੋਂ ਬਾਅਦ ਹਿੰਦੂ ਕੱਟੜਪੰਥੀ ਸੋਸ਼ਲ ਮੀਡੀਆ ਉਤੇ ਉਸ ਖਿਲਾਫ ਟੁੱਟ ਕੇ ਪੈ ਗਏ ਸਨ। ਭਾਜਪਾ ਹਮਾਇਤੀ ਅਦਾਕਾਰ ਅਨੁਪਮ ਖੇਰ ਨੇ ਵੀ ਨਸੀਰੂਦੀਨ ਦੇ ਇਸ ਬਿਆਨ ਦੀ ਨੁਕਤਾਚੀਨੀ ਕੀਤੀ ਸੀ। ਸੋਸ਼ਲ ਮੀਡੀਆ ਉਤੇ ਇਹ ਵਿਵਾਦ ਇੰਨਾ ਵਧਿਆ ਕਿ ਅਜਮੇਰ ਸਾਹਿਤ ਮੇਲਾ ਜਿਸ ਦਾ ਉਦਘਾਟਨ ਨਸੀਰੂਦੀਨ ਸ਼ਾਹ ਨੇ ਕਰਨਾ ਸੀ ਅਤੇ ਇਕ ਕਿਤਾਬ ਵੀ ਰਿਲੀਜ਼ ਕਰਨੀ ਸੀ, ਹਿੰਦੂ ਕੱਟੜਪੰਥੀਆਂ ਦੇ ਵਿਰੋਧ ਕਾਰਨ ਰੱਦ ਕਰਨਾ ਪੈ ਗਿਆ। ਹੁਣ ਅਦਾਕਾਰ ਆਸ਼ੂਤੋਸ਼ ਰਾਣਾ ਨੇ ਕਿਹਾ ਹੈ ਕਿ ਜੇ ਕੋਈ ਬੰਦਾ ਕਿਸੇ ਮੁੱਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਤਾਂ ਉਸ ਦਾ ਇਉਂ ਸੋਸ਼ਲ ਮੀਡੀਆ ਟਰਾਇਲ ਹੋਣਾ ਮਾੜੀ ਗੱਲ ਹੈ। ਸਭ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਹੈ। ਫਿਲਮਸਾਜ਼ ਮਧੁਰ ਭੰਡਾਰਕਰ ਮੁਤਾਬਕ, ਭਾਰਤ ਸਭ ਭਾਰਤੀਆਂ ਦਾ ਮੁਲਕ ਹੈ ਅਤੇ ਹਰ ਕੋਈ ਆਪਣੀ ਰਾਇ ਰੱਖ ਸਕਦਾ ਹੈ।

ਉਧਰ, ਇਸ ਮੁੱਦੇ 'ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਟਿੱਪਣੀ ਕਰਨ 'ਤੇ ਨਸੀਰੂਦੀਨ ਸ਼ਾਹ ਨੇ ਉਸ ਨੂੰ ਖਰੀਆਂ ਖਰੀਆਂ ਸੁਣਾਉਂਦਿਆਂ ਕਿਹਾ ਕਿ ਉਹ ਭਾਰਤ ਬਾਰੇ ਕੋਈ ਟਿੱਪਣੀ ਕਰਨ ਤੋਂ ਪਹਿਲਾਂ ਆਪਣੇ ਮੁਲਕ ਦਾ ਹਾਲ ਦੇਖ ਲੈਣ। ਇਮਰਾਨ ਖਾਨ ਨੇ ਪੰਜਾਬ ਵਿਚ ਉਨ੍ਹਾਂ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੀ ਸਰਕਾਰ ਦੇ 100 ਦਿਨ ਮੁਕੰਮਲ ਹੋਣ 'ਤੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੇ ਮੁਲਕ ਦੀਆਂ ਘੱਟ ਗਿਣਤੀਆਂ ਨਾਲ ਭਾਰਤ ਨਾਲੋਂ ਬਿਹਤਰ ਵਿਹਾਰ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਸੀ: "ਅਸੀਂ ਘੱਟ ਗਿਣਤੀਆਂ ਦੀ ਇਮਦਾਦ ਕਰਾਂਗੇ ਅਤੇ ਜਿਸ ਤਰ੍ਹਾਂ ਕਾਇਦੇ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਜ਼ੋਰ ਦਿੱਤਾ ਸੀ, ਅਸੀਂ ਉਨ੍ਹਾਂ (ਘੱਟ ਗਿਣਤੀਆਂ) ਦੀ ਹਰ ਪੱਖੋਂ ਰਾਖੀ ਕਰ ਰਹੇ ਹਾਂ। ਇਸ ਲਈ ਜੇ ਕਿਤੇ ਇਨਸਾਫ ਨਹੀਂ ਹੁੰਦਾ ਤਾਂ ਉਥੇ ਬਗਾਵਤ ਉਠਣੀ ਹੀ ਉਠਣੀ ਹੈ।" ਇਮਰਾਨ ਖਾਨ ਨੇ ਇਹ ਟਿੱਪਣੀ ਕਰਦਿਆਂ ਭਾਵੇਂ ਨਸੀਰੂਦੀਨ ਸ਼ਾਹ ਦੀ ਟਿੱਪਣੀ ਦਾ ਹਵਾਲਾ ਨਹੀਂ ਦਿੱਤਾ ਅਤੇ ਨਾ ਹੀ ਨਸੀਰੂਦੀਨ ਸ਼ਾਹ ਦਾ ਨਾਂ ਲਿਆ ਹੈ ਪਰ ਸਾਰੇ ਲੋਕ ਸਮਝ ਗਏ ਸਨ ਕਿ ਉਨ੍ਹਾਂ ਦੀ ਇਹ ਟਿੱਪਣੀ ਨਸੀਰੂਦੀਨ ਸ਼ਾਹ ਦੇ ਬਿਆਨ ਦੇ ਪ੍ਰਸੰਗ ਵਿਚ ਹੀ ਸੀ। ਨਸੀਰੂਦੀਨ ਸ਼ਾਹ ਦਾ ਕਹਿਣਾ ਸੀ ਕਿ ਉਹ ਆਪਣੇ ਮੁਲਕ ਦਾ ਮਸਲਾ ਆਪੇ ਨਜਿੱਠ ਲੈਣਗੇ, ਇਮਰਾਨ ਖਾਨ ਆਪਣੇ ਮੁਲਕ ਦੀ ਫਿਕਰ ਕਰਨ।

ਮਾਹਿਰਾਂ ਦਾ ਆਖਣਾ ਹੈ ਕਿ ਨਸੀਰੂਦੀਨ ਸ਼ਾਹ ਨੂੰ ਇਹ ਬਿਆਨ ਸ਼ਾਇਦ ਇਸ ਕਰਕੇ ਦੇਣਾ ਪਿਆ ਤਾਂ ਕਿ ਹਿੰਦੂ ਕੱਟੜਪੰਥੀ ਉਨ੍ਹਾਂ ਖਿਲਾਫ ਹੋਰ ਫਰੰਟ ਨਾ ਖੋਲ੍ਹ ਦੇਣ। ਇਸੇ ਦੌਰਾਨ ਆਲ ਇੰਡੀਆ ਇਤਿਹਾਦ-ਉਲ ਮੁਸਲਮੀਨ (ਏ.ਐਮ.ਆਈ.ਆਈ.ਐਮ.) ਦੇ ਲੀਡਰ ਅਸਦ-ਉਦ-ਦੀਨ ਓਬੈਸੀ ਨੇ ਕਿਹਾ ਹੈ ਕਿ ਇਮਰਾਨ ਖਾਨ ਨੂੰ ਅਜਿਹੇ ਬਿਆਨ ਦੇਣ ਦੀ ਥਾਂ ਭਾਰਤ ਤੋਂ ਕੁਝ ਸਿੱਖਣ ਦੀ ਗੁਜ਼ਾਰਿਸ਼ ਕੀਤੀ ਹੈ ਅਤੇ ਕਿਹਾ ਹੈ ਕਿ ਪਾਕਿਸਤਾਨ ਦੇ ਸੰਵਿਧਾਨ ਮੁਤਾਬਕ, ਸਿਰਫ ਮੁਸਲਮਾਨ ਹੀ ਪਾਕਿਸਤਾਨ ਦਾ ਰਾਸ਼ਟਰਪਤੀ ਬਣ ਸਕਦਾ ਹੈ ਜਦਕਿ ਭਾਰਤ ਵਿਚ ਵੱਖ-ਵੱਖ ਫਿਰਕਿਆਂ ਦੇ ਲੋਕਾਂ ਨੂੰ ਭਾਰਤ ਦਾ ਰਾਸ਼ਟਰਪਤੀ ਬਣਨ ਦਾ ਮੌਕਾ ਮਿਲਿਆ ਹੈ। ਇਸ ਲਈ ਇਮਰਾਨ ਖਾਨ ਨੂੰ ਕੋਈ ਸਬਕ ਦੇਣ ਤੋਂ ਪਹਿਲਾਂ ਖੁਦ ਸਬਕ ਸਿੱਖਣਾ ਚਾਹੀਦਾ ਹੈ।

*-ਗੁਰਜੰਟ ਸਿੰਘ*

# ਵਿੱਦਿਅਕ ਪ੍ਰਣਾਲੀ 'ਤੇ ਵਿਅੰਗ ਕਰੇਗੀ ਅੰਮ੍ਰਿਤ ਮਾਨ ਦੀ ਨਵੀਂ ਫਿਲਮ 'ਦੋ ਦੂਣੀ ਪੰਜ'


ਨਿਰਦੇਸ਼ਕ ਹੈਰੀ ਭੱਟੀ ਹੁਣ ਇੱਕ ਹੋਰ ਬਿਲਕੁੱਲ ਨਵੇਂ ਵਿਸ਼ੇ ਦੀ ਫਿਲਮ ਲੈ ਕੇ ਆ ਰਿਹਾ ਹੈ, ਜਿਸ ਦਾ ਨਾਂ ਹੈ, 'ਦੋ ਦੂਣੀ ਪੰਜ।' ਤੁਸੀਂ ਸੋਚਦੇ ਹੋਵੋਗੇ ਕਿ ਦੋ ਦੂਣੀ ਤਾਂ ਚਾਰ ਹੁੰਦਾ ਹੈ, ਪਰ ਇਹ ਪੰਜ ਵਾਲੀ ਅਸਲ ਕਹਾਣੀ ਤੁਹਾਨੂੰ ਫਿਲਮ ਵੇਖ ਕੇ ਹੀ ਪਤਾ ਲੱਗੇਗੀ।

ਇਹ ਫਿਲਮ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿਚ ਹੋਣ ਵਾਲੀਆਂ ਧਾਂਦਲੀਆਂ, ਚੋਰ ਮੋਰੀਆਂ ਦੀ ਘੋਖ ਪੜਤਾਲ ਕਰਨ ਦੀ ਗੱਲ ਕਰਦੀ ਮਾਸਟਰਾਂ ਅਤੇ ਸਿਖਿਆ ਵਿਭਾਗ ਨੂੰ ਚੱਕਰਾਂ 'ਚ ਪਾਉਂਦੀ ਲੱਗਦੀ ਹੈ। ਬੇਰੁਜ਼ਗਾਰੀ 'ਤੇ ਤਿੱਖਾ ਵਿਅੰਗ ਕਰਦੀ ਹਾਸਿਆਂ ਭਰਪੂਰ ਇਸ ਕਾਮੇਡੀ ਫਿਲਮ ਫਿਲਮ ਦਾ ਨਾਇਕ ਪੰਜਾਬੀ ਗਾਇਕੀ ਤੋਂ ਫਿਲਮਾਂ ਵੱਲ ਆਇਆ ਅੰਮ੍ਰਿਤ ਮਾਨ ਹੈ।

ਅੱਪਰਾ ਫਿਲਮਜ਼ ਦੇ ਬੈਨਰ ਹੇਠ ਬਣੀ ਇਸ ਫਿਲਮ ਦਾ ਨਿਰਮਾਤਾ ਮਸ਼ਹੂਰ ਬਾਲੀਵੁੱਡ ਗਾਇਕ ਬਾਦਸ਼ਾਹ ਹੈ। ਨਿਰਦੇਸ਼ਕ ਹੈਰੀ ਭੱਟੀ ਨੇ ਦੱਸਿਆ ਕਿ ਇਹ ਇੱਕ ਅਜਿਹੇ ਬੇਰੁਜ਼ਗਾਰ ਨੌਜਵਾਨ ਦੀ ਕਹਾਣੀ ਹੈ, ਜੋ ਨੌਕਰੀ ਨਾ ਮਿਲਣ ਕਰਕੇ ਸਮਾਜ ਅਤੇ ਘਰਦਿਆਂ ਤੋਂ ਦੁਖੀ ਹੈ। ਉਹ ਸਿੱਖਿਆ ਵਿਭਾਗ ਦੀਆਂ ਖਾਮੀਆ ਲੱਭ ਕੇ ਅਖੀਰ ਆਪਣੀ ਆਵਾਜ਼ ਸਰਕਾਰੀ ਕਟਹਿਰੇ ਤੱਕ ਲੈ ਜਾਂਦਾ ਹੈ। ਫਿਲਮ ਵਿਚ ਸਮਾਜ ਦੇ ਅਨੇਕਾਂ ਅਜਿਹੇ ਮੁੱਦਿਆਂ ਨੂੰ ਛੋਹਿਆ ਹੈ, ਜੋ ਦਰਸ਼ਕਾਂ ਨੂੰ ਹਸਾਉਣ ਦੇ ਨਾਲ ਨਾਲ ਸੋਚਣ ਲਈ ਵੀ ਮਜਬੂਰ ਕਰਦੇ ਹਨ।


ਫਿਲਮ ਵਿਚ ਅੰਮ੍ਰਿਤ ਮਾਨ ਤੇ ਈਸ਼ਾ ਰਿਖੀ ਦਾ ਰੁਮਾਂਸ ਵੀ ਹੈ, ਜੋ ਬੇਰੁਜ਼ਗਾਰੀ ਦੀ ਭੇਟ ਚੜ੍ਹਦਾ ਨਜ਼ਰ ਆਉਂਦਾ ਹੈ। ਸਰਦਾਰ ਸੋਹੀ, ਕਰਮਜੀਤ ਅਨਮੋਲ, ਨਿਸ਼ਾ ਬਾਨੋ, ਨਿਰਮਲ ਰਿਸ਼ੀ, ਰਾਣਾ ਰਣਬੀਰ, ਮਲਕੀਤ ਰੌਣੀ, ਰੁਪਿੰਦਰ ਰੂਪੀ, ਹਰਬੀ ਸੰਘਾ, ਤਰਸੇਮ ਪੌਲ, ਪ੍ਰੀਤੋ ਸਾਹਨੀ, ਗੁਰਿੰਦਰ ਮਕਨਾ, ਸੰਜੂ ਸੋਲੰਕੀ, ਜੱਗੀ ਧੂਰੀ ਆਦਿ ਫਿਲਮ ਦੇ ਬਾਕੀ ਅਹਿਮ ਕਲਾਕਾਰ ਹਨ। ਫਿਲਮ ਦਾ ਸੰਗੀਤ ਬਾਦਸ਼ਾਹ, ਦਾ ਬੌਸ਼, ਜੱਸੀ ਕਟਿਆਲ ਤੇ ਮੀਤ ਸੀਰਾ ਨੇ ਦਿੱਤਾ ਹੈ। ਗੀਤ ਅੰਮ੍ਰਿਤ ਮਾਨ, ਰੱਬ ਸੁੱਖ ਰੱਖੇ, ਬੰਟੀ ਬੈਂਸ ਅਤੇ ਬਿੰਦਰ ਨੱਥੂਮਾਜਰਾ ਨੇ ਲਿਖੇ ਹਨ ਜਿਨ੍ਹਾਂ ਨੂੰ ਰਾਹਤ ਫਤਿਹ ਅਲੀ ਖਾਂ, ਬਾਦਸ਼ਾਹ, ਨੇਹਾ ਕੱਕੜ, ਅੰਮ੍ਰਿਤ ਮਾਨ, ਜੌਰਡਨ ਸੰਧੂ ਤੇ ਦਾ ਲੈਂਡਰਜ਼ ਨੇ ਪਲੇਅ ਬੈਕ ਗਾਇਆ ਹੈ। ਲੋਹੜੀ ਮੌਕੇ 11 ਜਨਵਰੀ ਨੂੰ ਵ੍ਹਾਈਟ ਹਿੱਲ ਸਟੂਡੀਓਜ਼ ਰਾਹੀਂ ਗੁਣਬੀਰ ਸਿੰਘ ਸੰਧੂ ਵਲੋਂ ਰਿਲੀਜ਼ ਕੀਤੀ ਜਾ ਰਹੀ ਇਸ ਫਿਲਮ ਪ੍ਰਤੀ ਦਰਸ਼ਕਾਂ ਵਿਚ ਕਾਫੀ ਉਤਸ਼ਾਹ ਹੈ।

*-ਸੁਰਜੀਤ ਜੱਸਲ*




# ਜਦੋਂ ਨਾਇਕ ਖਲਨਾਇਕ ਬਣ ਜਾਂਦੇ...

ਲੋਕ ਖੁਦ ਨੂੰ ਚੰਗਿਆਈ ਦੀ ਚਾਦਰ ਵਿਚ ਜਿੰਨਾ ਮਰਜ਼ੀ ਲਪੇਟ ਕੇ ਰੱਖ ਲੈਣ, ਜ਼ਿਆਦਾਤਰ ਸੈਲੇਬ੍ਰਿਟੀਜ਼ ਦਾ ਗੁਸੈਲ ਸੁਭਾਅ ਉਨ੍ਹਾਂ ਦੇ ਆਚਰਨ ਵਿਚ ਗਾਹੇ-ਬਗਾਹੇ ਝਲਕ ਹੀ ਜਾਂਦਾ ਹੈ। ਕਦੇ ਉਹ ਮੀਡੀਆ 'ਤੇ ਹੱਥ ਉਠਾ ਲੈਂਦੇ ਹਨ ਤਾਂ ਕਦੇ ਆਪਣੀ 'ਗਰਲ ਫਰੈਂਡ' ਦੇ ਥੱਪੜ ਮਾਰ ਦਿੰਦੇ ਹਨ। ਫਿਲਮੀ ਸਿਤਾਰਿਆਂ ਦੇ ਰਿਸ਼ਤੇ ਜਿੰਨੀ ਜਲਦੀ ਬਣਦੇ ਵਿਗੜਦੇ ਹਨ, ਓਨੀ ਹੀ ਤੇਜ਼ੀ ਨਾਲ ਉਨ੍ਹਾਂ ਦਾ ਮੂਡ ਬਦਲਦਾ ਹੈ। ਚਕਾਚੌਂਧ ਦੇ ਆਦੀ ਇਹ ਸਿਤਾਰੇ ਕਦੇ ਮੀਡੀਆ, ਕਦੇ ਸਹਿਕਰਮੀ ਤੇ ਕਦੇ ਆਪਣੇ ਹੀ ਪ੍ਰਸ਼ੰਸਕਾਂ ਨਾਲ ਉਲਝ ਪੈਂਦੇ ਹਨ।



ਰਣਵੀਰ ਸਿੰਘ

ਫਿਲਮੀ ਸਿਤਾਰਿਆਂ ਵਿਚਕਾਰ ਆਪਸੀ ਝਗੜੇ ਆਮ ਗੱਲ ਹੈ। ਚਰਚਾ ਉਦੋਂ ਹੁੰਦੀ ਹੈ, ਜਦੋਂ ਇਨ੍ਹਾਂ ਦੇ ਇਹ ਝਗੜੇ ਮੀਡੀਆ ਕਿਸੇ ਨਾ ਕਿਸੇ ਵਜ੍ਹਾ ਨਾਲ ਸਾਹਮਣੇ ਲੈ ਆਉਂਦਾ ਹੈ। ਕਈ ਅਜਿਹੇ ਕਲਾਕਾਰ ਹਨ ਜੋ ਕੈਮਰੇ ਦੇ ਸਾਹਮਣੇ ਬੇਸ਼ੱਕ ਚੰਗਾ ਹੋਣ ਦੀ ਕੋਸ਼ਿਸ਼ ਕਰਨ ਪਰ ਮੌਕਾ ਮਿਲਦੇ ਹੀ ਉਹ ਆਪਣੇ ਝਗੜਾਲੂ ਸੁਭਾਅ ਕਾਰਨ ਅਲੱਗ ਅਲੱਗ ਤਰ੍ਹਾਂ ਦੇ ਵਿਵਾਦਾਂ ਨਾਲ ਘਿਰੇ ਰਹਿੰਦੇ ਹਨ।


ਰਣਬੀਰ ਕਪੂਰ ਖੁਦ ਕਬੂਲ ਚੁੱਕਿਆ ਹੈ ਕਿ ਉਸ ਨੂੰ ਸ਼ਰਾਬ ਪੀਣ ਦੀ ਆਦਤ ਹੈ। ਨਸ਼ੇ ਵਿਚ ਡੁਬੇ ਇਸ ਸਿਤਾਰੇ ਦਾ ਗੁੱਸਾ ਅਚਾਨਕ ਹੀ ਨਹੀਂ ਬਲਕਿ ਕਈ ਵਾਰ ਉਸ ਦੇ ਚਿਹਰੇ 'ਤੇ ਦਿਖਾਈ ਦਿੰਦਾ ਹੈ। ਹਾਲ ਹੀ ਵਿਚ ਜਦੋਂ ਕਿਸੇ ਫੋਟੋਗ੍ਰਾਫਰ ਨੇ ਬਿਨਾਂ ਦੱਸੇ ਆਲੀਆ ਭੱਟ ਨਾਲ ਉਸ ਦੀ ਤਸਵੀਰ ਖਿੱਚ ਲਈ ਤਾਂ ਉਸ ਨੇ ਨਾ ਸਿਰਫ ਫੋਟੋਗ੍ਰਾਫਰ ਨਾਲ ਝਗੜਾ ਕੀਤਾ, ਬਲਕਿ ਉਸ ਦਾ ਕੈਮਰਾ ਖੋਹ ਕੇ ਫੋਟੋ ਵੀ ਡਿਲੀਟ ਕਰ ਦਿੱਤੀ।



ਦੀਪਿਕਾ ਪਾਦੂਕੋਣ

ਰਣਵੀਰ ਸਿੰਘ ਵੀ ਰਣਬੀਰ ਕਪੂਰ ਦੇ ਰਸਤੇ 'ਤੇ ਹੀ ਚੱਲ ਰਿਹਾ ਹੈ ਬਲਕਿ ਉਹ ਇਕ ਕਦਮ ਅੱਗੇ ਹੀ ਹੈ। ਉਹ ਸਪਸ਼ਟ ਕਹਿੰਦਾ ਹੈ, "ਮੈਂ ਜਨਤਕ ਥਾਂ 'ਤੇ ਜੋ ਚਾਹੇ ਕਰਾਂਗਾ ਅਤੇ ਤੁਸੀਂ ਜੇ ਤਸਵੀਰ ਲੈਣ ਦੀ ਕੋਸ਼ਿਸ਼ ਕੀਤੀ ਤਾਂ ਨਤੀਜਾ ਭੁਗਤਣਾ ਪਵੇਗਾ।" ਸ਼ੁਕਰ ਹੈ, ਅਜੇ ਤਕ ਉਸ ਦਾ ਕੋਈ ਨਵਾਂ ਤਮਾਸ਼ਾ ਸਾਹਮਣੇ ਨਹੀਂ ਆਇਆ।


ਇਹ ਤਾਂ ਹੋਈ ਸਿਤਾਰਿਆਂ ਦੀ ਮੀਡੀਆ ਨਾਲ ਦੁਰਵਿਹਾਰ ਦੀ ਗੱਲ; ਹੁਣ ਗੱਲ ਕਰਦੇ ਹਾਂ ਕਿ ਆਮ ਆਦਮੀ ਨਾਲ ਸਿਤਾਰਿਆਂ ਦੇ ਵਿਹਾਰ ਦੀ। ਜੇ ਕੋਈ ਫਿਲਮ ਸਿਤਾਰਾ ਜਨਤਕ ਥਾਂ 'ਤੇ ਹੈ ਤਾਂ ਆਮ ਆਦਮੀ ਵੀ ਇਨ੍ਹਾਂ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਨੂੰ ਖੁਦ ਸੈਫ ਅਲੀ ਖਾਨ ਨੇ ਸਾਬਤ ਕੀਤਾ ਹੈ। 2012 ਵਿਚ ਤਾਜ ਹੋਟਲ ਦੇ ਜਪਾਨੀ ਰੈਸਤੋਰਾਂ ਵਿਚ ਦੱਖਣ ਅਫਰੀਕੀ ਨਿਵਾਸੀ ਇਕਬਾਲ ਮੀਰ ਆਪਣੇ ਜਾਣਕਾਰ ਪਰਿਵਾਰ ਨਾਲ ਭੋਜਨ ਕਰ ਰਿਹਾ ਸੀ। ਦੂਜੇ ਮੇਜ਼ 'ਤੇ ਬੈਠੇ ਸੈਫ, ਕਰੀਨਾ ਕਪੂਰ, ਕ੍ਰਿਸ਼ਮਾ ਕਪੂਰ, ਮਲਾਇਕਾ ਅਰੋੜਾ, ਅੰਮ੍ਰਿਤਾ ਅਰੋੜਾ ਅਤੇ ਉਨ੍ਹਾਂ ਦੇ ਦੋਸਤਾਂ ਦੀ ਚੁਹਲਬਾਜ਼ੀ ਪੂਰੇ ਰੇਸਤੋਰਾਂ ਵਿਚ ਗੂੰਜ ਰਹੀ ਸੀ। ਇਕਬਾਲ ਨੇ ਹੋਟਲ ਦੇ ਪ੍ਰਬੰਧਕਾਂ ਨੂੰ ਤਿੰਨ ਵਾਰ ਉਨ੍ਹਾਂ ਦੀ ਸ਼ਿਕਾਇਤ ਕੀਤੀ। ਰਾਤ ਨੂੰ ਸਾਢੇ ਬਾਰਾਂ ਵਜੇ ਵੀ ਇਹ ਰੌਲਾ ਬੰਦ ਨਾ ਹੋਇਆ ਤਾਂ ਇਕਬਾਲ ਪਰਿਵਾਰ ਸਮੇਤ ਰੇਸਤੋਰਾਂ ਛੱਡ ਕੇ ਘਰ ਨੂੰ ਜਾਣ ਲੱਗਾ ਪਰ ਤਾਂ ਵੀ ਉਨ੍ਹਾਂ ਨੂੰ ਛੁਟਕਾਰਾ ਨਹੀਂ ਮਿਲਿਆ। ਰਸਤੇ ਵਿਚ ਹੀ ਸੈਫ ਅਤੇ ਉਸ ਦੇ ਦੋਸਤਾਂ ਸ਼ਕੀਲ ਅਤੇ ਬਿਲਾਲ ਨੇ ਉਨ੍ਹਾਂ ਨੂੰ ਸ਼ਰਾਬ ਦੇ ਨਸ਼ੇ ਵਿਚ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ 69 ਸਾਲਾ ਸਹੁਰੇ ਨੂੰ ਵੀ ਉਨ੍ਹਾਂ ਨੇ ਨਹੀਂ ਬਖਸ਼ਿਆ। ਪੁਲਿਸ ਵਿਚ ਕੇਸ ਦਰਜ ਹੋਇਆ ਅਤੇ ਇਹ ਕੇਸ ਪੂਰੇ ਤਿੰਨ ਸਾਲ ਚੱਲਿਆ। ਬਾਅਦ ਵਿਚ ਸੈਫ ਨੇ ਮੁਆਫੀ ਮੰਗ ਕੇ ਇਹ ਕੇਸ ਬੰਦ ਕਰਾਇਆ।



ਜੌਹਨ ਅਬਰਾਹਮ

ਇਸ ਮਾਮਲੇ ਵਿਚ ਜੌਹਨ ਅਬਰਾਹਮ ਵੀ ਘੱਟ ਨਹੀਂ ਹੈ। ਉਸ ਦਾ ਮਿਜ਼ਾਜ ਵੀ ਨਸ਼ੇ ਤੋਂ ਬਾਅਦ ਖੁੱਲ੍ਹ ਕੇ ਸਾਹਮਣੇ ਆਉਂਦਾ ਹੈ। ਜੇ ਉਸ ਨਾਲ ਕੋਈ ਤਸਵੀਰ ਖਿਚਾਉਣ ਦੀ ਬੇਨਤੀ ਕਰਦਾ ਹੈ ਤਾਂ ਉਹ ਉਸ ਨੂੰ ਅਜਿਹੀ ਗਿੱਦੜ ਭਬਕੀ ਦਿੰਦਾ ਹੈ ਕਿ ਉਹ ਚੁੱਪ-ਚਾਪ ਉਥੋਂ ਜਾਣ ਵਿਚ ਹੀ ਭਲਾਈ ਸਮਝਦਾ ਹੈ। ਦੀਪਿਕਾ ਪਾਦੂਕੋਣ ਦੀ ਇਕ ਤਸਵੀਰ ਵੈੱਬਸਾਈਟ 'ਤੇ ਦਿਖਾਉਣ ਕਾਰਨ ਇਕ ਮੀਡੀਆ ਗਰੁਪ ਮੁਸੀਬਤ ਵਿਚ ਆ ਗਿਆ ਸੀ। ਦੀਪਿਕਾ ਦਾ ਤਰਕ ਸੀ ਕਿ ਕੋਈ ਵੀ ਮੀਡੀਆ ਗਰੁਪ ਆਪਣੀਆਂ ਨਿੱਜੀ ਤਸਵੀਰਾਂ ਬਾਹਰ ਦਿਖਾ ਸਕਦਾ ਹੈ? ਉਸ ਨੇ ਇਸ ਮੀਡੀਆ ਗਰੁੱਪ ਨੂੰ ਹੋਰ ਵੀ ਬਹੁਤ ਖਰੀਆਂ ਖੋਟੀਆਂ ਸੁਣਾਈਆਂ। ਅਜਿਹੇ ਮਾਮਲਿਆਂ ਵਿਚ ਸੋਨਮ ਵੀ ਘੱਟ ਨਹੀਂ, ਮੀਡੀਆ ਦਾ ਕੋਈ ਸਵਾਲ ਪ੍ਰੇਸ਼ਾਨ ਕਰਦਾ ਹੈ ਤਾਂ ਉਹ ਗੁੱਸੇ ਨਾਲ ਲਾਲ-ਪੀਲੀ ਹੋ ਜਾਂਦੀ ਹੈ।

ਗੁੱਸਾ ਪ੍ਰਗਟ ਕਰਨ ਦੇ ਮਾਮਲੇ ਵਿਚ ਸ਼ਾਹਰੁਖ ਖਾਨ ਬਹੁਤ ਮਸ਼ਹੂਰ ਹੈ। ਸਲਮਾਨ ਦਾ ਵੀ ਮੀਡੀਆ ਨਾਲ ਰਿਸ਼ਤਾ ਪਿਆਰ-ਨਫਰਤ ਭਰਿਆ ਹੈ। ਐਸ਼ਵਰਿਆ ਰਾਏ ਬੱਚਨ ਨਾਲ ਖਰਾਬ ਵਿਹਾਰ, ਪ੍ਰੈਸ ਮੀਟ ਦੌਰਾਨ ਪੱਤਰਕਾਰਾਂ ਨੂੰ ਬਾਹਰ ਕੱਢ ਦੇਣਾ, ਵਿਵੇਕ ਓਬਰਾਏ ਨੂੰ ਫੋਨ 'ਤੇ ਧਮਕੀ ਦੇਣਾ ਆਦਿ, ਸਲਮਾਨ ਦੀ ਕਹਾਣੀ ਰਾਤ ਕੁ ਲੰਮੀ ਹੈ। ਦਰਅਸਲ, ਸਲਮਾਨ ਦੀ ਬਦਮਿਜ਼ਾਜੀ ਵਾਹਵਾ ਮਸ਼ਹੂਰ ਹੋ ਚੁੱਕੀ ਹੈ।



ਰਣਬੀਰ ਕਪੂਰ

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

## ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

ਨਵਾਂ ਸਾਲ ਮੁਬਾਰਕ

# ਲੱਖ ਲੱਖ ਵਧਾਈ ਹੋਵੇ

ਨਵਾਂ ਸਾਲ ਮੁਬਾਰਕ

ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 13 ਜਨਵਰੀ, ਐਤਵਾਰ ਨੂੰ ਆ ਰਿਹਾ ਹੈ, ਜੋ ਗੁਰਦੁਆਰਾ ਸੰਤ ਸਾਗਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਗੁਰਪੁਰਬ ਸਬੰਧੀ 7 ਜਨਵਰੀ 2019 ਤੋਂ ਪ੍ਰੋਗਰਾਮ ਉਲੀਕੇ ਗਏ ਹਨ। ਰੋਜ਼ਾਨਾ ਸ਼ਾਮ 5:30 ਤੋਂ ਰਾਤ 9 ਵਜੇ ਤੱਕ ਦੀਵਾਨ ਹੋਇਆ ਕਰਨਗੇ। ਰਾਗੀ ਜਥਾ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ ਅਤੇ ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ ਵਾਲੇ ਤੇ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਹਰ ਰੋਜ਼ ਦੀਵਾਨ ਵਿਚ ਹਾਜ਼ਰੀ ਭਰਨਗੇ।

## ਪ੍ਰੋਗਰਾਮ ਦਾ ਵੇਰਵਾ

### 11 ਜਨਵਰੀ 2019 (ਸ਼ੁੱਕਰਵਾਰ)

ਅਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

### 12 ਜਨਵਰੀ 2019 (ਸਨਿਚਰਵਾਰ)

ਮਹਾਨ ਕੀਰਤਨ ਦੀਵਨ: ਸ਼ਾਮ 5:30 ਵਜੇ ਤੋਂ

ਪਹੁੰਚ ਰਹੇ ਰਾਗੀ-ਢਾਡੀ ਜਥੇ ਤੇ ਕਥਾਵਾਚਕ:

ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ
ਭਾਈ ਗੁਰਪ੍ਰੀਤ ਸਿੰਘ ਬੱਲੜ੍ਹਵਾਲ ਵਾਲੇ
ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ
ਢਾਡੀ ਜਥਾ ਬੀਬੀ ਜਸਵਿੰਦਰ ਕੌਰ ਖਾਲਸਾ ਰਾਮਾਮੰਡੀ
ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ ਵਾਲੇ

ਪ੍ਰਕਾਸ਼ ਦਿਹਾੜੇ ਕੀ ਕਥਾ: ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਕੀ ਕਥਾ ਰਾਤ 11:30 ਤੋਂ 12:05 ਵਜੇ ਤੱਕ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਵਾਲੇ) ਕਰਨਗੇ। ਸਤਿਗੁਰੂ ਜੀ ਕੇ ਪ੍ਰਕਾਸ਼ ਸਮੇਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

### 13 ਜਨਵਰੀ 2019 (ਐਤਵਾਰ)

ਅਖੰਡ ਪਾਠ ਦਾ ਭੋਗ ਸਵੇਰੇ 8:45 ਵਜੇ

ਉਪਰੰਤ 9:30 ਵਜੇ ਤੋਂ ਅਰੰਭ ਹੋ ਕੇ ਬਾਅਦ ਦੁਪਹਿਰ 2:30 ਵਜੇ ਤੱਕ ਦੀਵਾਨ ਸਜੇਗਾ। ਦੀਵਾਨ ਵਿਚ ਰਾਗੀ ਜਥਾ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ ਸ਼ਬਦ ਕੀਰਤਨ ਅਤੇ ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ ਵਾਲੇ ਕਥਾ ਵਿਆਖਿਆ ਕਰਨਗੇ। ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ) ਬਾਅਦ ਦੁਪਹਿਰ 1:40 ਤੋਂ 2:30 ਵਜੇ ਤੱਕ ਕਥਾ ਕਰਨਗੇ

ਐਤਵਾਰ ਸ਼ਾਮ 5:30 ਤੋਂ ਰਾਤ 9:30 ਵਜੇ ਤੱਕ ਦੀਵਾਨ ਸਜਾਏ ਜਾਣਗੇ ਜਿਸ ਵਿਚ ਉਪਰ ਲਿਖੇ ਕੀਰਤਨੀ ਜਥੇ ਅਤੇ ਕਥਾਵਾਚਕ ਹਾਜ਼ਰੀ ਲੈਣਗੇ।



## ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਸਮੂਹ ਸੰਗਤਾਂ ਨੂੰ ਉਲੀਕੇ ਗਏ ਪ੍ਰੋਗਰਾਮਾਂ ਅਨੁਸਾਰ ਗੁਰੂ ਘਰ ਵਿਖੇ ਹਾਜਰੀ ਭਰ ਕੇ ਜੀਵਨ ਸਫਲ ਕਰਨ ਦੀ ਬੇਨਤੀ ਹੈ ਜੀ।

**ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030**

ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)